ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free



15 ਅਗਸਤ : ਆਜ਼ਾਦੀ ਦਿਹਾੜਾ

ਸਾਲ : 4 ਅੰਕ : 08 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਅਗਸਤ 2013



ਕਰਜ਼ੇ ਨੂੰ ਲੈ ਕੇ ਸੈਨੇਟਰ ਮਾਈਕ ਹਾਰਬ ਕਸੂਤੇ ਫਸੇ

ਪੰਨਾ-3



ਬਾਜਵਾ-ਜਾਖੜ ਵਿਚਾਲੇ ਠੰਢੀ ਜੰਗ

ਪੰਨਾ-9



ਲੇਖਕ ਤੇ ਕਲਾਕਾਰ ਜ਼ਿੰਦਗੀ ਦੀ ਖੁੱਲ੍ਹੀ ਕਿਤਾਬ ਪੜ੍ਹਨ ਦੀ ਆਦਤ ਪਾਉਣ : ਦਮਨ

ਪੰਨਾ-27




ਰੀਅਲ ਹੀਰੋ ਦੀ ਕਹਾਣੀ 'ਭਾਗ ਮਿਲਖਾ ਭਾਗ'

ਪੰਨਾ-46

## ਨਾਟਕ 'ਨਿਸ਼ਾਨ-ਏ-ਗ਼ਦਰ' 31 ਅਗਸਤ ਨੂੰ

ਐਡਮਿੰਟਨ (ਕਿਰਤਮੀਤ) : ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਗ਼ਦਰ ਸ਼ਤਾਬਦੀ ਵਰ੍ਹੇ ਵਿਚ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਵਜੋਂ 31 ਅਗਸਤ ਨੂੰ ਸ਼ੇਰਵੁੱਡ ਪਾਰਕ ਦੇ ਫ਼ੈਸਟੀਵਲ ਪਲੇਸ ਵਿਖੇ ਨਾਟਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ ਉੱਘੇ ਰੰਗਕਰਮੀ ਦਵਿੰਦਰ ਦਮਨ ਦੀ ਰਚਨਾ ਤੇ ਨਿਰਦੇਸ਼ਨਾ ਹੇਠ ਕਰਵਾਇਆ ਜਾ ਰਿਹਾ ਨਾਟਕ 'ਨਿਸ਼ਾਨ-ਏ-ਗ਼ਦਰ' 100 ਵਰ੍ਹੇ ਪਹਿਲਾਂ ਚੰਗੀ ਜ਼ਿੰਦਗੀ ਤੇ ਉੱਜਲ ਭਵਿਖ ਦੇ ਸੁਪਨੇ ਲੈ ਕੇ ਉੱਤਰੀ-ਅਮਰੀਕਾ ਦੀ ਧਰਤੀ ਤੇ ਆਏ ਨੌਜਵਾਨ ਭਾਰਤੀਆਂ ਵਲੋਂ ਨਸਲੀ ਭਿੰਨ-ਭੇਦ, ਸਮਾਜਕ-ਆਰਥਕ ਵਿਤਕਰੇ, ਦੇਸ਼ ਦੀ ਆਜ਼ਾਦੀ ਅਤੇ ਸਾਮਰਾਜ ਦੇ ਖ਼ਾਤਮੇ ਲਈ ਫਾਂਸੀਆਂ 'ਤੇ ਚੜ੍ਹਣ, ਜੇਲ੍ਹਾਂ ਕੱਟਣ ਦੇ ਜਾਨ ਹੂਲਵੇਂ ਸੰਘਰਸ਼ ਦੀ ਕਹਾਣੀ ਬਿਆਨ ਕਰਦਾ ਹੈ।

ਫ਼ੈਸਟੀਵਲ ਪਲੇਸ, 100 ਫ਼ੈਸਟੀਵਲ ਵੇ, ਸ਼ੇਰਵੁੱਡ ਪਾਰਕ 'ਚ 2 ਵਜੇ

ਇਸ ਨਾਟਕ ਦੀ ਵਿਸ਼ੇਸਤਾ ਤੇ ਵਿਲੱਖਤਾ ਇਹ ਹੈ ਕਿ ਕਿਸੇ ਵੀ ਘਟਨਾ/ਅੰਦੋਲਨ ਦੇ ਕਿਸੇ ਵਿਅਕਤੀ ਵਿਸ਼ੇਸ਼ 'ਤੇ ਤਾਂ ਕਾਫ਼ੀ ਨਾਟਕ ਪ੍ਰਾਪਤ ਹੋ ਜਾਂਦੇ ਹਨ, ਪਰ ਕਿਸੇ ਵੀ ਅੰਦੋਲਨ ਜਾਂ ਕਿਸੇ ਵੀ ਘਟਨਾ 'ਤੇ ਲਿਖਿਆ ਗਿਆ ਪਹਿਲਾ ਨਾਟਕ ਹੈ, ਜਿਸ ਨੂੰ ਦਵਿੰਦਰ ਦਮਨ ਨੇ ਕੁਝ ਹੀ ਸਮੇਂ ਵਿਚ ਲਿਖ ਕੇ ਇਤਿਹਾਸ ਸਿਰਜਿਆ ਹੈ। ਇਸ ਦੇ ਨਾਲ ਹੀ ਇਸ ਨਾਟਕ ਨੂੰ ਐਡਮਿੰਟਨ ਦੇ ਉਨ੍ਹਾਂ ਸਥਾਨਕ ਕਲਾਕਾਰਾਂ ਵਲੋਂ ਖੇਡਿਆ ਜਾ ਰਿਹਾ ਹੈ ਜਿਨ੍ਹਾਂ ਨੇ ਲੋਕਾਂ ਨੂੰ ਕੁਝ ਸੇਧ ਦੇਣ ਦੇ ਮਕਸਦ ਨਾਲ ਆਪਣਾ ਪੂਰਾ ਜੀਵਨ ਨਾਟਕ ਅਤੇ ਖੱਬੀ ਲਹਿਰ ਨੂੰ ਸਮਰਪਤ ਕੀਤਾ ਹੋਇਆ ਹੈ। ਇਨ੍ਹਾਂ ਕਲਾਕਾਰਾਂ ਦਾ ਇਹ ਵੀ ਮੰਨਣਾ ਹੈ ਕਿ ਸਾਨੂੰ ਸਥਾਪਤੀ/ਸਰਮਾਏਦਾਰੀ ਦੇ ਹੱਕ ਵਿਚ ਭੁਗਤਣ ਦੀ ਬਜਾਏ ਲੋਕ ਮਸਲਿਆਂ ਨੂੰ ਉਜਾਗਰ ਕਰਦੇ ਹੋਏ ਲੋਕਾਂ ਦੇ ਹੱਕ 'ਚ ਖਲੋਣਾ ਚਾਹੀਦਾ ਹੈ, ਪ੍ਰਸਥਿਤੀਆਂ ਭਾਵੇਂ ਕੁਝ ਵੀ ਹੋਣ। ਪ੍ਰਬੰਧਕਾਂ ਨੇ ਅੱਗੇ ਦੱਸਿਆ ਕਿ ਨਾਟਕ 'ਨਿਸ਼ਾਨ-ਏ-ਗ਼ਦਰ' 31 ਅਗਸਤ 2013 (ਸ਼ਨੀਵਾਰ) 2 ਵਜੇ ਫ਼ੈਸਟੀਵਲ ਪਲੇਸ, 100 ਫ਼ੈਸਟੀਵਲ ਵੇ, ਸ਼ੇਰਵੁੱਡ ਪਾਰਕ ਵਿਖੇ ਖੇਡਿਆ ਜਾਵੇਗਾ। ਇਸ ਨਾਟਕ ਨੂੰ ਵੇਖਣ ਲਈ $10 ਦੀ ਕੀਮਤ ਰੱਖੀ ਗਈ ਹੈ। ਨਾਟਕ ਸਬੰਧੀ ਵਧੇਰੇ ਜਣਕਾਰੀ ਜਾਂ ਟਿਕਟਾਂ ਲੈਣ ਲਈ ਜੋਗਿੰਦਰ ਰੰਧਾਵਾ ਨਾਲ 780-914-6251, ਬਖ਼ਸ਼ ਸੰਘਾ ਨਾਲ 780-461-7528, ਸੋਨੀ ਗਿੱਲ ਨਾਲ 780-497-8801, ਨਵਤੇਜ ਬੈਂਸ ਨਾਲ 780-200-2872 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੜਤਾਲੀ ਵਿਦੇਸ਼ੀ ਸੇਵਾਵਾਂ ਅਧਿਕਾਰੀਆਂ ਦਾ ਬਦਲ ਲੱਭ ਰਹੀ ਹੈ ਸਰਕਾਰ ?




ਐਡਮਿੰਟਨ (ਨਦਬ) : ਕਨੇਡਾ ਦੇ ਵਿਦੇਸ਼ੀ ਸੇਵਾਵਾਂ ਅਧਿਕਾਰੀਆਂ ਦੇ ਹੜਤਾਲ 'ਤੇ ਜਾਣ ਦੇ ਮੱਦੇਨਜ਼ਰ ਫ਼ੈਡਰਲ ਸਰਕਾਰ ਵਿਦੇਸ਼ਾਂ 'ਚ ਸਥਿਤ ਆਪਣੇ ਸਫ਼ਾਰਤਖ਼ਾਨਿਆਂ ਵਿਖੇ ਡਿਪਲੋਮੈਟਿਕ ਕੰਮ ਸਥਾਨਕ ਬਦਲਵੇਂ ਕਾਮਿਆਂ ਤੋਂ ਕਰਵਾਉਣ ਦਾ ਮਨ ਬਣਾ ਰਹੀ ਹੈ। ਇਨ੍ਹਾਂ ਕਿਆਫ਼ਿਆਂ ਦੇ ਚੱਲਦਿਆਂ ਇਹ ਵੀ ਪਤਾ ਲੱਗਿਆ ਹੈ ਕਿ ਕੁੱਝ ਅਧਿਕਾਰੀਆਂ ਨੇ ਹੜਤਾਲ ਛੱਡ ਕੇ ਕੰਮ 'ਤੇ ਪਰਤਣ ਦਾ ਫ਼ੈਸਲਾ ਕੀਤਾ ਹੈ। ਜਾਣਕਾਰ ਸੂਤਰਾਂ ਅਨੁਸਾਰ ਫ਼ੈਡਰਲ ਸਰਕਾਰ ਹੜਤਾਲ 'ਤੇ ਗਏ ਵਿਦੇਸ਼ੀ ਸੇਵਾਵਾਂ ਅਧਿਕਾਰੀਆਂ ਦਾ ਕੰਮ ਸਥਾਨਕ ਲੋਕਾਂ ਤੋਂ ਸਸਤੇ ਮੁੱਲ ਕਰਵਾਉਣ 'ਤੇ ਵਿਚਾਰ ਕਰ ਰਹੀ ਹੈ। ਖਜ਼ਾਨਾ ਬੋਰਡ ਦੇ ਪ੍ਰਧਾਨ ਟੋਨੀ ਕਲੇਮੈਂਟ, ਜੋ ਕਿ ਕਾਂਟਰੈਕਟ ਉੱਤੇ ਬੰਦੇ ਰੱਖਣ ਲਈ ਸਰਕਾਰ ਦੇ ਨੁਮਾਇੰਦੇ ਹਨ, ਆਖਿਆ ਕਿ ਅਸੀਂ ਸਾਰੇ ਬਦਲ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ। ਇਸ ਲਈ ਸਾਨੂੰ ਉਹ ਕਦਮ ਵੀ ਚੁੱਕਣੇ ਪੈ ਸਕਦੇ ਹਨ ਜਿਹੜੇ ਅਤੀਤ ਵਿਚ ਕਦੇ ਨਹੀਂ ਚੁੱਕੇ ਗਏ। ਪਰ ਉਨ੍ਹਾਂ ਸਿੱਧੇ ਤੌਰ 'ਤੇ ਇਹ ਨਹੀਂ ਆਖਿਆ ਕਿ ਉਹ ਸਥਾਨਕ ਕਾਮਿਆਂ ਤੋਂ ਕੰਮ ਲੈਣ ਦੀ ਸੋਚ ਰਹੇ ਹਨ। ਉਨ੍ਹਾਂ ਇਹ ਆਖਿਆ ਕਿ ਨਾ ਤਾਂ ਉਹ ਇਸ ਗੱਲ ਦੀ ਪੁਸ਼ਟੀ ਹੀ ਕਰ ਸਕਦੇ ਹਨ ਤੇ ਨਾ ਹੀ ਉਹ ਇਸ ਤੋਂ ਇਨਕਾਰ ਕਰ ਸਕਦੇ ਹਨ। ਦੂਜੇ ਪਾਸੇ ਪ੍ਰੋਫ਼ੈਸ਼ਨਲ ਐਸੋਸੀਏਸ਼ਨ ਆਫ ਫੌਰੇਨ ਸਰਵਿਸ ਆਫਿਸਰਜ਼ ਦੇ ਪ੍ਰਧਾਨ ਟਿਮ ਐਡਵਰਡ ਨੇ ਆਖਿਆ ਕਿ ਬਦਲਵੇਂ ਕਾਮਿਆਂ ਦੀ ਭਾਲ ਤੋਂ ਮਤਲਬ ਹੈ ਕਿ ਅਸੀਂ ਉਨ੍ਹਾਂ ਦਾ ਧਿਆਨ ਖਿੱਚਣ ਵਿਚ ਕਾਮਯਾਬ ਹੋਏ ਹਾਂ। ਉਨ੍ਹਾਂ ਇਸ ਗੱਲ 'ਤੇ ਹੈਰਾਨੀ ਵੀ ਪ੍ਰਗਟਾਈ ਕਿ ਸਰਕਾਰ ਵਲੋਂ ਬਦਲਵੇਂ ਕਾਮਿਆਂ ਤੋਂ ਕੰਮ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਕਨੇਡੀਅਨ ਵਿਦੇਸ਼ੀ ਸੇਵਾਵਾਂ ਅਧਿਕਾਰੀਆਂ ਨੇ ਦੁਨੀਆ ਭਰ ਵਿਚ ਸਥਿਤ ਆਪਣੇ 15 ਸਫ਼ਾਰਤਖ਼ਾਨਿਆਂ ਵਿਚ ਕੰਮਕਾਜ ਠੱਪ ਕਰਨ ਦੀ ਤਿਆਰੀ ਕਰ ਲਈ ਹੈ।

☛ ਬਾਕੀ ਸਫ਼ਾ 41 'ਤੇ

ALL INDIA
RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।

For more information please call
780-465-6900 Jasvir Deol
403-830-7007 Jessie Singh



REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ਼੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (CELL)
780-450-6300 (24 HRS)
FAX: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
MLS MULTIPLE LISTING SERVICE
REALTOR
4107-99 St NW, Edmonton



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility One Call - Award Winning Service, Effective On Site, Engineering & Design Friendly,Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136



Sarjan Luthra
B.Sc, L.LB
LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660
Fax: 780 463 4205

WARD 10
HAFIS DEVJI
780-908-3914
#106, 4211-106th ST
Edmonton, AB, T6J 6L7



IT'S Our FUTURE
Twitter hafisdevji Facebook vote4hafis
VOTE4HAFIS.CA



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR
## HOMES LTD.

Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੇਸਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
## 50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
## Tent Rentals

All Events Big or Small

We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਕਰਜ਼ੇ ਨੂੰ ਲੈ ਕੇ ਸੈਨੇਟਰ ਮਾਈਕ ਹਾਰਬ ਕਸੂਤੇ ਫਸੇ

ਟੋਰਾਂਟੋ (ਨਦਬ) ਮੈਕ ਹਾਰਬ ਵੱਲੋਂ ਲਏ ਗਏ ਲੋਨ ਨਾਲ ਸੈਨੇਟਰ ਇੱਕ ਵਾਰੀ ਮੁੜ ਨਵੀਂ ਪੜਚੋਲ ਦੇ ਦਾਇਰੇ ਵਿੱਚ ਆ ਗਏ ਹਨ। 12 ਜੂਨ ਨੂੰ ਹਾਰਬ ਨੇ ਸੈਨੇਟ ਦੇ ਐਥਿਕਸ ਅਧਿਕਾਰੀ ਨੂੰ ਦੱਸਿਆ ਕਿ ਉਸ ਨੇ 1202864 ਓਨਟਾਰੀਓ ਲਿਮਟਿਡ ਤੋਂ ਲੋਨ ਹਾਸਲ ਕੀਤਾ ਹੈ ਪਰ ਉਨ੍ਹਾਂ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ। ਪਬਲਿਕ ਕਾਰਪੋਰੇਟ ਫਾਈਲਿੰਗਜ਼ ਤੋਂ ਇਹ ਖੁਲਾਸਾ ਹੋਇਆ ਹੈ ਕਿ ਓਟਵਾ ਦੇ ਵਕੀਲ ਤੇ ਕਾਰੋਬਾਰੀ ਬ੍ਰਾਇਨ ਕਰਮ ਹੀ ਓਨਟਾਰੀਓ ਵਿੱਚ ਇਸ ਨੰਬਰ ਵਾਲੀ ਕੰਪਨੀ ਦੇ ਇੱਕ ਮਾਤਰ ਮਾਲਕ



ਹਨ। 17 ਮਈ ਨੂੰ ਹਾਰਬ ਨੇ ਸਬਅਰਬਨ ਓਟਵਾ ਸਥਿਤ ਆਪਣੇ ਕੌਂਡੋ ਲਈ 55,000 ਡਾਲਰ ਦਾ ਲੋਨ ਲਿਆ ਸੀ। ਜਾਇਦਾਦ ਸਬੰਧੀ ਰਿਕਾਰਡਜ਼ ਤੋਂ ਪਤਾ ਲੱਗਦਾ ਹੈ ਕਿ 1202864 ਓਨਟਾਰੀਓ ਲਿਮਟਿਡ ਨੇ ਹਾਰਬ ਨੂੰ ਉਸਦੇ ਕੌਂਡੋ ਲਈ ਕਰਜ਼ਾ ਦਿੱਤਾ। ਕਾਰਪੋਰੇਟ ਰਿਕਾਰਡਜ਼ ਦਰਸਾਉਂਦੇ ਹਨ ਕਿ ਕਰਮ ਦਾ ਨਾਂ ਇੱਕ ਹੋਰ ਨੰਬਰ 595799 ਓਨਟਾਰੀਓ ਲਿਮਟਿਡ ਕੰਪਨੀ ਦੇ ਡਾਇਰੈਕਟਰ ਤੇ ਪ੍ਰਧਾਨ ਵਜੋਂ ਵੀ ਦਰਜ ਹੈ। ਇਹ ਕੰਪਨੀ ਬਿਜ਼ਨਸ ਇਨ ਚਲਾਉਂਦੀ ਹੈ। ਬਿਜ਼ਨਸ ਇਨ, ਡਾਊਨਟਾਊਨ ਓਟਵਾ ਸਥਿਤ ਸੁਈਟ ਹੋਟਲ ਹੈ

**(ਬਾਕੀ ਸਫ਼ਾ 41 ’ਤੇ )**

# ਕਨੇਡੀਅਨਾਂ ਸਿਰ ਕਰਜ਼ਾ ਵਧਿਆ

ਟੋਰਾਂਟੋ (ਨਦਬ) : ਕਨੇਡਾ ਦੇ ਸਭ ਤੋਂ ਵੱਡੇ ਬੈਂਕਾਂ ਵਿਚੋਂ ਇਕ ਵਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਕਨੇਡੀਅਨ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਵਧੇਰੇ ਕਰਜ਼ੇ ਹੇਠਾਂ ਦੱਬੇ ਹੋਏ ਹਨ। ਇਸ ਤੋਂ ਇਲਾਵਾ ਕਰਜ਼ਾ ਲਾਹੁਣ ਲਈ ਕਨੇਡੀਅਨਾਂ ਵਲੋਂ ਜਿਹੜੀ ਔਸਤ ਰਕਮ ਰੱਖੀ ਜਾਂਦੀ ਹੈ ਉਹ ਵੀ ਹੁਣ ਘਟ ਗਈ ਹੈ। ਬੀ.ਐਮ.ਓ. ਦੇ ਪੱਖ ’ਤੇ ਪੋਲਾਰਾ ਵਲੋਂ ਕਰਵਾਏ ਗਏ ਆਨਲਾਈਨ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਸਰਵੇਖਣ ਵਿਚ ਸ਼ਾਮਲ ਕੀਤਾ ਗਿਆ ਸੀ ਉਨ੍ਹਾਂ ਵਿਚੋਂ 83 ਫ਼ੀਸਦੀ ਨੇ ਮੰਨਿਆ ਹੈ ਕਿ ਉਨ੍ਹਾਂ ਸਿਰ ਕਿਸੇ ਨਾ ਕਿਸੇ ਰੂਪ ਵਿਚ ਕਰਜ਼ਾ ਚੜ੍ਹਿਆ ਹੋਇਆ ਹੈ। ਜਦੋਂ ਇਹੋ ਸਵਾਲ ਪਿਛਲੇ ਸਾਲ ਪੁੱਛਿਆ ਗਿਆ ਸੀ ਤਾਂ 74 ਫੀ ਸਦੀ ਨੇ ਹਾਂ ਵਿਚ ਇਸ ਦਾ ਜਵਾਬ ਦਿੱਤਾ ਸੀ। ਇਸ ਵਾਰੀ ਨੌਂ ਅੰਕਾਂ ਦਾ ਫ਼ਰਕ ਹੈ ਪਰ ਇਕ ਸਾਲ ਤੋਂ ਅਗਲੇ ਸਾਲ ਵਧਣ ਨਾਲ ਇਹ ਫ਼ਰਕ 12 ਫੀਸਦੀ ਹੋ ਚੁੱਕਿਆ ਹੈ। ਸਰਵੇਖਣ ਵਿਚ ਇਹ ਵੀ ਪਾਇਆ ਗਿਆ ਕਿ ਪਿਛਲੇ ਸਾਲ ਕਰਜ਼ਾ ਲਾਹੁਣ ਲਈ ਜਿਹੜੀ ਰਕਮ 1,138 ਡਾਲਰ ਦੇ ਹਿਸਾਬ ਨਾਲ ਰੱਖੀ ਸੀ ਉਹ ਵੀ ਐਤਕੀਂ ਘਟ ਕੇ 986 ਡਾਲਰ ਰਹਿ ਗਈ ਹੈ। ਇਲਾਕੇ ਵਜੋਂ ਅਲਬਰਟਾ ਵਾਸੀਆਂ ਵਲੋਂ ਹਰ ਮਹੀਨੇ ਚੁਕਾਇਆ ਜਾਣ ਵਾਲਾ ਕਰਜ਼ਾ 1,225 ਡਾਲਰ ਹੈ ਜਦਕਿ ਕਿਊਬਿਕ ਵਾਸੀ 768 ਡਾਲਰ ਕਰਜ਼ੇ ਦੇ ਰੂਪ ਵਿਚ ਮੋੜਦੇ ਹਨ। ਬੈਂਕ ਨੇ ਆਖਿਆ ਕਿ ਇਨ੍ਹਾਂ ਅੰਕੜਿਆਂ ਤੋਂ ਤਾਂ ਇਹੋ ਲਗਦਾ ਹੈ ਕਿ ਲੋਕਾਂ ਨੂੰ ਕਰਜ਼ਾ ਮੋੜਨ ਦੀ ਕੋਈ ਕਾਹਲ ਨਹੀਂ ਹੈ। ਇਨ੍ਹਾਂ ਨਤੀਜਿਆਂ ਬਾਰੇ ਬੀ.ਐਮ.ਓ. ਦੇ ਵਾਈਸ ਪ੍ਰੈਜ਼ੀਡੈਂਟ ਜੈਨੇਟ ਪੈਡੀਗ੍ਰਿਊ ਨੇ ਆਖਿਆ ਕਿ ਅਸੀਂ ਪਿਛਲੇ ਕੁੱਝ ਸਮੇਂ ਤੋਂ ਵਿਆਜ ਦਰਾਂ ਵਿਚ ਵਾਧੇ ਨੂੰ ਟਾਲਦੇ ਆ ਰਹੇ ਹਾਂ ਤਾਂ ਕਿ ਲੋਕਾਂ ਨੂੰ ਕਰਜ਼ਾ ਲੈਣਾ ਸੌਖਾ ਹੋ ਸਕੇ ਤੇ ਉਹ ਆਪਣਾ ਕਰਜ਼ਾ ਲਾਹੁਣ ਵੱਲ ਵੀ ਧਿਆਨ ਦੇ ਸਕਣ ਤੇ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਕਰਜ਼ੇ ਬਾਰੇ ਲੋਕਾਂ ਵਿਚ ਉਕਤ ਰੁਝਾਨ ਪਾਏ ਜਾਣ ਦੇ ਬਾਵਜੂਦ ਸਰਵੇਖਣ ਵਿਚ ਹਿੱਸਾ ਲੈਣ ਵਾਲਿਆਂ ਵਿਚੋਂ 44 ਫ਼ੀਸਦੀ ਦਾ ਕਹਿਣਾ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਉਨ੍ਹਾਂ ਸਿਰ ਚੜ੍ਹਿਆ ਕਰਜ਼ਾ ਘਟ ਗਿਆ ਹੈ ਜਦਕਿ 28 ਫ਼ੀਸਦੀ ਦਾ ਕਹਿਣਾ ਹੈ ਕਿ ਇਸ ਅਰਸੇ ਦੌਰਾਨ ਕਰਜ਼ਾ ਵਧ ਗਿਆ ਹੈ। ਸਰਵੇਖਣ ਵਿਚ ਹਿੱਸਾ ਲੈਣ ਵਾਲੇ ਕਨੇਡੀਅਨਾਂ ਨੇ ਦੱਸਿਆ ਕਿ ਕਰਜ਼ੇ ਦਾ ਸੱਭ ਤੋਂ ਵੱਡਾ ਸਰੋਤ ਮਾਰਗੇਜ ਹੈ, ਇਹ ਸਭ ਤੋਂ ਵੱਧ 34 ਫ਼ੀਸਦੀ ਹੈ, ਫਿਰ ਕਾਰ ਸਬੰਧੀ ਅਦਾਇਗੀਆਂ ਵਜੋਂ 19 ਫੀਸਦੀ ਕਰਜ਼ਾ ਲਿਆ ਜਾਂਦਾ ਹੈ ਤੇ ਸਟੂਡੈਂਟ ਲੋਨ 14 ਫ਼ੀਸਦੀ ਲਿਆ ਜਾਂਦਾ ਹੈ। ਸਰਵੇਖਣ ਵਿਚ ਹਿੱਸਾ ਲੈਣ ਵਾਲਿਆਂ ਵਿਚੋਂ ਬਹੁਤਿਆਂ ਦਾ ਕਹਿਣਾ ਹੈ ਕਿ ਉਹ ਪੰਜਾਂ ਸਾਲਾਂ ਵਿਚ ਕਰਜ਼ਾ ਮੁਕਤ ਹੋਣਾ ਚਾਹੁੰਦੇ ਹਨ ਜਦਕਿ ਅੱਧੇ ਤੋਂ ਵੀ ਵੱਧ ਭਾਵ 56 ਫੀ ਸਦੀ ਨੂੰ ਦਸ ਸਾਲਾਂ ਵਿਚ ਕਰਜ਼ਾ ਮੁਕਤ ਹੋਣ ਦੀ ਉਮੀਦ ਹੈ।

# ਮੈਰੀਜੁਆਨਾ ਨੂੰ ਕਾਨੂੰਨੀ ਰੂਪ ਦੇਣ ਦੀ ਮੰਗ ਰੱਖ ਕੇ ਟਰੂਡੋ ਨੇ ਨਵੀਂ ਬਹਿਸ ਛੇੜੀ

ਐਡਮਿੰਟਨ (ਨਦਬ) ਲਿਬਰਲ ਆਗੂ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਮੈਰੀਜੁਆਨਾ ਨੂੰ ਕਾਨੂੰਨੀ ਰੂਪ ਦੇਣ ਨਾਲ ਇਸ ਨਸ਼ੇ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਿਆ ਜਾ ਸਕਦਾ ਹੈ। ਇਸ ਸਾਲ ਵਿਚ ਅਜਿਹਾ ਦੂਜੀ ਵਾਰੀ ਹੋਇਆ ਹੈ ਕਿ ਇਸ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ ਹੋਣ। ਟਰੂਡੋ ਦੇ ਇਸ ਬਿਆਨ ਦਾ ਕੰਜ਼ਰਵੇਟਿਵਾਂ ਵਲੋਂ ਸਖ਼ਤ ਨੋਟਿਸ ਲਿਆ ਗਿਆ ਹੈ ਤੇ ਇਸ ਕਿਸਮ ਦੇ ਬਿਆਨ ਦੀ ਟੋਰੀਜ਼ ਵਲੋਂ ਨੁਕਤਾਚੀਨੀ ਵੀ ਕੀਤੀ ਜਾ ਰਹੀ ਹੈ। ਕੈਲੋਨਾ, ਬੀਸੀ ਵਿਚ ਇਕ ਰੈਲੀ ਦੌਰਾਨ ਟਰੂਡੋ ਨੇ ਆਖਿਆ ਕਿ ਉਹ ਹਸ਼ੀਸ਼ ਨੂੰ ਗ਼ੈਰ ਕਾਨੂੰਨੀ ਰੱਖਣ ਦੇ ਪੱਖ ਵਿਚ ਨਹੀਂ ਹਨ। ਉਨ੍ਹਾਂ ਆਖਿਆ ਕਿ ਅਸਲ ਵਿਚ ਉਹ ਇਸ ਨੂੰ ਕਾਨੂੰਨੀ ਰੂਪ ਦੇਣ, ਇਸ ’ਤੇ ਟੈਕਸ ਲਾਉਣ ਤੇ ਇਸ ਨੂੰ ਕੰਟਰੋਲ ਕਰਨ ਦੇ ਪੱਖ ਵਿਚ ਹਨ। ਉਨ੍ਹਾਂ ਆਖਿਆ ਕਿ ਅੱਜ ਦੀ ਪੀੜ੍ਹੀ ਨੂੰ ਇਸ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰੱਖਣ ਦਾ ਜਿਹੜਾ ਮਾਡਲ ਅਮਲ ਵਿਚ ਲਿਆਂਦਾ ਗਿਆ ਹੈ ਉਹ ਕੰਮ ਨਹੀਂ ਕਰ ਰਿਹਾ। ਇਹ ਪਤਾ ਲਾਉਣ ਲਈ ਕਿ ਇਹ ਕੰਮ ਕਰ ਰਿਹਾ ਹੈ ਸਾਨੂੰ ਸਬੂਤਾਂ ਤੇ ਵਿਗਿਆਨ ਦੀ ਲੋੜ ਹੈ। ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਮੈਰੀਜੁਆਨਾ ਦਾ ਕਾਨੂੰਨੀਕਰਨ ਕਰਨ ਦਾ ਮੁੱਦਾ ਲਿਬਰਲਾਂ ਦੇ 2015 ਵਿਚ ਹੋਣ ਵਾਲੀਆਂ ਚੋਣਾਂ ਦੇ ਪਲੇਟਫਾਰਮ ਦਾ ਹਿੱਸਾ ਹੋਵੇਗਾ। ਦੂਜੇ ਪਾਸੇ ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਉਹ ਮੈਰੀਜੁਆਨਾ ਨੂੰ ਕਾਨੂੰਨੀ ਰੂਪ ਦੇਣ ਵਿਚ ਕੋਈ ਦਿਲਚਸਪੀ ਨਹੀਂ ਰੱਖਦੇ ਤੇ ਨਾ ਹੀ ਉਹ ਚਾਹੁੰਦੇ ਹਨ ਕਿ ਇਹ ਨੌਜਵਾਨਾਂ ਦੀ ਪਹੁੰਚ ਵਿਚ ਅਸਾਨੀ ਨਾਲ ਆਉਣੀ ਚਾਹੀਦੀ ਹੈ।

VOTE Nita Jalkanen
October 21, 2013
Ward 2 (CANDIDATE)

Elect NITA JALKANEN as your Ward 2 representative on October 21, 2013.

Nita is committed to being YOUR VOICE on our next City Council.

VOTE FOR A POSITIVE CHANGE.

www.NitaJalkanen.com
Email nitaj@telus.net Phone 780-909-2855
Facebook Nita Jalkanen Twitter @NitaJalkanen



SAHARA INSURANCE GROUP
PERFECT BLEND FOR YOUR INSURANCE & INVESTMENT



CALL US TODAY FOR SUPER VISA INSURANCE
SUPER VISA INSURANCE AT VERY LOW PRICE
Life Insurance
Mortgage Insurance
Disability Insurance
Visitor Insurance
RESP, RRSP
Open Investment
Retirement Planning
Dental Insurance
Associated with all major Life Insurance Companies
DEEP GREWAL
204-996-2571
Associated with all major Life Insurance Companies
Unit # F-10, 1833 INKSTER BLVD, WINNIPEG, MB R2X 1R3
Fax : (204) 480-8708
info@saharainsurancegroup .ca www.saharainsurancegroup.ca

Maple DENTAL CLINIC
Dr. Sandeep Dhaliwal DMD
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Take Home Whitening Kits
with new patient exams & cleaning !
Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions
Accepting New Patients
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm
Appointments @ 780-440-5001
4444-36 Ave NW Edmonton, AB T6L 3S1

# ਗ਼ਦਰ ਸ਼ਤਾਬਦੀ ਕਮੇਟੀ ਵਲੋਂ ਐਡਮਿੰਟਨ ਅਤੇ ਕੈਲਗਰੀ ਵਿਖੇ ਸਫ਼ਲ ਸੈਮੀਨਾਰ

ਐਡਮਿੰਟਨ/ ਕੈਲਗਰੀ (ਨਦਬ) : ਪ੍ਰੋਗਰੈਸਿਵ ਪੀਪਲਜ਼ ਫ਼ਾਉਂਡੇਸ਼ਨ ਆਫ਼ ਐਡਮਿੰਟਨ ਵਲੋਂ ਐਡਮਿੰਟਨ (ਪੀ.ਪੀ.ਐਫ਼.ਈ.) ਦੇ ਮਿੱਲਵੁਡ ਕਲਚਰਲ ਸੁਸਾਇਟੀ ਆਫ਼ ਰਿਟਾਇਡ ਐਂਡ ਸੈਮੀ-ਰਿਟਾਇਡ (ਸੀਨੀਅਰ ਸੁਸਾਇਟੀ) ਵਿਖੇ ਗ਼ਦਰ ਸ਼ਤਾਬਦੀ ਵਰ੍ਹਾ 2013 ਦੇ ਸਮਾਗਮਾਂ ਦੀ ਲੜੀ ਤਹਿਤ 'ਗ਼ਦਰ ਲਹਿਰ ਦੀ ਵਿਰਾਸਤ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿਚ ਤਿਮਾਹੀ ਰਸਾਲੇ 'ਸਿਰਜਣਾ' ਦੇ ਮੁੱਖ ਸੰਪਾਦਕ ਰਘਵੀਰ ਸਿਰਜਣਾ ਮੁੱਖ ਬੁਲਾਰੇ ਵਜੋਂ ਅਤੇ ਨਾਟਕਕਾਰ/ਨਿਰਦੇਸ਼ਕ ਦਵਿੰਦਰ ਦਮਨ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਜਦ ਕਿ ਇਨ੍ਹਾਂ ਤੋਂ ਇਲਾਵਾ ਯੂਨੀ. ਆਫ਼ ਅਲਬਰਟਾ ਦੇ ਸਾਬਕਾ ਪ੍ਰੋ. ਰਾਜ ਪਨੂੰ ਅਤੇ ਪੀ.ਪੀ.ਐਫ਼.ਈ. ਦੇ ਪ੍ਰਧਾਨ ਦਲਬੀਰ ਸਾਂਗਿਆਣ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ। ਸਮਾਗਮ ਵਿਚ ਵੈਨਕੂਵਰ ਤੋਂ ਗ਼ਦਰ ਸ਼ਤਾਬਦੀ ਕਮੇਟੀ ਕਨੇਡਾ ਨੁਮਾਇਦੇ ਦੇ ਤੌਰ 'ਤੇ ਹਰਭਜਨ ਚੀਮਾ, ਕਿਰਪਾਲ ਬੈਂਸ ਅਤੇ ਸੰਤੋਖ ਢੇਸੀ ਸ਼ਾਮਲ ਹੋਏ।

ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਪੀ.ਪੀ.ਐਫ਼.ਈ. ਦੇ ਖ਼ਜ਼ਾਨਚੀ ਨਵਤੇਜ ਬੈਂਸ ਨੇ ਪ੍ਰੋਗਰੈਸਿਵ ਪੀਪਲਜ਼ ਫ਼ਾਉਂਡੇਸ਼ਨ ਆਫ਼ ਐਡਮਿੰਟਨ ਵਲੋਂ ਗ਼ਦਰ ਸ਼ਤਾਬਦੀ ਵਰ੍ਹਾ 2013 ਦੇ ਸਮਾਗਮਾਂ ਦੀ ਲੜੀ ਤਹਿਤ ਕਰਵਾਏ ਗਏ ਅਤੇ ਕੀਤੇ ਜਾਣ ਵਾਲੇ ਸਮਾਗਮਾਂ ਦੀ ਜਾਣਕਾਰੀ ਸਾਂਝੀ ਕੀਤੀ। ਉਪਰੰਤ ਜੋਗਿੰਦਰ ਰੰਧਾਵਾ ਵਲੋਂ ਹਰਭਜਨ ਹੁੰਦਲ ਦੀ ਗ਼ਜ਼ਲ ਗਾਈ ਗਈ। ਸਮਾਗਮ ਵਿਚ ਸ਼ਾਮਲ ਹੋਏ ਨਾਟਕਕਾਰ/ਨਿਰਦੇਸ਼ਕ ਦਵਿੰਦਰ ਦਮਨ ਨੇ ਮਨੁੱਖੀ ਇਤਿਹਾਸ ਵਿਚ, ਜਿਥੇ ਜ਼ਿੰਦਗੀ ਦੇ ਸਪਾਟ ਪੱਖਾਂ ਵਿਚ ਹੈਰਾਨੀਜਨਕ ਪ੍ਰਾਪਤੀਆਂ ਕੀਤੀਆਂ ਹਨ, ਉਥੇ ਕਲਾ ਅਤੇ ਪ੍ਰਬੰਧ ਦੀ ਸੰਸਥਾ ਵਿਚ ਬਹੁਤ ਹੀ ਅਹਿਮ ਪ੍ਰਾਪਤੀ ਹੈ। ਇਨ੍ਹਾਂ ਦੋਵਾਂ ਸੰਸਥਾਵਾਂ ਦਾ ਮਨੁੱਖ ਦੀ ਜ਼ਿੰਦਗੀ ਦੇ ਸਮੁੱਚੇ ਵਿਕਾਸ ਵਿਚ ਬਹੁਤ ਵੱਡਾ ਰੋਲ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਇਹ ਸੰਸਥਾ ਮਨੁੱਖ ਦੇ ਮੁੱਢ ਕਦੀਮੀ ਜੀਵਨ ਦੇ ਨਾਲ ਹੀ ਸ਼ੁਰੂ ਹੋ ਗਈਆਂ ਸਨ। ਰੰਗਮੰਚ ਦਾ ਮਤਲਬ ਹਾਵ-ਭਾਵ ਤੇ ਸਿਸਟਮ ਮਤਲਬ ਸਰਕਾਰ। ਦੋਵਾਂ ਬਿਨਾਂ ਮਨੁੱਖ ਦਾ ਜਿਊਣਾ ਅਸੰਭਵ ਹੈ। ਬਿਨਾ ਕਲਾਤਮਿਕ ਹਾਵ-ਭਾਵ ਅਤੇ ਬਿਨਾਂ ਸੁਚੱਜੇ ਪ੍ਰਬੰਧ ਦੇ ਜੀਵਨ ਦਾ ਕਿਆਸ ਕਰਨਾ ਹੀ ਅਪਣੇ ਆਪ ਵਿਚ ਅਰਾਜਕਤਾ ਹੈ। ਇਸ ਸੈਮੀਨਾਰ ਨੂੰ ਉਪਰੋਕਤ ਤੋਂ ਇਲਾਵਾ ਨਿਰਭੈ ਸਿੰਘ ਢੁੱਡੀਕੇ, ਮਹਿੰਦਰ ਸਿੰਘ ਸੀਲੋਕਲਾਂ, ਪੀ.ਆਰ. ਕਾਲੀਆ, ਡ. ਰਾਜ ਪੰਨੂੰ, ਅਵਨੀਤ ਰੰਧਾਵਾ, ਜੋਗਿੰਦਰ ਰੰਧਾਵਾ ਆਦਿ ਨੇ ਵੀ ਸੰਬੋਧਨ ਕੀਤਾ।

ਇਸੇ ਤਰ੍ਹਾਂ ਕੈਲਗਰੀ ਦੀਆਂ 7 ਜੱਥੇਬੰਦੀਆਂ 'ਤੇ ਅਧਾਰਤ ਬਣੀ ਸਾਂਝੀ ਕਮੇਟੀ ਵਲੋਂ ਟੈਪਲ ਕਮਿਊਨਟੀ ਹਾਲ ਵਿਖੇ ਗ਼ਦਰ ਪਾਰਟੀ ਬਾਰੇ ਸੈਮੀਨਾਰ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਤਰਲੋਚਨ ਦੂਹਰਾ, ਡਾ. ਰਘਬੀਰ ਸਿਰਜਣਾ, ਹਰਭਜਨ ਚੀਮਾ, ਕਿਰਪਾਲ ਬੈਂਸ ਅਤੇ ਸੰਤੋਖ ਢੇਸੀ ਸ਼ਾਮਲ ਸਨ। ਸਮਾਗਮ ਦੀ ਸ਼ੁਰੂਆਤ ਤਰਲੋਚਨ ਦੂਹਰਾ ਦੇ ਦੇਸ਼ ਭਗਤੀ ਦੇ ਗੀਤ ਨਾਲ ਹੋਈ। ਪੰਜਾਬੀ ਦੇ ਉਘੇ ਲੇਖਕ ਡਾ: ਰਘਬੀਰ ਸਿਰਜਣਾ ਨੇ 1913 'ਚ ਬਣੀ ਗ਼ਦਰ ਪਾਰਟੀ ਦੇ ਇਤਿਹਾਸ, ਮੰਤਵ ਅਤੇ ਸੰਘਰਸ਼ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 1857 ਦੇ ਗ਼ਦਰ ਤੋਂ ਪ੍ਰੇਰਨਾ ਲੈ ਕੇ ਗ਼ਦਰੀ ਬਾਬਿਆਂ ਨੇ ਜ਼ਿੰਦਗੀ ਮੌਤ ਦਾ ਸੰਘਰਸ਼ ਅਰੰਭ ਕੀਤਾ ਸੀ। ਗ਼ਦਰੀ ਬਾਬਿਆਂ ਦੇ ਸਿਰੜ, ਧਰਮ ਨਿਰਪੱਖਤਾ ਅਤੇ ਜਮਹੂਰੀ ਸੋਚ ਨੂੰ ਪ੍ਰਣਾਮ ਕਰਨਾ ਬਣਦਾ ਹੈ। ਉਨ੍ਹਾਂ ਕਿਹਾ ਕਿ ਗ਼ਦਰ ਲਹਿਰ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਸੰਸਾਰ ਭਰ ਦੇ ਲੋਕ ਅੱਜ ਵੀ ਸੇਧ ਲੈ ਰਹੇ ਹਨ।














ਗ਼ਦਰ ਸ਼ਤਾਬਦੀ ਕਮੇਟੀ ਕਨੇਡਾ ਦੇ ਕੋਆਰਡੀਨੇਟਰ ਹਰਭਜਨ ਚੀਮਾ ਨੇ ਕਿਹਾ ਕਿ ਭਾਰਤ ਵਿਚ ਚਲ ਰਹੇ ਸੰਘਰਸ਼ਾਂ ਨੂੰ ਕੁਚਲਣ ਲਈ ਸਰਕਾਰ ਵਲੋਂ ਸੀ.ਆਰ.ਪੀ, ਬੀ.ਐਸ.ਐਫ. ਅਤੇ ਫ਼ੌਜ ਰਾਹੀਂ ਗਰੀਨ ਹੰਟ ਅਪਰੇਸ਼ਨ ਦੁਆਰਾ ਉਜਾੜਿਆ ਜਾ ਰਿਹਾ ਹੈ। ਆਦਿ ਵਾਸੀ ਲੋਕ ਜੋ ਜਲ, ਜੰਗਲ ਜ਼ਮੀਨ ਅਤੇ ਕੁਦਰਤੀ ਵਸੀਲਿਆਂ ਨੂੰ ਬਚਾਉਣ ਲਈ ਬਹੁ ਕੌਮੀ ਕਾਰਪੋਰੇਸ਼ਨਾਂ ਅਤੇ ਸਰਕਾਰ ਖਿਲਾਫ਼ ਜੂਝ ਰਹੇ ਹਨ, ਦੀ ਸੰਸਾਰ ਭਰ ਦੇ ਇਨਸਾਫ਼ ਪਸੰਦ ਲੋਕਾਂ ਨੂੰ ਉਨ੍ਹਾਂ ਦੇ ਹੱਕੀ ਸੰਘਰਸ਼ਾਂ ਦੀ ਡਟਵੀਂ ਹਮਾਇਤ ਕਰਨੀ ਚਾਹੀਦੀ ਹੈ ਅਤੇ ਭਾਰਤ ਸਰਕਾਰ ਦੇ ਜ਼ੁਲਮ ਦੀ ਨਿੰਦਾ ਕਰਨੀ ਚਾਹੀਦੀ ਹੈ। ਗ਼ਦਰੀ ਬਾਬਿਆਂ ਦੇ ਸੰਘਰਸ਼ਾਂ ਤੋਂ ਪ੍ਰੇਰਨਾ ਲੈ ਕੇ ਅੱਜ ਵੀ ਲੋਕ ਸਾਮਰਾਜਵਾਦ ਅਤੇ ਉਨ੍ਹਾਂ ਦੀਆਂ ਪਿੱਠੂ ਭਾਰਤ ਵਰਗੀਆਂ ਸਰਕਾਰਾਂ ਦੇ ਖਿਲਾਫ਼ ਹਥਿਆਰਬੰਦ ਸੰਘਰਸ਼ ਕਰ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਮੀਡੀਆ ਕਲੱਬ ਕੈਲਗਰੀ ਦੇ ਪ੍ਰਧਾਨ ਹਰਚਰਨ ਪਰਹਾਰ, ਪੰਜਾਬੀ ਲਿਖਾਰੀ ਸਭਾ ਦੇ ਸਾਬਕਾ ਪ੍ਰਧਾਨ ਗੁਰਬਚਨ ਬਰਾੜ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਮਾਨ, ਅਰਪਨ ਲਿਖਾਰੀ ਸਭਾ ਦੇ ਆਗੂ ਡਾ: ਹਰਭਜਨ ਢਿਲੋਂ ਆਦਿ ਨੇ ਵੀ ਗ਼ਦਰ ਪਾਰਟੀ ਬਾਰੇ ਸੰਖੇਪ ਵਿਚਾਰ ਸਾਂਝੇ ਕੀਤੇ। ਲਗਭਗ ਸਭ ਬੁਲਾਰਿਆਂ ਨੇ ਕਿਹਾ ਕਿ ਗ਼ਦਰੀ ਬਾਬੇ ਜੋ ਜਾਤਾਂ, ਗੋਤਾਂ, ਧਰਮਾਂ, ਬੋਲੀਆਂ ਅਤੇ ਇਲਾਕਿਆਂ ਤੋਂ ਉਪਰ ਉਠ ਕੇ ਅਜ਼ਾਦੀ ਲਈ ਲੜੇ ਸਨ, ਨੂੰ ਧਰਮਾਂ ਜਾਤਾਂ ਨਾਲ ਜੋੜਨ ਵਾਲੇ ਲੋਕ ਉਨ੍ਹਾਂ ਦੀ ਅਸਲ ਅਜ਼ਾਦੀ ਦੀ ਲੜਾਈ ਨਾਲ ਧ੍ਰੋਹ ਕਰ ਰਹੇ ਹਨ। ਤਰਲੋਚਨ ਸੈਂਹਬੀ ਅਤੇ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਇਨਕਲਾਬੀ ਗੀਤਾਂ ਰਾਹੀਂ ਗ਼ਦਰੀ ਬਾਬਿਆਂ ਨੂੰ ਸ਼ਰਧਾਂਜਲੀ ਦਿੱਤੀ। ਗ਼ਦਰੀ ਬਾਬਿਆਂ ਦੀਆਂ ਫ਼ੋਟੋਆਂ ਅਤੇ ਲਿਖਤਾਂ ਦੀ ਪ੍ਰਦਰਸ਼ਨੀ ਕੈਲਗਰੀ ਵਾਸੀਆਂ ਦੀ ਖਿੱਚ ਦਾ ਕੇਂਦਰ ਬਣੀ ਜਿਨ੍ਹਾਂ ਨੂੰ ਲੋਕਾਂ ਨੇ ਬੜੀ ਨੀਝ ਅਤੇ ਸਤਿਕਾਰ ਨਾਲ ਦੇਖਿਆ। ਵੈਨਕੂਵਰ ਦੀ ਟੀਮ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਅੱਜ ਦੇ ਸਮਾਗਮ ਵਿਚ ਵੈਨਕੂਵਰ ਤੋਂ ਪ੍ਰਕਾਸ਼ਿਤ ਕਿਤਾਬ 'ਗ਼ਦਰ ਦੀ ਲਾਟ' ਰਿਲੀਜ਼ ਕੀਤੀ ਗਈ। ਜਿਸ ਵਿਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਇੰਡੋ ਕਨੇਡੀਅਨ ਦੇ ਪ੍ਰਧਾਨ ਪ੍ਰਸ਼ੋਤਮ ਭਾਰਦਵਾਜ, ਮੀਡੀਆ ਕਲੱਬ ਦੇ ਪ੍ਰਧਾਨ ਹਰਚਰਨ ਪਰਹਾਰ, ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਪਰਮਿੰਦਰ ਗਰੇਵਾਲ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਵੀਰ ਸਹੋਤਾ, ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਢਾਹ, ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਮਹਿੰਦਰ ਐਸ. ਪਾਲ ਅਤੇ ਸੋਹਨ ਮਾਨ ਹਾਜ਼ਰ ਸਨ।

ਕਿਰਪਾਲ ਬੈਂਸ ਵਲੋਂ4 ਮਤੇ ਪੜ੍ਹ ਕੇ ਸੁਣਾਏ ਗਏ। ਹਾਊਸ ਨੇ ਹੱਥ ਖੜੇ ਕਰਕੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਇਨ੍ਹਾਂ ਮਤਿਆਂ ਵਿਚ ਕਨੇਡਾ ਦੀ ਹਾਰਪਰ ਸਰਕਾਰ ਦੀ ਇੰਮੀਗ੍ਰੇਸ਼ਨ ਪਾਲਸੀ ਦੀ ਨਿੰਦਾ ਕੀਤੀ ਗਈ, ਭਾਰਤ ਦੀ ਸਰਕਾਰ ਵਲੋਂ ਕੁਦਰਤੀ ਵਸੀਲਿਆਂ ਨੂੰ ਬਚਾਉਣ ਅਤੇ ਹੱਕਾਂ ਲਈ ਸੰਘਰਸ਼ ਕਰ ਰਹੇ ਆਦਿ ਵਾਸੀ ਲੋਕਾਂ ਨੂੰ ਫ਼ੌਜ ਲਾ ਕੇ ਕੁਚਲਣ ਦੀ ਨਿਖੇਧੀ ਕੀਤੀ ਗਈ, ਕਨੇਡਾ ਸਰਕਾਰ ਵਲੋਂ ਦੇਸ਼ ਭਗਤ ਜਲੰਧਰ ਤੋਂ ਚਿਰੰਜੀ ਲਾਲ, ਪੰਜਾਬ ਲੋਕ ਸਭਿਆਚਾਰ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੂੰ ਵੀਜ਼ਾ ਨਾ ਦੇਣ ਦੀ ਨਿੰਦਾ ਕੀਤੀ ਗਈ ਅਤੇ ਅੱਜ ਦੀ ਸਭਾ ਅਮਰੀਕਨ ਸਾਮਰਾਜ ਵਲੋਂ ਦੁਨੀਆ ਭਰ ਦੇ ਦੇਸ਼ਾਂ/ਲੋਕਾਂ ਵਿਰੁੱਧ ਕੀਤੇ ਜਾ ਰਹੇ ਹਮਲਿਆਂ ਦੀ ਨਿਖੇਧੀ ਕੀਤੀ ਗਈ।

ਮੰਚ ਸੰਚਾਲਨ ਮਾਸਟਰ ਭਜਨ ਗਿੱਲ ਵਲੋਂ ਕੀਤਾ ਗਿਆ। ਪੰਜ ਪਾਣੀ ਰੋਜ਼ਾਨਾ ਦੇ ਸਰਪ੍ਰਸਤ ਐਡੀਟਰ ਜੋਗਿੰਦਰ ਗਰੇਵਾਲ ਨੇ ਟੋਰਾਂਟੋ ਤੋਂ ਸ਼ਿਕਰਤ ਕੀਤੀ। ਸੁਰਿੰਦਰ ਕੌਰ ਗਿੱਲ ਵਲੋਂ ਲਾਈ ਕਿਤਾਬਾਂ ਦੀ ਸਟਾਲ 'ਤੇ ਲੋਕਾਂ ਨੇ ਵੱਡੀ ਪੱਧਰ 'ਚ ਕਿਤਾਬਾਂ ਖਰੀਦੀਆਂ। ਨਾਟਕ/ਸਮਾਗਮ ਦੀ ਸੀ.ਡੀ., ਟਰਾਂਟੋ ਅਤੇ ਵੈਨਕੂਵਰ ਵਲੋਂ ਤਿਆਰ ਕੀਤੀ ਗਈ। ਗ਼ਦਰ ਪਾਰਟੀ ਬਾਰੇ ਇਤਿਹਾਸਕ ਕਲੰਡਰ ਮੁਫ਼ਤ ਵੰਡਿਆ ਗਿਆ। ਮੀਡੀਆ ਇੰਚਾਰਜ ਬਲਜਿੰਦਰ ਸੰਘਾ ਵਲੋਂ ਪ੍ਰੈਸ ਅਤੇ ਫ਼ੋਟੋਗਰਾਫ਼ੀ ਦਾ ਕੰਮ ਬੜੀ ਜ਼ਿੰਮੇਵਾਰੀ ਅਤੇ ਸੁਹਿਰਦਤਾ ਨਾਲ ਨਿਭਾਇਆ ਗਿਆ। ਅੰਤ ਵਿਚ ਮੀਡੀਆ ਕਲੱਬ ਕੈਲਗਰੀ ਦੇ ਪ੍ਰਧਾਨ ਹਰਚਰਨ ਪਰਹਾਰ ਨੇ ਗ਼ਦਰ ਸ਼ਤਾਬਦੀ ਸਮਾਗਮਾਂ ਨੂੰ ਹਰ ਪੱਖੋਂ ਸਫ਼ਲ ਬਣਾਉਣ ਲਈ ਕੈਲਗਰੀ ਵਾਸੀਆਂ, ਸਮੁੱਚੇ ਮੀਡੀਆ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਸੈਮੀਨਾਰ ਨੂੰ ਸਫ਼ਲ ਬਣਾਉਣ ਲਈ ਦਸ਼ਮੇਸ਼ ਕਲਚਰਲ ਸੀਨੀਅਰਜ਼ ਐਸੋਸੀਏਸ਼ਨ ਅਤੇ ਇੰਕਾ ਸੀਨੀਅਰਜ਼ ਸੁਸਾਇਟੀ ਵਲੋਂ ਵੱਡੀ ਗਿਣਤੀ ਵਿਚ ਹਾਜ਼ਰ ਹੋਣ 'ਤੇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ।




ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

TMG

## ਯੂਨੀਵਰਸਿਟੀਆਂ ਦਾ ਫ਼ੌਜੀਕਰਨ

# ਅਕਾਦਮਿਕ ਵਰਤਾਰੇ ਹੋਣਗੇ ਪ੍ਰਭਾਵਿਤ

ਐਡਮਿੰਟਨ (ਨਦਬ) : ਹਾਰਪਰ ਸਰਕਾਰ ਵਿਦਿਆਰਥੀਆਂ ਦੇ ਭਵਿੱਖ ਨੂੰ ਦਰਕਿਨਾਰ ਕਰਕੇ ਇਸ ਗੱਲ ਨੂੰ ਲੈ ਕੇ ਚਿੰਤਾ ਕਰ ਰਹੀ ਹੈ ਕਿ ਯੂਨੀਵਰਸਿਟੀਆਂ ਦਾ ਫ਼ੌਜੀਕਰਨ ਕਿਵੇਂ ਕੀਤਾ ਜਾਵੇ। ਇਸ ਲਈ ਨਵੀਆਂ ਯੋਜਨਾਵਾਂ ਘੜੀਆਂ ਜਾ ਰਹੀਆਂ ਹਨ। ਇਹ ਯੋਜਨਾਵਾਂ ਵਪਾਰੀਕਰਨ, ਖੋਜ ਕਾਰਜਾਂ ਅਤੇ ਪਾਰਟਨਰਸ਼ਿਪ ਦੇ ਨਾਂ 'ਤੇ ਇੱਕ ਗਿਣੀ ਮਿੱਥੀ ਸਾਜ਼ਸ਼ ਤਹਿਤ ਯੂਨੀਵਰਸਿਟੀਆਂ 'ਤੇ ਥੋਪੀਆਂ ਜਾ ਰਹੀਆਂ ਹਨ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਤੋਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਵਿਦਿਆਰਥੀਆਂ ਨੂੰ ਜੰਗ ਦੇ ਮੈਦਾਨ ਵਿਚ ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹੋਣ।

ਇਸ ਨੀਤੀ ਤਹਿਤ ਹਾਰਪਰ ਸਰਕਾਰ ਵਲੋਂ 8 ਜੁਲਾਈ ਨੂੰ ਅਲਬਰਟਾ ਯੂਨੀਵਰਸਿਟੀ ਵਿੱਚ 'ਸਿਵਲ ਮਿਲਟਰੀ ਲੀਡਰਸ਼ਿਪ ਪਾਈਲਟ ਇਨੀਸ਼ੀਏਟਿਵ' ਨਾਮ ਦਾ ਇਕ ਪ੍ਰੋਗਰਾਮ ਜਾਰੀ ਕੀਤਾ ਗਿਆ, ਜਿਸ ਤਹਿਤ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਕਨੇਡੀਅਨ ਆਰਮਡ ਫ਼ੋਰਸਸ (ਸੀਏਐਫ਼) ਰਿਜ਼ਰਵ ਵਿਚ ਲੀਡਰਸ਼ਿਪ ਦੇ ਤਜ਼ਰਬਿਆਂ ਨੂੰ ਗ੍ਰਹਿਣ ਕਰਨਗੇ। ਇਹ ਪ੍ਰੋਗਰਾਮ ਅਲਬਰਟਾ ਯੂਨੀਵਰਸਿਟੀ ਅਤੇ ਸੀ.ਏ.ਐਫ਼. ਵਲੋਂ ਸਾਂਝੇ ਤੌਰ 'ਤੇ ਨਿਰਦੇਸ਼ਤ ਹੋਵੇਗਾ। ਅਸਲ ਵਿਚ ਅਲਬਰਟਾ ਯੂਨੀਵਰਸਿਟੀ ਵਿਚ ਇਸ ਪ੍ਰੋਗਰਾਮ ਨੂੰ ਇਕ ਪ੍ਰੀਖਣ ਵਜੋਂ ਲਾਗੂ ਕੀਤਾ ਗਿਆ ਹੈ। ਜੇਕਰ ਸਰਕਾਰ ਦਾ ਇਹ ਪ੍ਰੀਖਣ ਸਫ਼ਲ ਰਿਹਾ ਤਾਂ ਇਸ ਤਰ੍ਹਾਂ ਦੇ ਪ੍ਰੋਗਰਾਮ ਦੇਸ਼ ਦੀਆਂ ਹੋਰ ਯੂਨੀਵਰਸਿਟੀਆਂ ਵਿਚ ਵੀ ਲਾਗੂ ਕੀਤੇ ਜਾਣਗੇ। ਯੂਨੀਵਰਸਿਟੀ ਵਿਚ ਲਾਗੂ ਕੀਤੇ ਗਏ ਇਸ ਲੀਡਰਸ਼ਿਪ ਪ੍ਰੋਗਰਾਮ ਮੁਤਾਬਕ ਵਿਦਿਆਰਥੀ ਭਾਵੇਂ ਕਿਸੇ ਵੀ ਪ੍ਰੋਗਰਾਮ ਵਿਚ ਦਾਖ਼ਲਾ ਲਵੇ, ਇਸ ਦੇ ਨਾਲ-ਨਾਲ ਉਸ ਨੂੰ ਲੋਕਲ ਆਰਮੀ ਰਿਜ਼ਰਵ ਯੂਨਿਟ ਵਿਚ ਇਸ ਪ੍ਰੋਗਰਾਮ ਤਹਿਤ ਭਾਗ ਲੈਣਾ ਜ਼ਰੂਰੀ ਹੋਵੇਗਾ। ਵਿਦਿਆਰਥੀ ਜਦੋਂ ਆਪਣੀ ਅਕਾਦਮਿਕ ਪੜ੍ਹਾਈ ਪੂਰੀ ਕਰ ਲਵੇਗਾ ਤਾਂ ਉਸ ਨੂੰ ਪ੍ਰੋਗਰਾਮ ਵਿਚ ਹਿੱਸਾ ਲੈਣ ਬਦਲੇ ਸਰਟੀਫ਼ਿਕੇਟ ਜਾਰੀ ਕੀਤਾ ਜਾਵੇਗਾ। ਇੱਥੇ ਇਹ ਦੱਸਣਯੋਗ ਹੈ ਕਿ ਲੀਡਰਸ਼ਿਪ ਪ੍ਰੋਗਰਾਮ ਦੋਵਾਂ ਅਫ਼ਸਰਾਂ ਅਤੇ ਰਿਜ਼ਰਵ ਦੇ ਨਾਨ ਕਮਿਸ਼ਨਡ ਮੈਂਬਰਾਂ ਲਈ ਖੁੱਲ੍ਹਾ ਹੋਵੇਗਾ। ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਵਿਦਿਆਰਥੀ ਨੂੰ ਯੂਨੀਵਰਸਿਟੀ ਪੜ੍ਹਦਿਆਂ ਫੌਜੀ ਸੇਵਾਵਾਂ ਦੇਣੀਆਂ ਜ਼ਰੂਰੀ ਹੋਣਗੀਆਂ।

ਰੱਖਿਆ ਮੰਤਰੀ ਪੀਟਰ ਮੈਕੇ ਨੇ ਇਸ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਸਾਂਝਾ ਪਾਇਲਟ ਪ੍ਰੋਗਰਾਮ ਰਾਸ਼ਟਰੀ ਰੱਖਿਆ ਵਿਭਾਗ, ਕਨੇਡੀਅਨ ਆਰਮਡ ਫ਼ੋਰਸਸ ਅਤੇ ਅਲਬਰਟਾ ਯੂਨੀਵਰਸਿਟੀ ਵਿਚ ਤਾਲਮੇਲ ਦੀ ਇਕ ਵਖਰੀ ਉਦਾਹਰਣ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਿਸ਼ਵ ਜੰਗ ਤੋਂ ਬਾਅਦ ਇਹ ਦੂਜੀ ਵਾਰੀ ਹੈ ਜਦੋਂ ਯੂਨੀਵਰਸਿਟੀ ਅਤੇ ਕਨੇਡਾ ਦੀ ਫੌਜ ਵਿਚਕਾਰ ਸਬੰਧ ਸਥਾਪਤ ਹੋਇਆ ਹੈ।

ਇੱਥੇ ਜਿਹੜੀ ਗੱਲ ਖ਼ਾਸ ਤੌਰ 'ਤੇ ਕਰਨਯੋਗ ਹੈ ਉਹ ਇਹ ਹੈ ਕਿ ਜੰਗ ਤੋਂ ਬਾਅਦ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਅਕਾਦਮਿਕ ਖੇਤਰ 'ਚ ਫੌਜ ਨਾਲ ਜੁੜੀਆਂ ਗਤੀਵਿਧੀਆਂ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਮੁਹਿੰਮ ਵਿੱਢੀ ਸੀ। ਇਸ ਮੁਹਿੰਮ ਸਦਕਾ ਹੀ ਅਕਾਦਮਿਕ ਖੇਤਰ ਦਾ ਬਚਾਅ ਹੋ ਸਕਿਆ ਸੀ। ਪਰ ਹੁਣ ਇੱਕ ਵਾਰ ਫਿਰ ਅਕਾਦਮਿਕ ਖੇਤਰ 'ਚ ਜੰਗ ਤੋਂ ਬਾਅਦ ਵਾਲੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ। ਇਸ ਸਬੰਧੀ ਅਲਬਰਟਾ ਯੂਨੀਵਰਸਿਟੀ ਦੇ ਐਕਟਿੰਗ ਪ੍ਰੋਵੋਸਟ ਮਾਰਟਿਨ ਫ਼ੀਰਗੂਸਨਪੈਲ ਦਾ ਕਹਿਣਾ ਹੈ ਕਿ ਅਸੀਂ ਦੇਸ਼ ਦੇ ਵਿਕਾਸ ਵਿਚ ਹਿੱਸਾ ਪਾਉਣਾ ਚਾਹੁੰਦੇ ਹਾਂ ਤੇ ਯੂਨੀਵਰਸਿਟੀ ਅਤੇ ਕਨੇਡਾ ਫੌਜ ਵਿਚਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਲੀਡਰਸ਼ਿਪ ਪ੍ਰੋਗਰਾਮ ਲਈ ਸਾਡੀ ਯੂਨੀਵਰਸਿਟੀ ਨੂੰ ਚੁਣਿਆ ਗਿਆ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਵਿਦਿਆਰਥੀ ਇਸ ਮੌਕੇ ਦਾ ਭਰਪੂਰ ਲਾਭ ਲੈਣਗੇ। ਇਸ ਪ੍ਰੋਗਰਾਮ ਬਾਰੇ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਸਰਕਾਰ ਇਸ ਬਾਰੇ ਚੁੱਪ ਹੈ ਕਿ ਇਹ ਪ੍ਰੋਗਰਾਮ ਕਿਉਂ ਲਾਗੂ ਕੀਤਾ ਜਾ ਰਿਹਾ ਹੈ ਤੇ ਕਿਉਂ ਹਾਰਪਰ ਸਰਕਾਰ ਉਨ੍ਹਾਂ ਸਮਿਆਂ ਵਾਲੀਆਂ ਤਿਆਰੀਆਂ ਕਰ ਰਹੀ ਹੈ ਜਦੋਂ ਕਨੇਡਾ ਜੰਗ ਦਾ ਸਾਹਮਣਾ ਕਰਨ ਲਈ ਤਿਆਰ ਹੋ ਰਿਹਾ ਸੀ। ਇਕ ਸਵਾਲ ਇਹ ਵੀ ਉਠਦਾ ਹੈ ਕਿ ਕੀ ਕਨੇਡਾ ਸਰਕਾਰ ਪੱਕੇ ਤੌਰ 'ਤੇ ਜੰਗ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੁੰਦੀ ਹੈ। ਇਸ ਮਾਮਲੇ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਕਨੇਡਾ ਵਾਸੀ ਇਹ ਜਾਣਨਾ ਚਾਹੁੰਦੇ ਹਨ ਕਿ ਸਰਕਾਰ ਵਲੋਂ ਇਹ ਪ੍ਰੋਗਰਾਮ ਲਾਗੂ ਕਰਨ ਦੇ ਪਿੱਛੇ ਕਾਰਣ ਕੀ ਹਨ।

# ਐਡਮਿੰਟਨ ਪੁਲੀਸ ਵਲੋਂ ਤਿੰਨ ਕਮਿਊਨਿਟੀ ਸਟੇਸ਼ਨ ਬੰਦ ਕਰਨ ਦਾ ਐਲਾਨ

ਐਡਮਿੰਟਨ (ਨਦਬ) : ਪਿਛਲੇ ਦਿਨੀਂ ਐਡਮਿੰਟਨ ਪੁਲੀਸ ਵਲੋਂ ਤਿੰਨ ਕਮਿਊਨਿਟੀ ਸਟੇਸ਼ਨਾਂ ਨੂੰ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਡਾਊਨਟਾਊਨ ਦੇ ਉੱਤਰੀ ਪਾਸੇ ਵੱਲ ਪੈਂਦੇ ਬੇਵਰਲੀ ਅਤੇ ਈਸਟਵੁੱਡ ਸਟੇਸ਼ਨ ਤੇ ਐਡਮਿੰਟਨ ਦੇ ਦੱਖਣੀ ਪੱਛਮੀ ਪਾਸੇ ਵੱਲ ਪੈਂਦਾ ਵੈਸਟਬਰੁੱਕ ਦਾ ਫ਼ੇਅਰਵੇਅ ਸਟੇਸ਼ਨ ਸ਼ਾਮਲ ਹਨ। ਇਸ ਸਬੰਧੀ ਡਿਪਟੀ ਪੁਲੀਸ ਚੀਫ਼ ਬਰੇਨ ਸਿੰਪਸਨ ਦਾ ਕਹਿਣਾ ਹੈ ਕਿ ਸ਼ਹਿਰ ਵਿਚ ਇਨ੍ਹਾਂ ਪੁਲੀਸ ਸਟੇਸ਼ਨਾਂ ਦੀ ਮਹੱਤਤਾ ਬਹੁਤ ਘੱਟ ਗਈ ਸੀ। ਪਿਛਲੇ ਇਕ ਸਾਲ ਵਿਚ ਬੇਵਰਲੀ ਅਤੇ ਈਸਟਵੁੱਡ ਸਟੇਸ਼ਨਾਂ ਵਿਚ ਸਿਰਫ਼ ਦੋ ਪ੍ਰਤੀਸ਼ਤ ਹੀ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਸਲ ਵਿਚ ਮੁਲਾਜ਼ਮਾਂ ਦੀ ਵੱਧ ਜ਼ਰੂਰਤ ਗਲੀਆਂ ਵਿਚ ਹੈ, ਅਫ਼ਸਰ ਦਫ਼ਤਰਾਂ ਨਾਲੋਂ ਦਫ਼ਤਰਾਂ ਤੋਂ ਬਾਹਰ ਚੰਗੀ ਭੂਮਿਕਾ ਨਿਭਾ ਸਕਦੇ ਹਨ, ਜਿੱਥੇ ਲੋਕਾਂ ਨਾਲ ਉਨ੍ਹਾਂ ਦਾ ਸਿੱਧਾ ਵਾਹ ਪੈਂਦਾ ਹੈ। ਇਸ ਮਾਮਲੇ ਵਿਚ ਬੇਵਰਲੀ ਕਮਿਊਨਿਟੀ ਲੀਗ ਦੇ ਪ੍ਰਧਾਨ ਨੋਰਮ ਅਲਦੀ ਦਾ ਕਹਿਣਾ ਹੈ ਕਿ ਜੇਕਰ ਮੁਲਾਜ਼ਮ ਸਟੇਸ਼ਨ ਵਿਚ ਹਨ ਤਾਂ ਵੀ ਉਨ੍ਹਾਂ ਕੋਲ ਦਫ਼ਤਰ ਦਾ ਹੋਰ ਬਹੁਤ ਕੰਮ ਕਰਨ ਵਾਲਾ ਹੁੰਦਾ ਹੈ, ਇਹੀ ਕਾਰਨ ਹੈ ਕਿ ਉਹ ਸਟੇਸ਼ਨ ਤੋਂ ਬਾਹਰ ਆਪਣੀ ਸਰਗਰਮ ਭੂਮਿਕਾ ਨਹੀਂ ਨਿਭਾ ਸਕਦੇ। ਇੱਥੇ ਜ਼ਿਕਰਯੋਗ ਹੈ ਕਿ ਪੁਲੀਸ ਬੇਵਰਲੀ ਅਤੇ ਈਸਟਵੁੱਡ ਸਟੇਸ਼ਨਾਂ ਦੀ ਵਰਤੋਂ ਲਗਾਤਾਰ ਕਰਦੀ ਰਹੇਗੀ ਪਰ ਹੁਣ ਲੋਕਾਂ ਦੀ ਵਰਤੋਂ ਲਈ ਇਹ ਸਟੇਸ਼ਨ ਬੰਦ ਹੋ ਜਾਣਗੇ। ਇਹ ਵੀ ਦੱਸਣਾ ਬਣਦਾ ਹੈ ਕਿ ਐਡਮਿੰਟਨ ਪੁਲੀਸ ਵਲੋਂ ਕੋਈ ਹੋਰ ਸਟੇਸ਼ਨ ਬੰਦ ਕਰਨ ਦੀ ਯੋਜਨਾ ਨਹੀਂ ਹੈ।

# ਫ਼ਾਈਵ ਰਿਵਰ ਯੂਥ ਕਲੱਬ ਨੇ ਲਾਇਆ ਲੰਗਰ

ਐਡਮਿੰਟਨ (ਨਦਬ) : ਫ਼ਾਈਵ ਰਿਵਰ ਯੂਥ ਕਲੱਬ ਵਲੋਂ ਬਿਸਲ ਸੈਂਟਰ ਡਾਊਨਟਾਊਨ ਵਿਚ ਲੰਗਰ ਪ੍ਰਥਾ ਦੀ ਤਰਜ਼ 'ਤੇ ਇੱਕ ਹਜ਼ਾਰ ਲੰਚ ਬੈਗ ਵੰਡੇ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਫ਼ਾਈਵ ਰੀਵਰ ਨੌਜਵਾਨ ਸਭਾ ਵਿਚ ਕੰਮ ਕਰਦੇ ਵਲੰਟੀਅਰ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋਏ ਤੇ ਸਰਬੱਤ ਦਾ ਭਲਾ ਮੰਗਦਿਆਂ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦਿਆਂ ਸੰਗਤਾਂ ਨੂੰ ਦੁਪਹਿਰ ਵੇਲੇ ਦਾ ਲੰਗਰ ਛਕਾਇਆ, ਇਸ ਤੋਂ ਪਹਿਲਾ ਇਸ ਸੰਸਥਾ ਵਲੋਂ ਅਜਿਹੇ ਪ੍ਰੋਗਰਾਮ ਚਾਰ ਵਾਰ ਕੀਤੇ ਜਾ ਚੁੱਕੇ ਹਨ, ਇਹ ਪੰਜਵੀਂ ਵਾਰ ਸੀ ਤੇ ਸਾਲਾਨਾ ਇਸ ਪ੍ਰੋਗਰਾਮ ਨੂੰ ਵਿੱਢਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਫ਼ਾਈਵ ਰੀਵਰ ਨੌਜਵਾਨ ਸਭਾ ਦਾ ਮਕਸਦ ਨੌਜਵਾਨਾਂ ਨੂੰ ਸਿੱਖ ਸਿਧਾਂਤਾਂ ਨਾਲ ਜੋੜਨਾ ਤੇ ਉਨ੍ਹਾਂ ਦੇ ਵਿਅਕਤੀਤਵ ਦਾ ਸਮੂਹਿਕ ਵਿਕਾਸ ਕਰਨਾ ਹੈ। ਸਭਾ ਦਾ ਮੰਨਣਾ ਹੈ ਕਿ ਅਜਿਹੇ ਪ੍ਰੋਗਰਾਮਾਂ ਰਾਹੀਂ ਰੰਗ, ਨਸਲ ਤੇ ਜਾਤੀ ਭੇਦਭਾਵ ਨੂੰ ਖਤਮ ਕੀਤਾ ਜਾ ਸਕਦਾ ਹੈ ਤੇ ਨਾਲ ਹੀ ਇਸ ਨਾਲ ਸਿੱਖੀ ਦੇ ਪ੍ਰਚਾਰ ਨੂੰ ਉਤਸ਼ਾਹ ਮਿਲਦਾ ਹੈ। ਇਸ ਸੰਸਥਾ ਨਾਲ ਹੋਰ ਜਾਣਕਾਰੀ ਲਈ ਸੰਪਰਕ 780-691-8931 'ਤੇ ਕੀਤਾ ਜਾ ਸਕਦਾ ਹੈ।




ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

DOUBLE G HAIR SALON

MEN'S HAIR CUT $10
LADIES HAIR CUT $12
EYEBROW THREADING - FACIALWAX

78 Mandalay Drive, PH 204-633-2525

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies, Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ ਦਾ ਸਾਲਾਨਾ ਸਮਾਗਮ

# ਗ਼ਦਰੀ ਬਾਬਿਆਂ ਦਾ ਧਰਮ ਮਨੁੱਖਤਾ ਸੀ ਤੇ ਕਿਰਪਾਲ ਸਿੰਘ ਦਾ ਗੱਦਾਰੀ : ਸੁਸ਼ੀਲ ਦੁਸਾਂਝ





ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਸੁਸ਼ੀਲ ਦੁਸਾਂਝ ਅਤੇ ਇਨਕਲਾਬੀ ਗਿੱਧਾ ਪੇਸ਼ ਕਰਦੀਆਂ ਮੁਟਿਆਰਾਂ।

ਔਕਲੈਂਡ (ਅਨੂ ਕਲੋਟੀ) : ਨਿਊਜ਼ੀਲੈਂਡ-ਗ਼ਦਰ ਲਹਿਰ ਦਾ ਮਕਸਦ ਕੇਵਲ ਭਾਰਤ ਦੀ ਆਜ਼ਾਦੀ ਹੀ ਨਹੀਂ ਸੀ, ਸਗੋਂ ਦੁਨੀਆ ਭਰ ਦੇ ਗੁਲਾਮ ਲੋਕਾਂ ਦੀ ਮੁਕਤੀ ਵੀ ਗ਼ਦਰੀ ਬਾਬਿਆਂ ਦੇ ਅਕੀਦਿਆਂ ਵਿਚ ਸ਼ਾਮਲ ਸੀ। ਇਹ ਗੱਲ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ (ਨਿਊਜ਼ੀਲੈਂਡ) ਵਲੋਂ ਅਨੂ ਕਲੋਟੀ ਦੀ ਮੰਚ ਸੰਚਾਲਨਾ ਵਿਚ ਟਾਊਨ ਹਾਲ ਪਾਪਾਟੋਏਟੋਏ ਵਿਚ 'ਗ਼ਦਰ ਲਹਿਰ ਦੇ ਸੌ ਸਾਲਾ ਨੂੰ ਸਪਰਪਤ ਸਾਲਾਨਾ ਸਮਾਗਮ ਵਿਚ ਭਾਰਤ ਤੋਂ ਆਏ ਮੁੱਖ ਬੁਲਾਰੇ, 'ਹੁਣ' ਮੈਗਜ਼ੀਨ ਅਤੇ 'ਨਵੀਂ ਦੁਨੀਆ' (ਭਾਰਤ) ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਕਹੀ।

ਖਚਾਖਚ ਭਰੇ ਹਾਲ ਵਿਚ ਆਪਣੀ ਗੱਲ ਨੂੰ ਅੱਗੇ ਤੋਰਦਿਆਂ ਸੁਸ਼ੀਲ ਦੁਸਾਂਝ ਨੇ ਕਿਹਾ ਕਿ ਅੱਜ ਸੌ ਸਾਲ ਬਾਅਦ ਗ਼ਦਰ ਦੀ ਗੂੰਜ ਮੁੜ ਸੁਣਾਈ ਦੇ ਰਹੀ ਹੈ। ਇਹ ਤੀਸਰਾ ਗ਼ਦਰ ਹੋਵੇਗਾ। ਸੌ ਸਾਲ ਪਹਿਲਾਂ ਅਮਰੀਕਾ ਦੇ ਸਾਨ ਫਰਾਂਸਿਸਕੋ ਵਿਚ ਦੂਸਰੇ ਗ਼ਦਰ ਦੀ ਗੂੰਜ ਸੁਣਾਈ ਦਿੱਤੀ ਸੀ ਤੇ ਇਸ ਤੋਂ 55 ਸਾਲ ਪਹਿਲਾਂ 1857 ਦੇ ਗ਼ਦਰ ਦੀਆਂ ਗੂੰਜਾਂ ਸਨ। ਜੇ 1912-13 ਵਿਚ ਅਮਰੀਕਾ ਤੋਂ ਉੱਠੇ ਦੂਸਰੇ ਗ਼ਦਰ ਦੀ ਜ਼ਮੀਨ ਵਿਚ 1857 ਦੇ ਗ਼ਦਰ ਦਾ ਆਦਰਸ਼ ਸੀ ਤਾਂ ਹੁਣ ਜਿਸ ਤੀਸਰੇ ਗ਼ਦਰ ਦੇ ਦੌਰ ਵਿਚ ਅਸੀਂ ਦਾਖ਼ਲ ਹੋਣ ਜਾ ਰਹੇ ਹਾਂ ਤਾਂ ਇਹਦੇ ਵਿਚ ਦੂਜੇ ਗ਼ਦਰ ਦੀ ਇਨਕਲਾਬੀ ਅਤੇ ਜੋਸ਼ੀਲੀ ਵਿਰਾਸਤ ਬੋਲ ਰਹੀ ਹੈ। ਉਨ੍ਹਾਂ ਕਿਹਾ ਕਿ ਗ਼ਦਰ, ਗ਼ਦਰ ਪਾਰਟੀ, ਗ਼ਦਰ ਅਖ਼ਬਾਰ ਅਤੇ ਗ਼ਦਰ ਦੀ ਗੂੰਜ ਸਿਰਫ਼ ਭਾਵਨਾਤਮਕ ਲਫ਼ਜ਼ ਨਹੀਂ ਸੀ ਸਗੋਂ ਇਹ ਭਾਰਤ ਦੇ ਕੌਮੀ ਅੰਦੋਲਨ ਦਾ ਸਭ ਤੋਂ ਪਹਿਲਾ ਰਾਜਨੀਤਕ ਅੰਦੋਲਨ ਸੀ। ਇਸ ਅੰਦੋਲਨ ਦੀ ਅਗਰ ਭੂਮੀ ਵਿਚ ਜੇ ਅੰਗਰੇਜ਼ ਹਾਕਮਾਂ ਵਿਰੁੱਧ ਹਥਿਆਰਬੰਦ ਬਗ਼ਾਵਤ ਸੀ ਅਤੇ ਸੁਪਨਿਆਂ ਵਿਚ ਮੁਕੰਮਲ ਆਜ਼ਾਦੀ ਤਾਂ ਇਹਦੀ ਪਿੱਠ ਭੂਮੀ ਵਿਚ ਪ੍ਰਤੀਬੱਧ ਵਿਚਾਰਧਾਰਾ ਸੀ; ਅਵਾਮ ਦੀ ਮੁਕਤੀ ਦੀ ਵਿਚਾਰਧਾਰਾ, ਸਮਾਜਕ ਬਰਾਬਰੀ ਦੀ ਵਿਚਾਰਧਾਰਾ ਅਤੇ ਇਕ ਲੁੱਟ ਖਸੁੱਟ ਰਹਿਤ ਆਰਥਕ ਅਤੇ ਰਾਜਨੀਤਕ ਪ੍ਰਬੰਧ ਦੀ ਵਿਚਾਰਧਾਰਾ।

ਸੁਸ਼ੀਲ ਦੁਸਾਂਝ ਨੇ ਕੁੱਝ ਅਖੌਤੀ ਬੁੱਧੀਜੀਵੀਆਂ ਵਲੋਂ ਇਸ ਮਹਾਨ ਲੋਕ-ਪੱਖੀ ਵਿਰਾਸਤ ਨੂੰ ਸਿੱਖ ਲਹਿਰ ਵਜੋਂ ਸੀਮਤ ਕਰਨ ਦੀ ਕੋਸ਼ਿਸ਼ਾਂ ਦਾ ਸਖ਼ਤ ਨੋਟਿਸ ਲੈਂਦਿਆਂ ਸਪੱਸ਼ਟ ਕੀਤਾ ਕਿ ਗ਼ਦਰ ਲਹਿਰ ਪੂਰੀ ਤਰ੍ਹਾਂ ਜਾਤ-ਪਾਤ ਅਤੇ ਧਰਮ ਦੀਆਂ ਵਲਗਣਾਂ ਤੋਂ ਮੁਕਤ ਲਹਿਰ ਸੀ। ਉਨ੍ਹਾਂ ਗ਼ਦਰ ਪਾਰਟੀ ਦੇ ਸੰਵਿਧਾਨ ਦਾ ਹਵਾਲਾ ਦਿੰਦਿਆਂ ਦਸਿਆ ਕਿ ਗਦਰ ਪਾਰਟੀ ਦੇ ਮੈਂਬਰਾਂ ਵਿਚ ਪੂਰੀ ਅਫ਼ਿਰਕੂ ਏਕਤਾ ਹੀ ਸਾਂਝੀ ਕੜੀ ਸੀ। ਉਨ੍ਹਾਂ ਉਹ ਧਾਰਾ ਵੀ ਪੜ੍ਹ ਕੇ ਸੁਣਾਈ ਜਿਸ ਵਿਚ ਦਰਜ ਹੈ ਕਿ- 'ਗ਼ਦਰ ਪਾਰਟੀ ਦੇ ਹਰ ਇਕ ਸਿਪਾਹੀ ਦਾ ਆਪੋ-ਵਿਚੀ ਕੌਮੀ ਨਾਤਾ ਹੋਵੇਗਾ ਨਾ ਕਿ ਮਜ਼੍ਹਬੀ ਅਤੇ ਨਾ ਹੀ ਗ਼ਦਰ ਪਾਰਟੀ ਵਿਚ ਕਦੀ ਮਜ਼੍ਹਬੀ ਚਰਚਾ ਕੀਤੀ ਜਾਵੇਗੀ। ਹਿੰਦੂ-ਸਿੱਖ, ਮੁਸਲਮਾਨ, ਇਸਾਈ ਆਦਿ ਮਜ਼੍ਹਬੀ ਖ਼ਿਆਲਾਂ ਨੂੰ ਲੈ ਕੇ ਕੋਈ ਵੀ ਵਿਅਕਤੀ ਗ਼ਦਰ ਪਾਰਟੀ ਵਿਚ ਸ਼ਾਮਲ ਨਹੀਂ ਹੋ ਸਕੇਗਾ। ਉਨ੍ਹਾਂ ਦਸਿਆ ਕਿ ਗ਼ਦਰੀਆਂ ਨੇ ਪਹਿਲਾਂ ਕਲਮ ਅਤੇ ਪ੍ਰੈਸ ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ ਅਤੇ ਗ਼ਦਰ ਅਖ਼ਬਾਰ ਦੇ ਪੰਜਾਬੀ ਐਡੀਸ਼ਨ ਦਾ ਸੰਪਾਦਕ ਕਰਤਾਰ ਸਿੰਘ ਸਰਾਭਾ ਨੂੰ ਬਣਾਇਆ ਗਿਆ; ਤੇ ਫੇਰ ਕਲਮ ਅਤੇ ਪ੍ਰੈਸ ਦੇ ਨਾਲ ਨਾਲ ਗ਼ਦਰ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਹੋਇਆ। ਕਰਤਾਰ ਸਿੰਘ ਸਰਾਭਾ ਅਤੇ ਹੋਰਨਾਂ ਗ਼ਦਰੀ ਬਾਬਿਆਂ ਨਾਲ ਲਗਭਗ 8000 ਭਾਰਤੀ ਵਤਨ ਨੂੰ ਆਜ਼ਾਦ ਕਰਵਾਉਣ ਦੀ ਤਾਂਘ ਲਈ ਮੁਲਕ ਵੱਲ ਕੂਚ ਕਰਦੇ ਹਨ। ਫ਼ੌਜੀ ਛਾਉਣੀਆਂ, ਗੁਰਦੁਆਰਿਆਂ, ਮੇਲਿਆਂ ਅਤੇ ਪਿੰਡਾਂ ਦੀਆਂ ਸੱਥਾਂ ਤਕ ਬਗ਼ਾਵਤ ਦੇ ਸੁਨੇਹੇ ਪਹੁੰਚਣ ਲਗਦੇ ਹਨ। 21 ਫ਼ਰਵਰੀ 1915 ਨੂੰ ਫ਼ੌਜੀ ਬਗ਼ਾਵਤ ਦੀ ਤਰੀਕ ਤੈਅ ਹੁੰਦੀ ਹੈ ਪਰ ਕਿਰਪਾਲ ਸਿੰਘ ਨਾਂਅ ਦਾ ਇਕ ਗ਼ੱਦਾਰ, ਗੱਦਾਰੀ ਕਰ ਜਾਂਦਾ ਹੈ। ਉਨ੍ਹਾਂ ਗ਼ਦਰੀ ਬਾਬਿਆਂ ਨੂੰ ਸਿੱਖ ਸਾਬਤ ਕਰਨ 'ਤੇ ਤੁਲੇ ਹੋਏ ਅਖੌਤੀ ਸਿੱਖ ਬੁੱਧੀਜੀਵੀਆਂ ਨੂੰ ਸਵਾਲ ਕੀਤਾ ਕਿ ਉਹ ਕਿਰਪਾਲ ਸਿੰਘ ਨੂੰ ਵੀ ਸਿੱਖ ਕਹਿਣ ਦੀ ਹਿੰਮਤ ਕਰਨ। ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਗ਼ਦਰੀ ਬਾਬਿਆਂ ਦਾ ਧਰਮ ਤਾਂ ਮਨੁੱਖਤਾ ਸੀ, ਪਰ ਕਿਰਪਾਲ ਸਿੰਘ ਦਾ ਧਰਮ ਗ਼ੱਦਾਰੀ ਸੀ।



ਉਨ੍ਹਾਂ ਕਿਹਾ ਕਿ ਇਸ ਗ਼ਦਰ ਦੀ ਵਿਚਾਰਧਾਰਕ ਜ਼ਮੀਨ ਹੀ ਭਾਰਤ ਦੇ ਸੁਤੰਤਰਤਾ ਅੰਦੋਲਨ ਦੀ ਨੀਂਹ ਬਣਦੀ ਹੈ। ਇਸ ਗ਼ਦਰ ਦੇ ਹੀਰੇ ਭਾਰਤੀ ਜਵਾਨੀ ਦੇ ਸਭ ਤੋਂ ਵੱਡੇ ਨਾਇਕ ਭਗਤ ਸਿੰਘ ਦੇ ਆਦਰਸ਼ ਬਣਦੇ ਹਨ ਤੇ ਭਾਰਤੀ ਆਜ਼ਾਦੀ ਦੇ ਸੰਕਲਪ ਨੂੰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਦੇ ਸੰਕਲਪ ਤੱਕ ਵਿਸਥਾਰ ਦਿੱਤਾ ਜਾਂਦਾ ਹੈ। ਆਪਣੇ ਭਾਸ਼ਣ ਦੇ ਅਖੀਰ ਵਿਚ ਸੁਸ਼ੀਲ ਦੁਸਾਂਝ ਨੇ ਮੌਜੂਦਾ ਪ੍ਰਸਥਿਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਸ ਅੰਦਾਜ਼ ਵਿਚ ਭਾਰਤ ਦੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਬਹੁ-ਕੌਮੀ ਕੰਪਨੀਆਂ ਲਈ ਮੁਲਕ ਦੇ ਦਰਵਾਜ਼ੇ ਖੋਲ੍ਹ ਰਹੀ ਹੈ, ਉਸ ਨਾਲ ਭਾਰਤੀ ਅਵਾਮ ਦੀ ਆਰਥਕ, ਸਮਾਜਕ ਅਤੇ ਮਾਨਸਿਕ ਲੁੱਟ ਦੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ ਹਨ। ਉਨ੍ਹਾਂ ਕਿਹਾ ਕਿ ਅੱਜ ਫੇਰ ਭਾਰਤ ਸਾਮਰਾਜੀ ਰਹਿਮੋ ਕਰਮ 'ਤੇ ਹੈ ਤੇ ਇਹਦੇ ਬਚਣ ਦਾ ਇੱਕੋ ਇੱਕ ਰਸਤਾ ਗ਼ਦਰੀ ਬਾਬਿਆਂ, ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਹੋਰਨਾਂ ਮਹਾਨ ਇਨਕਲਾਬੀਆਂ ਦੀ ਵਿਚਾਰਧਾਰਾ ਹੀ ਹੈ ਤੇ ਇਸੇ ਵਿਚਾਰਧਾਰਾ ਦੀ ਅਗਵਾਈ ਵਿਚ ਭਾਰਤ ਵਿਚ ਤੀਸਰੇ ਗ਼ਦਰ ਦੀ ਅਹਿਮ ਲੋੜ ਬਣ ਗਈ ਹੈ। ਇਸ ਤੋਂ ਪਹਿਲਾਂ ਟਰੱਸਟ ਦੇ ਪ੍ਰਧਾਨ ਮੁਖਤਿਆਰ ਸਿੰਘ ਵਲੋਂ ਜੀ ਆਇਆਂ ਕਹਿਣ ਤੋਂ ਬਾਅਦ ਸਮਾਗਮ ਦਾ ਆਰੰਭ ਸੀਰਤਦੀਪ, ਯੁਵਰਾਜ, ਨੇਹਾ, ਰੌਨੀ, ਏਕਲਭਯ, ਤਨਵੀ, ਨੀਲ, ਮਾਨਵੀ, ਲਵਦੀਪ, ਨਿਸ਼ਾਂਤ, ਨਵਦੀਪ ਅਤੇ ਸ਼ਾਨ 'ਤੇ ਅਧਾਰਤ ਬਚਿਆਂ ਦੇ ਗਰੁੱਪ ਵਲੋਂ ਮੌਰੀ ਰਾਸ਼ਟਰ ਗਾਨ ਨਾਲ ਹੋਇਆ। ਭਾਰਤੀ ਕਲੋਟੀ ਵਲੋਂ ਔਕਲੈਂਡ ਵਿਚ ਲੜੇ ਜਾ ਰਹੇ ਲੋਕ ਸੰਘਰਸ਼ਾਂ ਦੀਆਂ ਵੀਡੀਓਜ਼ ਦਿਖਾਈਆਂ ਗਈਆਂ। ਹਾਈ ਸਕੂਲ ਦੇ ਵਿਦਿਆਰਥੀ ਨਿਸ਼ਾਂਤ ਨੇ ਭਗਤ ਸਿੰਘ 'ਤੇ ਸਲਾਈਡ ਸ਼ੋਅ ਪੇਸ਼ ਕੀਤਾ। ਉਪਰੰਤ ਚਰਨਜੀਤ ਸਿੰਘ ਭਗਤ ਸਿੰਘ ਦੀ ਵਾਰ ਸੁਣਾਈ। ਟਰੱਸਟ ਦੇ ਸੀਨੀਅਰ ਮੈਂਬਰ ਧਰਮਪਾਲ ਨੇ ਗ਼ਦਰ ਲਹਿਰ ਦੇ ਇਤਿਹਾਸ 'ਤੇ ਚਾਨਣਾ ਪਾਇਆ।

## Punjabi Media to hold Seminar on 'Media's role in the Ghadr Movement'



The ***Punjabi Media Association of Alberta*** (PMAA) in its meeting has decided to invite an eminent journalist to deliver lecture highlighting the role of media during and after the Ghadr movement. As we know, during the centennial year (1913-2013) of the Ghadr movement, particularly Panjabi's all over the globe are celebrating ghadrites sense of courage, determination, and their progressive vision to fight the spoils of global imperialism.

The meeting held at Radio Sur Sangam's office was presided over by Dr. P. R. Kalia, President of Panjabi Media Association of Alberta.

It was revealed that veteran journalist-cum-author Gobind Thukral, former Bureau Chief of The Tribune Chandigarh, editor South Asia Post and also advisor of the ***'Desh Sewak'*** Editorial-Board, will present his paper on **"Media's Symbiotic relationship to violence, with special reference to Punjab"**. Relating to the Ghadr movements revolutionary temperament, the research paper would dig into the role of media into the present and near past happenings in Punjab, and around the globe.

On this occasion, a booklet would be released comprising the research paper, including a possible catalogue of Indo-Canadian media outlets (Newspapers, Radio & Television).

The seminar would be organized in mid-October. Day, time and venue of the event would be intimated soon.

Going into the memory-lane the members were reminded that, exactly hundred years ago, Indians who tasted freedom outside colonial India in Canada and USA, started the Ghadr movement to free India from the shackles of British slavery in early 1900's. The Ghadrites had a flame of liberty lit in their hearts, and did not hesitate to make any sacrifice for the cause of freedom, dignity and honour of their motherland. To reach to the masses and to prepare them for an armed struggle against the imperialists, besides the most popular multilingual paper 'GHADR', a number of other newspapers were also published from different countries.

But today, we realize that the ability of news organizations, to provide probing and insightful information, has been compromised. Discerning readers and viewers are right to ask why they aren't reading or watching reports on issues like terrorism or fraud before such stories break, not after. So, in the present scenario, the vision and pro-people role of the Ghadri revolutionary media needs to be highlighted to provide meaningful direction to the 'infotainment' media today.

**Dr. P. R. Kalia (President)**
**-PUNJABI MEDIA ASSOCIATION OF ALBERTA**



ਬੀ.ਸੀ. ਕਲਚਰਲ ਫ਼ਾਊਂਡੇਸ਼ਨ ਵੈਨਕੂਵਰ ਵਲੋਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਦੇ ਸਹਿਯੋਗ ਨਾਲ ਨਦੀਮ ਪਰਮਾਰ ਦਾ ਨਾਵਲ 'ਇੰਦਰ ਜਲ' ਦਾ ਦੂਜਾ ਅਡੀਸ਼ਨ, ਡਾ. ਸੁਰਜੀਤ ਬਰਾੜ ਦੀ ਪੁਸਤਕ 'ਨਦੀਮ ਪਰਮਾਰ ਦੇ ਨਾਵਲ, ਵਿਭਿੰਨ ਪਾਸਾਰ ਤੇ ਸਰੋਕਾਰ' ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਦੀ ਸੰਪਾਦਿਤ ਪੁਸਤਕ, 'ਜਰਨੈਲ ਸਿੰਘ ਸੇਖਾ ਦੇ ਨਾਵਲ- ਸਰੋਕਾਰ ਅਤੇ ਵਿਧੀ ਵਿਧਾਨ' ਰਿਲੀਜ਼ ਕੀਤੇ ਜਾਣ ਦਾ ਦ੍ਰਿਸ਼।

# ਐਡਮਿੰਟਨ ਕੌਂਸਲ ਚੋਣਾਂ : ਆਪਣੇ ਉਮੀਦਵਾਰਾਂ ਨੂੰ ਜਾਣੋ

## ਇਮਾਨਦਾਰੀ ਅਤੇ ਨੈਤਿਕਤਾ ਮੇਰੀ ਤਾਕਤ ਹੈ: ਨੀਟਾ ਜਲਕੇਨਨ



21 ਅਕਤੂਬਰ ਨੂੰ ਨੀਟਾ ਜਲਕੇਨਨ ਨੇ ਰਸਮੀ ਤੌਰ ’ਤੇ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਆਉਣ ਵਾਲੀਆਂ ਸਿਟੀ ਕਾਊਂਸਲ ਦੀਆਂ ਚੋਣਾਂ ਵਿਚ ਉਮੀਦਵਾਰ ਹੋਵੇਗੀ। ਉਸ ਨੇ ਵਾਰਡ ਨੰ: 2 ਤੋਂ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ। ਨੀਤਾ ਜਲਕੇਨਨ ਦਾ ਵਿਸ਼ਵਾਸ ਹੈ ਕਿ ਜੇਕਰ ਅਸੀਂ ਲੋਕਤੰਤਰ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਾਂ ਤਾਂ ਉਮੀਦਵਾਰ ਨੂੰ ਪੂਰੀ ਇਮਾਨਦਾਰੀ ਨਾਲ ਆਪਣੇ ਵੋਟਰਾਂ ਦੀ ਸੋਚ ’ਤੇ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਮਾਜ ਦੀ ਭਲਾਈ ਲਈ ਵੱਡੇ ਫ਼ੈਸਲੇ ਬਿਨਾ ਕਿਸੇ ਸਲਾਹ ਮਸ਼ਵਰੇ ਤੋਂ ਨਹੀਂ ਲੈਣੇ ਚਾਹੀਦੇ ਤੇ ਫ਼ੈਸਲਾ ਉਹੀ ਲੈਣਾ ਚਾਹੀਦਾ ਹੈ ਜਿਸ ’ਤੇ ਬਹੁ ਗਿਣਤੀ ਸਹਿਮਤ ਹੋਵੇ। ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਐਡਮਿੰਟਨ ਸ਼ਹਿਰ ਦੀਆਂ ਮੁਢਲੀਆਂ ਸਮੱਸਿਆਵਾਂ ਬਾਰੇ ਵਿਚਾਰ ਕਰਨ ਲਈ ਇਹ ਬਿਲਕੁਲ ਢੁਕਵਾਂ ਮੌਕਾ ਹੈ। ਵੋਟਰਾਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਚਰਚਾ ਕਰਨੀ ਚਾਹੀਦੀ ਹੈ। ਉਮੀਦਵਾਰਾਂ ਲਈ ਵੀ ਇਹ ਉਹ ਸਮਾਂ ਹੈ ਜਦੋਂ ਮੇਲ-ਜੋਲ ਰਾਹੀਂ ਉਹ ਆਪਣੇ ਵਾਰਡ ਵਿਚ ਰਹਿੰਦੇ ਲੋਕਾਂ ਦੀਆਂ ਸਮੱਸਿਆਵਾਂ ਜਾਣ ਸਕਦੇ ਹਨ। ਨੀਤਾ ਅਨੁਸਾਰ ਸ਼ਹਿਰ ਨੂੰ ਮੁਢਲਾ ਸਾਜ਼ੋ-ਸਾਮਾਨ ਅਤੇ ਮਿਉਂਸੀਪਲ ਸੇਵਾਵਾਂ ਉਪਲਬਧ ਕਰਵਾਉਣ ਵਿਚ ਸਿਟੀ ਕੌਂਸਲ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਸ ਲਈ ਵੋਟਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੂਝਵਾਨ ਉਮੀਦਵਾਰਾਂ ਨੂੰ ਹੀ ਵੋਟ ਦੇਣ। ਕਿਉਂਕਿ ਸਾਡੀ ਵੋਟ ਨੇ ਨਾ ਸਿਰਫ਼ ਸਾਡਾ ਆਪਣਾ ਭਵਿੱਖ ਸੰਵਾਰਨਾ ਹੈ ਸਗੋਂ ਪੂਰੀ ਕਮਿਊਨਿਟੀ ਦਾ ਭਵਿੱਖ ਵੀ ਸਾਡੀ ਦਿੱਤੀ ਵੋਟ ਨੇ ਹੀ ਬਣਾਉਣਾ ਹੈ।

ਨੀਤਾ ਦਾ ਵਿਸ਼ਵਾਸ ਹੈ ਕਿ ਐਡਮਿੰਟਨ ਨੂੰ ਇੱਕ ਚੰਗੇ ਸਮਝਦਾਰ ਮੈਨੇਜਰ ਦੀ ਲੋੜ ਹੈ, ਖ਼ਾਸ ਕਰਕੇ ਜਿਸ ਨੂੰ ਵਿੱਤੀ ਮਾਮਲਿਆਂ ਦੀ ਸਮਝ ਹੋਵੇ। ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਸਾਲ ਦੇ ਅੰਤ ਤੱਕ ਐਡਮਿੰਟਨ ਸ਼ਹਿਰ 2.9 ਬਿਲੀਅਨ ਦਾ ਕਰਜ਼ਦਾਰ ਹੋਵੇਗਾ। ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਅਸੀਂ ਉਧਾਰ ਮੰਗ ਕੇ ਸ਼ਹਿਰ ਦੇ ਭਵਿੱਖ ਦੀ ਗੱਲ ਕਰਦੇ ਹਾਂ ਤਾਂ ਉਸ ਵੇਲੇ ਕਰਜ਼ ਨਾਲ ਅਸੀਂ ਸ਼ਹਿਰ ਦੀ ਮਾੜੀ ਹਾਲਤ ਦੇ ਜ਼ਿੰਮੇਵਾਰ ਵੀ ਬਣ ਰਹੇ ਹੁੰਦੇ ਹਾਂ। ਇਸ ਹਾਲਤ ਵਿਚ ਕੰਮ ਚਲਾਉਣ ਲਈ ਸਾਨੂੰ ਨਾਗਰਿਕਾਂ ’ਤੇ ਵੱਧ ਟੈਕਸ ਲਾਉਣਾ ਪੈਂਦਾ ਹੈ। ਇਸ ਤਰ੍ਹਾਂ ਅਸੀਂ ਟੈਕਸ ਦੇਣ ਵਾਲਿਆਂ ਪ੍ਰਤੀ ਵੀ ਸੰਵੇਦਨਸ਼ੀਲਤਾ ਕਾਇਮ ਨਹੀਂ ਰੱਖ ਸਕਦੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਅਜਿਹਾ ਮੈਨੇਜਰ ਚੁਣੀਏ ਜਿਹੜਾ ਸ਼ਹਿਰ ਨੂੰ ਕਰਜ਼ ਤੋਂ ਮੁਕਤ ਕਰਵਾ ਸਕੇ। ਉਦਯੋਗ ਅਤੇ ਵਪਾਰ ਦੇ ਮਾਮਲੇ ਵਿਚ ਨੀਤਾ ਦਾ ਵਿਚਾਰ ਹੈ ਕਿ ਕਿਸੇ ਇਕ ਤਰ੍ਹਾਂ ਦੇ ਉਦਯੋਗ ਜਾਂ ਵਪਾਰ ਨੂੰ ਬੜ੍ਹਾਵਾ ਦੇਣ ਦੀ ਬਜਾਏ ਸਾਨੂੰ ਅਜਿਹੇ ਹਾਲਾਤ ਬਣਾਉਣੇ ਚਾਹੀਦੇ ਹਨ ਕਿ ਸ਼ਹਿਰ ਵਿਚ ਹਰ ਤਰ੍ਹਾਂ ਦੇ ਵਪਾਰ ਅਤੇ ਉਦਯੋਗ ਦੇ ਪ੍ਰਫੁੱਲਤ ਹੋਣ ਦੀਆਂ ਸੰਭਾਵਨਾਵਾਂ ਹੋਣ। ਇੱਥੇ ਦੱਸਣਯੋਗ ਹੈ ਕਿ ਨੀਤਾ ਜਲਕੇਨਨ ਕੋਲ 30 ਸਾਲਾਂ ਦਾ ਕਰੀਅਰ ਤਜ਼ਰਬਾ ਹੈ। ਉਸ ਨੇ ਹੋਰ ਕੰਮਾਂ ਦੇ ਨਾਲ-ਨਾਲ ਦਸ ਸਾਲ ਉਸਾਰੀ/ ਇੰਜਨੀਅਰਿੰਗ ਜਗਤ ਵਿਚ ਵੀ ਕੰਮ ਕੀਤਾ ਹੈ ਤੇ ਉਸ ਕੋਲ ਸੱਤ ਸਾਲ ਵਿੱਤੀ ਖੇਤਰ ਵਿਚ ਕੰਮ ਕਰਨ ਦਾ ਵੀ ਤਜ਼ਰਬਾ ਹੈ। ☛ **ਬਾਕੀ ਸਫ਼ਾ 41 ’ਤੇ**

ਵਾਰਡ ਨੰ: 2

## ਵਾਰਡ ਦੇ ਵਿਕਾਸ ਲਈ ਹਰ ਸੰਭਵ ਯਤਨ ਕਰਾਂਗਾ: ਜੇਸਨ ਮਿਲਰ



ਜੇਸਨ ਮਿਲਰ ਸ਼ਹਿਰ ਦੇ ਉੱਤਰ-ਪੂਰਬੀ ਇਲਾਕੇ ’ਚ ਪੈਂਦੇ ਵਾਰਡ ਨੰ: 2 ਤੋਂ ਕੌਂਸਲਰ ਦੀ ਚੋਣ ਲੜ ਰਿਹਾ ਹੈ। ਉਸਨੇ ਵਾਰਡ ਵਿੱਚ ਪੈਂਦੇ ਵੋਟਰਾਂ ਨੂੰ ਆਪਣੇ ਸੁਨੇਹੇ ਵਿੱਚ ਕਿਹਾ ਹੈ ਕਿ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਵਾਰਡ ’ਚ ਰਹਿੰਦੇ ਲੋਕਾਂ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਾਂਗਾ ਅਤੇ ਤੁਹਾਡੇ ਵਿਸ਼ਵਾਸ ’ਤੇ ਸੌ ਫ਼ੀਸਦੀ ਖ਼ਰਾ ਉਤਰਾਂਗਾ। ਇਸ ਦੇ ਨਾਲ ਹੀ ਮੈ ਲੋਕਾਂ ਵਿਚ ਭਾਈਚਾਰਕ ਸਦਭਾਵਨਾ ਬਣਾਉਣ ਲਈ ਕੰਮ ਕਰਾਂਗਾ ਤੇ ਹਰ ਉਸ ਵਿਅਕਤੀ ਦੀ ਗੱਲ ਧਿਆਨ ਨਾਲ ਸੁਣਾਂਗਾ ਜਿਹੜਾ ਵੀ ਮੇਰੇ ਕੋਲ ਆਪਣੀ ਸਮੱਸਿਆ ਲੈ ਕੇ ਆਵੇਗਾ। ਉਨ੍ਹਾਂ ਕਿਹਾ ਕਿ ਵਿਕਾਸ ਨਾਲ ਹੀ ਮੇਰੇ ਅਤੇ ਤੁਹਾਡੇ ਬੱਚਿਆਂ ਦਾ ਭਵਿੱਖ ਜੁੜਿਆ ਹੋਇਆ ਹੈ। ਇਸ ਲਈ ਵਾਰਡ ਦੇ ਵਿਕਾਸ ਲਈ ਮੈਂ ਉਹ ਸਭ ਕੁੱਝ ਕਰਾਂਗੇ ਜੋ ਵੀ ਮੈਥੋਂ ਹੋਵੇਗਾ। ਇਸ ਤੋਂ ਇਲਾਵਾ ਕਮਿਊਨਿਟੀ ਦੀ ਭਲਾਈ ਅਤੇ ਸੁਰੱਖਿਆ ਲਈ ਮੈਂ ਹੇਠ ਲਿਖੀਆਂ ਗੱਲਾਂ ’ਤੇ ਵਿਸ਼ੇਸ਼ ਤਵੱਜੋਂ ਦਿਆਂਗਾ।

- ☛ ਸ਼ਹਿਰ ਦੇ ਉਤਰੀ ਪੂਰਬੀ ਇਲਾਕੇ ਵਿਚ ਅਮਨ-ਕਾਨੂੰਨ ਨੂੰ ਕਾਇਮ ਰੱਖਣ ਲਈ ਉਚਿਤ ਕਦਮ ਚੁੱਕੇ ਜਾਣਗੇ।
- ☛ ਬਜ਼ੁਰਗਾਂ ਦੇ ਪੁਨਰ ਵਸੇਬੇ ਲਈ ਹਰ ਸੰਭਵ ਯਤਨ ਕੀਤੇ ਜਾਣਗੇ।
- ☛ ਕਮਿਊਨਿਟੀ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਕਾਂ ਤੇ ਜਨਤਕ ਥਾਂਵਾਂ ਦਾ ਵਿਕਾਸ ਅਤੇ ਨਿਰਮਾਣ ਕੀਤਾ ਜਾਵੇਗਾ।
- ☛ ਮੈਂ ਇਸ ਲਈ ਉਚੇਚੇ ਯਤਨ ਕਰਾਂਗੇ ਕਿ ਸੜਕਾਂ ਦੀ ਸਾਂਭ ਸੰਭਾਲ ਅਤੇ ਪ੍ਰਬੰਧਕੀ ਮਾਮਲਿਆਂ ਸਬੰਧੀ ਪੁਨਰ ਵਿਚਾਰ ਕੀਤਾ ਜਾਵੇ।
- ☛ ਛੋਟੇ ਬਿਜਨਸ ਸੈਂਟਰਾਂ ’ਤੇ ਵਪਾਰ ਨੂੰ ਵਿਕਸਿਤ ਕਰਨ ਲਈ ਨਵੀਂਆਂ ਪਹਿਲਕਦਮੀਆਂ ਕੀਤੀਆ ਜਾਣਗੀਆਂ।
- ☛ ਅਬਾਦੀ ਦੇ ਵਧਣ ਕਾਰਣ ਐਡਮਿੰਟਨ ਦੀਆਂ ਸੜਕਾਂ ’ਤੇ ਟਰੈਫ਼ਿਕ ਨਾਲ ਜੁੜੀਆਂ ਸਮੱਸਿਆਵਾਂ ਦਿਨੋਂ-ਦਿਨ ਵਧ ਰਹੀਆਂ ਹਨ। ਇਸ ਗੱਲ ਨੂੰ ਧਿਆਨ ’ਚ ਰੱਖਦਿਆਂ ਮੈਂ ਇਸ ਗੱਲ ਲਈ ਯਤਨ ਕਰਾਂਗਾ ਕਿ ਐਲ ਆਰ ਟੀ ਨਾਰਥ ਵੈਸਟ ਐਕਸਪੈਨਸ਼ਨ ਲਾਗੂ ਕਰਵਾਇਆ ਜਾਵੇ। ਇਹ ਮੇਰਾ ਤੁਹਾਡੇ ਨਾਲ ਪੱਕਾ ਵਾਅਦਾ ਹੈ।

ਉਪਰੋਕਤ ਗੱਲਾਂ ਨੂੰ ਲੈ ਕੇ ਜੇ ਕਿਸੇ ਦੇ ਮਨ ਵਿੱਚ ਕੋਈ ਸਵਾਲ ਹੈ ਤਾਂ ਉਹ ਮੈਨੂੰ www.jasonmillar.net ਜਾਂ ਫੋਨ ਨੰ: 780-245-3687 ’ਤੇ ਸਿੱਧਾ ਸੰਪਰਕ ਕਰ ਸਕਦਾ ਹੈ। ਸਵਾਲਾਂ ਦੇ ਜਵਾਬ ਦੇਣ ਵਿੱਚ ਮੈਨੂੰ ਖੁਸ਼ੀ ਹੋਵੇਗੀ।

## ਐਡਮਿੰਟਨ ਵਾਸੀਆਂ ਤੇ ਸਿਟੀ ਹਾਲ ਵਿਚਾਲੇ ਸਿੱਧਾ ਸਬੰਧ ਕਾਇਮ ਹੋਵੇ : ਹਾਰਵੇ ਪਨੇਸਰ

ਪਿਛਲੇ ਦਿਨੀਂ ਐਡਮਿੰਟਨ ਸਿਟੀ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਹਾਰਵੇ ਪਨੇਸਰ ਦੇ ਨਜ਼ਦੀਕੀਆਂ ਦਾ ਇਕੱਠ ਹੋਇਆ ਜਿਸ ਵਿੱਚ ਪਨੇਸਰ ਦੇ ਪਰਿਵਾਰਕ ਮੈਂਬਰ, ਉਸਦੇ ਮਿੱਤਰ ਅਤੇ ਕਮਿਊਨਿਟੀ ਦੇ ਮੈਂਬਰ ਤੇ ਅਗੂ ਸ਼ਾਮਿਲ ਹੋਏ। ਇਕੱਠ ਵਿੱਚ ਹਾਰਵੇ ਪਨੇਸਰ ਵੱਲੋਂ ਰਸਮੀ ਤੌਰ ‘ਤੇ ਵਾਰਡ ਨੰ: 11 ਤੋਂ ਕਾਊਂਸਲਰ ਦੀ ਚੋਣ ਲੜਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਹਾਰਵੇ ਪਨੇਸਰ ਨੇ ਗੱਲਬਾਤ ਕਰਦਿਆਂ ਕਿਹਾ ਮੈਂ ਚੋਣ ਲੜਨ ਦਾ ਫੈਸਲਾ ਦੋਸਤਾਂ, ਪਰਿਵਾਰਕ ਮੈਂਬਰਾਂ ਅਤੇ ਗੁਆਂਡੀਆਂ ਦੇ ਕਹਿਣ ‘ਤੇ ਕੀਤਾ ਹੈ ਤੇ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਹਨਾਂ ਦੇ ਸਹਿਯੋਗ ਸਦਕਾ ਮੈਂ ਸਫ਼ਲਤਾ ਹਾਸਿਲ ਕਰਾਂਗਾ। ਉਹਨਾਂ ਕਿਹਾ ਕਿ ਮੈਂ ਇਸੇ ਵਾਰਡ ਵਿੱਚ ਜੰਮਿਆ ਹਾਂ ਤੇ ਇੱਥੇ ਹੀ ਵੱਡਾ ਹੋਇਆ ਹਾਂ। ਹੁਣ ਮੇਰੀ ਬੇਟੀ ਉਸੇ ਐਲੀਮੈਂਟਰੀ ਸਕੂਲ ਵਿੱਚ ਪੜ੍ਹ ਰਹੀ ਹੈ ਜਿਸ ਸਕੂ ਵਿੱਚ ਮੈਂ ਪੜ੍ਹਦਾ ਹੁੰਦਾ ਸੀ। ਜਾਪਦਾ ਹੈ ਇੰਨੇ ਸਾਲਾਂ ਵਿੱਚ ਕੁੱਝ ਨਹੀਂ ਬਦਲਿਆ ਜਦੋਂਕਿ ਸਾਨੂੰ ਬਹੁਤ ਕੁੱਝ ਨਵਾਂ ਕਰਨ ਦੀ ਜਰੂਰਤ ਸੀ। ਬੱਚਿਆਂ ਦੇ ਭਵਿੱਖ ਲਈ ਵਾਰਡ ‘ਚ ਸਾਨੂੰ ਵਿਕਾਸ ਦੀ ਜਰੂਰਤ ਹੈ। ਇਹਨਾਂ ਕਾਰਨਾਂ ਕਰਕੇ ਹੀ



ਮੈਂ ਚੋਣ ਲੜ ਰਿਹਾ ਹਾਂ। ਅਜਿਹੇ ਮੌਕੇ ਚੁੱਪ ਬੈਠਣਾ ਮੈਨੂੰ ਘਾਤਕ ਜਾਪਦਾ ਹੈ। ਮੈਂ ਚਾਹੁੰਦਾ ਹਾਂ ਕਿ ਐਡਮਿੰਟਨ ਵਾਸੀਆਂ ਅਤੇ ਸਿਟੀ ਹਾਲ ਵਿਚਕਾਰ ਸਿੱਧਾ ਸਬੰਧ ਕਾਇਮ ਹੋਣਾ ਚਾਹੀਦਾ ਹੈ ਤਾਂ ਜੋ ਸ਼ਹਿਰ ਦਾ ਚੰਗੇ ਢੰਗ ਨਾਲ ਵਿਕਾਸ ਹੋ ਸਕੇ। ਹਾਰਵੇ ਪਨੇਸਰ ਦਾ ਚੋਣ ਏਜੰਡਾ ਆਮ ਸਮੱਸਿਆਵਾਂ ‘ਤੇ ਅਧਾਰਿਤ ਹੈ। ਪਰ ਉਹ ਇਹਨਾਂ ਸਮੱਸਿਆਵਾਂ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੈ। ਉਦਾਹਰਣ ਦੇ ਤੌਰ ‘ਤੇ ਜ਼ਿਕਰ ਕਰੀਏ ਤਾਂ ਜਿਨ੍ਹਾਂ ਸਮੱਸਿਆਵਾਂ ਦੀ ਉਹ ਗੱਲ ਕਰਦਾ ਹੈ ਉਹਨਾਂ ‘ਚੋਂ ਇੱਕ ਸਮੱਸਿਆ ਸੜਕਾਂ ਵਿਚਕਾਰ ਪਏ ਖੱਡੇ ਹਨ। ਇਸ ਤਰ੍ਹਾਂ ਦੀਆਂ ਹੋਰ ਸਮੱਸਿਆਵਾਂ ਬਾਰੇ ਉਸਦਾ ਕਹਿਣਾ ਹੈ ਕਿ ਸਾਨੂੰ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਧੁਨਿਕ ਤਕਨੀਕ ਆਪਣਾਉਣੀ ਚਾਹੀਦੀ ਹੈ। ਜਿਨ੍ਹਾਂ ਸ਼ਹਿਰਾਂ ਨੇ ਅਜਿਹੀਆਂ ਸਮੱਸਿਆਵਾਂ ‘ਤੇ ਕਾਬੂ ਪਾ ਲਿਆ ਹੈ ਸਾਨੂੰ ਉਹਨਾਂ ਤੋਂ ਕੁੱਝ ਸਿੱਖਣਾ ਚਾਹੀਦਾ ਹੈ। ਹਾਰਵੇ ਪਨੇਸਰ ਵਾਰਡ ਨੰ: 11 ਦਾ ਸੂਝਵਾਨ ਵਾਸੀ ਹੈ। ਉਹ ਚੰਗਾ ਪਤੀ ਹੋਣ ਦੇ ਨਾਲ-ਨਾਲ ਚੰਗਾ ਪਿਤਾ ਵੀ ਹੈ। ਵਾਰਡ ਦੇ ਸਾਂਝੇ ਕਾਰਜਾਂ ਵਿੱਚ ਹਾਰਵੇ ਹਮੇਸ਼ਾ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਹ ਕਨੇਡਾ ਦੀ ਮਸ਼ਹੂਰ ਸੰਸਥਾ ਮਿਕਸਡ ਮਾਰਸ਼ਲ ਆਰਟਸ ਆਰਗੇਨਾਈਜੇਸ਼ਨ ਦੇ ਸੰਸਥਾਪਕਾਂ ਵਿੱਚੋਂ ਇੱਕ ਹੈ।

ਵਾਰਡ ਨੰ: 11

☛ **ਬਾਕੀ ਸਫ਼ਾ 41 ’ਤੇ**

## ਐਡਮਿੰਟਨ ਨਾਲ ਭਾਵਨਾਤਮਕ ਰਿਸ਼ਤਾ ਹੈ : ਹਾਫਿਸ ਦੇਵਜੀ




ਹਾਫਿਸ ਦੇਵਜੀ ਸੂਝਵਾਨ ਅਤੇ ਉਤਸ਼ਾਹਿਤ ਆਗੂ ਹੈ ਜੋ ਕਿ ਵਾਰਡ ਨੰ: 10 ਤੋਂ ਕੌਂਸਲਰ ਦੀ ਚੋਣ ਲੜ ਰਿਹਾ ਹੈ। ਦੇਵਜੀ ਦੀ ਸਭ ਤੋਂ ਵੱਡੀ ਤਾਕਤ ਲੋਕਾਂ ਨਾਲ ਉਸ ਦਾ ਮੇਲ-ਜੋਲ ਹੈ। ਉਸ ਕੋਲ ਦੂਸਰਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਅਥਾਹ ਸਮਰੱਥਾ ਹੈ। ਇਹੀ ਕਾਰਣ ਹੈ ਕਿ ਉਹ ਲੋਕਾਂ ਦੀ ਸਮੱਸਿਆ ਨੂੰ ਛੇਤੀ ਸਮਝ ਜਾਂਦਾ ਹੈ ਤੇ ਉਸ ਬਾਰੇ ਆਪਣੀ ਸਪੱਸ਼ਟ ਰਾਇ ਬਣਾ ਲੈਂਦਾ ਹੈ।

ਦੇਵਜੀ ਆਪਣੇ ਭਰਾਵਾਂ ਅਤੇ ਪਿਤਾ ਜੀ ਨਾਲ ਪਿਛਲੇ 25 ਸਾਲਾਂ ਤੋਂ ਰੀਟੇਲ ਦਾ ਕਾਰੋਬਾਰ ਕਰ ਰਿਹਾ ਹੈ। ਐਡਮਿੰਟਨ ਸ਼ਹਿਰ ਦੇ ਕਈ ਮੁੱਖ ਇਲਾਕਿਆ ਵਿਚ ਉਨ੍ਹਾਂ ਦਾ ਕਾਰੋਬਾਰ ਹੈ। ਉਸ ਦੇ ਆਪਣੇ ਸ਼ਬਦਾਂ ਅਨੁਸਾਰ ਸਾਡੇ ਪਰਿਵਾਰ ਦਾ ਮਕਸਦ ਚੰਗੇ ਇਨਸਾਨ ਬਣ ਕੇ ਸ਼ਹਿਰ ਵਿਚ ਖੁਸ਼ਹਾਲ ਜ਼ਿੰਦਗੀ ਬਤੀਤ ਕਰਨਾ ਹੈ ਤੇ ਸਾਨੂੰ ਜਾਪਦਾ ਹੈ ਕਿ ਐਡਮਿੰਟਨ ਸ਼ਹਿਰ ਤੋਂ ਵਧੀਆ ਸਾਡੇ ਰਹਿਣ ਲਈ ਹੋਰ ਕੋਈ ਥਾਂ ਨਹੀਂ। ਸੱਚ ਪੁੱਛੋ ਤਾਂ ਇਸ ਸ਼ਹਿਰ ਨਾਲ ਸਾਡੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਐਡਮਿੰਟਨ ਵੱਖ-ਵੱਖ ਭਾਈਚਾਰਿਆਂ ਲਈ ਏਕਤਾ ਦਾ ਪ੍ਰਤੀਕ ਹੈ। ਇੱਕ ਬਾਪ ਹੋਣ ਦੇ ਨਾਤੇ ਮੈਂ ਇਸ ਗੱਲ ਨੂੰ ਲੈ ਕੇ ਖੁਸ਼ ਹਾਂ ਕਿ ਮੇਰਾ ਪੁੱਤਰ ਦਾ ਭਵਿੱਖ ਇਸ ਸ਼ਹਿਰ ਵਿਚ ਸੁਰੱਖਿਅਤ ਹੈ। ਇਕ ਵਪਾਰੀ ਦੇ ਤੌਰ ’ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਿਟੀ ਕਾਊਂਸਲ ਦਾ ਫਰਜ਼ ਬਣਦਾ ਹੈ ਕਿ ਉਹ ਬਾਜ਼ਾਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਅਜਿਹਾ ਮਹੌਲ ਬਣਾਵੇ ਜਿਸ ਵਿਚ ਹਰ ਤਰ੍ਹਾਂ ਦਾ ਵਪਾਰੀ ਖੁਸ਼ੀ ਨਾਲ ਆਪਣਾ ਕਾਰੋਬਾਰ ਕਰ ਸਕੇ ਤੇ ਗਾਹਕਾਂ ਨੂੰ ਵੀ ਕੋਈ ਸਮੱਸਿਆ ਨਾ ਆਵੇ। ਫ਼ੌਰੀ ਤੌਰ ’ਤੇ ਜ਼ਰੂਰਤ ਇਸ ਗੱਲ ਦੀ ਹੈ ਕਿ ਅਸੀਂ ਵਾਰਡ ਨੰ:10 ’ਚ ਰਹਿਣ ਵਾਲਿਆਂ ਦੀਆਂ ਜ਼ਰੂਰਤਾਂ ਨੂੰ ਸਮਝ ਕੇ ਅਜਿਹੇ ਫੈਸਲੇ ਕਰੀਏ ☛ **ਬਾਕੀ ਸਫ਼ਾ 41 ’ਤੇ**

ਵਾਰਡ ਨੰ: 10

## ਚੁਣੌਤੀਆਂ ਤੋਂ ਡਰਨ ਵਾਲਾ ਵਿਅਕਤੀ ਨਹੀਂ: ਰਿਚਰਡ ਫੀਹਾਨ



ਸ਼ੋਸਲ ਵਰਕ ਫੈਕਲਟੀ ਵਿੱਚ ਬਤੌਰ ਨਿਰਦੇਸ਼ਕ ਸੇਵਾਵਾਂ ਨਿਭਾ ਰਹੇ ਰਿਚਰਡ ਫੀਹਾਨ ਨੇ ਵਾਰਡ ਨੰ: 10 ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਰਿਚਰਡ ਕਮਿਊਨਿਟੀ ਦੇ ਵਿਕਾਸ ਲਈ ਪ੍ਰਤੀਬੱਧ ਹੈ ਅਤੇ ਇਸ ਮਕਸਦ ਲਈ ਉਹ ਵੱਖ-ਵੱਖ ਸਮਾਜਿਕ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ ਤੇ ਪੂਰੇ ਉਤਸ਼ਾਹ ਨਾਲ ਕੰਮ ਕਰ ਰਿਹਾ ਹੈ। ਗਲੈਨਰੋਜ਼ ਹਸਪਤਾਲ ਦੀ ਪੁਨਰ ਉਸਾਰੀ ਲਈ ਉਹ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਇਸ ਤੋਂ ਇਲਾਵਾ ਉਹ ਐਡਮਿੰਟਨ ਸੋਸ਼ਲ ਪਲਾਨਿੰਗ ਕੌਂਸਲ ਦਾ ਪ੍ਰੋਗਰਾਮ ਨਿਰਦੇਸ਼ਕ ਹੈ। ਫੈਮਿਲੀ ਸਰਵਿਸ ਫਾਰ ਕੈਥੋਲਿਕ ਸੋਸ਼ਲ ਸਰਵਿਸ ਦਾ ਮੀਤ ਪ੍ਰਧਾਨ ਹੈ। ਐਡਮਿੰਟਨ ਕਮਿਊਨਿਟੀ ਅਡਲਟ ਲਰਨਰਜ਼ ਐਸੋਸੀਏਸ਼ਨ ਦਾ ਪ੍ਰਧਾਨ ਹੈ ਅਤੇ ਕਨੇਡੀਅਨ ਰਿਸਰਚ ਇੰਸਟੀਟਿਊਟ ਫਾਰ ਫੈਮਿਲੀ ਅਤੇ ਲਾਅ ਦਾ ਬੋਰਡ ਮੈਂਬਰ ਹੈ। ਰਿਚਰਡ ਆਪਣੀ ਕਮਿਊਨਿਟੀ ਦੀ ਭਲਾਈ ਲਈ ਹੁੰਦੇ ਕਾਰਜਾਂ ਨੂੰ ਲੈ ਕੇ ਪੂਰੀ ਤਰ੍ਹਾਂ ਉਤਸ਼ਾਹਿਤ ਹੈ ਤੇ ਕਮਿਊਨਿਟੀ ਦੀ ਮਜ਼ਬੂਤੀ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਰਿਚਰਡ ਚੰਗਾ ਬੁਲਾਰਾ ਹੋਣ ਦੇ ਨਾਲ-ਨਾਲ ਬੁੱਧੀਜੀਵੀ ਵੀ ਹੈ। ਇਹੀ ਕਾਰਣ ਹੈ ਕਿ ਉਹ ਸਮੱਸਿਆਵਾਂ ਦੇ ਛੇਤੀ ਹੱਲ ਕੱਢ ਲੈਂਦਾ ਹੈ। ਐਡਮਿੰਟਨ ਸ਼ਹਿਰ ਬਾਰੇ ਉਸਦਾ ਵਿਚਾਰ ਹੈ ਕਿ ਇਹ ਲਗਾਤਾਰ ਵਿਕਾਸ ਕਰਨ ਵਾਲਾ ਸ਼ਹਿਰ ਹੈ ਤੇ ਇੱਥੇ ਰਹਿਣਾ ਹਰ ਇੱਕ ਲਈ ਮਾਣ ਵਾਲੀ ਗੱਲ ਹੈ। ਇਸ ਸ਼ਹਿਰ ਵਿੱਚ ਜਿੱਥੇ ਮਨੁੱਖ ਦੁਆਰਾ ਕੀਤੇ ਵਿਕਾਸ ਦੀਆਂ ਝਲਕੀਆਂ ਦੇਖੀਆ ਜਾ ਸਕਦੀਆਂ ਹਨ, ਉੱਥੇ ਕੁਦਰਤ ਵੀ ਇਸ ਸ਼ਹਿਰ ਉੱਤੇ ਮਿਹਰਬਾਨ ਹੈ। ਇੱਥੇ ਵਿਭਿੰਨ ਸੱਭਿਆਚਾਰਾਂ ਲਈ ਪ੍ਰਫੁੱਲਤ ਹੋਣ ਦਾ ਮਹੌਲ ਹੈ ਤੇ ਹਰ ਵਰਗ ਦਾ ਵਿਅਕਤੀ ਰੁਜ਼ਗਾਰ ਪ੍ਰਾਪਤ ਕਰ ਕਰਦਾ ਹੈ। ਰਿਚਰਡ ਦਾ ਕਹਿਣਾ ਹੈ ਕਿ ਐਡਮਿੰਟਨ ਵਾਸੀਆਂ ਨੂੰ ਇੱਥੋਂ ਦੇ ਤਿਉਹਾਰਾਂ, ਖੇਡਾਂ ਅਤੇ ਮੈਡੀਕਲ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ‘ਤੇ ਮਾਣ ਹੈ। ਸਮੁੱਚੇ ਰੂਪ ਵਿੱਚ ਗੱਲ ਕਰੀਏ ਤਾਂ ਇੱਥੇ ਰਹਿੰਦੇ ਹਰ ਮਨੁੱਖ ਨੂੰ ਸੱਭਿਅਕ ਹੋਣ ਉੱਤੇ ਮਾਣ ਹੈ।

☛ **ਬਾਕੀ ਸਫ਼ਾ 41 ’ਤੇ**

# ਸਜ਼ਾ ਮਿਲਦਿਆਂ ਹੀ ਨੇਤਾਗਿਰੀ ਖ਼ਤਮ

- 2 ਸਾਲ ਦੀ ਸਜ਼ਾ ਹੁੰਦਿਆਂ ਹੀ ਖੁਸ ਜਾਵੇਗੀ ਸੰਸਦੀ-ਵਿਧਾਇਕੀ
- ਅਪੀਲ ਦਾ ਮੌਕਾ ਵੀ ਨਹੀਂ, ਜੇਲ੍ਹ ਵਿਚ ਰਹਿੰਦੇ ਨਹੀਂ ਲੜ ਸਕਣਗੇ ਚੋਣ

ਨਵੀਂ ਦਿੱਲੀ (ਨਦਬ) : ਦੇਸ਼ ਵਿਚ ਪਹਿਲੀ ਵਾਰ ਸਿਆਸਤ ਨੂੰ ਅਪਰਾਧੀਆਂ ਤੋਂ ਮੁਕਤ ਕਰਵਾਉਣ ਦੀ ਦਿਸ਼ਾ ਵਿਚ ਸਖ਼ਤ ਕਦਮ ਚੁੱਕਿਆ ਗਿਆ ਹੈ। ਪਰ ਇਹ ਕੰਮ ਸੰਸਦ ਦੀ ਬਜਾਏ ਸੁਪਰੀਮ ਕੋਰਟ ਨੇ ਕੀਤਾ ਹੈ। ਅਦਾਲਤ ਨੇ ਫ਼ੈਸਲਾ ਸੁਣਾਇਆ ਹੈ ਕਿ ਹੁਣ ਜੇਕਰ ਸੰਸਦ ਮੈਂਬਰ ਜਾਂ ਵਿਧਾਇਕ ਨੂੰ ਦੋ ਸਾਲ ਜਾਂ ਉਸ ਤੋਂ ਜ਼ਿਆਦਾ ਦੀ ਸਜ਼ਾ ਹੁੰਦੀ ਹੈ ਤਾਂ ਉਸ ਦੀ ਮੈਂਬਰੀ ਰੱਦ ਹੋ ਜਾਵੇਗੀ। ਸੁਪਰੀਮ ਕੋਰਟ ਦੇ ਜਸਟਿਸ ਏ.ਕੇ. ਪਟਨਾਇਕ ਅਤੇ ਐਸ.ਜੇ. ਮੁਖੋਪਾਧਿਆਏ ਦੇ ਬੈਂਚ ਨੇ ਕਿਹਾ ਕਿ ਫ਼ੈਸਲਾ ਤੁਰੰਤ ਲਾਗੂ ਮੰਨਿਆ ਜਾਵੇਗਾ। ਨਾਲ ਹੀ ਵਿਵਸਥਾ ਦਿੱਤੀ ਕਿ ਕੋਈ ਵੀ ਨੇਤਾ ਪੁਲੀਸ ਹਿਰਾਸਤ ਜਾਂ ਜੇਲ੍ਹ ਵਿਚ ਰਹਿ ਕੇ ਚੋਣ ਨਹੀਂ ਲੜ ਸਕੇਗਾ। ਇਹੀ ਨਹੀਂ, ਅਦਾਲਤ ਨੇ ਫ਼ੌਜਦਾਰੀ ਮਾਮਲਿਆਂ ਵਿਚ ਦੋਸ਼ੀ ਠਹਿਹਰਾਏ ਜਾਣ ਦੇ ਬਾਵਜੂਦ ਸੰਸਦ ਮੈਂਬਰਾਂ, ਵਿਧਾਇਕਾਂ ਨੂੰ ਸੁਰੱਖਿਆ ਦੇਣ ਵਾਲੇ ਕਾਨੂੰਨ-1951 ਦੀ ਧਾਰਾ 8 (4) ਸੋਧ ਰੱਦ ਕਰ ਦਿੱਤੀ ਹੈ। ਯਾਨੀ ਅਪੀਲ ਵਿਚਾਰ ਅਧੀਨ ਹੋਣ ਤਕ ਅਹੁਦੇ 'ਤੇ ਬਣੇ ਰਹਿਣ ਦੀ ਮਨਜ਼ੂਰੀ ਦੇਣ ਵਾਲਾ ਪ੍ਰਸਤਾਵ ਹੁਣ ਨਹੀਂ ਰਹੇਗਾ। ਫ਼ੈਸਲੇ 'ਤੇ ਪਾਰਟੀਆਂ ਸਾਵਧਾਨੀ ਨਾਲ ਜਵਾਬ ਦੇ ਰਹੀਆਂ ਹਨ। ਸਾਰੀਆਂ ਸਿਆਸੀ ਧਿਰਾਂ ਨੇ ਕਿਹਾ ਹੈ ਕਿ ਅਸੀਂ ਪਹਿਲਾਂ ਫ਼ੈਸਲਾ ਪੜ੍ਹ ਲਈਏ, ਫਿਰ ਕੁਝ ਕਹਾਂਗੇ।

## ਕੌਣ ਆ ਸਕਦੇ ਹਨ ਲਪੇਟੇ 'ਚ ?

ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਕਲਿਆਣ ਸਿੰਘ, ਉਮਾ ਭਰਾਤੀ : **ਬਾਬਰੀ ਮਸਜਿਦ ਮਾਮਲੇ ਵਿਚ ਕੇਸ ਵਿਚਾਰ ਅਧੀਨ**

ਮੁਲਾਇਮ ਸਿੰਘ, ਮਾਇਆਵਤੀ, ਬੀ.ਐਸ. ਯੇਦੀਯੁਰੱਪਾ, ਲਾਲੂ ਪ੍ਰਸਾਦ ਯਾਦਵ, ਜਗਨਮੋਹਨ ਰੈੱਡੀ, ਜੈਲਿਲਤਾ : **ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਵਿਚਾਰ ਅਧੀਨ**

ਸੁਰੇਸ਼ ਕਲਮਾਡੀ, ਅਸ਼ੋਕ ਚੌਹਾਨ, ਬਾਬੂ ਸਿੰਘ ਕੁਸ਼ਵਾਹਾ, ਮਧੂ ਕੋੜਾ, ਰੰਗਨਾਥ ਮਿਸ਼ਰ, ਏ. ਰਾਜਾ, ਕਨਿਮੋਝੀ : **ਭ੍ਰਿਸ਼ਟਾਚਾਰ ਦੇ ਮਾਮਲੇ**

ਗੋਪਾਲ ਕਾਂਡਾ, ਰਾਘਵਜੀ : **ਯੌਨ ਸ਼ੋਸ਼ਣ ਦੇ ਮਾਮਲੇ**

ਮੁੱਖਤਾਰ ਅੰਸਾਰੀ, ਬਾਬੂਭਾਈ ਬੋਖਰੀਆ, ਦਿਲੀਪ ਸਿੰਘ ਜੁਦੇਵ, ਸ਼ਿਬੂ ਸੋਰੇਨ ਅਤੇ ਹੋਰ ਕਈ ਨੇਤਾ ਅਦਾਲਤਾਂ ਵਿਚ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।

## ਸਿਆਸਤ ਦਾ ਸ਼ੁੱਧੀਕਰਨ। ਸੁਪਰੀਮ ਕੋਰਟ ਦਾ ਫ਼ੈਸਲਾ, ਤੁਰੰਤ ਲਾਗੂ

**ਫ਼ੈਸਲੇ ਦੀਆਂ ਚਾਰ ਅਹਿਮ ਗੱਲਾਂ**

- ਘੱਟ ਤੋਂ ਘੱਟ 2 ਸਾਲ ਦੀ ਸਜ਼ਾ ਹੁੰਦਿਆਂ ਹੀ ਸੰਸਦੀ-ਵਿਧਾਇਕੀ ਦੀ ਮੈਂਬਰੀ ਰੱਦ ਹੋਵੇਗੀ।
- ਅਪੀਲ ਲਈ ਵੀ ਸਮਾਂ ਨਹੀਂ ਮਿਲੇਗਾ। ਮੈਂਬਰੀ ਉਦੋਂ ਤਕ ਰੱਦ ਰਹੇਗੀ ਜਦੋਂ ਤਕ ਸੁਪਰੀਮ ਕੋਰਟ ਬਰੀ ਨਾ ਕਰੇ।
- ਜੇਲ੍ਹ ਵਿਚ ਰਹਿੰਦਿਆਂ ਚੋਣਾਂ ਨਹੀਂ ਲੜ ਸਕਣਗੇ। ਜਦ ਤਕ ਹਿਰਾਸਤ ਜਾਂ ਜੇਲ੍ਹ ਵਿਚ ਰਹਿਣਗੇ, ਵਿਧਾਇਕੀ ਦੇ ਦਰਵਾਜ਼ੇ ਬੰਦ ਰਹਿਣਗੇ।
- ਫ਼ੈਸਲਾ 10 ਜੁਲਾਈ ਤੋਂ ਲਾਗੂ। ਇਸ ਤੋਂ ਪਹਿਲਾਂ ਦੋਸ਼ੀ ਸਾਬਤ ਹੋਏ ਨੇਤਾ ਨੇ ਅਪੀਲ ਕੀਤੀ ਹੋਈ ਹੈ ਕਿ ਉਸ ਨੂੰ ਛੋਟ ਮਿਲੇ।



**4835** ਨੇਤਾਵਾਂ 'ਚੋਂ **1448** 'ਤੇ ਫ਼ੌਜਦਾਰੀ ਕੇਸ

**ਕਿਹੜੀ ਪਾਰਟੀ ਦੇ ਕਿੰਨੇ ਦਾਗੀ**

44 ਕਾਂਗਰਸ 9 ਸਪਾ, 8 ਜਦ(ਯੂ)

43 ਭਾਜਪਾ 6 ਬਸਪਾ, 3 ਖੱਬੇਪੱਖੀ

**161** ਸੰਸਦ ਮੈਂਬਰਾਂ 'ਤੇ ਕੇਸ ਦਰਜ

41 ਰਾਜ ਸਭਾ ਮੈਂਬਰਾਂ 'ਤੇ ਵੀ ਕੇਸ 10 ਮਹਿਲਾ ਮੈਂਬਰਾਂ 'ਤੇ ਵੀ

**1112** ਵਿਧਾਇਕਾਂ 'ਤੇ ਫ਼ੌਜਦਾਰੀ ਕੇਸ

**ਦਾਗ਼ੀ ਵਿਧਾਇਕ ਕਿਥੇ ਜ਼ਿਆਦਾ**

ਯੂ.ਪੀ. 'ਚ 140 ਮਹਾਰਾਸ਼ਟਰ 'ਚ 123

ਬਿਹਾਰ 'ਚ 135 ਪ. ਬੰਗਾਲ 'ਚ 102

ਹਰ ਤੀਜਾ ਨੇਤਾ ਦਾਗ਼ੀ : ਯਾਨੀ ਕੁਲੀ 31% ਨੇਤਾਵਾਂ 'ਤੇ ਕੇਸ। 641 'ਤੇ ਹੱਤਿਆ, ਹੱਤਿਆ ਦੀ ਕੋਸ਼ਿਸ਼, ਬਲਾਤਕਾਰ ਵਰਗੇ ਮਾਮਲੇ

## ਫ਼ੈਸਲੇ ਦਾ ਮਤਲਬ ?

- **ਇਸ ਫ਼ੈਸਲੇ ਨਾਲ ਕੀ ਹੋ ਜਾਵੇਗਾ ?**
  ਰਾਜਨੀਤੀ ਕੁਝ ਵਧੀਆ ਹੋਵੇਗੀ।
- **ਕੀ ਛੋਟੀਆਂ ਅਦਾਲਤਾਂ ਵਿਚ ਖ਼ੁਦ ਦੀ ਸਜ਼ਾ ਘੱਟ ਕਰਵਾਉਣ ਜਾਂ ਵਿਰੋਧੀ ਦੀ ਸਜ਼ਾ ਵਧਾਉਣ ਵਿਚ ਮੰਤਰੀ-ਮੁੱਖ ਮੰਤਰੀ ਕਾਨੂੰਨ ਦਾ ਫ਼ਾਇਦਾ ਨਹੀਂ ਉਠਾਉਣਗੇ ?**
  ਹੋ ਸਕਦਾ ਹੈ। ਪਰ ਉਪਰਲੀ ਅਦਾਲਤ ਵਿਚ ਦੋ-ਚਾਰ ਮਾਮਲੇ ਉਲਟੇ ਪੈਂਦਿਆਂ ਹੀ ਇਹ ਪ੍ਰੈਕਿਟਸ ਬੰਦ ਹੋ ਜਾਵੇਗੀ।
- **ਪਾਰਟੀਆਂ ਦਾ ਤਾਂ ਗੁੰਡਿਆਂ ਦੇ ਬਿਨਾਂ ਕੰਮ ਹੀ ਨਹੀਂ ਚਲਦਾ ?**
  ਲੋਕ ਪਾਰਟੀ ਨਾਲ ਅਹੁਦੇ ਲਈ ਜੁੜਦੇ ਹਨ। ਸੀਟ ਖੁਸਣ ਦੇ ਡਰੋਂ ਹੁਣ ਅਪਰਾਧੀਆਂ ਨੂੰ ਟਿਕਟ ਦੇਣ ਤੋਂ ਪ੍ਰਹੇਜ ਹੋਵੇਗਾ।
- **ਜਿਵੇਂ ਸੰਸਦ ਮੈਂਬਰ-ਵਿਧਾਇਕ ਤਨਖ਼ਾਹ ਭੱਤੇ ਵਧਾਉਣ 'ਤੇ ਇਕ ਹੋ ਜਾਂਦੇ ਹਨ, ਉਵੇਂ ਉਹ ਇਸ ਫ਼ੈਸਲੇ ਵਿਰੁੱਧ ਸੰਸਦ ਜਾਂ ਵਿਧਾਨ ਸਭਾ ਵਿਚ ਬਹਿਸ ਨਹੀਂ ਕਰਨਗੇ ?**
  ਉਨ੍ਹਾਂ ਦਾ ਅਸਲੀ ਚਿਹਰਾ ਸਾਹਮਣੇ ਆ ਜਾਵੇਗਾ

### ਪਹਿਲਾਂ ਕੀ ਹੁੰਦਾ ਸੀ

- ਧਾਰਾ 8 (4) ਵਿਚ ਕਿਸੇ ਵੀ ਸੰਸਦ ਮੈਂਬਰ ਜਾਂ ਵਿਧਾਇਕ ਨੂੰ ਸਜ਼ਾ ਮਿਲਣ 'ਤੇ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਤਿੰਨ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਸੀ।
- ਟ੍ਰਾਇਲ ਕੋਰਟ ਤੋਂ ਸੁਪਰੀਮ ਕੋਰਟ ਤਕ ਫ਼ੈਸਲਾ ਆਉਣ ਵਿਚ ਸਾਲਾਂ ਬੱਧੀ ਲੱਗ ਜਾਂਦੇ ਸਨ, ਉਦੋਂ ਤਕ ਇਨ੍ਹਾਂ ਦਾ ਕਾਰਜਕਾਲ ਵੀ ਪੂਰਾ ਹੋ ਜਾਂਦਾ ਸੀ।

### ਹੁਣ ਖ਼ਤਮ ਹੋਵੇਗਾ ਭੇਦਭਾਵ

ਜਨ ਪ੍ਰਤੀਨਿਧ ਕਾਨੂੰਨ 1951 ਦੀ ਧਾਰਾ 8(3) ਵਿਚ ਆਮ ਆਦਮੀ ਨੂੰ ਦੋ ਸਾਲ ਜਾਂ ਉਸ ਤੋਂ ਜ਼ਿਆਦਾ ਸਜ਼ਾ 'ਤੇ ਚੋਣ ਲੜਨ ਦੀ ਇਜਾਜ਼ਤ ਨਹੀਂ ਮਿਲੇਗੀ। ਧਾਰਾ 8 (4) ਵਿਚ ਸੰਸਦ ਮੈਂਬਰਾਂ-ਵਿਧਾਇਕਾਂ ਨੂੰ ਛੋਟ ਸੀ।

## ਪੰਜਾਬ-ਹਰਿਆਣਾ 'ਚ ਕੌਣ ?

**ਕੈਪਟਨ ਅਮਰਿੰਦਰ ਸਿੰਘ** : ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਲਈ ਐਕਵਾਇਰ ਕੀਤੀ ਜ਼ਮੀਨ ਨੂੰ ਬਿਲਡਰ ਲਈ ਛੱਡਣ ਦਾ ਕੇਸ ਅਤੇ ਸਿਟੀ ਸੈਂਟਰ ਘੁਟਾਲੇ ਵਿਚ ਵੀ ਕੈਪਟਨ 'ਤੇ ਕੇਸ ਚੱਲ ਰਿਹਾ ਹੈ। ***ਸਜ਼ਾ : ਛੇ ਮਹੀਨੇ ਤੋਂ ਸੱਤ ਸਾਲ ਤਕ ਹੋ ਸਕਦੀ ਹੈ।***

**ਸਿਮਰਜੀਤ ਸਿੰਘ ਬੈਂਸ** : ਲੁਧਿਆਣਾ ਤੋਂ ਆਜ਼ਾਦ ਵਿਧਾਇਕ ਸਿਰਮਜੀਤ ਵਿਰੁੱਧ ਤਹਿਸੀਲਦਾਰ ਨੂੰ ਕੁੱਟਣ ਦਾ ਮਾਮਲਾ ਚੱਲ ਰਿਹਾ ਹੈ। ***ਸਜ਼ਾ : 10 ਸਾਲ ਤਕ ਹੋ ਸਕਦੀ ਹੈ ਜੇਲ੍ਹ।***

**ਜੋਗਿੰਦਰ ਪਾਲ ਜੈਨ** : ਮੋਗਾ ਤੋਂ ਅਕਾਲੀ ਵਿਧਾਇਕ ਜੈਨ ਵਿਰੁੱਧ ਨਾਜਾਇਜ਼ ਕਾਲੋਨੀਆਂ ਕੱਟਣ ਦਾ ਮਾਮਲਾ ਅਦਾਲਤ ਵਿਚ ਚੱਲ ਰਿਹਾ ਹੈ। ***ਸਜ਼ਾ : ਦੋ ਸਾਲ ਤਕ ਦੀ ਹੋ ਸਕਦੀ ਹੈ ਜੇਲ੍ਹ।***

**ਚੌਟਾਲਾ** : ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ, ਉਨ੍ਹਾਂ ਦੇ ਬੇਟੇ ਅਜੇ ਚੌਟਾਲਾ ਅਤੇ ਅਭੈ ਚੌਟਾਲਾ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਅਦਾਲਤ 'ਚ ਵਿਚਾਰ ਅਧੀਨ ਹੈ। ***ਸਜ਼ਾ : 10 ਸਾਲ ਤਕ ਦੀ ਸਜ਼ਾ ਦਾ ਪ੍ਰਸਤਾਵ। (ਓਮ ਪ੍ਰਕਾਸ਼ ਚੌਟਾਲਾ ਅਤੇ ਅਜੈ ਚੌਟਾਲਾ ਨੂੰ ਜੇ.ਬੀ.ਟੀ. ਅਧਿਆਪਕ ਭਰਤੀ ਘੁਟਾਲੇ ਵਿਚ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਹਾਈ ਕੋਰਟ ਵਿਚ ਅਪੀਲ ਕੀਤੀ ਹੈ।)***

**ਗੋਪਾਲ ਕਾਂਡਾ** : ਏਅਰ ਹੋਸਟਸ ਗੀਤਿਕਾ ਸ਼ਰਮਾ ਨੂੰ ਆਤਮ ਹੱਤਿਆ ਲਈ ਮਜਬੂਰ ਕਰਨ ਅਤੇ ਯੌਨ ਸ਼ੋਸ਼ਣ ਦੇ ਮਾਮਲੇ ਵਿਚ ਦੋਸ਼ੀ ਹਨ। ***ਸਜ਼ਾ : ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।***

**ਸੁਖਬੀਰ ਕਟਾਰੀਆ** : ਖੇਡ ਮੰਤਰੀ ਕਟਾਰੀਆ 'ਤੇ ਫ਼ਰਜ਼ੀ ਵੋਟ ਪਾਉਣ ਦਾ ਮਾਮਲਾ ਚੱਲ ਰਿਹਾ ਹੈ। ***ਸਜ਼ਾ : ਤਿੰਨ ਤੋਂ ਪੰਜ ਸਾਲ ਤਕ ਦੀ ਸਜ਼ਾ ਦਾ ਪ੍ਰਸਤਾਵ।***

## ਕੀ ਹੋਵੇਗਾ ਲਾਭ

ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਸਿਆਸਤ ਨੂੰ ਸਾਫ਼ ਸੁਥਰੀ ਬਣਾਉਣ ਵਿਚ ਮਦਦ ਮਿਲੇਗੀ। ਦਾਗ਼ੀ ਅਕਸ ਵਾਲੇ ਨੇਤਾ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਨਹੀਂ ਪਹੁੰਚ ਸਕਣਗੇ। ਚੋਣ ਕਮਿਸ਼ਨ ਸਮੇਂ-ਸਮੇਂ 'ਤੇ ਆਪਣੀਆਂ ਰਿਪੋਰਟਾਂ ਵਿਚ ਅਪਰਾਧਕ ਰਿਕਾਰਡ ਵਾਲੇ ਲੋਕਾਂ ਨੂੰ ਚੋਣ ਲੜਨ ਤੋਂ ਰੋਕਣ ਦੀ ਜ਼ੋਰਦਾਰ ਵਕਾਲਤ ਕਰਦਾ ਰਿਹਾ ਹੈ।

## ਪਾਰਟੀਆਂ ਦੀ ਜ਼ਬਾਨ ਬੰਦ

ਕਮਿਸ਼ਨ ਦੀ ਅਪਰਾਧੀਆਂ ਨੂੰ ਚੋਣ ਲੜਾਉਣ ਤੋਂ ਰੋਕਣ ਦੀਆਂ ਸਿਫ਼ਾਰਸ਼ਾਂ ਦਾ ਲਗਾਤਾਰ ਵਿਰੋਧ ਕਰਦੀਆਂ ਆ ਰਹੀਆਂ ਸਿਆਸੀ ਪਾਰਟੀਆਂ ਨੂੰ ਹੁਣ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਸੱਪ ਸੁੰਘ ਗਿਆ ਹੈ। ਉਨ੍ਹਾਂ ਦੇ ਮੂੰਹ 'ਚੋਂ ਕੁਝ ਨਹੀਂ ਨਿਕਲ ਰਿਹਾ। ਇਸ ਫ਼ੈਸਲੇ ਨੂੰ ਆਪਣੇ ਲਈ ਝਟਕਾ ਮੰਨ ਰਹੀਆਂ ਪਾਰਟੀਆਂ ਨੂੰ ਡਰ ਹੈ ਕਿ ਇਸ ਦਾ ਵਿਰੋਧ ਕਰਨ ਨਾਲ ਜਨਤਾ ਵਿਚ ਗ਼ਲਤ ਸੰਦੇਸ਼ ਜਾਵੇਗਾ। ਸਾਰੀਆਂ ਪਾਰਟੀਆਂ ਦੇ ਨੇਤਾ ਫ਼ਿਲਹਾਲ ਅਧਿਐਨ ਤੋਂ ਬਾਅਦ ਹੀ ਫ਼ੈਸਲੇ 'ਤੇ ਕੁਝ ਕਹਿਣ ਦਾ ਤਰਕ ਦੇ ਰਹੇ ਹਨ।

## ਤੋੜ ਲੱਭ ਰਹੀ ਹੈ ਸਰਕਾਰ

ਸਿਆਸਤ ਵਿਚ ਅਪਰਾਧੀਕਰਨ ਨੂੰ ਰੋਕਣ ਲਈ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਸਰਕਾਰ ਹੁਣ ਇਸ ਆਦੇਸ਼ ਦਾ ਤੋੜ ਕੱਢਣ ਵਿਚ ਲੱਗ ਗਈ ਹੈ। ਸਰਕਾਰ ਨੂੰ ਖਦਸ਼ਾ ਹੈ ਕਿ ਸਜ਼ਾ ਹੋਣ ਦੀ ਅਪੀਲ ਦਾ ਮੌਕਾ ਦਿੱਤੇ ਬਿਨਾਂ ਅਯੋਗ ਠਹਿਰਾਉਣ ਦੇ ਫ਼ੈਸਲੇ ਦੀ ਸਿਆਸੀ ਵਿਰੋਧੀ ਦੁਰਵਰਤੋਂ ਕਰ ਸਕਦੇ ਹਨ। ਸੂਤਰਾਂ ਨੇ ਕਿਹਾ ਕਿ ਫ਼ੈਸਲੇ 'ਤੇ ਮੁੜ ਵਿਚਾਰ ਪਟੀਸ਼ਨ ਦਾਖ਼ਲ ਕਰਨ 'ਤੇ ਗੌਰ ਕੀਤਾ ਜਾਵੇਗਾ।

# ਕੱਚੇ ਤੌਰ 'ਤੇ ਰਹਿ ਰਹੇ ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਇੱਕ ਹੋਰ ਮੌਕਾ

ਐਡਮਿੰਟਨ (ਨਦਬ) ਅਲਬਰਟਾ ਵਿੱਚ ਕੱਚੇ ਤੌਰ 'ਤੇ ਰਹਿ ਰਹੇ ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਇੱਕ ਹੋਰ ਨਵਾਂ ਮੌਕਾ ਮਿਲ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਲਬਰਟਾ ਵਿੱਚ ਕੱਚੇ ਤੌਰ 'ਤੇ ਰਹਿ ਰਹੇ ਕਾਮੇ ਹੁਣ ਅਲਬਰਟਾ ਇਮੀਗ੍ਰੇਸ਼ਨ ਨੌਮਿਨੀ ਪ੍ਰੋਗਰਾਮ (ਏ ਆਈ ਐਨ ਪੀ) ਤਹਿਤ ਆਪਣੇ ਆਪ ਨੂੰ ਪੱਕੇ ਤੌਰ 'ਤੇ ਰਹਿਣ ਲਈ ਨਾਮਜ਼ਦ ਕਰ ਸਕਦੇ ਹਨ। ਦੱਸਣਯੋਗ ਹੈ ਕਿ ਇਸ ਪ੍ਰੋਗਰਾਮ ਤਹਿਤ ਅਲਬਰਟਾ ਵਰਕ ਐਕਸਪੀਰੀਐਂਸ ਸ੍ਰੇਣੀ ਵਿੱਚ ਆਉਂਦੇ ਕਾਮੇ ਹੀ ਪੱਕੇ ਹੋਣ ਦੀ ਅਰਜ਼ੀ ਦੇ ਸਕਦੇ ਹਨ। ਅਰਜ਼ੀ ਉਹ ਕਾਮੇ ਦੇ ਸਕਦੇ ਹਨ ਜਿਹੜੇ ਪਿਛਲੇ ਦੋ ਜਾਂ ਇਸ ਤੋਂ ਵੱਧ ਸਾਲਾਂ ਤੋਂ ਇੱਥੇ ਕੰਮ ਕਰ ਰਹੇ ਹਨ ਅਤੇ ਜਿਨ੍ਹਾਂ ਦੇ ਕੰਮ ਦੀ ਪ੍ਰੋਗਰਾਮ ਤਹਿਤ ਮੰਗ ਦਰਸਾਈ ਗਈ ਹੈ ਤੇ ਇਸ ਦੇ ਨਾਲ ਉਹ ਫੈਡਰਲ ਸਰਕਾਰ ਦੀਆਂ ਸ਼ਰਤਾਂ ਨੂੰ ਵੀ ਪੂਰੀਆਂ ਕਰਦੇ ਹੋਣ।

ਇਸ ਸਬੰਧੀ ਡਿਪਟੀ ਪ੍ਰੀਮੀਅਰ ਥੋਮਸ ਲੂਕਾਸਜ਼ੂਕ ਦਾ ਕਹਿਣਾ ਹੈ ਕਿ ਸਾਡੇ ਇੱਥੇ ਬਹੁਤ ਸਾਰੇ ਵਿਦੇਸ਼ੀ ਮਾਹਿਰ ਕਾਮੇ ਪਹਿਲਾਂ ਵੀ ਰਹਿ ਰਹੇ ਹਨ। ਸੂਬੇ ਦੇ ਵਿਕਾਸ ਵਿੱਚ ਇਹਨਾਂ ਦਾ ਮਹੱਤਵਪੂਰਨ ਯੋਗਦਾਨ ਹੈ। ਹੁਣ ਇਹ ਪ੍ਰੋਗਰਾਮ ਉਹਨਾਂ ਦੀ ਜ਼ਿੰਦਗੀ ਵਿੱਚ ਖ਼ੁਸ਼ਹਾਲੀ ਲੈ ਕੇ ਆਵੇਗਾ ਜਿਹੜੇ ਪੱਕੇ ਤੌਰ 'ਤੇ ਰਹਿਣ ਦੇ ਯੋਗ ਹਨ। ਯੋਜਨਾ ਹੈ ਕਿ ਅਲਬਰਟਾ ਵਰਕ ਐਕਸਪੀਰੀਐਂਸ ਸ੍ਰੇਣੀ ਤਹਿਤ




2021 ਤਕ 114000 ਕਾਮਿਆਂ ਦੀ ਜਰੂਰਤ ਨੂੰ ਪੂਰਾ ਕਰ ਲਿਆ ਜਾਵੇਗਾ। ਸੂਬਾ ਸਰਕਾਰ ਚਾਹੁੰਦੀ ਹੈ ਕਿ ਜਿਹੜੇ ਮਾਹਿਰ ਕਾਮਿਆਂ ਦੀ ਇੱਥੇ ਲੋੜ ਹੈ, ਉਹਨਾਂ ਨੂੰ ਸੂਬੇ ਦਾ ਨਾਗਰਿਕ ਬਣਾਇਆ ਜਾਵੇ ਤਾਂ ਜੋ ਉਹ ਸੂਬੇ ਦੇ ਆਰਥਿਕਤ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਣ। ਇੱਥੇ ਦੱਸਣਯੋਗ ਹੈ ਕਿ ਪੱਕੇ ਹੋਣ ਲਈ ਅਰਜ਼ੀਆਂ 28 ਨਵੰਬਰ 2013 ਤਕ ਦਿੱਤੀਆਂ ਜਾ ਸਕਦੀਆਂ ਹਨ।

ਇਸ ਮਾਮਲੇ ਸਬੰਧੀ ਐਮ ਐਲ ਏ ਸੋਹੇਲ ਕਾਦਰੀ ਨੇ 'ਨਵੀਂ ਦੁਨੀਆ' ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਵੱਲੋਂ ਪਹਿਲ ਹਮੇਸ਼ਾ ਅਲਬਰਟਨਾਂ ਜਾਂ ਕਨੇਡੀਅਨਾਂ ਨੂੰ ਦਿੱਤੀ ਜਾਂਦੀ ਹੈ। ਪਰ ਕਾਮਿਆਂ ਦੀ ਘਾਟ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਵਿਦੇਸ਼ੀ ਕਾਮਿਆਂ ਲਈ ਅਜਿਹੇ ਪ੍ਰੋਗਰਾਮ ਤਿਆਰ ਕਰਨੇ ਪੈਂਦੇ ਹਨ। ਉਹਨਾਂ ਕਿਹਾ ਕਿ ਭਾਵੇਂ ਸੂਬੇ ਵਿੱਚ ਬੇਰੁਜ਼ਗਾਰੀ ਦੀ ਦਰ 4.8 ਫ਼ੀਸਦੀ ਹੈ ਪਰ ਫੇਰ ਵੀ ਸਾਨੂੰ ਵਿਦੇਸ਼ੀ ਕਾਮਿਆਂ ਦੀ ਜਰੂਰਤ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਉਹਨਾਂ ਕਾਮਿਆਂ ਨੂੰ ਪਹਿਲ ਦਿੱਤੀ ਹੈ ਜੋ ਪਹਿਲਾਂ ਤੋਂ ਹੀ ਸੂਬੇ ਦੇ ਆਰਥਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਉਹਨਾਂ ਗੱਲਬਾਤ ਕਰਦਿਆਂ ਅੱਗੇ ਕਿਹਾ ਕਿ ਕੁੱਝ ਅਲੋਚਕਾਂ ਦਾ ਕਹਿਣਾ ਹੈ ਕਿ ਸਾਨੂੰ ਟੈਮਪਰੇਰੀ ਫੌਰਨ ਵਰਕਰ ਪ੍ਰੋਗਰਾਮ ਬੰਦ ਕਰਨੇ ਚਾਹੀਦੇ ਹਨ। ਪਰ ਅਸੀਂ ਉਸ ਸ੍ਰੇਣੀ ਦੇ ਕਾਮਿਆਂ ਲਈ ਇਹ ਪ੍ਰੋਗਰਾਮ ਬੰਦ ਕਰ ਦਿੱਤੇ ਹਨ ਜਿਨ੍ਹਾਂ ਦੀ ਸੂਬੇ ਨੂੰ ਜਰੂਰਤ ਨਹੀਂ ਰਹੀ। ਕੁੱਝ ਅਲੋਚਕਾਂ ਦਾ ਕਹਿਣਾ ਹੈ ਕਿ ਅਲਬਰਟਾ ਵਿੱਚ ਵਿਦੇਸ਼ੀ ਕਾਮਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਹੈ ਪਰ ਸਾਡਾ ਵਿਸ਼ਵਾਸ ਹੈ ਕਿ ਅਲਬਰਟਾ ਉਹਨਾਂ ਵਿਅਕਤੀਆਂ ਦਾ ਹਮੇਸ਼ਾ ਸਵਾਗਤ ਕਰਦਾ ਹੈ ਜਿਹੜੇ ਸੂਬੇ ਦੇ ਵਿਕਾਸ ਵਿੱਚ ਯੋਗਦਾਨ ਪਾ ਰਹੇ ਹਨ। ਰਿਕਾਰਡ ਮੁਤਾਬਿਕ 2012 ਵਿੱਚ 35000 ਵਿਦੇਸ਼ੀ ਕਾਮੇ ਸੂਬੇ ਵਿੱਚ ਆਏ ਹਨ, ਜਿਹੜੇ ਕਿ ਸੂਬੇ ਦੀ ਖ਼ੁਸ਼ਹਾਲੀ ਵਾਸਤੇ ਕੰਮ ਕਰ ਰਹੇ ਹਨ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਲਾਲ ਬੱਤੀ 'ਤੇ ਲਗਾਮ

ਵਾਹਨਾਂ 'ਤੇ ਲਾਲ ਬੱਤੀ ਲਾਉਣਾ ਸਮਾਜ ਵਿਚ ਸ਼ਾਇਦ ਹੈਸੀਅਤ ਅਤੇ ਰੁਤਬੇ ਦਾ ਪੈਮਾਨਾ ਬਣ ਗਿਆ ਹੈ। ਇਕ ਖਾਸ ਵਰਗ ਵਿਚ ਇਹ ਧਾਰਨਾ ਹੈ ਕਿ ਇਸ ਨਾਲ ਉਸ ਦੇ ਸਨਮਾਨ ਵਿਚ ਕਾਫ਼ੀ ਵਾਧਾ ਹੋ ਜਾਂਦਾ ਹੈ। ਹੁਣ ਦੇਰ ਨਾਲ ਹੀ ਸਹੀ ਪਰ ਪੰਜਾਬ ਸਰਕਾਰ ਨੇ ਲਾਲ ਬੱਤੀ ਲਈ ਰਜਿਸਟਰਡ ਲੋਕਾਂ ਦੀ ਸ਼੍ਰੇਣੀ 17 ਤੋਂ 13 ਕਰ ਕੇ ਇਕ ਸਹੀ ਫ਼ੈਸਲਾ ਲਿਆ ਹੈ। ਸਰਕਾਰ ਦੇ ਇਸ ਫ਼ੈਸਲੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰਨਾਂ ਤਖ਼ਤਾਂ ਦੇ ਜਥੇਦਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਕੁਝ ਹੋਰ ਧਾਰਮਕ ਸ਼ਖ਼ਸੀਅਤਾਂ, ਸਿਆਸੀ ਆਗੂਆਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਲਾਲ ਬੱਤੀ ਲਈ ਅਧਿਕਾਰਾਂ ਤੋਂ ਮਹਿਰੂਮ ਕਰ ਦਿੱਤਾ ਹੈ। ਆਈ.ਏ.ਐਸ. ਅਧਿਕਾਰੀਆਂ ਵਿਚ ਵੀ ਉਹ ਸਕੱਤਰ ਲਾਲ ਬੱਤੀ ਨਹੀਂ ਲਾ ਸਕਣਗੇ, ਜੋ ਆਪਣੇ ਵਿਭਾਗਾਂ ਦੇ ਪ੍ਰਸ਼ਾਸਨਿਕ ਸਕੱਤਰ ਨਹੀਂ ਹੋਣਗੇ। ਪਰ ਐਨਾ ਹੀ ਕਾਫ਼ੀ ਨਹੀਂ ਹੈ। ਹੁਣ ਰਾਜ ਸਰਕਾਰ ਨੂੰ ਅਜਿਹੀ ਵਿਵਸਥਾ ਕਰਨੀ ਹੋਵੇਗੀ ਕਿ ਇਸ ਨਵੇਂ ਬਦਲਾਅ ਦਾ ਪਾਲਣ ਵੀ ਹੋਵੇ। ਸੁਪਰੀਮ ਕੋਰਟ ਦੇ ਜਸਟਿਸ ਜੀ.ਐਸ. ਸਿੰਘਵੀ ਦੇ ਬੈਂਚ ਨੇ ਅਪ੍ਰੈਲ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਲਾਲ ਬੱਤੀ ਦੀ ਵਰਤੋਂ ਕਰਨ ਵਾਲੇ ਅਧਿਕਾਰੀਆਂ ਦੀ ਗਿਣਤੀ ਘੱਟ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਨੇ ਵਾਹਨਾਂ ਵਿਚ ਲਾਲ ਬੱਤੀ ਦੀ ਵਰਤੋਂ ਨੂੰ ਲੋਕਾਂ ਦੀ ਆਜ਼ਾਦੀ ਦੇ ਅਧਿਕਾਰ ਵਿਚ ਰੁਕਾਵਟ ਮੰਨਿਆ ਸੀ। ਸਟੇਟਸ ਸਿੰਬਲ ਦੇ ਤੌਰ 'ਤੇ ਵਾਹਨਾਂ ਵਿਚ ਲਾਲ ਬੱਤੀ ਦੀ ਵਰਤੋਂ ਦੀ ਨਿੰਦਾ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਨਮਾਨ ਲਾਲ ਬੱਤੀ ਨਾਲ ਨਹੀਂ ਬਲਕਿ ਜਨਤਾ ਲਈ ਕੰਮ ਕਰਨ ਨਾਲ ਵਧਦਾ ਹੈ। ਅਦਾਲਤ ਨੇ ਆਮ ਆਦਮੀ ਨੂੰ ਅਸੁਵਿਧਾ ਤੋਂ ਬਚਾਉਣ ਲਈ ਸਰਕਾਰਾਂ ਨੂੰ ਕਾਨੂੰਨ ਵਿਚ ਸੋਧ ਕਰਨ ਲਈ ਵੀ ਕਿਹਾ ਸੀ। ਅਦਾਲਤ ਅਨੁਸਾਰ ਸਿਰਫ਼ ਐਂਬੂਲੈਂਸ, ਫਾਇਰ ਬ੍ਰਿਗੇਡ, ਪੁਲੀਸ ਅਤੇ ਫ਼ੌਜ ਦੇ ਵਾਹਨਾਂ 'ਤੇ ਹੀ ਲਾਲ ਬੱਤੀ ਅਤੇ ਸਾਇਰਨ ਦੀ ਵਰਤੋਂ ਹੋਣੀ ਚਾਹੀਦੀ ਹੈ। ਇਸ ਦੇ ਪਿਛੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦੀ ਭਾਵਨਾ ਸਮਝੀ ਜਾ ਸਕਦੀ ਹੈ। ਪਰ ਸਰਕਾਰ ਅਤੇ ਜਨਤਕ ਜੀਵਨ ਵਿਚ ਪ੍ਰਮੁੱਖ ਅਹੁਦਿਆਂ 'ਤੇ ਬੈਠੇ ਲੋਕਾਂ ਨੂੰ ਇਹ ਗੱਲ ਸਮਝਣੀ ਹੋਵੇਗੀ। ਸਨਮਾਨ ਕਿਸੇ ਲਾਲ ਬੱਤੀ ਦਾ ਮੁਹਤਾਜ ਨਹੀਂ ਹੁੰਦਾ। ਸਨਮਾਨ ਲੋਕ ਸੇਵਾ ਨਾਲ ਮਿਲਦਾ ਹੈ। ਸਮਾਜ ਅਤੇ ਦੇਸ਼ ਲਈ ਤਿਆਗ ਨਾਲ ਮਿਲਦਾ ਹੈ। ਪਹਿਲਾਂ ਵੀ ਇਕ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਲਾਲ ਬੱਤੀ ਲਾਉਣ ਦਾ ਅਧਿਕਾਰ ਦਿੱਤਾ ਗਿਆ ਸੀ ਤਾਂ ਪੰਜਾਬ ਵਿਚ ਇਹ ਮਾਮਲਾ ਉਠਿਆ ਸੀ, ਅੰਤ ਇਸ ਫ਼ੈਸਲੇ ਤੋਂ ਪਿਛੇ ਹੱਟਣਾ ਪਿਆ।



## ਪੀਪਲਜ਼ ਪਾਰਟੀ ਤੇ ਕਾਂਗਰਸ ਮਿਲ ਕੇ ਲੜਨਗੇ ਲੋਕ ਸਭਾ ਚੋਣਾਂ

ਕਾਂਗਰਸ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਪਾਰਟੀ ਅਗਲੀਆਂ ਲੋਕ ਸਭਾ ਚੋਣਾਂ ਪੀਪਲਜ਼ ਪਾਰਟੀ ਆਫ਼ ਪੰਜਾਬ ਨਾਲ ਮਿਲ ਕੇ ਲੜੇਗੀ। ਉਧਰ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੇ ਕਰੀਬੀ ਸੂਤਰਾਂ ਨੇ ਦੱਸਿਆ ਕਿ ਕਾਂਗਰਸ ਨਾਲ ਗਠਜੋੜ ਨੂੰ ਲੈ ਕੇ ਪਿਛਲੇ ਦਿਨੀਂ ਪਾਰਟੀ ਦੀ ਮੀਟਿੰਗ ਹੋਈ ਹੈ। ਮੀਟਿੰਗ ਵਿਚ ਇਹ ਤੈਅ ਹੋਇਆ ਹੈ ਕਿ ਜੇਕਰ ਦੋਵੇਂ ਪਾਰਟੀਆਂ ਵਿਚਕਾਰ ਸੀਟਾਂ ਨੂੰ ਲੈ ਕੇ ਤਾਲਮੇਲ ਬਣਦਾ ਹੈ ਤਾਂ ਲੋਕ ਸਭਾ ਚੋਣਾਂ ਮਿਲ ਕੇ ਲੜੀਆਂ ਜਾਣਗੀਆਂ। ਕਪੂਰਥਲਾ ਦੇ ਅਰਬਨ ਅਸਟੇਟ ਵਿਖੇ ਕਰਵਾਏ ਧਾਰਮਕ ਸਮਾਗਮ ਦੌਰਾਨ ਪ੍ਰੈਸ ਕਾਨਫਰੰਸ ਵਿਚ ਬਾਜਵਾ ਨੇ ਕਿਹਾ ਕਿ ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦੇ ਉਦਯੋਗਿਕ ਵਿਕਾਸ ਲਈ ਕੋਈ ਵੀ ਯੋਜਨਾ ਲਾਗੂ ਨਹੀਂ ਕੀਤੀ। ਇਸ ਤੋਂ ਪਹਿਲਾਂ ਗੁਰਦਾਸ ਸਿੰਘ ਬਾਦਲ ਨੇ ਪੀ.ਪੀ.ਪੀ. ਦਾ ਕਾਂਗਰਸ ਪਾਰਟੀ ਨਾਲ ਸਿਆਸੀ ਸਮਝੌਤਾ ਵਧੀਆ ਬਦਲ ਦੱਸਿਆ ਸੀ। ਉਨ੍ਹਾਂ ਕਿਹਾ ਸੀ ਕਿ ਬਲਾਕ ਸੰਮਤੀ ਚੋਣਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਕਾਂਗਰਸ ਅਤੇ ਪੀ.ਪੀ.ਪੀ. ਵਿਚਾਲੇ ਹੋਏ ਸਮਝੌਤੇ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ। ਇਨ੍ਹਾਂ ਚੋਣਾਂ ਤੋਂ ਬਾਅਦ ਪਾਰਟੀ ਦਾ ਆਧਾਰ ਕਾਫ਼ੀ ਮਜ਼ਬੂਤ ਹੋਇਆ ਹੈ ਅਤੇ ਪੰਜਾਬ ਵਿਚ ਵੱਡੀ ਗਿਣਤੀ ਵਿਚ ਲੋਕ ਪੀਪਲਜ਼ ਪਾਰਟੀ ਨਾਲ ਜੁੜ ਰਹੇ ਹਨ। ਗੁਰਦਾਸ ਬਾਦਲ ਨੇ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਵਧੀਆ ਇਨਸਾਨ ਕਰਾਰ ਦਿੰਦੇ ਹੋਏ ਕਿਹਾ ਕਿ ਕਾਂਗਰਸ ਦਾ ਵੋਟ ਬੈਂਕ ਕਾਂਗਰਸ ਦੇ ਹੱਥ ਨਾਲ ਹੀ ਜੁੜਿਆ ਹੋਇਆ ਹੈ। ਇਸ ਲਈ ਇਸ ਵੋਟ ਬੈਂਕ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ।



## ਬਾਜਵਾ-ਜਾਖੜ ਵਿਚਾਲੇ ਠੰਢੀ ਜੰਗ



ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਵਿਚਕਾਰ ਠੰਢੀ ਜੰਗ ਚੱਲ ਰਹੀ ਹੈ। ਹਾਲਾਂਕਿ, ਦੋਵੇਂ ਇਸ 'ਤੇ ਖੁੱਲ੍ਹ ਕੇ ਬੋਲ ਨਹੀਂ ਰਹੇ ਪਰ ਪਾਰਟੀ ਇਸ ਤੋਂ ਚਿੰਤਤ ਹੈ। ਵਿਧਾਇਕਾਂ ਨੂੰ ਲੱਗਦਾ ਹੈ ਕਿ ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਲੋਕ ਸਭਾ ਚੋਣਾਂ ਵਿਚ ਦੋਵਾਂ ਦੀ ਲੜਾਈ ਦਾ ਖਮਿਆਜ਼ਾ ਪੂਰੀ ਪਾਰਟੀ ਨੂੰ ਭੁਗਤਣਾ ਪਵੇਗਾ। ਕੁਝ ਵਿਧਾਇਕਾਂ ਦਾ ਇਥੋਂ ਤਕ ਕਹਿਣਾ ਹੈ ਕਿ ਬਾਜਵਾ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਸੁਨੀਲ ਜਾਖੜ ਨੂੰ ਹਟਾ ਕੇ ਬ੍ਰਹਮ ਮੋਹਿੰਦਰਾ ਨੂੰ ਬਿਠਾਉਣਾ ਚਾਹੁੰਦੇ ਹਨ। ਕਿਆਸਾਂ ਨੂੰ ਇਸ ਲਈ ਹਵਾ ਮਿਲ ਰਹੀ ਹੈ ਕਿਉਂਕਿ ਬਾਜਵਾ ਆਪਣੇ ਗੁੱਟ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਕੈਪਟਨ ਵਿਰੋਧੀਆਂ ਨੂੰ ਥਾਪੜਾ ਦੇ ਰਹੇ ਹਨ। ਜਾਖੜ ਬੇਸ਼ੱਕ ਕਿਸੇ ਗੁੱਟ ਵਿਚ ਨਾ ਹੋਵੇ ਪਰ ਉਹ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀਆਂ ਵਿਚੋਂ ਹਨ। ਕੇਂਦਰ ਦੇ ਸਾਹਮਣੇ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਚੁੱਕਣ ਦੇ ਸਮਰੱਥ ਹੋਣ ਕਾਰਨ ਉਨ੍ਹਾਂ ਦਾ ਦਸ ਜਨਪਥ ਵਿਚ ਕੱਦ ਵੱਧ ਰਿਹਾ ਹੈ। ਇਹੀ ਗੱਲ ਬਾਜਵਾ ਵਿਚ ਅਸੁਰੱਖਿਆ ਦੀ ਭਾਵਨਾ ਵਧਾ ਰਹੀ ਹੈ। ਪ੍ਰਾਪਰਟੀ ਟੈਕਸ ਦਾ ਮਾਮਲਾ ਹੋਵੇ ਜਾਂ ਕਿਤਾਬ ਘੁਟਾਲੇ ਦਾ। ਬੇਰੁਜ਼ਗਾਰਾਂ ਨੂੰ ਰਜਿਸਟਰਡ ਕਰਨ ਦੀ ਗੱਲ ਹੋਵੇ ਜਾਂ ਵਿਧਾਇਕਾਂ ਦੀ ਤਨਖ਼ਾਹ ਤਰਨ ਤਾਰਨ ਦੀ ਪੀੜਤਾ ਨੂੰ ਦੇਣ ਦਾ, ਦੋਵੇਂ ਆਗੂਆਂ ਵਿਚ ਆਪਣੇ ਸਿਰ ਸਿਹਰਾ ਬਣਵਾਉਣ ਦੀ ਹੋੜ ਦਿਖਾਈ ਦੇ ਰਹੀ ਹੈ। ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲਣ ਸਮੇਂ ਬਾਜਵਾ ਨੂੰ ਜਾਖੜ ਨੇ ਸੱਦਾ ਨਹੀਂ ਦਿੱਤਾ ਤਾਂ ਬਾਜਵਾ ਦੀ ਵਿਧਾਇਕ ਪਤਨੀ ਚਰਨਜੀਤ ਕੌਰ ਨੇ ਜਾਖੜ ਨੂੰ ਕਈ ਫ਼ੋਨ ਕੀਤੇ। ਅਕਸਰ ਫ਼ੋਨ ਚੁੱਕ ਲੈਣ ਵਾਲੇ ਜਾਖੜ ਨੇ ਫੋਨ ਰਿਸੀਵ ਨਹੀਂ ਕੀਤਾ। ਬਾਅਦ ਵਿਚ ਜਦੋਂ ਕਿਸੇ ਹੋਰ ਫ਼ੋਨ ਤੋਂ ਚਰਨਜੀਤ ਨੇ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਫ਼ੋਨ ਚੁੱਕ ਲਿਆ ਅਤੇ ਕਿਹਾ ਕਿ ਬਾਜਵਾ ਜੀ ਪ੍ਰਧਾਨ ਹਨ, ਉਨ੍ਹਾਂ ਨੂੰ ਸੱਦਾ ਦੇਣ ਦੀ ਕੀ ਜ਼ਰੂਰਤ ਹੈ, ਉਹ ਜਦੋਂ ਚਾਹੁਣ ਆ ਸਕਦੇ ਹਨ।

ਇਸ ਸਬੰਧੀ ਗੱਲਬਾਤ ਕਰਨ 'ਤੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ, "ਸਾਡੇ ਦੋਵਾਂ ਵਿਚ ਕੋਈ ਠੰਢੀ ਜੰਗ ਨਹੀਂ ਚੱਲ ਰਹੀ। ਉਹ ਮੇਰੇ ਦੋਸਤ ਹਨ ਅਤੇ ਉਨ੍ਹਾਂ ਨਾਲ ਮੇਰੀ ਕੋਈ ਸਿਆਸੀ ਵਿਰੋਧਤਾ ਨਹੀਂ ਹੈ। ਉਹ ਮਾਲਵਾ ਤੋਂ ਰਾਜਨੀਤੀ ਕਰਦੇ ਹਨ ਅਤੇ ਮੈਂ ਮਾਝੇ ਤੋਂ। ਲੱਗਦਾ ਹੈ ਕੁਝ ਲੋਕ ਸਾਡੇ ਦੋਵਾਂ ਵਿਚ ਮਤਭੇਦ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।" ਇਸ ਸਬੰਧੀ ਸੁਨੀਲ ਜਾਖੜ ਨੇ ਕਿਹਾ, "ਠੰਢੀ ਜੰਗ ਵਰਗੀ ਕੋਈ ਗੱਲ ਨਹੀਂ ਹੈ। ਸੋਨੀਆ ਅਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਉਥੇ ਕੁਰਸੀਆਂ ਕਿਸ-ਕਿਸ ਲਈ ਲਾਈਆਂ ਜਾ ਰਹੀਆਂ, ਇਹ ਮੈਂ ਕਿਸ ਤਰ੍ਹਾਂ ਤੈਅ ਕਰ ਸਕਦਾ ਹਾਂ। ਬਾਜਵਾ ਪ੍ਰਧਾਨ ਹੈ, ਉਹ ਜਦੋਂ ਚਾਹੁਣ ਕਿਤੇ ਵੀ ਆ ਜਾ ਸਕਦੇ ਹਨ।"

## ਆਖ਼ਰ ਭੱਠਲ ਨੂੰ ਕੋਠੀ ਦਾ ਮੋਹ ਛੱਡਣਾ ਪਿਆ

ਪੰਜਾਬ ਕਾਂਗਰਸ ਦੀ ਸੀਨੀਅਤ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਆਖ਼ਰ 20 ਸਾਲ ਬਾਅਦ ਚੰਡੀਗੜ੍ਹ ਦੇ ਸੈਕਟਰ 2 ਵਿਚ ਸਥਿਤ 46 ਨੰਬਰ ਸਰਕਾਰੀ ਕੋਠੀ ਖਾਲੀ ਕਰਨੀ ਪੈ ਹੀ ਗਈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਲੰਮੇ ਸਮੇਂ ਤੋਂ ਕਬਜ਼ਾ ਕਰੀ ਬੈਠੀ ਭੱਠਲ ਸਮੇਤ ਹੋਰ ਵੀ.ਵੀ.ਆਈ. ਪੀਜ਼ ਤੋਂ 25 ਜੂਨ ਤੋਂ ਪਹਿਲਾਂ ਕੋਠੀਆਂ ਖ਼ਾਲੀ ਕਰਵਾਉਣ ਦਾ ਹੁਕਮ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਲਗਾਤਾਰ ਕੋਠੀ ਖ਼ਾਲੀ ਕਰਵਾਉਣ ਲਈ ਯਤਨ ਕਰ ਰਹੀ ਸੀ। ਜ਼ਿਕਰਯੋਗ ਹੈ ਕਿ 46 ਨੰਬਰ ਕੋਠੀ ਵਿਰੋਧੀ ਧਿਰ ਦੇ ਨੇਤਾ ਨੂੰ ਮਿਲਦੀ ਹੈ। ਸਾਲ 2012 ਵਿਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਭੱਠਲ ਤੋਂ ਕਾਂਗਰਸ ਵਿਧਾਇਕ ਦਲ ਦੇ ਨੇਤਾ ਦਾ ਅਹੁਦਾ ਖੁਸ ਗਿਆ ਸੀ। ਇਸ ਤੋਂ ਬਾਅਦ ਹੀ ਉਨ੍ਹਾਂ 'ਤੇ ਕੋਠੀ ਖ਼ਾਲੀ ਕਰਵਾਉਣ ਦਾ ਦਬਾਅ ਬਣਨ ਲੱਗਾ ਸੀ ਕਿਉਂਕਿ ਇਸ 'ਤੇ ਹੁਣ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਦਾ ਦਾਅਵਾ ਸੀ। ਉਥੇ ਹੀ ਭੱਠਲ ਕੋਠੀ ਖ਼ਾਲੀ ਨਾ ਕਰਨ 'ਤੇ ਅੜੀ ਰਹੀ। ਇਸ ਕਰ ਕੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਜਾਖੜ ਇਥੇ ਸ਼ਿਫ਼ਟ ਨਹੀਂ ਹੋ ਸਕੇ। ਸੂਬਾ ਸਰਕਾਰ ਵਲੋਂ ਉਨ੍ਹਾਂ ਨੂੰ ਕਈ ਵਾਰ ਨੋਟਿਸ ਭੇਜ ਕੇ ਕੋਠੀ ਖ਼ਾਲੀ ਕਰਨ ਲਈ ਕਿਹਾ ਗਿਆ ਪਰ ਬੀਬੀ ਭੱਠਲ ਨੇ ਬਿਮਾਰ ਮਾਂ ਅਤੇ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਕੋਠੀ ਖ਼ਾਲੀ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਹੁਣ ਮਾਮਲਾ ਹਾਈਕੋਰਟ ਵਿਚ ਪਹੁੰਚ ਗਿਆ ਸੀ, ਜਿਸ ਕਾਰਨ ਬੀਬੀ 'ਤੇ ਦਬਾਅ ਵੱਧ ਗਿਆ ਸੀ। ਇਥੇ ਇਹ ਦੱਸਣਾ ਵੀ ਬਣਦਾ ਹੈ ਕਿ ਬੇਅੰਤ ਸਿੰਘ ਦੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਬੀਬੀ ਭੱਠਲ ਬਤੌਰ ਮੰਤਰੀ ਰਹਿੰਦੇ ਹੋਏ ਇਸ ਕੋਠੀ ਵਿਚ ਆਈ ਸੀ। ਬਾਅਦ ਵਿਚ ਮੁੱਖ ਮੰਤਰੀ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਵਿਚ ਉਪ ਮੁੱਖ ਮੰਤਰੀ ਬਣਨ ਦੇ ਬਾਵਜੂਦ ਉਨ੍ਹਾਂ ਨੇ ਇਸ ਕੋਠੀ ਦਾ ਮੋਹ ਨਹੀਂ ਛੱਡਿਆ ਅਤੇ ਉਥੇ ਹੀ ਰਹੀ। ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਉਹ ਮੁੱਖ ਮੰਤਰੀ ਨਿਵਾਸ 'ਤੇ ਨਹੀਂ ਗਈ ਬਲਕਿ ਇਸੇ ਕੋਠੀ ਨੂੰ ਸਰਕਾਰੀ ਨਿਵਾਸ ਐਲਾਨ ਦਿੱਤਾ ਸੀ। ਇਸ ਤੋਂ ਬਾਅਦ ਕਾਂਗਰਸ ਵਿਧਾਇਕ ਦਲ ਦੀ ਨੇਤਾ ਬਣਨ ਤੋਂ ਬਾਅਦ ਵੀ ਉਹ ਇਸੇ ਕੋਠੀ ਵਿਚ ਰਹੀ।



## ਪੰਜਾਬ ਦੀਆਂ ਜੇਲ੍ਹਾਂ ਵਿਚ ਠਲ੍ਹ ਨਹੀਂ ਰਹੀ ਨਸ਼ਿਆਂ ਦੀ ਵਰਤੋਂ

ਪੰਜਾਬ ਸਰਕਾਰ ਵਲੋਂ ਵਾਰ-ਵਾਰ ਕੀਤੇ ਸਖ਼ਤ ਪ੍ਰਬੰਧਾਂ ਦੇ ਬਾਵਜੂਦ ਰਾਜ ਦੀਆਂ ਉੱਚ ਸੁਰੱਖਿਆ ਪ੍ਰਬੰਧਾਂ ਵਾਲੀਆਂ ਜੇਲ੍ਹਾਂ 'ਚ ਨਸ਼ਿਆਂ ਅਤੇ ਮੋਬਾਈਲ ਫ਼ੋਨਾਂ ਦੀ ਵਰਤੋਂ ਬੇਰੋਕ ਜਾਰੀ ਹੈ। ਹੁਣ ਜੇਲ੍ਹਾਂ ਵਿਚੋਂ ਮਹਿੰਗਾ ਨਸ਼ਾ ਹੈਰੋਇਨ ਤੇ ਚਰਸ ਆਦਿ ਵੀ ਬਰਾਮਦ ਹੋਣ ਕਾਰਨ ਜੇਲ੍ਹ ਪ੍ਰਸ਼ਾਸਨ ਲਈ ਨਵੀਂ ਚਿੰਤਾ ਪੈਦਾ ਹੋ ਗਈ ਹੈ। ਰਾਜ ਦੀਆਂ ਕਈ ਜੇਲ੍ਹਾਂ ਵਿਚੋਂ ਬਾਹਰੋਂ ਵੱਖ-ਵੱਖ ਢੰਗ ਨਾਲ ਨਸ਼ਿਆਂ ਦੀਆਂ ਪੁੜੀਆਂ ਆਦਿ ਸੁੱਟਣ ਦੀਆਂ ਘਟਨਾਵਾਂ ਵਿਚ ਵੀ ਵਾਧਾ ਹੋ ਰਿਹਾ ਹੈ। ਜੇਲ੍ਹ ਵਿਭਾਗ ਤੋਂ ਸੂਚਨਾ ਦੇ ਅਧਿਕਾਰ (ਆਰਟੀਆਈ) ਤਹਿਤ ਇਸ ਵਰ੍ਹੇ ਦੇ ਪਹਿਲੇ ਚਾਰ ਮਹੀਨਿਆਂ ਬਾਰੇ ਹਾਸਲ ਕੀਤੀ ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚੋਂ ਵੱਡੀ ਮਾਤਰਾ ਵਿਚ ਅਫ਼ੀਮ ਦੇ ਨਾਲ-ਨਾਲ ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਵੀ ਮਿਲੀਆਂ ਹਨ। ਜੇਲ੍ਹ ਪ੍ਰਸ਼ਾਸਨ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਜੇਲ੍ਹ ਵਿਚੋਂ ਇਕ ਕੈਦੀ ਕੋਲੋਂ ਹੀ 8 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸ ਤੋਂ ਇਲਾਵਾ ਇਕ ਹੋਰ ਕੈਦੀ ਕੋਲੋਂ 3 ਗ੍ਰਾਮ ਹੈਰੋਇਨ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸੇ ਤਰ੍ਹਾਂ ਦੋ ਹੋਰ ਕੈਦੀਆਂ ਕੋਲੋਂ ਵੀ ਹੈਰੋਇਨ ਦੀਆਂ ਪੁੜੀਆਂ ਬਰਾਮਦ ਕੀਤੀਆਂ ਗਈਆਂ ਹਨ। ਇਸ ਜੇਲ੍ਹ ਵਿਚੋਂ ਕੇਵਲ 4 ਕੈਦੀਆਂ ਕੋਲੋਂ ਹੀ 409 ਗ੍ਰਾਮ ਅਫੀਮ ਬਰਾਮਦ ਹੋਈ ਹੈ। ਇਕ ਕੈਦੀ ਕੋਲੋਂ 3 ਗ੍ਰਾਮ ਨਸ਼ੀਲਾ ਪਾਊਡਰ ਅਤੇ ਇਕ ਹੋਰ ਕੈਦੀ ਕੋਲੋਂ 600 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ ਹਨ। ਇਸ ਜੇਲ੍ਹ ਵਿਚ 30 ਅਪ੍ਰੈਲ ਨੂੰ ਬਾਹਰੋਂ ਪੌਲੀਥੀਨ ਦੇ ਲਿਫ਼ਾਫ਼ੇ ਵਿਚ ਵੱਡੀ ਮਾਤਰਾ ਵਿਚ ਨਸ਼ੇ ਦੀਆਂ ਚਿੱਟੇ ਰੰਗ ਦੀਆਂ ਗੋਲੀਆਂ ਸੁੱਟਣ ਦੀ ਘਟਨਾ ਵੀ ਵਾਪਰੀ ਹੈ। 19 ਫਰਵਰੀ ਨੂੰ ਵੀ ਬਾਹਰੋਂ ਇਸ ਜੇਲ੍ਹ ਵਿਚ ਨਸ਼ੇ ਦੀਆਂ 600 ਗੋਲੀਆਂ ਸੁੱਟਣ ਦੀ ਘਟਨਾ ਵਾਪਰ ਚੁੱਕੀ ਹੈ। ਇਸ ਜੇਲ੍ਹ ਦੇ ਕੈਦੀਆਂ ਕੋਲੋਂ 13 ਮੋਬਾਈਲ ਫੋਨ ਅਤੇ ਚਾਰ ਸਿਮ ਕਾਰਡ ਵੀ ਬਰਾਮਦ ਹੋਏ ਹਨ।




ਇਸੇ ਤਰ੍ਹਾਂ ਕੇਂਦਰੀ ਜੇਲ੍ਹ ਬਠਿੰਡਾ ਵਿਚੋਂ ਤਿੰਨ ਕੈਦੀਆਂ ਕੋਲੋਂ ਨਸ਼ੇ ਦੀਆਂ 910 ਗੋਲੀਆਂ ਬਰਾਮਦ ਹੋਈਆਂ ਹਨ। ਇਕ ਕੈਦੀ ਕੋਲੋਂ ਅਫੀਮ ਬਰਾਮਦ ਹੋਈ। ਇਸ ਜੇਲ੍ਹ ਵਿਚ ਬੰਦ ਚਾਰ ਕੈਦੀਆਂ ਕੋਲੋਂ 4 ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ। ਕੇਂਦਰੀ ਜੇਲ੍ਹ ਗੁਰਦਾਸਪੁਰ ਵਿਚੋਂ ਨਸ਼ੇ ਦੇ 240 ਕੈਪਸੂਲ ਅਤੇ 1100 ਗੋਲੀਆਂ ਬਰਾਮਦ ਹੋਈਆਂ ਹਨ। ਇਸ ਤੋਂ ਇਲਾਵਾ ਇਸ ਜੇਲ੍ਹ ਵਿਚੋਂ 5 ਕੈਦੀਆਂ ਕੋਲੋਂ ਵੱਖ-ਵੱਖ ਸਮੇਂ 30 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਦੋ ਕੈਦੀਆਂ ਕੋਲੋਂ 10-10 ਗ੍ਰਾਮ ਸਮੈਕ ਅਤੇ ਚਰਸ ਵੀ ਬਰਾਮਦ ਕੀਤੀ ਗਈ ਹੈ। ਇਸ ਜੇਲ੍ਹ ਵਿਚੋਂ ਦੋ ਮੋਬਾਈਲ ਫੋਨ ਵੀ ਬਰਾਮਦ ਹੋਏ ਹਨ। ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿਚੋਂ ਇਸ ਸਮੇਂ ਦੌਰਾਨ ਦੋ ਮੋਬਾਈਲ ਫੋਨ ਅਤੇ ਦੋ ਸਿਮ ਬਰਾਮਦ ਹੋਏ ਹਨ। ਅਧਿਕਾਰੀਆਂ ਵਲੋਂ ਇਸ ਜੇਲ੍ਹ ਦੇ ਦੋ ਵਾਰਡਨਾਂ ਨੂੰ ਜੇਲ੍ਹ ਵਿਚ ਮੋਬਾਈਲ ਫ਼ੋਨ ਦੀ ਵਰਤੋਂ ਕਰਵਾਉਣ ਦੇ ਦੋਸ਼ਾਂ ਤਹਿਤ ਮੁਅੱਤਲ ਕੀਤਾ ਗਿਆ ਹੈ। ਜ਼ਿਲ੍ਹਾ ਜੇਲ੍ਹ ਰੂਪਨਗਰ ਵਿਚੋਂ ਇਸ ਸਮੇਂ ਦੌਰਾਨ ਤਿੰਨ ਕੈਦੀਆਂ ਕੋਲੋਂ ਤਿੰਨ ਮੋਬਾਈਲ ਫੋਨ ਬਰਾਮਦ ਕੀਤੇ ਹਨ। ਸਬ ਜੇਲ੍ਹ ਫਾਜ਼ਿਲਕਾ ਵਿਚੋਂ ਬੰਦੀਆਂ ਦੀ ਤਲਾਸ਼ੀ ਦੌਰਾਨ 20 ਗ੍ਰਾਮ ਅਫੀਮ ਅਤੇ 200 ਗ੍ਰਾਮ ਪੋਸਤ ਬਰਾਮਦ ਹੋਇਆ ਹੈ। ਦੱਸਣਯੋਗ ਹੈ ਕਿ ਪਿਛਲੇ ਸਮੇਂ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ੁਦ ਜੇਲ੍ਹਾਂ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਰਹੇ ਹਨ। ਇਸ ਦੌਰਾਨ ਜੇਲ੍ਹਾਂ ਨੂੰ ਨਸ਼ਿਆਂ ਅਤੇ ਮੋਬਾਈਲ ਫੋਨਾਂ ਤੋਂ ਮੁਕਤ ਕਰਨ ਲਈ ਕਈ ਕਦਮ ਵੀ ਚੁੱਕੇ ਗਏ ਹਨ। ਇਸ ਦੌਰਾਨ ਜੇਲ੍ਹ ਦੇ ਕਈ ਮੁਲਾਜ਼ਮ ਮੁਅੱਤਲ ਅਤੇ ਬਰਖ਼ਾਸਤ ਵੀ ਕੀਤੇ ਗਏ ਹਨ। ਹੁਣ ਬਾਹਰੋਂ ਜੇਲ੍ਹਾਂ ਵਿਚ ਨਸ਼ਿਆਂ ਦੀਆਂ ਪੋਟਲੀਆਂ ਸੁੱਟਣ ਦੀਆਂ ਵਾਪਰ ਰਹੀਆਂ ਘਟਨਾਵਾਂ ਕਾਰਨ ਜੇਲ੍ਹ ਪ੍ਰਸ਼ਾਸਨ ਲਈ ਨਵੀਂ ਮੁਸੀਬਤ ਪੈਦਾ ਹੋ ਗਈ ਹੈ।

ALBERTA CARPET CENTRE LTD.
FLOOR COVERING CARPET LINO TILES GRANITE SLATE AREA RUGS HARDWOOD & LAMINATE
4238 99 St. Edmonton
GLASS MOSAICS STARTING AT 4.99/SF (4260 SF IN STOCK)
CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT
MILLION DOLLAR INVENTORY REDUCTION SALE
PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)
SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON
MAPLEHARDWOOD 4/4 x 5/8" 3.99 / SF (4,000 SF IN STOCK)
SUPER BLOWOUT SALE!
HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE
CALL BALBIR SINGH JAGGI
780 435 9410
Fax: 780 435 2596

ROCKY'S PIZZA
Phone 780-423-2323
4227 - 23 Ave Edmonton, AB T6L 5Z8
Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday
ROCKY'S PIZZA
PACKS A LOT OF PUNCH!!




Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## DRIVING SCHOOL LTD.

Authorised teach Certification Course

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu

Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

Gurcharan Singh Garcha (M.Sc. M.Ed.)

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

## PIZZA99



Serving for over 16 years

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

ਪਰਮਜੀਤ ਸਿੰਘ ਬਾਠ

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE — 1543 Millwoods Road East, Edmonton AB.

## Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful, durable and fire resistant cladding.

All kind of Stucco
Acrylic & Rain Screen

Harinder Dhaliwal (780) 297-9165

## Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com

# Ghadr Centennial Commemoration 2013

*A Tribute to Patriots and Heroes of the Ghadr Movement*

## PROGRESSIVE PEOPLES FOUNDATION OF EDMONTON

Presents: Play **'NISHAN-E-GHADR'**

Written & Directed by: **DAVINDER DAMAN** (Renowned Play Writer, Theater Actor, Director)

**Time & Date: Saturday, 31st August, 2013 @ 2 pm**

**Place: Festival Place, 100 Festival Way, Sherwood Park, AB.**

The play NISHAN-E-GHADR unfolds the glorious saga of heroic deeds of the young revolutionaries of Ghadr movement. Launching the movement in North America, they fought against the spoils of Imperialism to achieve human dignity, social justice and freedom of their motherland. The playwright's primary objective has been to bring into sharp focus the vision and legacy of these brave sons of the motherland who were hanged to death, while the remaining ones suffered extreme physical and mental torture in Cellular Jail. Let us share an untold story of the grim struggle and sacrifice of these patriots with our new generation.


Pundit Kanshi Ram


Kartar Singh Sarabha


Lala Hardayal


Bibi Ghulab Kaur


Sohan Singh Bhakhna


Maulvi Barkat Ullah

ਗ਼ਦਰ ਸ਼ਤਾਬਦੀ ਨੂੰ ਸਮਰਪਿਤ

## ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਪੇਸ਼ ਕਰਦੇ ਹਨ

100 ਵਰ੍ਹੇ ਪਹਿਲਾਂ ਚੰਗੀ ਜ਼ਿੰਦਗੀ ਤੇ ਉੱਜਲ ਭਵਿਖ ਦੇ ਸੁਪਨੇ ਲੈ ਕੇ ਉੱਤਰੀ-ਅਮਰੀਕਾ ਦੀ ਧਰਤੀ ਤੇ ਆਏ ਨੌਜਵਾਨ ਭਾਰਤੀਆਂ ਵਲੋਂ ਨਸਲੀ ਭਿੰਨ-ਭੇਦ, ਸਮਾਜਿਕ-ਆਰਥਿਕ ਵਿਤਕਰੇ, ਦੇਸ਼ ਦੀ ਆਜਾਦੀ ਅਤੇ ਸਾਮਰਾਜ ਦੇ ਖਾਤਮੇ ਲਈ ਫਾਂਸੀਆਂ ਤੇ ਚੜ੍ਹਣ, ਜੇਲ੍ਹਾਂ ਕੱਟਣ ਦੇ ਜਾਨ ਹੂਲਵੇਂ ਸੰਘਰਸ਼ ਦੀ ਕਹਾਣੀ ਬਿਆਨ ਕਰਦਾ **ਨਾਟਕ**

# 'ਨਿਸ਼ਾਨ-ਏ-ਗ਼ਦਰ'

ਲੇਖਕ ਤੇ ਨਿਰਦੇਸ਼ਕ: ਉੱਘੇ ਰੰਗਕਰਮੀ **ਦਵਿੰਦਰ ਦਮਨ**

ਦਿਨ - ਸਮਾਂ: 31 ਅਗਸਤ 2013 (ਸ਼ਨੀਵਾਰ) 2 ਵਜੇ

ਸਥਾਨ: ਫੈਸਟੀਵਲ ਪਲੇਸ, 100 ਫੈਸਟੀਵਲ ਵੇ, ਸ਼ੇਰਵੁੱਡ ਪਾਰਕ

Tickets **$10.00** per person

Tickets **$10.00** per person


ਲੇਖਕ-ਨਿਰਦੇਸ਼ਕ ਦਵਿੰਦਰ ਦਮਨ ਨਾਟਕ ਦੀ ਟੀਮ ਅਤੇ ਪ੍ਰਬੰਧਕਾਂ ਨਾਲ

ਆਉ ਆਪਣੇ ਸ਼ਾਨਾਮਤੇ ਵਿਰਸੇ ਅਤੇ ਮਹਾਨ ਪ੍ਰੰਪਰਾਂਵਾਂ ਨੂੰ ਨੌਜਵਾਨ ਪੀੜ੍ਹੀ ਦੇ ਸਨਮੁਖ ਕਰੀਏ

**FOR MORE INFORMATION CONTACT:**

## The Ghadr Centennial Commemoration Planning Team

Dalbir Sangione: 780 995 5475; Dr. P.R Kalia: 780 485 2989; Prof. Raj Pannu: 780 439 9220; Gurcharan Brar: 780 265 3752; Sonny Gill: 780 497 8801; Gursewak Mann: 587 920 7710; Parminder Dhaliwal: 780 994 1886; Darshan Khaira: 780 450 3834; Navtej Bains: 780 200 2872; Joginder Randhawa: 780 914 6251; Bakhash Sangha: 780 660 7520; Kirtmeet Kohar: 780 200 5328; Rabinder Sra: 780 431 1692; Usha Bhachhoo: 780 200 3078; Surinder Deol: 780 239 9038; Gurminder Moom: 780 450 2075; Gurtej Brar: 780 906 0371; Devinder Sunner: 780 952 7334; Parminder Sooch: 780 297 6105; Jasbir Sangha: 780 863 4055; Jaswinder Minhas: 587 231 3350; Kashmira Badesha: 587 709 3070; Ravinder Shahi: 780 267 9941; Gurjeet Kang:780 271 1699; Varinder Bhachoo:780 299 5301; Harjinder Badesha: 780 265 1920; Gurmail Dhaliwal: 780 265 6990; Jagdev Sohi: 780 940 9941; Anantveer Thind: 780 200 1791; Suuny Dhaliwal: 780 885 8380

# ਹਰਦਮ ਸਿੰਘ ਮਾਨ ਦਾ ਗ਼ਜ਼ਲ ਸੰਗ੍ਰਹਿ 'ਅੰਬਰਾਂ ਦੀ ਭਾਲ ਵਿਚ' ਰਿਲੀਜ਼




ਚੰਡੀਗੜ੍ਹ : ਕੌਮਾਂਤਰੀ ਪੰਜਾਬੀ ਇਲਮ ਦੀ ਚੰਡੀਗੜ੍ਹ-ਮੁਹਾਲੀ ਇਕਾਈ ਵਲੋਂ ਉੱਤਮ ਰੈਸਟੋਰੈਂਟ ਸੈਕਟਰ 46 ਵਿਖੇ ਪ੍ਰਸਿੱਧ ਗ਼ਜ਼ਲਗੋ ਹਰਦਮ ਸਿੰਘ ਮਾਨ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਅੰਬਰਾਂ ਦੀ ਭਾਲ ਵਿਚ' ਰਿਲੀਜ਼ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਗਿੱਲ, ਦਰਸ਼ਨ ਬੁੱਟਰ, ਸੁਖਚੈਨ ਭੰਡਾਰੀ, ਮਨਮੋਹਨ ਸਿੰਘ ਦਾਊਂ, ਹਰਦਮ ਸਿੰਘ ਮਾਨ ਅਤੇ ਸਾਥੀ ਬਲਵਿੰਦਰ ਸਿੰਘ ਉੱਤਮ ਸ਼ਾਮਲ ਸਨ। ਪੁਸਤਕ ਬਾਰੇ ਬੋਲਦਿਆਂ ਪ੍ਰਸਿੱਧ ਸ਼ਾਇਰ ਜਸਵਿੰਦਰ (ਰੋਪੜ) ਨੇ ਕਿਹਾ ਕਿ ਅੱਜ ਪੰਜਾਬੀ ਗਜ਼ਲ ਵਿਚ ਦੋ ਮੁੱਖ ਧਾਰਾਵਾਂ ਚੱਲ ਰਹੀਆਂ ਹਾਂ- ਇਕ ਕਾਫੀਆ ਪੈਮਾਈ ਦੀ ਹੈ ਤੇ ਦੂਜੀ ਮਸਲਿਆਂ ਨੂੰ ਗਹਿਰਾਈ ਨਾਲ ਲੈਂਦੀ ਹੈ. ਹਰਦਮ ਸਿੰਘ ਮਾਨ ਦੂਜੀ ਧਾਰਾ ਦੇ ਸ਼ਾਇਰ ਹਨ ਤੇ ਉਹਨਾਂ ਦੀ ਸ਼ਾਇਰੀ ਨਵੇਂ ਅੰਬਰਾਂ ਨੂੰ ਤਲਾਸ਼ਣ ਦੀ ਸ਼ਾਇਰੀ ਹੈ। ਹਰਜਿੰਦਰ ਸਿੰਘ ਸੂਰੇਵਾਲੀਆ ਨੇ ਕਿਹਾ ਕਿ ਕਹਾਣੀਕਾਰ ਵਜੋਂ ਗ਼ਜ਼ਲ ਨੂੰ ਵੇਖਦਿਆਂ ਮਾਨ ਦੀ ਗ਼ਜ਼ਲ ਪੰਜਾਬੀ ਗ਼ਜ਼ਲ ਦਾ ਹਾਸਲ ਲੱਗਦੀ ਹੈ। ਸੁਰਿੰਦਰ ਪ੍ਰੀਤ ਘਣੀਆ ਨੇ ਕਿਹਾ ਕਿ ਅਰੂਜ਼ ਤੇ ਪਿੰਗਲ ਦੇ ਲਿਹਾਜ਼ ਨਾਲ ਪੁਖ਼ਤਾ ਅਤੇ ਵਿਚਾਰਾਂ ਦੇ ਲਿਹਾਜ਼ ਨਾਲ ਵੀ ਇਹ ਅੱਗੇ ਦੀ ਗੱਲ ਕਰਦੀ ਹੈ। ਸ਼ਿਵ ਨਾਥ ਨੇ ਵਿਚਾਰਕ ਪੱਖਾਂ ਨੂੰ ਸ਼ੇਅਰਾਂ ਦੇ ਹਵਾਲੇ ਨਾਲ ਪੇਸ਼ ਕੀਤਾ। ਸ੍ਰੀ ਦਾਊਂ ਨੇ ਇਸ ਸ਼ਾਇਰੀ ਨੂੰ ਮਾਨਵੀ ਕਦਰਾਂ ਕੀਮਤਾਂ ਨੂੰ ਪ੍ਰਣਾਈ ਫਿਕਰਮੰਦੀ ਦੀ ਸ਼ਾਇਰੀ ਕਿਹਾ। ਸੁਰਿੰਦਰ ਗਿੱਲ ਨੇ ਕਿਹਾ ਕਿ ਸ੍ਰੀ ਮਾਨ ਲੰਮੇ ਸਮੇਂ ਤੋਂ ਰਚਨਾ ਕਰ ਰਹੇ ਹਨ ਪਰ ਇਨ੍ਹਾਂ ਪੁਸਤਕ ਛਪਾਉਣ ਦੀ ਕਾਹਲ ਨਹੀਂ ਕੀਤੀ। ਇਸ ਲਈ ਪੁਸਤਕ ਵਿੱਚ ਚੰਗੀਆਂ ਰਚਨਾਵਾਂ ਨੂੰ ਥਾਂ ਮਿਲ ਸਕੀ ਹੈ। ਲੇਖਕ ਵਧਾਈ ਦਾ ਪਾਤਰ ਹੈ. ਦਰਸ਼ਨ ਬੁੱਟਰ ਨੇ ਕਿਹਾ ਕਿ ਮਾਨ ਦੀ ਸ਼ਾਇਰੀ ਸਮਾਜਕ ਸਰੋਕਾਰਾਂ ਦੀ ਗੱਲ ਕਰਦੀ ਹੈ। ਸੁਸ਼ੀਲ ਦੁਸਾਂਝ ਨੇ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਜ਼ਿਕਰ ਕੀਤਾ. ਸ਼ਾਮ ਸਿੰਘ (ਅੰਗ-ਸੰਗ) ਨੇ ਕਿਹਾ ਕਿ ਇਹ ਪੁਸਤਕ ਪੜ੍ਹ ਕੇ ਮੈਨੂੰ ਗ਼ਜ਼ਲ ਦੀ ਗਹਿਰਾਈ ਦਾ ਪਤਾ ਲੱਗਿਆ। ਹਰਦਮ ਸਿੰਘ ਮਾਨ ਨੇ ਆਪਣੇ ਲੇਖਣੀ ਦੇ ਸਫ਼ਰ ਬਾਰੇ ਵਿਚਾਰ ਪ੍ਰਗਟ ਕੀਤੇ ਅਤੇ ਆਪਣੀਆਂ ਪੰਜ ਗ਼ਜ਼ਲਾਂ ਪੇਸ਼ ਕੀਤੀਆਂ। ਇਸ ਮੌਕੇ ਜੈਨਇੰਦਰ ਚੌਹਾਨ, ਦੇਵ ਭਾਰਦਵਾਜ, ਕਸ਼ਮੀਰ ਸਿੰਘ ਪੰਨੂ, ਦੇਵਿੰਦਰਜੀਤ, ਦਲਜੀਤ ਕੌਰ ਦਾਊਂ, ਅਮਰਜੀਤ ਕੌਰ ਹਿਰਦੇ, ਰਤਨੀਵ, ਥੰਮਣ ਸਿੰਘ ਸੈਣੀ ਅਤੇ ਹੋਰ ਲੇਖਕ ਹਾਜ਼ਰ ਸਨ। ਮੰਚ ਸੰਚਾਲਨ ਸ਼ਾਮ ਸਿੰਘ (ਅੰਗ-ਸੰਗ) ਨੇ ਬਖ਼ੂਬੀ ਕੀਤਾ.

# ਇਕਬਾਲ ਖ਼ਾਨ ਦੀ ਪੁਸਤਕ "ਗੁੰਮੀਆਂ ਪੌਣਾਂ ਦਾ ਅਹਿਦ" ਲੋਕ ਅਰਪਨ



'ਗੁੰਮੀਆਂ ਪੌਣਾਂ ਦਾ ਅਹਿਦ' ਪੁਸਤਕ ਰਿਲੀਜ਼ ਕੀਤੇ ਜਾਣ ਦਾ ਦ੍ਰਿਸ਼।

ਕੈਲਗਰੀ (ਕੇਸਰ ਸਿੰਘ ਨੀਰ, ਡਾ. ਹਰਭਜਨ ਸਿੰਘ ਢਿੱਲੋਂ): ਲਿਖਾਰੀ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਮਿਲਣੀ ਦੌਰਾਨ ਇਕਬਾਲ ਖ਼ਾਨ ਦੀ ਪੁਸਤਕ ਗੁੰਮੀਆਂ ਪੌਣਾਂ ਦਾ ਅਹਿਦ ਲੋਕ ਅਰਪਨ ਕੀਤੀ ਗਈ। ਡਾ. ਰਘਬੀਰ ਸਿੰਘ ਸਿਰਜਣਾ ਨੇ 'ਗੁੰਮੀਆਂ ਪੌਣਾਂ ਦਾ ਅਹਿਦ' 'ਤੇ ਭਰਪੂਰ ਅਤੇ ਉਸਾਰੂ ਅਲੋਚਨਾ ਕਰਕੇ ਇਕਬਾਲ ਖ਼ਾਨ ਦੀ ਕਵਿਤਾ ਦਾ ਵਿਸ਼ਲੇਸ਼ਨ ਕਰਦਿਆਂ ਇਕਬਾਲ ਖ਼ਾਨ ਨੂੰ ਇੱਕ ਕਾਮਯਾਬ ਕਵੀ ਦੱਸਿਆ। ਉਨ੍ਹਾਂ ਕਿਹਾ ਕਿ ਵਿਚਾਰਾਂ ਦੇ ਨਾਲ ਨਾਲ ਨਵੇਂ ਨਵੇਂ ਬਿੰਬਾਂ ਪ੍ਰਤੀਕਾਂ ਦੀ ਵਰਤੋਂ ਕਰਦਿਆਂ, ਕਵਿ-ਸ਼ਿਲਪ ਦਾ ਵੀ ਪੂਰੀ ਤਰ੍ਹਾਂ ਧਿਆਨ ਰੱਖਦਾ ਹੈ। ਡਾ. ਸਿਰਜਣਾ ਨੇ ਆਖਿਆ ਕਿ ਇਕਬਾਲ ਨੇ ਅਰਜਨ ਸਿੰਘ ਗੜਗਜ ਦੇ ਕਹਿਣ ਵਾਂਗ 'ਦੋ ਪੈਰ ਘੱਟ ਤੁਰਨਾ ਵਾਲਾ ਮੁਹਾਵਰਾ ਦੁਹਰਾ ਦਿੱਤਾ ਹੈ, ਕਿਉਂਕਿ ਬਹੁਤ ਧੀਮੀ ਗਤੀ ਨਾਲ ਲਿਖਣ ਵਾਲਾ ਸ਼ਾਇਰ ਹੈ, ਪਰ ਮਿਆਰੀ ਲਿਖਣ ਦੀ ਕੋਸ਼ਿਸ਼ ਕਰਦਾ ਹੈ। ਰਘਬੀਰ ਸਿੰਘ ਹੁਰਾਂ ਨੇ ਇਕਬਾਲ ਦੀ ਵਾਰਤਿਕ, ਜੋ ਕਿਤਾਬ ਦੇ ਪਿਛਲੇ ਹਿੱਸੇ ਵਿੱਚ ਦਰਸ਼ਨ ਦੋਸਾਂਝ ਬਾਰੇ ਦਿੱਤੀ ਜਾਣਕਾਰੀ ਦੀ ਵੀ ਸ਼ਲਾਘਾ ਕੀਤੀ।

ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿਚ ਹੋਰ ਵੀ ਵਧੀਆ ਕਵਿਤਾ ਪੰਜਾਬੀ ਸਾਹਿਤ ਨੂੰ ਦੇਵੇਗਾ। ਉਨ੍ਹਾਂ ਇਕਬਾਲ ਖ਼ਾਨ ਦੀ ਕਵਿਤਾ ਬਾਰੇ ਬੋਲਦਿਆ ਕਿਹਾ ਕਿ ਇਕਬਾਲ ਖ਼ਾਨ ਨਕਸਲਵਾੜੀ ਲਹਿਰ ਦਾ ਸਰਗਰਮ ਕਾਰਕੁਨ ਰਿਹਾ ਹੈ। ਇਸ ਲਈ ਇਹਦੀ ਕਵਿਤਾ ਵਿਚ ਲੋਕ-ਸਰੋਕਾਰ, ਲੋਕਾਂ ਦਾ ਦੁੱਖ ਦਰਦ, ਲੋਕ-ਸੰਘਰਸ਼ਾਂ ਦਾ ਜ਼ਿਕਰ ਹੁੰਦਾ ਹੈ। ਇਕਬਾਲ ਦੀ ਇਹ ਤੀਸਰੀ ਕਿਤਾਬ ਹੈ। ਇਸ ਤੋਂ ਪਹਿਲਾਂ ਉਹ, 'ਕਾਫ਼ਲੇ' ਅਤੇ 'ਨਾਗ ਦੀ ਮੌਤ' ਪੰਜਾਬੀ ਸਹਿਤ ਦੀ ਝੋਲ਼ੀ ਪਾ ਚੁੱਕਾ ਹੈ। ਕੇਸਰ ਸਿੰਘ ਨੀਰ ਨੇ ਡਾ. ਰਘਬੀਰ ਸਿੰਘ ਸਿਰਜਣਾ, ਸਭਾ ਦੇ ਪ੍ਰਧਾਨ ਦੇ ਨਾਲ ਸਭਾ ਦੇ ਮੈਂਬਰਾਂ ਨੂੰ ਕਿਤਾਬ ਰਿਲੀਜ਼ ਕਰਨ ਦਾ ਸੱਦਾ ਦਿੱਤਾ। ਕਿਤਾਬ ਰਿਲੀਜ਼ ਹੁੰਦਿਆਂ ਹੀ ਕਿਤਾਬ ਖ਼ਰੀਦਣ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ। ਇਕਬਾਲ ਖ਼ਾਨ ਵਲੋਂ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ ਗਿਆ। 'ਬੱਸ ਵਿੱਚ ਸਫ਼ਰ ਕਰਦਿਆਂ', 'ਮੈਂ ਤੇ ਚੰਦ' ਕਵਿਤਾਵਾਂ ਨੂੰ ਭਰਪੂਰ ਦਾਦ ਮਿਲੀ। ਸੁਰਜੀਤ ਸਿੰਘ ਪੰਨੂ ਨੇ ਚੌਬਰਗੇ ਅਤੇ ਰੁਬਾਈਆਂ, ਸਰੂਪ ਸਿੰਘ ਮੰਡੇਰ ਨੇ ਕਵੀਸ਼ਰੀ, ਸੁਰੀਲੇ ਸੁਰ ਦੇ ਮਾਲਕ ਬਲਜਿੰਦਰ ਢਿੱਲੋਂ ਨੇ 'ਕਲਜੁਗੀ ਮਾਂ', ਜਸਵੰਤ ਸਿੰਘ ਸੇਖ਼ੋਂ ਨੇ 'ਹੜ੍ਹਾਂ' ਬਾਰੇ ਲਿਖਿਆ (ਛੰਦ) ਸੁਣਾ ਕੇ ਕੁਦਰਤ ਦੇ ਇਸ ਕਹਿਰ ਤੋਂ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਪਛਾਨਣ ਲਈ ਸਨੇਹਾ ਦਿਤਾ। ਪ੍ਰਧਾਨ ਸਤਨਾਮ ਸਿੰਘ ਢਾਅ ਨੇ ਇਕਬਾਲ ਖ਼ਾਨ ਨੂੰ ਵਧਾਈ ਦਿੰਦੇ ਹੋਏ ਆਖਿਆ ਕਿ ਇਸ ਕਾਵਿ-ਸੰਗ੍ਰਹਿ ਨਾਲ ਇਕਬਾਲ ਨੇ ਪੰਜਾਬੀ ਸਾਹਿਤ ਵਿਚ ਇਕ ਮੁਲਵਾਨ ਵਾਧਾ ਕੀਤਾ ਹੈ। ਅਸੀਂ ਆਸ ਕਰਦੇ ਹਾਂ ਕਿ ਅਗੇ ਤੋਂ ਹੋਰ ਵੀ ਵਧੀਆ ਰਚਨਾਵਾ ਅਤੇ ਪੂਰੀ ਲਗਨ ਨਾਲ ਲਗਾਤਾਰ ਇਸੇ ਤਰ੍ਹਾਂ ਉਤਸ਼ਾਹ ਨਾਲ ਲਿਖ ਕੇ ਮਾਂ ਬੋਲੀ ਨੂੰ ਹੋਰ ਅਮੀਰ ਕਰੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਜਿੰਨੀਆਂ ਵੀ ਕਿਤਾਬਾਂ ਸਾਹਿਤ ਪ੍ਰੇਮੀਆਂ ਵਲੋਂ ਖ਼ਰੀਦੀਆਂ ਗਈਆਂ, ਇਕਬਾਲ ਨੇ ਇਹ ਸਾਰੇ ਦੇ ਸਾਰੇ ਪੈਸੇ ਅਰਪਨ ਲਿਖਾਰੀ ਸਭਾ ਲਈ ਫ਼ੰਡ ਵਜੋਂ ਦੇ ਦਿੱਤੇ ਹਨ।

# ਪੱਤਰਕਾਰ ਗੁਰਪ੍ਰੀਤ ਸਿੰਘ ਦੀ ਕਿਤਾਬ ਲੋਕ ਅਰਪਣ

ਵੈਨਕੂਵਰ- ਪਿਛਲੇ ਦਿਨੀਂ ਪੱਤਰਕਾਰ ਅਤੇ ਲੇਖਕ ਗੁਰਪ੍ਰੀਤ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਕਿਤਾਬ Why Mewa Singh Killed William Hopkinson ਭਾਰਤ ਅਤੇ ਕਨੇਡਾ ਵਿਚ ਇਕੋ ਸਮੇਂ ਜਾਰੀ ਕੀਤੀ ਗਈ। ਇਹ ਕਿਤਾਬ ਵਿਸ਼ੇਸ਼ ਖੋਜ ਕਾਰਜ ਨੂੰ ਅਧਾਰ ਬਣਾ ਕੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਲਈ ਲਿਖੀ ਗਈ ਹੈ। ਕਿਤਾਬ ਵਿਚ ਵਿਲੀਅਮ ਹੌਪਕਿੰਸਨ ਦੇ ਕਤਲ ਦਾ ਬਿਰਤਾਂਤ ਹੈ, ਜਿਸਨੂੰ ਗ਼ਦਰੀ ਮੇਵਾ ਸਿੰਘ ਨੇ ਇਸ ਲਈ ਮਾਰਿਆ ਕਿਉਂਕਿ ਕਨੇਡਾ ਵਿਚ ਨਸਲੀ ਵਿਤਕਰੇ ਦੇ ਚੱਲਦਿਆਂ ਹੌਪਕਿੰਸਨ ਦੇ ਗੁਪਤਚਰ ਵਲੋਂ ਸਤੰਬਰ 1914 ਵਿਚ ਸਿੱਖ ਆਗੂ ਭਾਗ ਸਿੰਘ ਅਤੇ ਉਸ ਦੇ ਸਾਥੀ ਬੱਦਨ ਸਿੰਘ ਨੂੰ ਗੁਰਦੁਆਰੇ ਅੰਦਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਬਾਅਦ ਵਿਚ 1915 ਵਿਚ ਵਿਲੀਅਮ ਹੌਪਕਿੰਸਨ ਦੇ ਕਤਲ ਦੇ ਦੋਸ਼ ਵਿਚ ਮੇਵਾ ਸਿੰਘ ਨੂੰ ਫਾਂਸੀ ਵੀ ਚੜ੍ਹਾਇਆ ਗਿਆ। ਇੱਥੇ ਦੱਸਣਯੋਗ ਹੈ ਕਿ ਨਸਲੀ ਸੰਘਰਸ਼ ਕਨੇਡਾ ਵਿਚ ਉਦੋਂ ਤੇਜ਼ ਹੋਇਆ ਜਦੋਂ ਕਾਮਾਗਾਟਾਮਾਰੂ ਜਹਾਜ਼ ਨੂੰ ਕਨੇਡਾ ਸਰਕਾਰ ਵਲੋਂ ਜਬਰੀ ਵਾਪਸ ਮੋੜ ਦਿੱਤਾ ਗਿਆ। ਇਸ ਤਰ੍ਹਾਂ ਇਸ ਕਿਤਾਬ ਦਾ ਸਿੱਧੇ ਤੌਰ 'ਤੇ ਸਬੰਧ ਗ਼ਦਰ ਲਹਿਰ ਨਾਲ ਹੈ। ਕਿਉਂਕਿ ਇਸ ਸਾਲ ਦੁਨੀਆ ਭਰ ਵਿਚ ਗ਼ਦਰ ਲਹਿਰ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ, ਇਸ ਲਈ ਗੁਰਪ੍ਰੀਤ ਸਿੰਘ ਦੁਆਰਾ ਲਿਖੀ ਕਿਤਾਬ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।

ਪੰਜਾਬ ਦੇ ਸ਼ਹਿਰ ਲੁਧਿਆਣਾ ਵਿਚ ਸ਼ਹੀਦ ਭਗਤ ਸਿੰਘ ਦੇ ਰਿਸ਼ਤੇਦਾਰ ਅਤੇ ਪ੍ਰਸਿੱਧ ਬੁੱਧੀਜੀਵੀ ਪ੍ਰੋ. ਜਗਮੋਹਨ ਸਿੰਘ ਵਲੋਂ ਇਸ ਕਿਤਾਬ ਨੂੰ ਰਿਲੀਜ਼ ਕੀਤਾ ਗਿਆ। ਕਨੇਡਾ ਦੇ ਸ਼ਹਿਰ ਡੈਲਟਾ ਵਿਚ ਹਰਜੀਤ ਢਿੱਲੋਂ, ਮਨਜੀਤ ਢਿੱਲੋਂ, ਉਤਮ ਸਿੰਘ, ਜਗਜੀਤ ਸਿੰਘ, ਹਰਨਾਮ ਸਿੰਘ ਪਰਵਾਨਾ, ਜਸਵਿੰਦਰ ਸਿੰਘ ਤੂਰ ਵਰਗੀਆਂ ਹਸਤੀਆਂ ਨੇ ਕਿਤਾਬ ਨੂੰ ਲੋਕ ਅਰਪਨ ਕੀਤਾ, ਜਿਨ੍ਹਾਂ ਦੇ ਬਜ਼ੁਰਗਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਅਥਾਹ ਕੁਰਬਾਨੀਆਂ ਦਿੱਤੀਆਂ ਹਨ। ਇਸ ਮੌਕੇ ਮਨਜੀਤ ਢਿੱਲੋਂ ਵੱਲੋਂ ਗ਼ਦਰ ਲਹਿਰ ਨਾਲ ਜੁੜੀਆਂ ਰਚਨਾਵਾਂ ਵੀ ਸਰੋਤਿਆਂ ਸਾਹਮਣੇ ਪੇਸ਼ ਕੀਤੀਆਂ ਗਈਆਂ। ਇਸ ਪ੍ਰੋਗਰਾਮ ਦੀ ਖ਼ਾਸ ਗੱਲ ਇਹ ਰਹੀ ਕਿ ਇਸ ਵਿਚ ਫਸਟ ਨੇਸ਼ਨਜ਼ ਦੇ ਹੱਕਾਂ ਲਈ ਲੜਾਈ ਲੜਨ ਵਾਲੇ ਸਥਾਨਕ ਆਗੂਆਂ ਨੇ ਵੀ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਹੋਰ ਵੀ ਕਈ ਸਿਆਸੀ ਤੇ ਸਮਾਜਕ ਆਗੂਆਂ ਵਲੋਂ ਪ੍ਰੋਗਰਾਮ ਨੂੰ ਸੰਬੋਧਨ ਕੀਤਾ ਗਿਆ, ਜਿਨ੍ਹਾਂ ਵਿਚ ਚੰਦਰਪਾਲ ਗਿੱਲ, ਯੋਧਾ ਮੱਲ, ਬੀਸੀ ਦੇ ਸਾਬਕਾ ਮਨੁੱਖੀ ਅਧਿਕਾਰ ਕਮਿਸ਼ਨਰ ਹਰਿੰਦਰ ਮਹਿਲ, ਨਵੀਨ ਗਿਰਨ, ਨਿਊ ਡੈਮੋਕਰੇਟਿਕ ਐਮ ਪੀ ਜਿੰਨੀ ਸਿੰਮਸ, ਸਮਾਜਕ ਨਿਆਂ ਨਾਲ ਸਬੰਧਤ ਕਾਰਕੁਨ ਹਾਰਸ਼ਾ ਵਾਲੀਆ, ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸੰਘਾ, ਗੁਰਿੰਦਰ ਸਿੰਘ ਧਾਲੀਵਾਲ, ਇਮਤਿਆਜ਼ ਪੋਪਟ, ਬੀਸੀ ਤੋਂ ਐਮ ਐਲ ਏ ਰਾਜ ਚੌਹਾਨ, ਹੈਰੀ ਬੈਂਸ, ਬਰੂਸ ਰਾਲਸਟੋਨ, ਸਾਬਕਾ ਐਮ ਐਲ ਏ ਜਗਰੂਪ ਬਰਾੜ, ਪ੍ਰੇਮ ਸਿੰਘ ਵਿਨੀਪੈਗ, ਜੈ ਬਿਰਦੀ, ਅਵਤਾਰ ਸਿੰਘ ਗਿੱਲ ਆਦਿ ਸ਼ਾਮਲ ਹਨ।



# ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਮੀਟਿੰਗ

ਐਡਮਿੰਟਨ (ਨਦਬ) : ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੀ ਮੀਟਿੰਗ ਕਰਵਾਈ ਗਈ। ਮੀਟਿੰਗ ਵਿਚ ਵਿਚਾਰ ਕੀਤਾ ਗਿਆ ਕਿ ਬੀਤੇ ਕੁਝ ਸਮੇਂ ਤੋਂ ਪੰਜਾਬੀ ਪੱਤਰਕਾਰੀ ਵਿਚ ਆਏ ਨਿਘਾਰ ਨੂੰ ਲੈ ਕੇ ਭਾਈਚਾਰੇ ਵਲੋਂ ਮਿਲੇ ਫੀਡਬੈਕ 'ਤੇ ਵਿਚਾਰ ਕਰਨਾ ਸਮਾਜ ਅਤੇ ਪੰਜਾਬੀ ਮੀਡੀਏ ਦੀ ਉਸਾਰੂ ਕਾਰਜਸ਼ੈਲੀ ਲਈ ਜ਼ਰੂਰੀ ਹੈ।

ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੇ ਮੈਂਬਰਾਂ ਨੇ ਵਿਚਾਰ ਕਰਦਿਆਂ ਕਿਹਾ ਕਿ ਸਾਨੂੰ ਮੀਡੀਏ 'ਚ ਹੁੰਦਿਆਂ ਪੱਤਰਕਾਰੀ ਦੀ ਮਾਣ-ਮਰਿਆਦਾ ਅਤੇ ਭਾਈਚਾਰੇ ਦੀ ਆਪਸੀ ਸਾਂਝ ਨੂੰ ਮਜ਼ਬੂਤ ਕਰਨ 'ਤੇ ਹੀ ਕੇਂਦਰਿਤ ਰਹਿਣਾ ਚਾਹੀਦਾ ਹੈ। ਪੰਜਾਬੀ ਮੀਡੀਆ ਐਸੋਸੀਏਸ਼ਨ ਆਫ ਅਲਬਰਟਾ ਕਮਿਊਨਿਟੀ ਦੇ ਉਚੇਰੇ ਹਿੱਤਾਂ ਅਤੇ ਨਿਰੋਈ ਪੱਤਰਕਾਰੀ ਲਈ ਵਚਨਬੱਧ ਹੈ ਅਤੇ ਇਸ ਐਸੋਸੀਏਸ਼ਨ ਦੇ ਸਮੂਹ ਮੈਂਬਰ ਪੱਤਰਕਾਰੀ ਦੇ ਜ਼ਾਬਤੇ 'ਚ ਰਹਿੰਦਿਆਂ ਹਮੇਸ਼ਾ ਨਿਰੋਈ ਪੱਤਰਕਾਰੀ ਅਤੇ ਭਾਈਚਾਰੇ ਦੀ ਮਜ਼ਬੂਤੀ ਲਈ ਯਤਨਸ਼ੀਲ ਰਹੇ ਹਨ ਅਤੇ ਰਹਿਣਗੇ।

ਪੰਜਾਬੀ ਮੀਡੀਆ ਐਸੋਸੀਏਸ਼ਨ ਦਾ ਕੋਈ ਵੀ ਵਰਤਮਾਨ ਮੈਂਬਰ ਹੁਣੇ ਵਾਪਰੇ ਮੰਦਭਾਗੇ ਮਸਲੇ ਨਾਲ ਸਬੰਧਤ ਨਹੀਂ ਹੈ। ਇਸ ਚਰਚਾ ਦਾ ਵਿਸ਼ਾ ਬਣੀਆਂ ਸਬੰਧਤ ਧਿਰਾਂ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ ਅਲਬਰਟਾ ਨਾਲ ਸਬੰਧਤ ਨਹੀਂ ਹਨ।

# ਗ਼ਦਰ ਸ਼ਤਾਬਦੀ ਸਬੰਧੀ ਸਫ਼ਲ ਪਬਲਿਕ ਰੈਲੀ



ਸਰ੍ਹੀ (ਨਦਬ) : ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ ਵੈਨਕੂਵਰ ਵਲੋਂ ਉਲੀਕੇ ਪ੍ਰੋਗਰਾਮਾਂ ਦੀ ਲੜੀ ਦਾ ਆਖ਼ਰੀ ਪ੍ਰੋਗਰਾਮ ਜਨਤਕ ਰੈਲੀ ਬੈੱਲ ਪ੍ਰਫ਼ਾਰਮਿੰਗ ਆਰਟ ਸੈਂਟਰ ਸਰ੍ਹੀ ਵਿਖੇ ਕੀਤੀ ਗਈ ਜਿਸ ਨੂੰ 400 ਦੇ ਕਰੀਬ ਸਰੋਤਿਆਂ ਨੇ ਬੜੇ ਹੀ ਧਿਆਨ ਨਾਲ ਸੁਣਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਹਰਭਜਨ ਚੀਮਾ ਕੋਆਰਡੀਨੇਟਰ ਨੇ ਆਏ ਹੋਏ ਮਹਿਮਾਨਾਂ ਅਤੇ ਸਰੋਤਿਆ ਨੂੰ ਜੀ ਆਇਆਂ ਕਹਿੰਦਿਆਂ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਰੈਲੀ ਵਿਚ ਇਨਕਲਾਬੀ ਗੀਤ-ਕਵਿਤਾਵਾਂ ਪੜ੍ਹੀਆਂ ਗਈਆਂ। ਰੈਲੀ ਸਮੇਂ ਗ਼ਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਬਹੁਤ ਜ਼ਿਆਦਾ ਖਿੱਚ ਦਾ ਕੇਂਦਰ ਰਹੀ।

ਮਸ਼ਹੂਰ ਕਹਾਣੀਕਾਰ 'ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਡਾ: ਵਰਿਆਮ ਸਿੰਘ ਸੰਧੂ ਨੇ ਆਪਣੇ ਕੁੰਜੀਵਤ ਭਾਸ਼ਣ ਰਾਹੀਂ ਗ਼ਦਰ ਪਾਰਟੀ ਦੇ ਇਤਿਹਾਸ ਬਾਰੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਗ਼ਦਰ ਪਾਰਟੀ ਧਰਮ ਨਿਰਪੱਖ, ਕੌਮੀ ਤੇ ਕੌਮਾਂਤਰੀ ਸੋਚ ਲੈ ਕੇ ਹੋਂਦ ਵਿੱਚ ਆਈ ਸੀ। ਇਸ ਦਾ ਮਕਸਦ ਭਾਰਤ 'ਚੋਂ ਬਸਤੀਵਾਦ ਖ਼ਤਮ ਕਰਕੇ ਉੱਥੇ ਅਜ਼ਾਦੀ, ਬਰਾਬਰਤਾ ਤੇ ਭਰਾਤਰੀਭਾਵ ਵਾਲਾ ਰਾਜ ਸਥਾਪਤ ਕਰਨਾ ਸੀ। ਅੰਗ਼ਰੇਜ਼ਾਂ ਵਲੋਂ ਭਾਰਤ ਛੱਡ ਜਾਣ ਦੇ 66 ਸਾਲਾਂ ਬਾਅਦ ਵੀ ਉੱਥੇ ਕੁੱਝ ਨਹੀਂ ਬਦਲਿਆ ਸਗੋਂ ਹਾਲਾਤ ਅੱਗੇ ਨਾਲੋਂ ਵੀ ਬਦਤਰ ਹੋਏ ਹਨ। ਨਿਆ ਪ੍ਰਣਾਲੀ, ਵਿਦਿਅਕ ਢਾਂਚਾ 'ਤੇ ਪੁਲੀਸ ਅਧਿਕਾਰ ਅੰਗਰੇਜ਼ ਰਾਜ ਸਮੇਂ ਵਾਲੇ ਹੀ ਬਰਕਰਾਰ ਹਨ। ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਗ਼ਦਰੀਆਂ ਦੀਆਂ ਮਾਵਾਂ, ਭੈਣਾਂ ਅਤੇ ਪਤਨੀਆਂ ਨੇ ਜੋ ਸੰਤਾਪ ਹੰਢਾਇਆ ਉਹ ਕਿਸੇ ਵੀ ਕੁਰਬਾਨੀ ਤੋਂ ਘੱਟ ਨਹੀਂ ਪਰ ਅੱਜ ਤੱਕ ਉਨ੍ਹਾਂ ਦਾ ਕਿਸੇ ਨੇ ਜ਼ਿਕਰ ਤੱਕ ਨਹੀਂ ਕੀਤਾ।

ਦੂਸਰੇ ਬੁਲਾਰੇ ਵੈਸਟ ਮਿਨਸਟਰ ਯੂਨੀਵਰਸਿਟੀ ਲੰਡਨ ਦੀ ਪ੍ਰੋ. ਡਾ: ਰਾਧਾ ਡੀ ਸੂਜ਼ਾ ਨੇ ਗ਼ਦਰ ਲਹਿਰ ਦੇ ਕੌਮਾਂਤਰੀ ਪੱਖ ਬਾਰੇ ਬੋਲਦਿਆਂ ਕਿਹਾ ਕਿ ਗ਼ਦਰ ਲਹਿਰ ਭਾਰਤ ਵਿਚ ਬਸਤੀਵਾਦ ਵਿਰੁੱਧ ਪਹਿਲੀ ਅਜਿਹੀ ਕੌਮਾਂਤਰੀ ਲਹਿਰ ਸੀ ਜਿਸ ਨੇ ਕੌਮਾਂਤਰੀ ਪੱਧਰ 'ਤੇ ਚੱਲ ਰਹੀਆਂ ਬਸਤੀਵਾਦ ਵਿਰੋਧੀ ਲਹਿਰਾਂ ਆਇਰਲੈਂਡ, ਰੂਸ, ਮਿਸਰ ਤੇ ਮੈਕਸੀਕੋ ਦੀ ਡਟਵੀਂ ਹਮਾਇਤ ਕਰਕੇ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਇਹ ਵੀ ਕਿਹਾ ਕਿ ਗ਼ਦਰੀ ਬਾਬਿਆਂ ਦਾ ਸੁਪਨਾ ਜਾਤ ਪਾਤ ਰਹਿਤ ਤੇ ਧਰਮ ਨਿਰਪੱਖ ਰਾਜ ਲਿਆਉਣਾ ਸੀ ਪਰ ਤ੍ਰਾਸਦੀ ਇਹ ਹੈ ਕਿ ਦੇਸ਼ ਦੀ ਅਜ਼ਾਦੀ ਦੀ ਸ਼ੁਰੂਆਤ ਹੀ ਫਿਰਕੂ ਬਟਵਾਰੇ ਤੇ ਖ਼ੂਨ ਖ਼ਰਾਬੇ ਨਾਲ ਹੋਈ।

ਭਾਰਤ ਤੋਂ ਆਏ ਮਨੁੱਖੀ ਅਧਿਕਾਰਾਂ ਦੇ ਕਾਰਕੁਨ 'ਭਗਤ ਸਿੰਘ ਸੇ ਦੋਸਤੀ' ਜਥੇਬੰਦੀ ਦੇ ਆਗੂ ਕਿਰਨਜੀਤ ਸਿੰਘ ਸੰਧੂ (ਭਤੀਜੇ ਸ਼ਹੀਦ ਭਗਤ ਸਿੰਘ) ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗ਼ਦਰ ਲਹਿਰ ਨੇ ਬਾਕੀ ਅਜ਼ਾਦੀ ਦੀਆਂ ਲਹਿਰਾਂ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਪਾਰਟੀ ਅਤੇ ਨੌਜਵਾਨ ਭਾਰਤ ਸਭਾ ਨੂੰ ਵੀ ਪ੍ਰਭਾਵਤ ਕੀਤਾ ਜੋ ਇਕ ਹੀ ਲੜੀ ਦੇ ਮਣਕੇ ਸਨ। ਨਿਰਭੈ ਸਿੰਘ ਢੁੱਡੀਕੇ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਾਰੇ ਹੀ ਬੁਲਾਰਿਆਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਅੱਜ ਵੀ ਭਾਰਤ ਵਿੱਚ ਗ਼ਦਰੀ ਬਾਬਿਆਂ ਦੇ ਸੁਪਨਿਆਂ ਦਾ ਰਾਜ ਲਿਆਉਣ ਲਈ ਇੱਕ ਹੋਰ ਗ਼ਦਰ ਦੀ ਲੋੜ ਹੈ। ਗ਼ਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਸਟੇਜ 'ਤੇ ਬੁਲਾ ਕੇ ਸਨਮਾਨ ਚਿੰਨ੍ਹ ਦਿੱਤੇ ਗਏ ਅਤੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰਮਿੰਦਰ ਸਵੈਚ, ਗੁਰਮੇਲ ਗਿੱਲ, ਦਵਿੰਦਰ ਕੌਰ ਜੌਹਲ ਅਤੇ ਇੰਦਰਜੀਤ ਧਾਮੀ ਨੇ ਕਵਿਤਾਵਾਂ ਪੜ੍ਹੀਆਂ, ਐਨਕਰਮਾ ਗਰੁੱਪ ਨੇ "ਮਰਦੇ ਜਦੋਂ ਗ਼ਦਰੀ ਬਾਬੇ, ਜੰਮਦੇ ਨੇ ਭਗਤ ਸਰਾਭੇ" ਅਤੇ ਇੱਕ ਹੋਰ ਗੀਤ ਗਾ ਕੇ ਸਰੋਤਿਆਂ ਨੂੰ ਕੀਲ ਲਿਆ। ਬਾਈ ਅਵਤਾਰ ਗਿੱਲ ਨੇ ਪਾਸ਼ ਦੀ ਗ਼ਜ਼ਲ 'ਦਹਿਕਦੇ ਅੰਗਿਆਰਾਂ ਤੇ' ਪੇਸ਼ ਕੀਤੀ ਅਤੇ ਪ੍ਰੋਗਰਾਮ ਦੀ ਸਮਾਪਤੀ 'ਤੇ ਆਏ ਮਹਿਮਾਨਾਂ, ਦਰਸ਼ਕਾਂ, ਮੀਡੀਆ, ਗ਼ਦਰੀ ਬਾਬਿਆਂ ਦੇ ਪਰਿਵਾਰਾਂ, ਵਲੰਟੀਅਰਾਂ ਅਤੇ ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਦੇ ਸਮੁੱਚੇ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਸਟੇਜ ਦੀ ਜ਼ਿੰਮੇਵਾਰੀ ਕ੍ਰਿਪਾਲ ਬੈਸ਼ ਅਤੇ ਲਖਵੀਰ ਖੁਣ ਖੁਣ ਨੇ ਬਾਖੂਬੀ ਨਿਭਾਈ।

ਗ਼ਦਰ ਲਹਿਰ ਸ਼ਤਾਬਦੀ ਸਮਾਰੋਹ

# ਐਬਸਫੋਰਡ ਦੋ ਮੇਲੇ ਲੱਗੇ, ਇਕ ਗਾਇਕਾਂ ਦਾ ਦੂਜਾ ਨਾਇਕਾਂ ਦਾ

ਐਬਸਫੋਰਡ (ਸੁਖਬੀਰ ਗਰੇਵਾਲ) ਗ਼ਦਰ ਲਹਿਰ ਦੀ 100ਵੀਂ ਵਰ੍ਹੇਗੰਢ ਦੇ ਸਬੰਧ ਵਿਚ ਸਮਾਗਮ ਕਨੇਡਾ ਭਰ ਦੇ ਸ਼ਹਿਰਾਂ ਵਿਚ ਜਾਰੀ ਹਨ। ਇਹ ਸਮਾਗਮ ਦੋ ਤਰੀਕੇ ਨਾਲ ਕਰਵਾਏ ਜਾ ਰਹੇ ਹਨ। ਪਹਿਲੀ ਕਿਸਮ ਦੇ ਸਮਾਗਮਾਂ ਵਿਚ ਗ਼ਦਰ ਲਹਿਰ ਨਾਲ ਸਬੰਧਤ ਨਾਟਕ, ਗੋਸ਼ਟੀਆਂ ਅਤੇ ਪ੍ਰਦਰਸ਼ਨੀਆਂ ਕਰਵਾਈਆਂ ਜਾ ਰਹੀਆਂ ਹਨ ਜਦਕਿ ਦੂਜੀ ਕਿਸਮ ਦੇ ਸਮਾਗਮਾਂ ਵਿਚ ਗਾਇਕਾਂ ਦੇ ਅਖਾੜੇ ਗ਼ਦਰ ਲਹਿਰ ਨੂੰ ਸਮਰਪਤ ਕੀਤੇ ਜਾ ਰਹੇ ਹਨ। ਕਨੇਡਾ ਪੱਧਰ 'ਤੇ ਬਣੀ ਗ਼ਦਰ ਲਹਿਰ ਸ਼ਤਾਬਦੀ ਕਮੇਟੀ ਗਾਇਕਾਂ ਦੇ ਅਖਾੜਿਆਂ ਤੋਂ ਪੂਰੀ ਤਰ੍ਹਾਂ ਨਾਖੁਸ਼ ਹੈ।

ਵੈਨਕੂਵਰ ਦੇ ਨਾਲ ਲਗਦੇ ਸ਼ਹਿਰ ਐਬਸਫੋਰਡ ਵਿਚ ਸਥਿਤੀ ਉਸ ਸਮੇਂ ਬੜੀ ਹੀ ਅਜੀਬ ਬਣ ਗਈ ਜਦ ਦੋਵੇਂ ਤਰ੍ਹਾਂ ਦੇ ਸਮਾਗਮ ਇਕੋ ਸਮੇਂ ਤੈਅ ਕੀਤੇ ਗਏ। ਇੰਡੋ-ਕਨੇਡੀਅਨ ਯੂਥ ਕਲੱਬ ਐਬਸਫੋਰਡ ਵਿਚ ਦੇਸ਼ ਭਗਤ ਯਾਦਗਾਰੀ ਮੇਲਾ ਕਰਵਾਇਆ ਗਿਆ, ਜਿਸ ਵਿਚ ਹਰਭਜਨ ਮਾਨ, ਗੁਰਸੇਵਕ ਮਾਨ, ਸਰਦੂਲ ਸਿਕੰਦਰ, ਅਮਰ ਨੂਰੀ, ਹੈਰੀ ਸੰਧੂ ਤੇ ਆਸ਼ਾ ਸ਼ਰਮਾ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਕਲੱਬ ਵੱਲੋਂ ਇਸ ਮੇਲੇ ਦੇ ਜਿਹੜੇ ਪੋਸਟਰ ਛਪਵਾ ਕੇ ਸ਼ਹਿਰ ਵਿਚ ਲਗਾਏ ਗਏ, ਉਸ ਵਿਚ ਗ਼ਦਰੀ ਬਾਬਿਆਂ ਦੀ ਬਾਕਾਇਦਾ ਫ਼ੋਟੋ ਛਾਪ ਕੇ ਇਹ ਖੁੱਲ੍ਹਾ ਅਖਾੜਾ ਗ਼ਦਰ ਲਹਿਰ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਕੀਤਾ ਗਿਆ।

ਗਾਇਕਾਂ ਦੇ ਅਖਾੜੇ ਤੋਂ ਥੋੜ੍ਹੀ ਦੂਰ ਸਥਿਤ ਐਬਸਫੋਰਡ ਆਰਟ ਸੈਂਟਰ ਵਿਚ ਗ਼ਦਰ ਲਹਿਰ ਸ਼ਤਾਬਦੀ ਕਮੇਟੀ ਵਲੋਂ ਉਸੇ ਦਿਨ ਸਮਾਗਮ ਕਰਵਾਇਆ ਗਿਆ, ਜਿਸ ਵਿਚ ਗ਼ਦਰ ਲਹਿਰ ਨਾਲ ਸਬੰਧਤ ਤਕਰੀਰਾਂ ਅਤੇ ਦੋ ਨਾਟਕ ਖੇਡੇ ਗਏ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਸਾਂਝੀ ਟੀਮ ਨੇ ਨਾਟਕ 'ਗਾਥਾ ਕਾਲੇ ਪਾਣੀਆਂ ਦੀ' ਪੇਸ਼ ਕੀਤਾ। ਦੂਜਾ ਨਾਟਕ 'ਤਵਾਰੀਖ਼ ਬੋਲਦੀ ਹੈ' ਪਰਮਿੰਦਰ ਕੌਰ ਸਵੈਚ ਦਾ ਲਿਖਿਆ ਅਤੇ ਗੁਰਦੀਪ ਭੁੱਲਰ ਦੁਆਰਾ ਨਿਰਦੇਸ਼ਤ ਸੀ। ਇਸ ਨਾਟਕ ਵਿਚ ਗ਼ਦਰ ਲਹਿਰ ਦੇ ਸ਼ੁਰੂ ਹੋਣ ਤੋਂ ਲੈ ਕੇ ਅੰਤ ਤਕ ਨੂੰ ਪੇਸ਼ ਕੀਤਾ ਗਿਆ। ਨਾਟਕ ਦੇ ਮੁੱਖ ਗੀਤ ਨੂੰ ਬਖ਼ਸ਼ੀਸ਼ ਸੈਂਭੀ ਨੇ ਲਿਖਿਆ ਅਤੇ ਮਨਰਾਜ ਹਸਨ ਅਤੇ ਲਾਡੀ ਨੇ ਗਾਇਆ। ਇਸ ਨਾਟਕ ਵਿਚ ਭੂਮਿਕਾਵਾਂ ਨਿਭਾਉਣ ਵਾਲਿਆਂ ਵਿਚ ਅਵਤਾਰ ਗਿੱਲ, ਦਰਸ਼ਨ ਮਾਨ, ਪਰਮਿੰਦਰ ਸਵੈਚ, ਸਰਬਜੀਤ ਸਿੰਘ, ਭਵਖੰਡਨ ਸਿੰਘ, ਗੁਰਚਰਨ ਦੂਆ, ਗੁਰਨਾਮ ਥਾਂਦੀ, ਬਿੱਲਾ ਠੱਕਰ, ਪਰਮ ਸਰਾਂ, ਅਨਮੋਲ ਸਵੈਚ, ਦਰਸ਼ਪ੍ਰੀਤ, ਗੁਰਜੀਤ ਹੁੰਦਲ, ਗੁਰਮੇਲ ਗਿੱਲ, ਵਰਿੰਦਰ ਕੌਰ ਮੌੜ, ਰਾਏ ਕੌਰ ਮੌੜ, ਸੁਰਜੀਤ ਸਿੰਘ, ਸੁਖਜਿੰਦਰ ਗਿੱਲ, ਕੋਮਲਵੀਰ, ਸ਼ਾਨ, ਜਾਹਿਦ ਆਰਿਫ਼, ਮੱਖਣ ਟੁੱਟ, ਨਿਰਮਲ ਕਿੰਗਰਾ ਅਤੇ ਸੁਖਲੀਨ ਸ਼ਾਮਲ ਸਨ। ਇਹ ਦੋਵੇਂ ਨਾਟਕ ਸਰੀ ਦੇ ਬੈੱਲ ਪਰਫਾਰਮਿੰਗ ਸੈਂਟਰ ਵਿਚ ਵੀ ਖੇਡੇ ਗਏ, ਜਿਥੇ ਗੁਰਪ੍ਰੀਤ ਭਦੌੜ, ਲਖਵੀਰ ਖੁਣਖੁਣ ਨੇ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਗੁਰਮੇਲ ਗਿੱਲ ਨੇ ਕੀਤਾ।



ਸਮਾਗਮ ਤੋਂ ਬਾਅਦ ਗ਼ਦਰ ਲਹਿਰ ਸ਼ਤਾਬਦੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਗਾਇਕਾਂ ਦੇ ਅਖਾੜਿਆਂ ਨੂੰ ਗ਼ਦਰ ਲਹਿਰ ਨੂੰ ਸਮਰਪਤ ਕਰਨ ਦੀ ਨਿਖੇਧੀ ਕੀਤੀ ਗਈ। ਕਮੇਟੀ ਦੇ ਕੋਆਰਡੀਨੇਟਰ ਹਰਭਜਨ ਚੀਮਾ ਨੇ ਕਿਹਾ ਕਿ ਗ਼ਦਰੀ ਬਾਬਿਆਂ ਦੁਆਰਾ ਆਜ਼ਾਦੀ ਦੀ ਲਹਿਰ ਵਿਚ ਪਾਏ ਯੋਗਦਾਨ ਨੂੰ ਗਾਇਕਾਂ ਦੇ ਅਖਾੜਿਆਂ ਨਾਲ ਨਹੀਂ ਬਲਕਿ ਉਸ ਇਤਿਹਾਸਕ ਪੱਖ ਨੂੰ ਪੇਸ਼ ਕਰ ਕੇ ਯਾਦ ਕੀਤਾ ਜਾ ਸਕਦਾ ਹੈ। ਲੋਕ ਕਲਾ ਮੰਚ ਮੰਡੀ ਮੁਲਾਂਪੁਰ ਤੋਂ ਨਾਟਕ ਨਿਰਦੇਸ਼ਕ ਹਰਕੇਸ਼ ਚੌਧਰੀ ਨੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਵਿਚਾਰਧਾਰਾ ਨੂੰ ਯਾਦ ਕਰਦੇ ਹੋਏ ਕਿਹਾ ਕਿ ਇਕ ਕਲਾ ਉਹ ਹੁੰਦੀ ਹੈ ਜੋ ਦਰਸ਼ਕਾਂ ਨੂੰ ਝੂਮਣ ਲਾਉਂਦੀ ਹੈ ਅਤੇ ਇਕ ਕਲਾ ਉਹ ਵੀ ਹੁੰਦੀ ਹੈ, ਜਿਹੜੀ ਦਰਸ਼ਕਾਂ ਨੂੰ ਸੋਚਣ ਲਾ ਕੇ ਸੇਧ ਦਿੰਦੀ ਹੈ। ਸੋ ਗ਼ਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਦੂਜੀ ਕਿਸਮ ਦੀ ਕਲਾ ਨਾਲ ਹੀ ਦਿੱਤੀ ਜਾ ਸਕਦੀ ਸੀ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਸੰਪਾਦਕੀ

# ਭਾਰਤ-ਪਾਕਿ ਚੰਗੇ ਗੁਆਂਢੀਆਂ ਵਾਂਗ ਰਹਿਣ

ਭਾਰਤ ਅਤੇ ਪਾਕਿਸਤਾਨ ਨੇ ਇਸ ਵਾਰ ਆਜ਼ਾਦੀ ਦੀ 66ਵੀਂ ਵਰ੍ਹੇ ਗੰਢ ਮਨਾਈ ਹੈ। ਅਗਸਤ 1947 ਤੋਂ ਪਹਿਲਾਂ ਇਕੋ ਮੁਲਕ ਦੇ ਬਾਸ਼ਿੰਦੇ ਅੱਜ ਵੱਖਰੇ ਵੱਖਰੇ ਮੁਲਕ ਵਿਚ ਲਗਭਗ ਇਕੋ ਜਿਹੀਆਂ ਮੁਸ਼ਕਲਾਂ ਵਿਚ ਘਿਰੇ ਹੋਏ ਹਨ। ਦੋਵਾਂ ਮੁਲਕਾਂ ਦੀਆਂ ਮੁਸ਼ਕਲਾਂ ਤੋਂ ਪਾਰ ਜਾਣ ਲਈ ਆਪਸੀ ਸਬੰਧ ਬਿਹਤਰ ਹੋਣੇ ਚਾਹੀਦੇ ਹਨ ਪਰ ਅਕਸਰ ਸਰਹੱਦਾਂ 'ਤੇ ਵਧਦਾ ਤਣਾਅ ਮਾਹੌਲ ਨੂੰ ਬੇਹੱਦ ਗੁੰਝਲਦਾਰ ਬਣਾ ਦਿੰਦਾ ਹੈ। ਪਿਛਲੇ ਦਿਨੀਂ ਜੰਮੂ ਕਸ਼ਮੀਰ ਵਿਚ ਪਾਕਿਸਤਾਨੀ ਫ਼ੌਜ ਵਲੋਂ ਕੀਤੀ ਫ਼ਾਇਰਿੰਗ ਵਿਚ ਮਾਰੇ ਗਏ ਪੰਜ ਭਾਰਤੀ ਫ਼ੌਜੀਆਂ ਦੇ ਮਾਮਲੇ 'ਤੇ ਅਜੀਬ ਕਿਸਮ ਦੀ ਸਿਆਸਤ ਹੋ ਰਹੀ ਹੈ। ਦੋਵਾਂ ਪਾਸਿਉਂ ਤਿੱਖੀ ਬਿਆਨਬਾਜ਼ੀ ਦੀਆਂ ਤੋਪਾਂ ਦਾਗੀਆਂ ਜਾ ਰਹੀਆਂ ਹਨ। ਇਨ੍ਹਾਂ ਸਿਆਸੀ ਸ਼ਬਦ ਬਾਣਾਂ ਕਰ ਕੇ ਹੀ ਭਾਰਤ ਅਤੇ ਪਾਕਿਸਤਾਨ ਕਦੇ ਵੀ ਚੰਗੇ ਗੁਆਂਢੀਆਂ ਵਾਂਗ ਨਹੀਂ ਰਹਿ ਸਕੇ।

ਕਦੇ ਕਦੇ ਦੋਵਾਂ ਮੁਲਕਾਂ ਵਿਚਾਲੇ ਸਬੰਧ ਰਵਾਂ ਹੋਣ ਲੱਗਦੇ ਹਨ ਪਰ ਫਿਰ ਅਚਾਨਕ ਮਾਹੌਲ ਵਿਚ ਕੁੜੱਤਣ ਭਰ ਜਾਂਦੀ ਹੈ। ਅਜਿਹੀ ਕੁੜੱਤਣ ਕਿ ਅਵਾਮ ਦੇ ਸਾਹ ਘੁਟਣ ਲਗਦੇ ਹਨ। ਇਵੇਂ ਕਿਉਂ ਹੁੰਦਾ ਹੈ? ਆਓ ਜ਼ਰਾ ਭਾਵੁਕਤਾ ਦਾ ਪੱਲਾ ਤਿਆਗਦੇ ਹੋਏ ਕੁੱਝ ਜ਼ਮੀਨੀ ਸੱਚਾਈਆਂ ਦਾ ਸਾਹਮਣਾ ਕਰੀਏ। ਸਾਨੂੰ ਹਰ ਹਾਲ ਵਿਚ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਭਾਰਤ ਅਤੇ ਪਾਕਿਸਤਾਨੀ ਹੁਣ ਬਾਕਾਇਦਾ ਦੋ ਮੁਲਕ ਹਨ ਅਤੇ ਦੋਵਾਂ ਮੁਲਕਾਂ ਵਿਚਾਲੇ ਉਸਰੀ ਕੰਡਿਆਲੀ ਵਾੜ ਐਵੇਂ ਕੱਚੀ ਕੰਧ ਨਹੀਂ ਹੈ; ਜੋ ਢਹਿ-ਢੇਰੀ ਹੋ ਜਾਵੇਗੀ। ਅੰਗਰੇਜ਼ ਸਾਮਰਾਜ ਵਲੋਂ 1947 'ਚ ਭਾਰਤ ਦੇ ਟੁੱਕੜੇ ਇਕ ਖਾਸ ਮਕਸਦ ਲਈ ਕੀਤੇ ਗਏ ਸਨ; ਇਸੇ ਕਾਰਨ ਇਹ ਵੰਡ ਨਿਰੋਲ ਧਰਮ-ਅਧਾਰਤ ਸੀ। ਅੰਗਰੇਜ਼ ਸਾਮਰਾਜ ਦਾ ਪਹਿਲਾ ਮਕਸਦ ਤਾਂ ਇਹ ਸੀ ਕਿ ਉਹ ਭਾਵੇਂ ਸਿੱਧੇ ਤੌਰ 'ਤੇ ਹਕੂਮਤ ਨਾ ਕਰੇ ਪਰ ਅਸਿੱਧੇ ਤੌਰ 'ਤੇ ਇਨ੍ਹਾਂ ਦੋਵਾਂ ਮੁਲਕਾਂ ਹੀ ਨਹੀਂ ਸਗੋਂ ਪੂਰੇ ਏਸ਼ੀਆ 'ਤੇ ਉਸ ਦੀ ਹੀ ਹਕੂਮਤ ਰਹੇ। ਅੱਜ ਦੀ ਤਰੀਕ ਵਿਚ ਉਸੇ ਸਾਮਰਾਜ ਦੀ ਅਗਵਾਈ ਅਮਰੀਕਾ ਕਰ ਰਿਹਾ ਹੈ ਅਤੇ ਉਹ ਪਾਕਿਸਤਾਨ ਨੂੰ ਤਾਂ ਪੂਰੀ ਤਰ੍ਹਾਂ ਆਪਣਾ ਅੱਡਾ ਬਣਾ ਹੀ ਚੁੱਕਾ ਹੈ; ਭਾਰਤ ਵੀ ਉਹਦੇ ਲਈ ਉਸਦੇ ਹਥਿਆਰਾਂ ਅਤੇ ਹੋਰ ਸਾਮਾਨ ਨੂੰ ਵੇਚਣ ਲਈ ਇਕ ਮੰਡੀ ਹੀ ਹੈ। ਅਮਰੀਕਨ ਸਾਮਰਾਜ ਦਾ ਇਕੋ-ਇਕ ਮਕਸਦ ਆਪਣਾ ਜੰਗੀ ਮਾਲ ਵੇਚਦਿਆਂ ਆਪਣੀ ਧੌਂਸ ਅਤੇ ਚੌਧਰ ਨੂੰ ਵਧਾਉਂਦੇ ਜਾਣਾ ਹੈ। ਅੱਜ ਦੇ ਇਕ-ਧਰੁਵੀ ਸੰਸਾਰ ਵਿਚ ਅਮਰੀਕਾ ਦੀ ਸਰਦਾਰੀ ਦੇ ਚਲਦਿਆਂ ਇਸ ਸੱਚਾਈ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਸਾਡੇ ਦੋਵਾਂ ਮੁਲਕਾਂ ਦੇ ਸਬੰਧਾਂ ਵਿਚ ਆਉਂਦੇ ਉਤਰਾਅ ਚੜ੍ਹਾਅ ਅਮਰੀਕੀ ਰਹਿਮੋ ਕਰਮ 'ਤੇ ਹਨ। ਪਰ ਅਵਾਮ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਲੋੜਾਂ ਦੀ ਲੋੜ ਦੋਵਾਂ ਮੁਲਕਾਂ ਵਿਚ ਸਦਭਾਵਨਾ ਵਾਲਾ ਮਾਹੌਲ ਬੇਹੱਦ ਜ਼ਰੂਰੀ ਹੈ। ਇਹ ਸਦਭਾਵਨਾ ਕਲਮਕਾਰ, ਫ਼ਿਲਮਕਾਰ, ਸਨਅਤਕਾਰ ਅਤੇ ਪੱਤਰਕਾਰਾਂ ਦੇ ਮਿਲਵਰਤਣ ਨਾਲ ਉਸਰ ਸਕਦੀ ਹੈ। ਦੋਵਾਂ ਮੁਲਕਾਂ ਦੇ ਮੀਡੀਏ ਨੂੰ ਖਾਸ ਤੌਰ 'ਤੇ ਉਚੇਚ ਕਰਦਿਆਂ ਅਵਾਮੀ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ ਅਤੇ ਸਨਸਨੀ ਤੇ ਚਸਕਾ ਪੱਤਰਕਾਰੀ ਤੋਂ ਬਚਣਾ ਚਾਹੀਦਾ ਹੈ। ਜ਼ਮੀਨੀ ਸਚਾਈਆਂ ਦਾ ਸਾਹਮਣਾ ਕਰਦਿਆਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਹੁਕਮਰਾਨਾਂ ਨੂੰ ਜੇਕਰ ਸੱਚਮੁਚ ਹੀ ਮੁਹੱਬਤ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਤੋਂ ਰੋਕਣਾ ਹੈ ਤਾਂ ਫੇਰ ਦੋਵੇਂ ਪਾਸੇ ਇਕ ਮਜ਼ਬੂਤ ਲੋਕ-ਉਭਾਰ ਦੀ ਡਾਢੀ ਜ਼ਰੂਰਤ ਹੈ। ਇਹ ਲੋਕ-ਉਭਾਰ ਨਿਰੋਲ ਭਾਵੁਕਤਾ ਦੇ ਪੁਲ 'ਤੇ ਹੀ ਨਾ ਉਸਰੇ ਸਗੋਂ ਸੰਸਾਰ 'ਤੇ ਗਲਬਾ ਪਾਈ ਬੈਠੇ ਸਾਮਰਾਜ ਦੇ ਸਰਦਾਰ ਨੂੰ ਵੀ ਪਛਾਣੇ। ਲੋਕਾਂ ਦੀ ਵਿਸ਼ਾਲ ਏਕਤਾ ਦਾ ਮੂੰਹ ਜੇਕਰ ਆਪੋ-ਆਪਣੇ ਹੁਕਮਰਾਨਾਂ ਦੀਆਂ ਬਦਨੀਅਤਾਂ ਦੇ ਨਾਲ-ਨਾਲ ਸੰਸਾਰ ਪੁਲਸੀਏ ਦੀਆਂ ਚਾਲਾਂ ਵਿਰੁੱਧ ਵੀ ਹੋਵੇਗਾ ਤਾਂ ਹੀ ਇਸ ਖਿੱਤੇ ਵਿਚ ਅਮਨ-ਸ਼ਾਂਤੀ ਅਤੇ ਦੋਸਤੀ ਦਾ ਪਸਾਰ ਪੱਕੇ ਪੈਰੀਂ ਹੋ ਸਕੇਗਾ। ਦੋਵਾਂ ਮੁਲਕਾਂ ਦੇ ਅਵਾਮ ਦੀ ਆਪਸੀ ਮੁਹੱਬਤ ਦੀ ਤਾਂਘ ਹੀ ਇਹਦੇ ਲਈ ਜ਼ਰਖੇਜ਼ ਭੂਮੀ ਸਾਬਤ ਹੋਵੇਗੀ। ਚੰਗੇ ਗੁਆਂਢੀਆਂ ਵਾਂਗ ਰਹਿਣ ਵਿਚ ਹੀ ਦੋਵਾਂ ਮੁਲਕਾਂ ਦੀ ਭਲਾਈ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4, Alberta (Canada)
Phone : 780 465 9118 Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੰਘ ਪਰਿਵਾਰ ਦਾ ਮੋਦੀ ਮਸਾਲਾ ਅਤੇ ਭਾਜਪਾ ਦਾ ਅੰਦਰੂਨੀ ਵਿਵਾਦ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਸੰਘ ਪਰਿਵਾਰ ਦੀ ਭਗਵੀਂ ਰਾਜਨੀਤੀ ਵਿਚ ਗੁਜਰਾਤ ਦੇ ਮੁੱਖ ਮੰਤਰੀ ਦੇ ਨਾਟਕੀ ਉਭਾਰ ਨੇ ਇਸ ਗੱਲ ਦੀ ਭਲੀਭਾਂਤ ਪੁਸ਼ਟੀ ਕਰ ਦਿੱਤੀ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਆਪਣੀ ਕੋਈ ਸੁਤੰਤਰ ਰਾਜਨੀਤਕ ਹੋਂਦ ਨਹੀਂ ਹੈ। ਇਹ ਪੂਰੀ ਤਰ੍ਹਾਂ ਦੇਸ਼ ਦੀ ਸਭ ਤੋਂ ਖ਼ਤਰਨਾਕ ਫਿਰਕੂ ਤਾਕਤ ਆਰ.ਐਸ.ਐਸ. ਦੇ ਕੰਟਰੋਲ ਹੇਠ ਹੈ। ਇਸ ਨੇ ਭਾਜਪਾ ਦਾ ਅਖੌਤੀ ਧਰਮ ਨਿਰਪੇਖ ਮੁਖੌਟਾ ਵੀ ਲਗਭਗ ਉਤਾਰ ਦਿੱਤਾ ਹੈ। ਆਰ.ਐਸ.ਐਸ. ਨੇ ਨਰਿੰਦਰ ਮੋਦੀ ਨੂੰ ਭਾਜਪਾ ਦੇ ਸਭ ਤੋਂ ਪ੍ਰਮੁੱਖ ਆਗੂ ਵਜੋਂ ਇਸ ਹਕੀਕਤ ਨੂੰ ਦ੍ਰਿੜਾਉਣ ਲਈ ਉਭਾਰਿਆ ਅਤੇ ਆਉਂਦੀ ਲੋਕ ਸਭਾ ਚੋਣ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਵਜੋਂ ਉਤਾਰਿਆ ਹੈ ਕਿ ਇਸ ਦਾ ਪ੍ਰਮੁੱਖ ਰਾਜਸੀ ਏਜੰਡਾ ਫਿਰਕੂ ਹੀ ਹੈ। ਇਹ ਹਿੰਦੂਤਵ ਦੇ ਇਰਦ-ਗਿਰਦ ਹੀ ਆਪਣੀ ਰਾਜਸੀ ਹੋਂਦ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਸੰਘ ਪਰਿਵਾਰ ਨੇ ਆਪਣੀ ਰਾਜਸੀ ਸਥਿਤੀ ਮਜ਼ਬੂਤੀ ਨੂੰ ਮਾਪਣ ਦਾ ਮਾਪਦੰਡ ਪੱਕੇ ਤੌਰ 'ਤੇ ਹਿੰਦੂਤਵ ਤੇ ਫਿਰਕਾਪ੍ਰਸਤੀ ਨੂੰ ਬਣਾ ਲਿਆ ਹੈ। ਇਹ ਪਰਿਵਾਰ ਪੂਰੇ ਭਾਰਤ ਵਿਚ ਇਸੇ ਅਧਾਰ 'ਤੇ ਵੋਟਰਾਂ ਦਾ ਧਰੁਵੀਕਰਨ ਚਾਹੁੰਦਾ ਹੈ। ਪਰ ਭਾਰਤ ਦੀ ਵੰਨ-ਸੁਵੰਨਤਾ ਨਾਲ ਭਰਪੂਰ ਸੰਸਕ੍ਰਿਤੀ ਇਸ ਦੀ ਪੇਸ਼ ਨਹੀਂ ਜਾਣ ਦਿੰਦੀ। ਇਸ ਸਥਿਤੀ ਦੇ ਸਨਮੁੱਖ ਸੰਘ ਪਰਿਵਾਰ ਨੂੰ ਇਥੋਂ ਤਕ ਵੀ ਖ਼ਤਰਾ ਭਾਸਣ ਲੱਗ ਪਿਆ ਹੈ ਕਿ ਜੇਕਰ ਤਿੱਖੀਆਂ ਤਬਦੀਲੀਆਂ ਦੇ ਚਲਦਿਆਂ, ਭਵਿੱਖ ਵਿਚ ਸਮਾਜ ਅੰਦਰ ਧਰਮ ਦਾ ਪ੍ਰਭਾਵ ਮੱਠਾ ਪੈ ਗਿਆ ਤਾਂ ਇਸ ਦੀ ਬਚੀ ਖੁਚੀ ਰਾਜਨੀਤੀ ਵੀ ਮਲੀਆਮੇਟ ਹੋ ਜਾਵੇਗੀ ਤੇ ਇਸ ਦੇ ਗ੍ਰਾਫ਼ ਦੀ ਦਿਸ਼ਾ ਉਸੇ ਪਾਸੇ ਮੁੜ ਜਾਵੇਗੀ, ਜਿਥੋਂ ਹਿੰਦੂਤਵ ਤੇ ਬਾਬਰੀ ਮਸਜਿਦ ਨੂੰ ਗਿਰਾਉਣ ਵਰਗੇ ਮੁੱਦਿਆਂ ਕਰ ਕੇ ਇਹ ਗ੍ਰਾਫ਼ ਉਪਰ ਉਠਣਾ ਸ਼ੁਰੂ ਹੋਇਆ ਸੀ।

ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਭਾਜਪਾ ਦੇ ਸਿਰਮੌਰ ਆਗੂ ਵਜੋਂ ਅਗਾਮੀ ਲੋਕ ਸਭਾ ਚੋਣਾਂ ਲਈ ਅਗਵਾਈ ਸੌਂਪਣ ਪਿਛੇ ਤਰਕ ਇਹ ਪੇਸ਼ ਕੀਤਾ ਜਾ ਰਿਹਾ ਹੈ ਕਿ ਉਹ ਇਕ ਲੋਕਪ੍ਰਿਅ ਆਗੂ ਹੈ। ਉਸ ਦੀ ਅਗਵਾਈ ਵਿਚ ਗੁਜਰਾਤ ਪ੍ਰਾਂਤ ਵਿਚ ਭਾਜਪਾ ਨੇ ਆਪਣੀ ਸੱਤਾ ਕਾਇਮ ਰੱਖੀ ਹੋਈ ਹੈ ਤੇ ਗੁਜਰਾਤ ਪ੍ਰਾਂਤ ਦੇ ਵਿਕਾਸ ਵਿਚ ਉਸ ਦੀ ਲੀਡਰਸ਼ਿਪ ਦਾ ਅਹਿਮ ਯੋਗਦਾਨ ਹੈ। ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਤਿੰਨਾਂ ਤਰਕਾਂ ਵਿਚ ਹੀ ਕੋਈ ਦਮ ਨਹੀਂ ਹੈ। ਲੋਕ-ਪ੍ਰਿਅਤਾ ਦਾ ਜਨਤਕ ਸਰਗਰਮੀ ਵਾਲਾ ਦੌਰ ਮੀਡੀਏ ਦੇ ਇਕ ਵੱਡੇ ਅਤੇ ਸ਼ਾਤਿਰ ਹਿੱਸੇ ਨੇ ਬਹੁਤ ਪਿਛੇ ਧਕੇਲ ਦਿਤਾ ਹੈ। ਹੁਣ ਲੋਕਪ੍ਰਿਅਤਾ ਇਕ ਮਕੈਨੀਕਲ ਵਰਤਾਰਾ ਬਣ ਕੇ ਰਹਿ ਗਈ ਹੈ। ਲੋਕਪ੍ਰਿਅਤਾ ਲਈ ਰਾਜਸੀ ਪਾਰਟੀਆਂ ਅਤੇ ਨੇਤਾਵਾਂ ਦੇ ਮੀਡੀਆ ਨਾਲ ਸਾਂਝ ਵਧਾਉਣ ਤੋਂ ਵੀ ਗੱਲ ਅਗਾਂਹ ਲੰਘ ਗਈ ਹੈ। ਹੁਣ ਤਾਂ ਕਈ ਨੇਤਾਵਾਂ ਨੇ ਆਪਣੀ ਮਸ਼ਹੂਰੀ ਲਈ ਆਪਣੇ ਟੀ.ਵੀ. ਚੈਨਲ ਤਕ ਚਲਾ ਰੱਖੇ ਹਨ। ਲੋਕ ਸਮਝਦੇ ਹਨ ਕਿ 'ਫਲਾਂ' ਚੈਨਲ 'ਫਲਾਂ' ਨੇਤਾ ਨੂੰ ਵਿਸ਼ੇਸ਼ ਕਹਿ ਰਿਹਾ ਹੈ ਜਦਕਿ ਇਹ ਨੇਤਾ 'ਖੁਦ' ਨੂੰ 'ਖੁਦ' ਹੀ ਵਿਸ਼ੇਸ਼ ਕਹਿ ਰਹੇ ਹੁੰਦੇ ਹਨ। ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੀ ਤਕਨੀਕ ਅੱਜਕਲ੍ਹ ਸਿਆਸੀ ਖੇਤਰ ਵਿਚ ਬੜੇ ਜ਼ੋਰ-ਸ਼ੋਰ ਨਾਲ ਵਰਤੀ ਜਾਰਹੀ ਹੈ। ਨਰਿੰਦਰ ਮੋਦੀ ਇਸੇ ਤਕਨੀਕ ਨਾਲ ਹੀ ਲੋਕਪ੍ਰਿਅ ਨੇਤਾ ਅਖਵਾ ਰਿਹਾ ਹੈ। ਵਰਨਾ ਇਕ ਵੀ ਅਜਿਹੀ ਉਦਾਹਰਣ ਨਹੀਂ ਦਿੱਤੀ ਜਾ ਸਕਦੀ ਜਦੋਂ ਕਿਸੇ ਲੋਕ ਮਸਲੇ 'ਤੇ ਨਰਿੰਦਰ ਮੋਦੀ ਜਨਤਾ ਦੀ ਅਗਵਾਈ ਕੀਤੀ ਹੋਵੇ ਤੇ ਬਦਲੇ ਵਿਚ ਜਨਤਾ ਨੇ ਉਸ ਨੂੰ ਨਾਇਕ ਦਾ ਦਰਜਾ ਦਿੱਤਾ ਹੋਵੇ।

ਜਿਥੋਂ ਤਕ ਨਰਿੰਦਰ ਮੋਦੀ ਦੀ ਅਗਵਾਈ ਹੇਠ ਗੁਜਰਾਤ ਅੰਦਰ ਭਾਜਪਾ ਦੀ ਸਰਕਾਰ ਦੇ ਕਾਫ਼ੀ ਸਾਲਾਂ ਤੋਂ ਟਿਕੇ ਰਹਿਣ ਦਾ ਸਵਾਲ ਹੈ, ਉਸ ਪਿਛੇ ਵੀ ਵਧੇਰੇ ਭੂਮਿਕਾ ਗੁਜਰਾਤ ਦੀ ਭੂਗੋਲਿਕ ਸਥਿਤੀ ਤੇ ਆਬਾਦੀ ਦੀ ਸੰਪ੍ਰਦਾਇਕ ਸੰਰਚਨਾ ਦੀ ਹੈ। ਇਹੀ ਕਾਰਨ ਹੈ ਕਿ ਭਾਜਪਾ ਤੇ ਸੰਘ ਪਰਿਵਾਰ ਦੇ ਫਿਰਕੂ ਏਜੰਡੇ ਦੀ ਮਾਰ ਹੇਠ ਸਭ ਤੋਂ ਵਧੇਰੇ ਤੇ ਸਭ ਤੋਂ ਅਸਾਨੀ ਨਾਲ ਗੁਜਰਾਤ ਹੀ ਆਇਆ ਹੈ। ਮੱਧਕਾਲੀਨ ਇਸਲਾਮੀ ਧਾਵਿਆਂ ਦਾ ਇਥੋਂ ਦੀ ਬਹੁਗਿਣਤੀ ਹਿੰਦੂ ਵਸੋਂ ਨੂੰ ਭੜਕਾਉਣ ਲਈ ਵਰਤ ਲਿਆ ਜਾਣਾ ਹੀ ਕਾਫ਼ੀ ਹੈ। ਇਥੋਂ ਦੇ ਵਧੇਰੇ ਲੋਕਾਂ ਦੀ ਸਨਾਤਨੀ ਹਿੰਦੂ ਮਾਨਸਿਕਤਾ ਉਪਰ ਹਿੰਦੂਤਵ ਦੇ ਨਾਅਰੇ ਅਤੇ ਹਿੰਦੂ ਰਾਜ ਦੇ ਸੰਕਲਪ ਦਾ ਅਸਰ ਕੋਈ ਨਵਾਂ ਨਹੀਂ ਹੈ। ਜ਼ਿਕਰਯੋਗ ਹੈ ਕਿ ਘੱਟ ਗਿਣਤੀਆਂ ਦੇ ਮਨ ਵਿਚ ਅਨੇਕਾਂ ਸ਼ੰਕੇ ਅਤੇ ਸੰਸੇ ਪੈਦਾ ਕਰਨ ਵਾਲਾ 'ਰਾਮ ਰਾਜ' ਦੀ ਸਥਾਪਨਾ ਦਾ ਨਾਅਰਾ ਵੀ ਗੁਜਰਾਤ ਨਾਲ ਹੀ ਸੰਬੰਧਤ ਇਕ ਆਗੂ ਮਹਾਤਮਾ ਗਾਂਧੀ ਦੁਆਰਾ ਦਿੱਤਾ ਗਿਆ ਸੀ। ਭਾਵੇਂ ਮਹਾਤਮਾ ਗਾਂਧੀ ਦੇ ਨਾਅਰੇ ਦੀ ਵਿਆਖਿਆ ਇਕ ਆਦਰਸ਼ ਰਾਜ ਵਜੋਂ ਕੀਤੀ ਗਈ, ਪਰ ਇਸ ਨਾਅਰੇ ਦੀ ਅਪੀਲ ਦਾ ਮੁਢਲਾ ਪ੍ਰਭਾਵ ਫਿਰਕੂ ਹੀ ਸੀ। ਕਹਿਣ ਤੋਂ ਭਾਵ ਇਹ ਹੈ ਕਿ ਗੁਜਰਾਤ ਦੀ ਮਾਨਸਿਕਤਾ ਧਾਰਮਕ ਪੁੱਠ ਵਾਲੀ ਹੈ। ਇਸ ਨੂੰ ਨਕਾਰਾਤਮਕ ਮੋੜ ਦੇ ਕੇ ਹੀ ਨਰਿੰਦਰ ਮੋਦੀ, ਭਾਜਪਾ ਅਤੇ ਸੰਘ ਪਰਿਵਾਰ ਨੇ ਸੰਪ੍ਰਦਾਇਕ ਰਾਜਨੀਤੀ ਵਿਚ ਪਰਿਵਰਤਿਤ ਕੀਤਾ ਹੈ। ਸੰਘ ਪਰਿਵਾਰ ਸੰਪ੍ਰਦਾਇਕ ਰਾਜਨੀਤੀ ਉਸਾਰਨ ਦੇ ਇਨ੍ਹਾਂ ਯਤਨਾਂ ਨੂੰ ਭਾਜਪਾ ਦੇ ਰਾਜਸੀ ਭਵਿੱਖ ਲਈ ਕੌਮੀ ਪੱਧਰ 'ਤੇ ਜਾਰੀ ਰੱਖਣਾ ਚਾਹੁੰਦਾ ਹੈ ਤੇ ਇਨ੍ਹਾਂ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ ਨਰਿੰਦਰ ਮੋਦੀ ਹੀ ਉਸ ਨੂੰ ਢੁਕਵਾਂ ਵਿਅਕਤੀ ਦਿਖਾਈ ਦਿੰਦਾ ਹੈ। ਇਸ ਲਈ ਉਸ ਨੇ ਇਸ ਵਾਰ ਅਗਾਮੀ ਲੋਕ ਸਭਾ ਚੋਣਾਂ ਲਈ ਮੋਦੀ ਮਸਾਲਾ ਪੂਰੇ ਭਾਰਤ ਵਿਚ ਪਰੋਸ ਦਿੱਤਾ ਹੈ। ਦੂਜੇ ਪਾਸੇ ਬਾਕੀ ਭਾਰਤ ਦੀ ਸਭਿਆਚਾਰਕ ਸਥਿਤੀ ਤੇ ਅਬਾਦੀ ਦੀ ਰਚਨਾ ਗੁਜਰਾਤ ਨਾਲੋਂ ਢੇਰ ਵੱਖਰੀ ਹੈ, ਜਿਸ ਦੇ ਚਲਦਿਆਂ ਭਾਜਪਾ ਨੂੰ ਨਰਿੰਦਰ ਮੋਦੀ ਦੀ ਅਗਵਾਈ ਵਿਚ ਮਨਇੱਛਤ ਸਿੱਟੇ ਨਹੀਂ ਮਿਲ ਸਕਣਗੇ, ਇਸ ਅਗਵਾਈ ਦਾ ਇਸ ਫਿਰਕੂ ਸਿਆਸੀ ਪਾਰਟੀ ਨੂੰ ਕਾਫ਼ੀ ਖ਼ਮਿਆਜ਼ਾ ਜ਼ਰੂਰ ਭੁਗਤਣਾ ਪੈ ਸਕਦਾ ਹੈ।

ਨਰਿੰਦਰ ਮੋਦੀ ਦੇ ਨਾਂ ਨਾਲ ਗੁਜਰਾਤ ਦੀ ਆਰਥਿਕਤਾ ਦੇ ਵਿਕਾਸ ਮਾਡਲ ਨੂੰ ਵੀ ਜੋੜਿਆ ਜਾਂਦਾ ਹੈ। ਆਰਥਕਤਾ ਦਾ 'ਗੁਜਰਾਤ ਮਾਡਲ' ਮਹਿਜ਼ ਇਕ ਭਰਮ ਹੈ। ਹਕੀਕਤ ਇਹ ਹੈ ਕਿ ਇਸ ਸਮੇਂ ਪੂਰੇ ਭਾਰਤ ਵਿਚ ਕਾਰਪੋਰੇਟ ਆਰਥਕਤਾ ਦਾ ਮਾਡਲ ਲਾਗੂ ਹੈ, ਇਸ ਮਾਡਲ ਨੂੰ ਲਾਗੂ ਕਰਨ ਵਿਚ ਭਾਜਪਾ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ ਤੇ ਇਸੇ ਮਾਡਲ ਨੇ ਅੱਜ ਆਮ ਆਦਮੀ ਦਾ ਜਿਉਣਾ ਦੁਭਰ ਕਰ ਰੱਖਿਆ ਹੈ। ਕਾਰਪੋਰੇਟ ਆਰਥਕਤਾ ਦੇ ਮਾਡਲ ਤਹਿਤ ਜੋ ਕੰਮ ਪ੍ਰਮੁੱਖਤਾ ਨਾਲ ਹੋ ਰਿਹਾ ਹੈ, ਉਹ ਸੜਕਾਂ, ਪੁਲਾਂ ਆਦਿ ਦੇ ਨਿਰਮਾਣ ਦੀ ਸ਼ਕਲ ਵਿਚ ਬੁਨਿਆਦੀ ਢਾਂਚੇ ਦਾ ਵਿਕਾਸ ਤਾਂ ਕਿ ਬਾਜ਼ਾਰ ਨੂੰ ਵਧੇਰੇ ਵਿਸਥਾਰ ਦੇ ਕੇ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ੇ ਵਿਚ ਬੇਓੜਕ ਵਾਧਾ ਕੀਤਾ ਜਾ ਸਕੇ। ਬੁਨਿਆਦੀ ਢਾਂਚੇ ਦੇ ਵਿਕਾਸ ਤੇ ਕਾਰਪੋਰੇਟਾਂ ਨੂੰ ਵੱਡੇ ਆਰਥਕ ਪੈਕੇਜ ਦੇਣ ਹਿੱਤ ਆਮ ਲੋਕਾਂ ਉਪਰ ਟੈਕਸਾਂ ਦਾ ਵਧੇਰੇ ਬੋਝ ਪੈ ਰਿਹਾ ਹੈ, ਸਿੱਟੇ ਵਜੋਂ ਉਨ੍ਹਾਂ ਦੇ ਜੀਵਨ ਪੱਧਰ ਵਿਚ ਦਿਨ-ਬ-ਦਿਨ ਗਿਰਾਵਟ ਆ ਰਹੀ ਹੈ, ਉਨ੍ਹਾਂ ਦੀਆਂ ਚਿੰਤਾਵਾਂ ਵਿਚ ਬੇਹਿਸਾਬਾ ਵਾਧਾ ਹੋ ਰਿਹਾ ਹੈ। ਕਾਰਪੋਰੇਟ ਆਰਥਕ ਮਾਡਲ ਅਧੀਨ ਪੂਰੇ ਭਾਰਤ ਵਿਚ ਜੋ ਕੁਝ ਵਾਪਰ ਰਿਹਾ ਹੈ, ਗੁਜਰਾਤ ਵੀ ਉਸ ਤੋਂ ਬਾਹਰ ਨਹੀਂ ਹੈ। ਵਿਕਾਸ ਨੂੰ ਮਾਪਣ ਦੀ ਦੋਸ਼ਪੂਰਨ ਵਿਧੀ ਕਾਰਨ ਵੀ 'ਗੁਜਰਾਤ ਮਾਡਲ' (ਕਥਿਤ) ਦਾ ਭਰਮ ਬਣਿਆ ਹੋਇਆ ਹੈ। ਇਹੀ ਵਿਧੀ ਹੈ ਵਿਕਾਸ ਨੂੰ ਔਸਤ ਦਰ ਰਾਹੀਂ ਮਾਪਣ ਦੀ, ਇਸ ਔਸਤ ਦਰ ਵਿਚ ਆਮ ਜਨਤਾ ਦੇ ਵਿਕਾਸ ਦਾ ਸੱਚ ਅਕਸਰ ਛੁਪਿਆ ਹੀ ਰਹਿ ਜਾਂਦਾ ਹੈ।

ਸੰਘ ਪਰਿਵਾਰ ਨੇ ਨਰਿੰਦਰ ਮੋਦੀ ਨੂੰ ਭਾਜਪਾ ਦੇ ਚੋਣ ਪ੍ਰਚਾਰ ਦੀ ਕਮਾਨ ਕੇਵਲ ਤੇ ਕੇਵਲ ਉਸ ਦੇ ਜ਼ੋਰਦਾਰ ਤੇ ਹਮਲਾਵਰ ਫਿਰਕੂ ਬਿੰਬ ਕਾਰਨ ਸੰਭਾਲੀ ਹੈ। ਸੰਘ ਪਰਿਵਾਰ ਨੂੰ ਜਾਪਦਾ ਹੈ ਕਿ ਫਿਰਕੂ ਮੁੱਦੇ ਤੋਂ ਬਿਨਾਂ ਹੋਰ ਕੋਈ ਮੁੱਦਾ ਭਾਜਪਾ ਦੀ ਚੋਣ ਮੁਹਿੰਮ ਵਿਚ ਬੇਅਸਰ ਹੀ ਰਹੇਗਾ। ਆਰਥਕ ਮੋਰਚੇ 'ਤੇ ਭਾਜਪਾ ਕੁਝ ਵੀ ਕਹਿਣ ਦੀ ਸਥਿਤੀ ਵਿਚ ਨਹੀਂ ਹੈ। ਵਿਡੰਬਨਾ ਇਹ ਵੀ ਹੈ ਕਿ ਅਰਥਚਾਰੇ ਦਾ ਤਾਂ ਇਹ ਭਗਵਾਂਕਰਨ ਵੀ ਨਹੀਂ ਕਰ ਸਕਦੀ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਵੀ ਹੁਣ ਇਸ ਦੀ ਸਥਿਤੀ ' ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ' ਵਾਲੀ ਹੋ ਗਈ ਹੈ। ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੀ ਇਸ ਦੀ ਕਰਨਾਟਕ ਵਿਚਲੀ ਸੂਬਾਈ ਸਰਕਾਰ ਦਾ ਪਤਨ ਵੀ ਹੋ ਗਿਆ ਹੈ। ਜਿਉਂ ਹੀ ਨਰਿੰਦਰ ਮੋਦੀ ਨੂੰ ਚੋਣ ਪ੍ਰਚਾਰ ਲਈ ਭਾਜਪਾ ਅੰਦਰ ਪ੍ਰਮੁੱਖ ਭੂਮਿਕਾ ਮਿਲਣ ਦੇ ਸੰਕੇਤ ਆਏ ਪਾਰਟੀ ਵਿਚ ਵਿਵਾਦ ਛਿੜ ਗਿਆ। ਲਾਲ ਕ੍ਰਿਸ਼ਨ ਅਡਵਾਨੀ ਨੇ ਤਾਂ ਇਸ ਫ਼ੈਸਲੇ 'ਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਪਾਰਟੀ ਵਿਚਲੇ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਵੀ ਦੇ ਦਿੱਤਾ ਸੀ। ਭਾਵੇਂ ਅਸਤੀਫ਼ਿਆਂ ਦਾ ਫ਼ੈਸਲਾ ਉਸ ਨੇ ਜਲਦੀ ਹੀ ਵਾਪਸ ਵੀ ਲੈ ਲਿਆ ਪਰ ਉਸ ਦੀ ਨਰਾਜ਼ਗੀ ਅਜੇ ਵੀ ਕਾਇਮ ਜਾਪਦੀ ਹੈ। ਇਸੇ ਤਰ੍ਹਾਂ ਸ਼ਤਰੂਘਨ ਸਿਨਹਾ ਸਮੇਤ ਭਾਜਪਾ ਦੇ ਹੋਰ ਕਈ ਆਗੂਆਂ ਨੇ ਵੀ ਨਰਿੰਦਰ ਮੋਦੀ ਦੇ ਪਾਰਟੀ ਸਫ਼ਾਂ ਵਿਚ ਉਭਾਰ ਦਾ ਸਵਾਗਤ ਨਹੀਂ ਕੀਤਾ। ਭਾਵੇਂ ਨਰਾਜ਼ ਭਾਜਪਾ ਆਗੂ ਖੁਲ੍ਹ ਕੇ ਗੱਲ ਕਰਨ ਤੋਂ ਤਾਂ ਗੁਰੇਜ਼ ਕਰ ਰਹੇ ਹਨ ਫਿਰ ਵੀ ਉਨ੍ਹਾਂ ਦੀ ਨਰਾਜ਼ਗੀ ਤੋਂ ਇਹ ਅੰਦਾਜ਼ਾ ਜ਼ਰੂਰ ਲਗਾਇਆ ਜਾ ਸਕਦਾ ਹੈ ਕਿ ਖ਼ੁਦ ਭਾਜਪਾ ਵੀ ਨਰਿੰਦਰ ਮੋਦੀ ਦੀ ਰਾਸ਼ਟਰੀ ਪੱਧਰ ਉਪਰ ਕਾਮਯਾਬੀ 'ਚ ਭਰੋਸਾ ਨਹੀਂ ਰਖਦੀ। ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਭਾਰਤੀ ਰਾਜਨੀਤੀ ਵਿਚ ਫਿਰਕਾਪ੍ਰਸਤੀ ਦਾ ਮੁੱਦਾ ਬਹੁਤਾ ਪ੍ਰਭਾਵੀ ਨਹੀਂ ਰਿਹਾ। ਇਸ ਤੋਂ ਇਲਾਵਾ ਭਾਜਪਾ ਨੇ ਫਿਰਕਾਪ੍ਰਸਤੀ ਦੇ ਪੱਤੇ (ਮੁੱਦੇ) ਨੂੰ ਇਸ ਦੀ ਚਰਮ ਸੀਮਾ ਤਕ ਪਹਿਲਾਂ ਹੀ ਵਰਤ ਕੇ ਦੇਖ ਲਿਆ ਹੈ, ਇਸ ਲਈ ਇਸ ਪਾਰਟੀ ਦੀ ਸਥਾਪਤ ਲੀਡਰਸ਼ਿਪ ਨੂੰ ਇਹ ਆਸ ਨਹੀਂ ਕਿ ਭਾਜਪਾ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਫਿਰਕਾਪ੍ਰਸਤੀ (ਜਿਸ ਦਾ ਨਰਿੰਦਰ ਮੋਦੀ ਪ੍ਰਤੀਕ ਬਣਿਆ ਹੋਇਆ ਹੈ) ਦੇ ਏਜੰਡੇ ਸਹਾਰੇ ਕੋਈ ਕ੍ਰਿਸ਼ਮਾ ਕਰ ਵਿਖਾਏਗੀ। ਉਨ੍ਹਾਂ ਦੀ ਆਸ ਤਾਂ ਇਸ ਦੇ ਬਿਲਕੁਲ ਉਲਟ ਹੈ। ਜਿਸ ਤਰ੍ਹਾਂ ਭਾਜਪਾ ਦੇ ਭਾਈਵਾਲ ਨਰਿੰਦਰ ਮੋਦੀ ਦੀ ਵਜ੍ਹਾ ਕਰ ਕੇ ਭਾਜਪਾ ਨਾਲੋਂ ਤੋੜ-ਵਿਛੋੜਾ ਕਰ ਰਹੇ ਹਨ, ਉਸ ਨੂੰ ਦੇਖ ਕੇ ਤਾਂ ਸਾਫ਼ ਨਜ਼ਰ ਆਉਂਦਾ ਹੈ ਕਿ ਅਗਾਮੀ ਲੋਕ ਸਭਾ ਚੋਣਾਂ 'ਚ ਸੰਘ ਪਰਿਵਾਰ ਦਾ ਮੋਦੀ ਮਸਾਲਾ ਭਾਜਪਾ ਦਾ ਸੁਆਦ ਕਰਾਰਾ ਨਹੀਂ ਕਰ ਸਕੇਗਾ।

# ਪਾਰਲੀਮਾਨੀ ਚੋਣਾਂ ਦੇ ਰੰਗ ਢੰਗ



ਪਵੇਲ ਪਾਸਲਾ
+91-94639-32580
pavel_pasla26@yahoo.com

ਭਾਵੇਂ ਕੇਂਦਰ ਸਰਕਾਰ ਦੀਆਂ ਚੋਣਾਂ ਦੀ ਤਾਰੀਕ ਦਾ ਐਲਾਨ ਨਹੀਂ ਹੋਇਆ ਪ੍ਰੰਤੂ ਸਿਆਸੀ ਹਲਚਲ ਸਿਖਰਾਂ 'ਤੇ ਹੈ। ਵੋਟਾਂ ਤਾਂ ਭਾਵੇਂ ਦੇਰ-ਸਵੇਰ ਆ ਹੀ ਜਾਣੀਆਂ ਹਨ ਪਰ ਉਨ੍ਹਾਂ ਦਾ ਨਤੀਜਾ ਲਗਭਗ ਸਾਡੇ ਸਾਹਮਣੇ ਹੀ ਹੈ। ਕਾਂਗਰਸ ਦੀ ਜਾਂ ਫੇਰ ਭਾਜਪਾ ਦੀ ਅਗਵਾਈ ਹੇਠ ਸਰਕਾਰ ਬਣੂੰ ਅਤੇ ਜਾਂ ਫਿਰ ਇਨ੍ਹਾਂ ਦੋਹਾਂ 'ਚੋਂ ਕਿਸੇ ਇਕ ਦੀ ਮਦਦ ਨਾਲ ਕੋਈ ਖਿਚੜੀ ਸਰਕਾਰ।

ਜੇ ਆਪਾਂ ਲੋਕਤੰਤਰ ਦੇ ਤੌਰ 'ਤੇ ਲੋਕਾਂ ਦੀ ਭਲਾਈ ਦੀ ਗੱਲ ਕਰੀਏ ਤਾਂ ਯੂ.ਪੀ.ਏ. ਦੀ ਅਗਵਾਈ ਕਰ ਰਹੀ ਕਾਂਗਰਸ ਦਾ ਤਾਂ ਬੋਰੀਆ ਬਿਸਤਰਾ ਲਪੇਟਿਆਂ ਹੀ ਜਾਣਾ ਚਾਹੀਦਾ ਹੈ। ਇਸ ਦੇ ਆਗੂਆਂ ਵਿਚ ਤਾਂ ਭ੍ਰਿਸ਼ਟਾਚਾਰ ਦਾ ਮੁਕਾਬਲਾ ਚਲ ਰਿਹਾ ਹੈ। ਸਾਡੇ ਦੇਸ਼ ਦੀ ਇਹ ਤਰਾਸਦੀ ਹੈ ਕਿ ਅਜ਼ਾਦੀ ਦੇ 65 ਸਾਲਾਂ ਬਾਅਦ ਵੀ ਦੋ ਤਿਹਾਈ ਲੋਕਾਂ ਨੂੰ ਏਥੇ ਰੋਟੀ ਵੀ ਨਸੀਬ ਨਹੀਂ ਹੁੰਦੀ, ਦੂਜੀਆਂ ਮੁੱਢਲੀਆਂ ਲੋੜਾਂ ਦੀ ਤਾਂ ਗੱਲ ਹੀ ਨਾ ਕਰੋ। ਯੂ.ਪੀ.ਏ. ਦੀ ਅਗਵਾਈ ਕਰ ਰਹੀ ਕਾਂਗਰਸ ਸਰਕਾਰ ਜੋ 9 ਸਾਲ ਪੂਰੇ ਕਰ ਚੁੱਕੀ ਹੈ, ਡੰਕੇ ਦੀ ਚੋਟ ਉੱਤੇ ਸਫੇਦ ਝੂਠ ਬੋਲ ਰਹੀ ਹੈ ਕਿ ਉਨ੍ਹਾਂ ਦੇਸ਼ ਨੂੰ ਵੱਡੀ ਆਰਥਕ ਸ਼ਕਤੀ ਬਣਾ ਦਿੱਤਾ ਹੈ। ਅਗਲੀਆਂ ਚੋਣਾਂ ਵਿਚ ਜਿੱਤਣ ਲਈ ਹੁਣ ਲੋਕਾਂ ਨੂੰ ਭਰਮਾਉਂਦੀ ਹੋਈ ਸਰਕਾਰ ਨੇ ਦੋ -ਤਿਹਾਈ ਲੋਕਾਂ ਨੂੰ 1 ਰੁਪਏ ਕਿਲੋ ਮੋਟਾ ਅਨਾਜ, 2 ਰੁਪਏ ਕਿਲੋ ਕਣਕ ਤੇ 3 ਰੁਪਏ ਕਿਲੋ ਚਾਵਲ ਦੇਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਜੋ ਨਿਰਾ ਝੂਠ ਦਾ ਫ਼ਲਸਫ਼ਾ ਹੈ। ਸਾਡੀ ਸਾਰੀ ਅਰਥਵਿਵਸਥਾ ਲੜਖੜਾ ਰਹੀ ਹੈ ਤੇ ਸਰਕਾਰ ਇਸ ਨੂੰ ਸੁਧਾਰਣ ਦੀ ਥਾਂ ਘੋਟਾਲਿਆਂ 'ਚ ਫਸੇ ਨੇਤਾਵਾਂ ਨੂੰ ਬਚਾਅ ਰਹੀ ਹੈ। ਅਜਿਹੀ ਲੋਕ ਵਿਰੋਧੀ ਸਰਕਾਰ ਜੋ ਲੋਕਾਂ ਨੂੰ ਦੋ ਡੰਗ ਦੀ ਰੋਟੀ ਨਹੀਂ ਦੇ ਸਕੀ, ਜਿਹੜੀ ਗਲੇ ਗਲੇ ਤੱਕ ਭ੍ਰਿਸ਼ਟਾਚਾਰ ਵਿਚ ਫਸੀ ਹੈ, ਅਜਿਹੀ ਸਰਕਾਰ ਨੂੰ ਜੜ੍ਹੋਂ ਉਖਾੜ ਦੇਣਾ ਚਾਹੀਦਾ ਹੈ। ਕਾਂਗਰਸ ਅਜੇ ਵੀ ਇਸ ਭੁਲੇਖੇ ਵਿਚ ਹੈ ਕਿ ਲੋਕਾਂ ਦੇ ਗੁਸੇ ਨੂੰ, ਭ੍ਰਿਸ਼ਟਾਚਾਰ ਦੀਆਂ ਲੱਗੀਆਂ ਝੜੀਆਂ ਨੂੰ, ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਨੂੰ ਲੋਕਾਂ ਦੀਆਂ ਅੱਖਾਂ ਤੋਂ ਓਹਲ ਕਰਕੇ ਉਹ ਇਕ ਵਾਰ ਫਿਰ ਸੱਤਾ 'ਚ ਆਉਣਗੇ। ਕਿੰਨੀ ਵੱਡੀ ਭੁੱਖ ਹੈ ਇਨ੍ਹਾ ਅੰਦਰ? ਲੋਕਾਂ ਨੂੰ ਲੁੱਟਣ ਦੀਆਂ ਅਜਿਹੀਆਂ ਗੱਲਾਂ ਤੋਂ ਤਾਂ ਇੰਝ ਹੀ ਜਾਪਦਾ ਹੈ ਕਿ ਕਾਂਗਰਸ ਇਕ ਹੋਰ ਪੈਂਤਰਾ ਖੇਡ ਰਹੀ ਹੈ ਕਿ ਉਨ੍ਹਾਂ ਦੀ ਸਰਕਾਰ ਹੇਠ ਹੀ ਮੁਸਲਮਾਨ ਭਾਈਚਾਰਾ ਸੁਰੱਖਿਅਤ ਹੈ। ਇਹ ਤਾਂ ਨਿਰੀ ਮੌਕਾਪ੍ਰਸਤੀ ਹੀ ਹੈ ਕਿ ਜਿਹੜਾ ਨਿਤੀਸ਼ ਕੁਮਾਰ ਵਾਲਾ ਜਨਤਾ ਦਲ (ਯੂਨਾਇਟਿਡ) ਐਨ.ਡੀ.ਏ. ਵਿਚ ਰਿਹਾ ਹੁਣ ਮੋਦੀ ਨੂੰ ਕੱਟੜਪੰਥੀ ਦੱਸਦਾ ਹੈ ਤੇ ਆਪਣੇ ਆਪ ਨੂੰ ਹੁਣ ਧਰਮ ਨਿਰਪੱਖ ਦੱਸਦਾ ਹੋਇਆ, ਇਸ ਐਨ.ਡੀ.ਏ. ਤੋਂ ਵਖਰਾ ਹੋ ਗਿਆ ਹੈ। ਕਾਂਗਰਸ ਦੇ ਵੱਡਿਆਂ ਲੀਡਰਾਂ ਨਾਲ ਅੰਦਰ ਖਾਤੇ ਮੀਟਿੰਗਾਂ ਹੋ ਰਹੀਆਂ ਹਨ। ਹੈ ਨਾ ਪੂਰੀ ਮੌਕਾਪ੍ਰਸਤੀ! ਇਸ ਨਿਤੀਸ਼ ਕੁਮਾਰ ਨੂੰ ਇਹ ਭੁੱਲ ਗਿਆ ਹੈ ਕਿ ਭਾਵੇਂ ਉਸ ਵੇਲੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਸੀ, ਉਸੇ ਸਮੇਂ ਨਰਿੰਦਰ ਮੋਦੀ ਦੀ ਸਰਕਾਰ ਵੇਲੇ ਹੀ ਗੁਜਰਾਤ ਵਿਚ ਹਜ਼ਾਰਾਂ ਬੇਗੁਨਾਹ ਮੁਸਲਮਾਨਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਜੇ ਦੂਸਰੇ ਦਾਅਵੇਦਾਰ ਵੱਲ ਝਾਤੀ ਮਾਰੀਏ ਤਾਂ ਲੋਕਤੰਤਰ ਲਈ ਐਨ.ਡੀ.ਏ. ਜਿਸ ਦੀ ਅਗਵਾਈ ਭਾਜਪਾ ਦਾ ਨਰਿਦਰ ਮੋਦੀ ਕਰ ਰਿਹਾ ਹੈ, ਨੂੰ ਵੀ ਸੱਤਾ 'ਤੇ ਕਾਬਜ਼ ਨਹੀ ਹੋਣ ਦੇਣਾ ਚਾਹੀਦਾ। ਸੰਨ 2002 ਦੇ ਦੰਗੇ ਕਿਸ ਨੂੰ ਭੁੱਲੇ ਹਨ, ਜਦੋਂ ਹਜ਼ਾਰਾਂ ਬੇਗੁਨਾਹ ਮੁਸਲਿਮ ਮਾਰੇ ਗਏ, ਉਹ ਵੀ ਮੋਦੀ ਦੀ ਸਰਕਾਰ ਵੇਲੇ। ਇਸ ਦੇ ਬਾਅਦ ਵੀ ਸੰਪਰਦਾਇਕਤਾ ਨੂੰ ਭੜਕਾਉਣ ਵਿਚ ਮੋਦੀ ਦਾ ਖਤਰਨਾਕ ਰਵੱਈਆ ਦੇਖਿਆ ਗਿਆ। ਮੋਦੀ ਸਰਕਾਰ ਨੇ ਸਰਕਾਰੀ ਮਸ਼ੀਨਰੀ ਦਾ ਐਨਾ ਦੁਰਉਪਯੋਗ ਕੀਤਾ ਕਿ ਸੁਪਰੀਮ ਕੋਰਟ ਨੂੰ ਦਖ਼ਲਅੰਦਾਜ਼ੀ ਕਰਨੀ ਪਈ। ਜੇ ਇਨ੍ਹਾ ਦੋਨਾਂ ਵਿਚੋਂ ਕਿਸੇ ਇਕ ਦਾ ਹੀ ਕੇਂਦਰ 'ਤੇ ਕਬਜ਼ਾ ਹੋਣਾ ਹੈ ਤਾਂ ਆਮ ਆਦਮੀ ਦਾ ਚੋਣਾਂ ਵਿਚ ਹਿੱਸਾ ਲੈਣ ਦਾ ਕੀ ਫਾਇਦਾ? ਜਿਸ ਨੂੰ ਇਨ੍ਹਾਂ ਦੋਨਾਂ ਦੀ ਕਾਰਗੁਜ਼ਾਰੀ ਬਾਰੇ ਪਹਿਲਾਂ ਤੋਂ ਹੀ ਪਤਾ ਹੈ।

ਵੈਸੇ ਤਾਂ ਮੁਲਾਇਮ ਸਿੰਘ ਯਾਦਵ ਵੀ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਦੇਖ ਰਿਹਾ ਹੈ। ਉਹ ਇਕ ਹੋਰ ਫਰੰਟ ਬਣਾਉਣ ਦੀ ਵਕਾਲਤ ਕਰ ਰਿਹਾ ਹੈ। ਜਿਸ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਉੜੀਸਾ ਦਾ ਮੁੱਖ ਮੰਤਰੀ ਨਵੀਨ ਪਟਨਾਇਕ, ਆਂਧਰਾ ਪ੍ਰਦੇਸ਼ ਦਾ ਤੇਲਗੂਦੇਸ਼ਮ ਦਾ ਮੁਖੀ ਚੰਦਰ ਬਾਬੂ ਨਾਇਡੂ ਵਰਗੀਆਂ ਪਾਰਟੀਆਂ ਨੂੰ ਨਾਲ ਲੈਣਾ ਚਾਹੁੰਦਾ ਹੈ, ਪਰ ਇਸ ਨਵੇਂ ਮੋਰਚੇ ਦੁਆਰਾ ਵੀ ਕੋਈ ਅਜੇਹੀ ਗੱਲ ਨਹੀਂ ਕੀਤੀ ਜਾ ਰਹੀ ਹੈ ਜੋ ਗਰੀਬੀ, ਮਹਿੰਗਾਈ, ਅਨਪੜ੍ਹਤਾ ਨੂੰ ਦੂਰ ਕਰ ਸਕਣ ਤੇ ਨਾ ਕੋਈ ਅਜਿਹੀ ਆਰਥਕ ਨੀਤੀ ਦੀ ਗੱਲ ਕਰ ਰਹੇ ਹਨ ਜਿਸ ਨਾਲ ਬੇਰੁਜ਼ਗਾਰੀ ਦੂਰ ਹੋ ਸਕੇ, ਸਗੋਂ ਇਕ ਦੂਜੇ ਦੀਆਂ ਬੁਰਿਆਈਆਂ ਹੀ ਕਰੀ ਜਾ ਰਹੇ ਹਨ। ਇਕ-ਦੂਜੇ ਦੀ ਲੱਤ ਖਿੱਚਦੇ ਜਾਪਦੇ ਹਨ, ਤੇ ਬਾਅਦ 'ਚ ਇਹ ਵੀ ਪਤਾ ਨਹੀਂ ਲੱਗਦਾ ਕਿ ਇਹ ਰਾਜਸੀ ਦੁਸ਼ਮਣ ਸੱਤਾ ਲੈਣ ਲਈ ਕਦੋਂ ਰਾਜਸੀ ਦੋਸਤ ਬਣ ਜਾਣ। ਹੁਣ ਲੋਕਾਂ ਸਾਹਮਣੇ ਸਵਾਲ ਇਹ ਹੈ ਕਿ ਉਹ ਕੀ ਕਰਨ ਤੇ ਕਿਸ ਨੂੰ ਚੁਣਨ, ਜਿਸ ਨਾਲ ਆਮ ਆਦਮੀ ਦੇ ਜੀਵਨ ਵਿਚ ਆ ਰਹੀ ਗਿਰਾਵਟ ਨੂੰ ਰੋਕਿਆ ਜਾ ਸਕੇ ਤੇ ਲੋਕਾਂ ਦਾ ਜੀਵਨ ਪੱਧਰ ਉਚਾ ਹੋ ਸਕੇ। ਅੱਜ ਦੇਸ਼ ਸਾਹਮਣੇ ਬੜੀਆਂ ਸਮੱਸਿਆਵਾਂ ਹਨ, ਜਿਵੇਂ ਕਿ ਬੇਰੁਜ਼ਗਾਰੀ, ਅਨਪੜ੍ਹਤਾ, ਵੱਧ ਰਹੀ ਮਹਿੰਗਾਈ, ਸਿਹਤ ਵਿਵਸਥਾ ਵਿਚ ਗਿਰਾਵਟ, ਕਿਸਾਨਾਂ ਦੀ ਮਾੜੀ ਦਸ਼ਾ ਆਦਿ। ਇਨ੍ਹਾਂ ਬਾਰੇ ਕੋਈ ਠੋਸ ਨੀਤੀ ਨਹੀਂ ਪੇਸ਼ ਕਰਦਾ।

ਹੁਣ ਬਚਦਾ ਹੈ ਖੱਬਾ ਪੱਖ ਜਿਸ ਵਿਚ ਸੀ.ਪੀ.ਆਈ. ਤੇ ਸੀ.ਪੀ.ਆਈ. (ਐਮ) ਆਉਂਦੇ ਹਨ। ਭਾਵੇਂ ਉਹ ਇਨ੍ਹਾਂ ਵਿਚੋਂ ਕਿਸੇ ਨਾਲ ਜਾਣ ਦੀ ਗੱਲ ਅਜੇ ਨਹੀਂ ਕਰ ਰਹੇ ਪਰ ਪਿੱਛੇ ਕਈ ਵਾਰ ਅਸੀਂ ਸਾਰੇ ਦੇਖ ਚੁੱਕੇ ਹਾਂ ਕਿ ਇਹ ਵੀ ਮੌਕਾਪ੍ਰਸਤੀ ਹੇਠ ਆ ਕੇ ਕਾਂਗਰਸ ਨਾਲ ਗੰਢਤੁਪ ਕਰਨੋਂ ਨਹੀਂ ਝਿਜਕਦੇ ਤੇ ਹਵਾਲਾ ਦਿੰਦੇ ਹਨ ਕਿ ਧਾਰਮਕ ਕੱਟੜਤਾ ਨੂੰ ਦੂਰ ਰੱਖਣ ਲਈ ਧਰਮ ਨਿਰਪਖ ਤਾਕਤਾਂ ਦਾ ਸਾਥ ਦੇਣਾ ਜ਼ਰੂਰੀ ਹੈ। ਉਹ ਇਹ ਭੁੱਲ ਜਾਂਦੇ ਹਨ ਕਿ ਕਾਂਗਰਸ ਪਾਰਟੀ ਪੂੰਜੀਪਤੀਆਂ ਦੀ ਪਾਰਟੀ ਹੈ ਜਿਸ ਦਾ ਮੁੱਖ ਨਿਸ਼ਾਨਾ ਪੂੰਜੀਪਤੀਆਂ ਦੀ ਸੇਵਾ ਕਰਨਾ ਹੈ ਨਾ ਕਿ ਗਰੀਬ ਵਰਗ ਦਾ ਸੁਧਾਰ ਕਰਨਾ। ਇਸ ਪਾਰਟੀ ਦੀਆਂ ਸਰਕਾਰਾਂ ਤਾਂ ਗਰੀਬੀ ਨੂੰ ਹਟਾਉਣ ਦੀ ਥਾਂ ਗਰੀਬ ਹਟਾਉਣ ਵਿਚ ਵਿਸ਼ਵਾਸ ਕਰਦੀਆਂ ਹਨ। ਇਸ ਦੀ ਉਦਾਹਰਣ ਇਸ ਤੋਂ ਲੈ ਸਕਦੇ ਹੋ ਜਦੋਂ ਪਿਛੇ ਜਿਹੇ ਦਿੱਲੀ ਦੀ ਮੁੱਖ ਮੰਤਰੀ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਘਰ ਦਾ ਗੁਜ਼ਾਰਾ ਕੇਵਲ 600 ਰੁਪਏ ਵਿਚ ਕੀਤਾ ਜਾ ਸਕਦਾ ਹੈ। ਇਸ ਨੂੰ ਕੋਈ ਪੁੱਛੇ ਕਿ ਕੀ ਤੂੰ ਅਜਿਹਾ ਕਰ ਸਕਦੀ ਹੈ? ਮੁਲਕ ਦੇ ਆਰਥਕ ਮਾਹਰਾਂ ਵਲੋਂ ਅੱਜ ਗਰੀਬੀ ਦੇ ਅੰਕੜੇ ਤਾਂ ਪੇਸ਼ ਕੀਤੇ ਜਾਂਦੇ ਹਨ ਜੋ ਨੰਬਰਾਂ ਦੀ ਖੇਡ ਤੋਂ ਬਿਨਾਂ ਹੋਰ ਕੋਈ ਹੱਲ ਪੇਸ਼ ਨਹੀਂ ਕਰਦੇ। ਆਰਥਕ ਮਾਮਲਿਆਂ ਦੇ ਮਾਹਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਸੱਤਾ ਸਿਆਸਤ ਦੇ ਹਿੱਤ ਪਾਲ ਰਹੇ ਹਨ। ਜੇਕਰ ਇਨ੍ਹਾਂ ਮਸਲਿਆਂ ਦਾ ਹੱਲ ਹੀ ਨਹੀਂ ਕੱਢਿਆ ਜਾ ਸਕਦਾ ਤਾਂ ਅੰਕੜੇ ਕੱਢਣ ਵਿਚ ਸਮਾਂ ਤੇ ਪੈਸੇ ਕਿਉਂ ਬਰਬਾਦ ਕੀਤਾ ਜਾਣਾ ਚਾਹੀਦਾ ਹੈ।

ਇਹ ਜ਼ੋਰ-ਸ਼ੋਰ ਨਾਲ ਪ੍ਰਚਾਰ ਕਿਉਂ ਕੀਤਾ ਜਾ ਰਿਹਾ ਹੈ ਕਿ ਮੁਲਕ ਤੇਜ਼ੀ ਨਾਲ ਮਹਾਂਸ਼ਕਤੀ ਬਣਨ ਵੱਲ ਵੱਧ ਰਿਹਾ ਹੈ। ਸੱਤਾ ਸਿਆਸਤ ਮੁਕਾਬਲਾ ਤਾਂ ਵਿਕਸਤ ਮੁਲਕਾਂ ਨਾਲ ਕਰ ਰਹੀ ਹੈ ਪਰ ਆਮ ਬੰਦਾ ਰੋਜ਼ੀ ਰੋਟੀ ਹਾਸਲ ਕਰਨ ਦੇ ਮੁਕਾਬਲੇ ਜੋਗਾ ਵੀ ਨਹੀਂ ਹੈ। ਨਿੱਤ ਨਵੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਜਾਂਦੀਆਂ ਹਨ ਜੋ ਅਮੀਰਾਂ ਅਤੇ ਅਧਿਕਾਰੀਆਂ ਦੀਆਂ ਜੇਬਾਂ ਹੀ ਗਰਮ ਕਰਦੀਆਂ ਹਨ। ਜਦੋਂ ਇੱਥੇ ਮੁਲਕ ਦੀਆਂ ਬੱਚੀਆਂ ਨੂੰ ਸੁੱਰਖਿਆ ਨਹੀਂ ਦਿੱਤੀ ਜਾ ਸਕੀ ਤਾਂ ਉਥੇ ਖੁਰਾਕ ਸੁਰੱਖਿਆ ਦੀ ਕਿਵੇਂ ਆਸ ਕੀਤੀ ਜਾ ਸਕਦੀ ਹੈ? ਸਸਤਾ ਅਨਾਜ ਤਾਂ ਪਹਿਲਾਂ ਵੱਡਿਆਂ ਦੇ ਭੜੋਲਿਆਂ ਵਿਚ ਹੀ ਭਰੇਗਾ। ਜੇ ਬਚੇਗਾ ਤਾਂ ਹੀ ਗਰੀਬ ਦਾ ਚੁੱਲਾ ਭੱਖੇਗਾ। ਅਨਾਜ ਸੁਰੱਖਿਆ ਦੇ ਨਾਂ 'ਤੇ ਗਰੀਬਾਂ ਨਾਲ ਇਹ ਮਜ਼ਾਕ ਹੀ ਲੱਗਦਾ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਜਦੋਂ ਸਾਰੀਆਂ ਸਿਆਸੀ ਧਿਰਾਂ ਸਰਗਰਮ ਹੋ ਜਾਂਦੀਆਂ ਹਨ ਤਾਂ ਲੋਕ ਭਰਮਾਊ ਵਾਅਦੇ ਕਰਨ ਵਿਚ ਰੁੱਝ ਗਈਆਂ ਹਨ।

ਲੋਕ ਪੱਖੀ ਧਿਰਾਂ ਨੂੰ ਇਹ ਚਾਹੀਦਾ ਹੈ ਕਿ ਉਹ ਮੌਕਾਪ੍ਰਸਤੀ ਦੀ ਰਾਜਨੀਤੀ ਨੂੰ ਛੱਡ ਕੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਵਿਚਾਰਨ ਤੇ ਉਨ੍ਹਾਂ ਦੇ ਹੱਲ ਲਈ ਕੋਈ ਠੋਸ ਨੀਤੀ ਘੜਨ ਅਤੇ, ਹੋਰ ਆਪਣੀਆਂ ਹਮਖਿਆਲੀ ਪਾਰਟੀਆਂ ਨੂੰ ਨਾਲ ਲੈ ਕੇ ਲੋਕਾਂ ਦੀ ਅਸਲ ਨਬਜ਼ ਟਟੋਲਨ ਨਾ ਕਿ ਕਾਗਜ਼ੀ ਬਿਆਨਬਾਜ਼ੀ ਕਰਨ। ਇਨ੍ਹਾ ਲੋਕ ਪੱਖੀ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਵਿਸ਼ਾਲ ਜਨ ਮੋਰਚਾ ਖੋਲ੍ਹਣ ਤੇ ਲੋਕਾਂ ਵਿਚ ਵਿਚਰਨ, ਲੋਕਾਂ ਦਾ ਖੁੱਸਿਆ ਵਿਸ਼ਵਾਸ ਮੁੜ ਹਾਸਲ ਕਰਨ। ਕਿਉਂਕਿ ਦੇਸ਼ ਨੂੰ ਇਨ੍ਹਾਂ ਦੋਨਾਂ ਤੋਂ ਭਾਵ ਯੂ.ਪੀ.ਏ. ਤੇ ਐਨ.ਡੀ.ਏ. ਤੋਂ ਬਚਾਉਣਾ ਬੇਹੱਦ ਜ਼ਰੂਰੀ ਹੈ। ਯੂ.ਪੀ.ਏ.-2 ਦੀ ਸਰਕਾਰ ਤਾਂ ਯੂ.ਪੀ. ਏ.-1 ਤੋਂ ਵੀ ਬੇਹਦ ਖਰਾਬ ਤੇ ਭ੍ਰਿਸ਼ਟ ਰਹੀ। ਜਦੋਂ ਕਿ ਯੂ.ਪੀ.ਏ.-2 ਵਿਚ ਪਹਿਲਾਂ ਦੇ ਮੁਕਾਬਲੇ ਕਾਂਗਰਸ ਵਧੇਰੇ ਮਜ਼ਬੂਤ ਸੀ ਤੇ ਦੂਜੀਆਂ ਪਾਰਟੀਆਂ ਉੱਤੇ ਪਹਿਲਾਂ ਦੇ ਮੁਕਾਬਲੇ ਘੱਟ ਨਿਰਭਰ ਸੀ। ਪਰ ਕਾਂਗਰਸ ਇਸ ਤੋਂ ਲਾਹਾ ਲੈ ਕੇ ਪਹਿਲਾਂ ਤੋਂ ਵੱਧ ਭ੍ਰਿਸ਼ਟ ਸਾਬਤ ਹੋਈ ਤੇ ਉਸ ਨੇ ਘੁਟਾਲਿਆਂ ਦੀਆਂ ਲਾਈਨਾਂ ਲਗਾ ਦਿੱਤੀਆ। ਇਸ ਤੋਂ ਇਲਾਵਾ ਐਨ.ਡੀ.ਏ. ਵਾਲੀ ਭਾਜਪਾ ਜਿਸ ਦਾ ਮੁਖੀ ਮੋਦੀ ਬਣਾਇਆ ਗਿਆ ਹੈ ਉਸ ਤੋਂ ਤਾਂ ਕੋਈ ਆਸ ਰੱਖੀ ਹੀ ਨਹੀਂ ਜਾ ਸਕਦੀ। ਉਹ ਹਿੰਦੂਤੱਤਵ ਦਾ ਨਾਹਰਾ ਦਿੰਦਾ ਹੈ, ਉਸ ਦੇ ਆਪਣੇ ਰਾਜ ਵਿਚ ਫਿਰਕੂ ਦੰਗੇ ਇਸ ਦੀ ਮੂੰਹੋਂ ਬੋਲਦੀ ਤਸਵੀਰ ਪੇਸ਼ ਕਰਦੇ ਹਨ ਜਦੋਂ ਉਹ ਖੁਦ ਉਸ ਗੁਜਰਾਤ ਦਾ ਮੁੱਖ ਮੰਤਰੀ ਸੀ।

ਇਸ ਵੇਲੇ ਦੇਸ਼ ਨੂੰ ਅਜਿਹੀਆਂ ਸਿਆਸੀ ਧਿਰਾਂ ਦੀ ਲੋੜ ਹੈ ਜੋ ਮੌਕਾਪ੍ਰਸਤੀ ਦੀ ਰਾਜਨੀਤੀ ਛੱਡ ਕੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਵਿਚਾਰਨ ਤੇ ਉਨ੍ਹਾਂ ਦੇ ਹੱਲ ਲਈ ਕੋਈ ਠੋਸ ਨੀਤੀਆਂ ਘੜਨ। ਆਮ ਲੋਕਾਂ ਨੂੰ ਬਿਆਨਬਾਜ਼ੀਆਂ, ਕਾਗਜ਼ੀ ਵਾਅਦੇ ਨਹੀਂ ਚਾਹੀਦੇ ਹਨ। ਰੋਜ਼ੀ ਰੋਟੀ ਚਾਹੀਦੀ ਹੈ। ਲੋਕ ਪੱਖੀ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਵਿਸ਼ਾਲ ਜਨ ਏਕਤਾ ਰਾਹੀਂ ਜਨਤਾ ਦੀ ਲੁੱਟ ਰਹੀਆਂ ਧਿਰਾਂ ਦਾ ਡਟ ਕੇ ਮੁਕਾਬਲਾ ਕਰਨ। ਅਜਿਹੇ ਬਦਲ ਪੇਸ਼ ਕਰਨ ਜਿਸ ਨਾਲ ਦੇਸ਼ ਦੀ ਆਰਥਕ ਵਿਵਸਥਾ ਨੂੰ ਮੁੜ ਲੀਹ 'ਤੇ ਲਿਆਂਦਾ ਜਾ ਸਕੇ। ਅਮੀਰਾਂ ਤੇ ਗਰੀਬਾਂ ਵਿਚਕਾਰ ਵੱਧ ਰਹੇ ਪਾੜੇ ਨੂੰ ਹੁਣ ਖਤਮ ਕਰਨ ਦਾ ਵੇਲਾ ਆ ਗਿਆ ਹੈ। ਜੋ ਹੁਣ ਵੀ ਅਵੇਸਲੇ ਰਹੇ ਤਾਂ ਕਦੇ ਵੀ ਉਪਰ ਨਹੀਂ ਉਠ ਸਕਾਂਗੇ। ਦੇਸ਼ ਨੂੰ ਵੰਡਣ ਵਾਲੀਆਂ ਧਿਰਾਂ ਤੋਂ ਜਨਤਾ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ।

---

ਧੁਖ਼ਦਾ ਕਾਲਮ

# ‘ਮਮਟੀ ’ਤੇ ਦੀਵਾ ਵੀ ਧਰਨਾ ਪਵੇਗਾ...’

ਸੁਸ਼ੀਲ ਦੁਸਾਂਝ +91-97813-60066

ਲੁੱਟ ਦੀ ਕੋਈ ਇਕ ਪਰਿਭਾਸ਼ਾ ਨਹੀਂ ਹੁੰਦੀ। ਲੁੱਟ ਦੇ ਖੇਤਰ ਵੀ ਵੱਖੋ-ਵੱਖ ਤੇ ਢੰਗ ਤਰੀਕੇ ਵੀ ਆਪੋ-ਆਪਣੇ। ਕਿਧਰੇ ਲੁੱਟ ਸ਼ਰੇਆਮ ਤੇ ਧੌਂਸ ਨਾਲ ਤੇ ਕਿਧਰੇ ਲੁੱਟ ਏਨੇ ਮਹੀਨ ਢੰਗ ਨਾਲ ਕਿ ਲੁਟੀਂਦਿਆਂ ਨੂੰ ਸਭ ਕੁੱਝ ਲੁਟਾ ਦੇਣ ਦੇ ਬਾਵਜੂਦ ਕੁਝ ਪਤਾ ਨਹੀਂ ਲੱਗਦਾ। ਸੰਸਾਰ ਦੀਆਂ ਸਭ ਤੋਂ ਸ਼ਾਤਰ ਲੁਟੇਰੀਆਂ ਧਿਰਾਂ ਉਹ ਵੱਡੀਆਂ ਦੇਸੀ ਵਿਦੇਸ਼ੀ ਕੰਪਨੀਆਂ ਹਨ ਜਿਨ੍ਹਾਂ ਕੋਲ ਲੋਹੇ ਨੂੰ ਵੀ ਸੋਨਾ ਕਹਿ ਕੇ ਵੇਚਣ ਦੀ ਮੁਹਾਰਤ ਹੈ। ਇਹ ਉਹ ਲੋਕ ਹਨ ਜੋ ਸੁਪਨੇ ਵੇਚਦੇ ਹਨ। ਬੰਦੇ ਦੇ ਖੂਨ ਦਾ ਆਖਰੀ ਕਤਰਾ ਤੱਕ ਨਿਚੜ ਜਾਂਦਾ ਹੈ ਪਰ ਬੰਦਾ ਸੁਪਨੀਲੀ ਦੁਨੀਆ ਵਿਚ ਗੁਆਚਾ ਬਿਨਾਂ ਧਰਤੀ ਤੇ ਆਸਮਾਨ ਤੋਂ ਵਿਚ ਵਿਚਾਲੇ ਹੀ ਲਟਕਿਆ ਰਹਿ ਜਾਂਦਾ ਹੈ। ਗੱਲ ਦਵਾ ਸਨਅਤ ਦੀ ਕਰੀਏ। ਬਹੁ ਕੌਮੀ ਦਵਾ ਕੰਪਨੀਆਂ ਪਹਿਲੋਂ ਹੀ ਗੰਭੀਰ ਕਿਸਮ ਦੀਆਂ ਬਿਮਾਰੀਆਂ ਦੇ ਝੂਠ ਘੜ ਘੜ ਕੇ ਉਨ੍ਹਾਂ ਦੇ ਇਲਾਜ ਲਈ ਆਏ ਦਿਨ ਨਵੀਆਂ ਨਵੀਆਂ ਦਵਾਈਆਂ ਭੇਜ ਰਹੀਆਂ ਹਨ। ਭੋਲੇ ਭਾਲੇ ਲੋਕ ਇਨ੍ਹਾਂ ਬਹੁ ਕੌਮੀ ਕੰਪਨੀਆਂ ਦੇ ਝੂਠ ਦੇ ਜਾਲ ਵਿਚ ਅਜਿਹੇ ਫਸਦੇ ਹਨ ਕਿ ਮੁੜ ਬਾਹਰ ਨਿਕਲਣ ਦਾ ਰਸਤਾ ਲੱਭਿਆਂ ਵੀ ਨਹੀਂ ਲੱਭਦਾ। ਬਹੁ ਕੌਮੀ ਕੰਪਨੀਆਂ ਦੇ ਨਾਲ ਵੱਡੀਆਂ ਦੇਸੀ ਕੰਪਨੀਆਂ ਵੀ ਇਸੇ ਰਾਹ 'ਤੇ ਹਨ। ਲੁੱਟ ਦਾ ਇਹ ਜਾਲ ਏਨਾ ਜ਼ਿਆਦਾ ਵਿਸਥਾਰਤ ਹੈ ਕਿ ਦਰਦ ਨਿਵਾਰਕ ਗੋਲੀਆਂ ਦੀਆਂ ਵੀ ਸੈਂਕੜੇ ਕਿਸਮਾਂ ਬਾਜ਼ਾਰ ਵਿਚ ਉਪਲਬਧ ਹਨ ਤੇ ਹਰ ਦਵਾ ਕੰਪਨੀ ਦਾ ਇਹ ਦਾਅਵਾ ਹੈ ਕਿ ਉਸ ਦੀ ਦਰਦ ਨਿਵਾਰਕ ਗੋਲੀ ਹੀ ਸੈਕਿੰਟਾਂ ਵਿਚ ਮਰੀਜ਼ ਨੂੰ ਹਰ ਦਰਦ ਤੋਂ ਮੁਕਤ ਕਰ ਦਿੰਦੀ ਹੈ। ਹੋਰਨਾਂ ਬਿਮਾਰੀਆਂ ਲਈ ਉਪਲਬਧ ਦਵਾਈਆਂ ਦੇ ਮਾਮਲੇ ਵਿਚ ਵੀ ਇਵੇਂ ਹੀ ਹੈ। ਇਕ ਬਿਮਾਰੀ ਦੇ ਇਲਾਜ ਲਈ ਮਿਲਦੀਆਂ ਸੈਂਕੜੇ ਦਵਾਈਆਂ ਦਾ ਸਾਲਟ ਇਕੋ ਹੀ ਹੈ ਪਰ ਇਨ੍ਹਾਂ ਦੀਆਂ ਕੀਮਤਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ।

ਬਹੁ ਕੌਮੀ ਤੇ ਦੇਸੀ ਕੰਪਨੀਆਂ ਦੀਆਂ ਇਕੋ ਬਿਮਾਰ ਦੇ ਇਲਾਜ ਲਈ ਮਿਲਦੀਆਂ ਦਵਾਈਆਂ ਦੀ ਕੀਮਤ ਵਿਚ ਤਾਂ ਫ਼ਰਕ ਹੈ ਹੀ, ਕਈ ਹੋਰ ਕੰਪਨੀਆਂ ਦੀਆਂ ਦਵਾਈਆਂ ਦੀਆਂ ਕੀਮਤਾਂ ਇਨ੍ਹਾਂ ਦੇ ਮੁਕਾਬਲੇ ਕਾਫੀ ਘੱਟ ਹਨ ਪਰ ਸਸਤੀਆਂ ਦਵਾਈਆਂ ਇਸ ਕਰਕੇ ਕੋਈ ਡਾਕਟਰ ਆਪਣੇ ਮਰੀਜ਼ ਨੂੰ ਲਿਖ ਕੇ ਨਹੀਂ ਦਿੰਦਾ ਕਿਉਂਕਿ ਜਿੰਨੀ ਦਵਾਈ ਸਸਤੀ ਹੋਵੇਗੀ ਓਨਾ ਹੀ ਡਾਕਟਰ ਦਾ ਕਮਿਸ਼ਨ ਘੱਟ ਜਾਵੇਗਾ। ਲੋਕ ਸੇਵਾ ਲਈ ਤਿਆਰ ਕੀਤੇ ਗਏ ਡਾਕਟਰ ਵੱਡੇ ਵਪਾਰੀ ਬਣ ਗਏ ਹਨ। ਮਰੀਜ਼ ਦੀ ਬਿਮਾਰੀ, ਉਹਦੀ ਮਾਲੀ ਹਾਲਤ ਜਾਂ ਕਿਸੇ ਵੀ ਹੋਰ ਮਸਲੇ ਨਾਲ ਲੁੱਟ ਦੇ ਇਸ ਧੰਦੇ ਵਿਚ ਸ਼ਾਮਲ ਡਾਕਟਰਾਂ ਦਾ ਕੋਈ ਮਤਲਬ ਨਹੀਂ ਹੈ। ਉਨ੍ਹਾਂ ਤਾਂ ਸਿਰਫ਼ ਆਪਣੀ ਜੇਬ ਮੋਟੀ ਕਰਨੀ ਹੈ, ਮਰੀਜ਼ ਦੀ ਹਾਲਤ ਜਿੰਨੀ ਮਰਜ਼ੀ ਪਤਲੀ ਹੋ ਜਾਵੇ। ਵੱਡੇ ਨਿੱਜੀ ਹਸਪਤਾਲਾਂ ਦੀ ਗੱਲ ਹੀ ਛੱਡ ਦਿਓ ਸਰਕਾਰੀ ਹਸਪਤਾਲਾਂ ਵਿਚ ਬੈਠੇ ਲੋਕਾਂ ਦੇ ਇਹ 'ਸੇਵਕ' ਸਧਾਰਨ ਪੇਂਡੂ ਮਰੀਜ਼ਾਂ ਨੂੰ ਵੀ ਵੱਖ ਵੱਖ ਟੈਸਟ ਕਰਵਾਉਣ ਦੇ ਨਾਂ 'ਤੇ ਸ਼ਹਿਰਾਂ ਵਿਚ ਖੋਲ੍ਹੀਆਂ ਉਨ੍ਹਾਂ ਲੈਬੋਰਟਰੀਆਂ ਵਿਚ ਭੇਜਦੇ ਹਨ ਜਿਥੋਂ ਇਨ੍ਹਾਂ ਨੂੰ ਮੋਟਾ ਕਮਿਸ਼ਨ ਮਿਲਦਾ ਹੈ। ਸਰਕਾਰੀ ਹਸਪਤਾਲਾਂ ਵਿਚ ਆਪਣੀ ਡਿਊਟੀ ਇਹ ਘੰਟਾ ਦੋ ਘੰਟਾ ਹੀ ਦਿੰਦੇ ਹਨ ਬਾਕੀ ਸਮਾਂ ਇਹ ਨਿੱਜੀ ਹਸਪਤਾਲਾਂ ਵਿਚ ਨੋਟ ਕੁੱਟਣ ਜਾਂਦੇ ਹਨ। ਇਨ੍ਹਾਂ ਲੈਬਾਰਟਰੀਆਂ ਨੇ ਹੋਰ ਵੀ ਵੱਡੀ ਦੁਕਾਨਦਾਰੀ ਸ਼ੁਰੂ ਕੀਤੀ ਹੋਈ ਹੈ। ਡਾਕਟਰਾਂ ਨੂੰ ਤਾਂ ਮੋਟੇ ਕਮਿਸ਼ਨ ਦਾ ਲਾਲਚ ਦਿੱਤਾ ਹੀ ਜਾਂਦਾ ਹੈ, ਲੋਕਾਂ ਨੂੰ ਵੀ 'ਪੈਕੇਜ' ਆਦਿ ਦੇ ਲਾਲਚ ਦੇ ਕੇ ਭਰਮਾਇਆ ਜਾਂਦਾ ਹੈ। ਉਂਜ ਸਾਰੇ ਹੀ ਸਰਕਾਰੀ ਡਾਕਟਰ ਇਕੋ ਜਿਹੇ ਨਹੀਂ, ਕੁਝ ਮਨੁੱਖੀ ਹਿਰਦੇ ਵਾਲੇ ਡਾਕਟਰ ਹਾਲੇ ਵੀ ਮੌਜੂਦ ਹਨ ਪਰ ਬਹੁਤਿਆਂ ਨੇ ਆਪਣੀਆਂ ਜ਼ਮੀਰਾਂ ਦੇ ਸੌਦੇ ਕਰ ਲਏ ਹਨ।

ਅਗਲੀ ਗੱਲ ਉਸ ਲੁੱਟ ਦੀ ਹੈ ਜਿਹੜੀ ਦਵਾਈਆਂ ਦੇ ਪੈਕਟਾਂ ਉਪਰ ਪਰਿੰਟ ਰੇਟਾਂ ਦੇ ਮਾਮਲੇ ਵਿਚ ਹੋ ਰਹੀ ਹੈ। ਆਮ ਬੰਦੇ ਨੂੰ ਇਹਦਾ ਕੋਈ ਇਲਮ ਨਹੀਂ ਕਿ ਜਿਹੜੀ ਦਵਾਈ ਉਹ ਖਰੀਦ ਰਿਹਾ ਹੈ ਉਹਦੀ ਲਾਗਤ ਕੀਮਤ ਕਿੰਨੀ ਕੁ ਹੈ। ਦਵਾਈ ਦੀ ਲਾਗਤ ਭਾਵੇਂ ਦੋ ਰੁਪਏ ਹੀ ਹੋਵੇ ਪਰ ਉਸੇ ਦਵਾਈ ਲਈ ਛਪਿਆ ਭਾਅ 40-45 ਰੁਪਏ ਆਮ ਹੀ ਹੁੰਦਾ ਹੈ। ਮਰੀਜ਼ ਨੂੰ ਇਹਦਾ ਪਤਾ ਲਗਣਾ ਚਾਹੀਦਾ ਹੈ ਕਿ ਜਿਹੜੀ ਦਵਾਈ ਉਹ ਖਰੀਦ ਰਿਹਾ ਹੈ ਉਹਦੀ ਅਸਲ ਕੀਮਤ ਕਿੰਨੀ ਕੁ ਹੈ? ਇਹ ਦੱਸਣ ਦੀ ਜ਼ਿੰਮੇਵਾਰੀ ਕਿਹਦੀ ਹੈ? ਕੀ ਕਦੇ ਸਰਕਾਰ ਨੇ ਦਵਾ ਕੰਪਨੀਆਂ ਤੋਂ ਇਹਦੇ ਬਾਰੇ ਪੁੱਛਿਆ ਹੈ ਜਾਂ ਕੋਈ ਹਦਾਇਤ ਕੀਤੀ ਗਈ ਹੈ? ਜੇ ਇਸ ਤਰ੍ਹਾਂ ਦੀਆਂ ਹਦਾਇਤਾਂ ਹਨ ਤਾਂ ਉਹਦਾ ਪਾਲਣ ਕਿਉਂ ਨਹੀਂ ਹੋ ਰਿਹਾ? ਧੌਂਸ ਨਾਲ ਲੁੱਟ ਦਾ ਬਾਜ਼ਾਰ ਹਰ ਥਾਂ ਹੀ ਫੈਲਿਆ ਹੋਇਆ ਹੈ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਏਅਰਪੋਰਟਾਂ 'ਤੇ ਤਾਂ ਲੁੱਟ ਦੀ ਕੋਈ ਸੀਮਾਂ ਹੀ ਨਹੀਂ ਹੈ। ਇਨ੍ਹਾਂ ਥਾਵਾਂ 'ਤੇ ਮਿਲਦਾ ਸਾਮਾਨ ਪਰਿੰਟ ਰੇਟ ਤੋਂ ਵੀ ਦੁੱਗਣੇ ਤਿੱਗਣੇ ਭਾਵਾਂ 'ਤੇ ਆਮ ਹੀ ਵੇਚਿਆ ਜਾਂਦਾ ਹੈ। ਬੰਦਾ ਮਜਬੂਰੀ ਵਿਚ ਆਪਣੀ ਜੇਬ ਹਲਕੀ ਕਰਦਾ ਹੈ। ਇਨ੍ਹਾਂ ਥਾਵਾਂ 'ਤੇ ਖੁੱਲੀਆਂ ਦੁਕਾਨਾਂ ਦੇ ਮਾਲਕ ਵਾਧੂ ਪੈਸੇ ਲੈਣ ਨੂੰ ਬੱਸ ਸਟੈਂਡ, ਰੇਲਵੇ ਸਟੇਸ਼ਨ ਅਤੇ ਏਅਰ ਪੋਰਟ ਟੈਕਸ ਆਦਿ ਦਾ ਨਾਂ ਦਿੰਦੇ ਹਨ ਪਰ ਇਹ ਸਰਾ ਸਰ ਧੱਕਾ ਹੈ। ਖਪਤਕਾਰ ਦੀ ਇਸ ਅੰਨ੍ਹੀ ਲੁੱਟ ਦੇ ਵਿਰੁੱਧ ਕੋਈ ਆਵਾਜ਼ ਨਹੀਂ ਹੈ। ਆਮ ਬੰਦਾ ਇਸ ਲੁੱਟ ਤੰਤਰ ਵਿਚ ਆਪਣੇ ਆਪ ਨੂੰ ਇੱਕਲਾ ਤੇ ਬੇਬੱਸ ਮਹਿਸੂਸ ਕਰਦਾ ਹੈ। ਵੱਖ ਵੱਖ ਖੇਤਰਾਂ ਵਿਚ ਲੁੱਟ ਖਸੁੱਟ ਵਿਰੁੱਧ ਲੜ ਰਹੀਆਂ ਜਥੇਬੰਦੀਆਂ ਨੂੰ ਇਸ ਲੁੱਟ ਤੰਤਰ ਵਿਰੁੱਧ ਵੀ ਮੋਰਚਾ ਖੋਲ੍ਹਣ ਦੀ ਜ਼ਰੂਰਤ ਹੈ। ਲੁੱਟ ਦੇ ਇਸ ਵਰਤਾਰੇ ਵਿਚ ਆਮ ਬੰਦੇ ਨੂੰ ਇਕ ਯੋਗ ਅਗਵਾਈ ਦੀ ਲੋੜ ਹੈ। ਇਹ ਲੋੜ ਕਿਸੇ ਨਾ ਕਿਸੇ ਨੂੰ ਤਾਂ ਪੂਰੀ ਕਰਨੀ ਹੀ ਪਵੇਗੀ। ਅਖੀਰ ਵਿਚ ਅਮਰੀਕਾ ਜਾ ਵਸੇ ਸ਼ਾਇਰ ਮਿੱਤਰ ਸੁਖਵਿੰਦਰ ਕੰਬੋਜ ਦੇ ਇਸ ਸ਼ਿਅਰ ਨਾਲ ਦਿਓ ਆਗਿਆ-

‘ਇਹ ਸੂਰਜ ਸਿਤਾਰੇ ਤੇ ਚੰਨ ਹੀ ਨਾ ਕਾਫੀ,
ਮਮਟੀ ’ਤੇ ਦੀਵਾ ਵੀ ਧਰਨਾ ਪਵੇਗਾ।
ਦੱਬਣੀ ਜੇ ਹਰ ਪੈੜ ਚਾਨਣ ਦੀ ਹੈ ਤਾਂ,
ਜੁਗਨੂੰ ਦਾ ਪੱਲਾ ਵੀ ਫੜਨਾ ਪਵੇਗਾ।’

# ਕਨੇਡਾ ਸਰਕਾਰ ਦੀਆਂ ਵਾਤਾਵਰਣ ਵਿਰੋਧੀ ਨੀਤੀਆਂ ਖਿਲਾਫ਼ ਹੀਲਿੰਗ ਵਾਕ

ਡਾ. ਪੀ ਆਰ ਕਾਲੀਆ
ਸੰਪਾਦਕ : ਏਸ਼ੀਅਨ ਟਾਈਮਜ਼

ਕਨੇਡੀਅਨ ਆਇਲ ਸੈਂਡਜ਼ ਨੂੰ ਤਾਰ ਸੈਂਡਜ਼ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਧਰਤੀ 'ਤੇ ਸਭ ਤੋਂ ਵੱਡਾ ਉਦਯੋਗਿਕ ਪ੍ਰੋਜੈਕਟ ਹੈ ਜੋ ਕਿ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਇਸ ਪ੍ਰੋਜੈਕਟ ਦੇ ਵਾਤਾਵਰਣ, ਆਰਥਕਤਾ ਅਤੇ ਸਮਾਜ 'ਤੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਨੂੰ ਲੈ ਕੇ ਕਨੇਡਾ ਦੇ ਸੁਚੇਤ ਨਾਗਰਿਕ ਕਾਫ਼ੀ ਚਿੰਤਤ ਹਨ। ਕਨੇਡੀਅਨ ਆਇਲ ਸੈਂਡਜ਼ ਉਦਯੋਗ ਦੇ ਵਸ ਤੋਂ ਬਾਹਰੇ ਵਿਕਾਸ ਨੇ ਨਾਂ ਸਿਰਫ਼ ਵਾਤਾਵਰਣ ਨੂੰ ਤਬਾਹ ਕੀਤਾ ਹੈ ਸਗੋਂ ਪਾਣੀਆਂ ਵਿਚ ਵੀ ਜ਼ਹਿਰ ਘੋਲ ਦਿੱਤਾ ਹੈ, ਜਿਸ ਦਾ ਅਸਰ ਸਾਰੇ ਕਨੇਡਾ ਵਾਸੀਆਂ 'ਤੇ ਪੈ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਨੇਡਾ ਦੀ ਐਨਰਜ਼ੀ ਦਾ ਭਵਿੱਖ ਆਇਲ ਸੈਂਡਜ਼ 'ਤੇ ਨਿਰਭਰ ਕਰਦਾ ਹੈ ਪਰ ਫੇਰ ਵੀ ਉਦਯੋਗ ਦਾ ਮਕਸਦ ਆਮ ਲੋਕਾਂ ਅਤੇ ਮੁਲਾਜ਼ਮਾਂ ਦੀ ਤੁੰਦਰੁਸਤੀ ਤੇ ਸੁਰੱਖਿਆ ਹੋਣਾ ਚਾਹੀਦਾ ਹੈ। ਪਰ ਇੱਥੇ ਅਸੀਂ ਲਗਭਗ ਪਿਛਲੇ ਇਕ ਦਹਾਕੇ ਦੇ ਕਾਲ ਨੂੰ ਦੇਖਦਿਆਂ ਕਹਿ ਸਕਦੇ ਹਾਂ ਕਿ ਆਇਲ ਸੈਂਡ ਉਦਯੋਗ ਆਪਣੀ ਇਸ ਜ਼ਿੰਮੇਵਾਰੀ 'ਤੇ ਖ਼ਰਾ ਨਹੀਂ ਉਤਰਿਆ। ਇਸ ਦੀ ਨਿਸ਼ਾਨਦੇਹੀ ਨਾ ਸਿਰਫ਼ ਮਾਹਰ ਸਗੋਂ ਫਸਟ ਨੇਸ਼ਨਜ਼ ਕਮਿਊਨਿਟੀਆਂ ਅਤੇ ਨਾਨ ਨੇਟਿਵ ਕਮਿਊਨਿਟੀਆਂ ਦੇ ਲੋਕ ਵੀ ਕਰਦੇ ਹਨ।

ਲੰਘੀ ਪੰਜ ਅਤੇ ਛੇ ਜੁਲਾਈ ਨੂੰ ਦੱਖਣੀ ਅਲਬਰਟਾ ਦੇ ਕੇਂਦਰ ਵਿਚ ਫੋਰਟ ਮੈਕਮੁਰੇ ਦੇ ਨੇੜੇ ਇਕ ਅਜੀਬ ਦ੍ਰਿਸ਼ ਦੇਖਣ ਨੂੰ ਮਿਲਿਆ। ਇੱਥੇ ਲਗਭਗ ਪੰਜ ਸੌ ਤੋਂ ਵੀ ਵੱਧ ਬੰਦੇ ਆਇਲ ਸੈਂਡ ਨਾਲ ਪ੍ਰਭਾਵਤ ਖੇਤਰ ਵਿਚ ਮਾਰਚ ਕਰਨ ਲਈ ਇਕੱਠੇ ਹੋਏ। ਹਾਲਾਂਕਿ ਇਸ ਦਿਨ ਮੀਂਹ ਪੈ ਰਿਹਾ ਸੀ ਪਰ ਬਾਵਜੂਦ ਇਸਦੇ ਇਕੱਠ ਵਿਚ ਆਏ ਲੋਕਾਂ ਦਾ ਉਤਸ਼ਾਹ ਦੇਖਣ ਵਾਲਾ ਸੀ। ਇਸ ਇਕੱਠ ਵਿਚ ਫਸਟ ਨੇਸ਼ਨ ਦੇ ਆਗੂ, ਰਾਜਨੀਤਕ ਅਤੇ ਸਮਾਜਕ ਕਾਰਕੁਨ, ਵਾਤਾਵਰਣ ਵਿਗਿਆਨੀ ਅਤੇ ਅੰਤਰਰਾਸ਼ਟਰੀ ਮੀਡੀਆ ਦੇ ਪ੍ਰਤੀਨਿਧ ਸ਼ਾਮਲ ਸਨ। ਇਕੱਠ ਵਿਚ ਸ਼ਾਮਲ ਵਿਅਕਤੀਆਂ ਵਲੋਂ 14 ਕਿਲੋਮੀਟਰ ਦਾ ਸਫ਼ਰ ਸਲਫ਼ਰ ਦੀ ਸਾੜਿਆਂਦ ਅਤੇ ਧੂੰਏ ਦੇ ਬੱਦਲਾਂ ਦੇ ਬਾਵਜੂਦ ਤਹਿ ਕੀਤਾ ਗਿਆ। ਇੱਥੇ ਦੱਸਣਯੋਗ ਹੈ ਕਿ ਆਪਣੀ ਤਰ੍ਹਾਂ ਦਾ ਇਹ ਚੌਥਾ ਸਾਲਾਨਾ ਮਾਰਚ ਸੀ ਤੇ ਇਸ ਮਾਰਚ ਨੂੰ ਤਾਰ ਸੈਂਡ ਹੀਲਿੰਗ ਵਾੱਕ ਦਾ ਨਾਂ ਦਿੱਤਾ ਗਿਆ ਹੈ।

ਮਾਰਚ ਵਿਚ ਹਿੱਸਾ ਲੈਣ ਵਾਲੀ ਐਮਾ ਪਲਮੈਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮੈਂ ਦੱਖਣੀ ਅਲਬਰਟਾ ਵਿਚ ਕਰੀ ਦੇ ਉਨ੍ਹਾਂ ਖੇਤਰਾਂ ਦਾ ਦੌਰਾ ਕੀਤਾ ਹੈ ਜਿੱਥੇ ਡੇਨ ਅਤੇ ਮੈਟੀਜ਼ ਲੋਕ ਰਹਿੰਦੇ ਹਨ। ਇਹ ਦੌਰਾ ਮੈਂ ਆਇਲ ਸੈਂਡ ਦਾ ਧਰਤੀ ਅਤੇ ਜੀਵ-ਜੰਤੂਆਂ 'ਤੇ ਪਏ ਨਾਕਾਰਾਤਮਕ ਪ੍ਰਭਾਵਾਂ ਦੇ ਬਾਰੇ ਜਾਣਨ ਲਈ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਫ਼ੀ ਸਮਾਂ ਪਹਿਲਾਂ ਮੇਰਾ ਦਾਦਾ ਇਸ ਧਰਤੀ 'ਤੇ ਫ਼ਰ ਦਾ ਵਪਾਰ ਕਰਦਾ ਸੀ ਪਰ ਹੁਣ ਇਹ ਧਰਤੀ ਮੁਨਾਫ਼ੇ ਦੇ ਲਾਲਚੀਆਂ ਦੇ ਵਸ ਪੈ ਗਈ ਹੈ। ਜਿਸ ਕਾਰਣ ਧਰਤੀ ਦਾ ਨਾਸ ਵੱਜ ਗਿਆ ਹੈ।

ਕਨੇਡਾ ਦਾ ਲਗਭਗ 174 ਬਿਲੀਅਨ ਬੈਰਲ ਤੇਲ 'ਤੇ ਕਬਜ਼ਾ ਹੈ, ਜਿਸ ਵਿਚੋਂ 169 ਬਿਲੀਅਨ ਬੈਰਲ ਤੇਲ ਆਇਲ ਸੈਂਡਜ਼ ਵਿਚੋਂ ਨਿਕਲਦਾ ਹੈ। ਆਇਲ ਸੈਂਡਜ਼ ਤਿੰਨ ਡਿਪੂਆਂ ਵਿਚ ਵੰਡਿਆ ਹੋਇਆ ਹੈ, ਪਹਿਲੇ ਡਿਪੂ ਵਿਚ ਅਥਬਾਸਕਾ, ਦੂਜੇ ਵਿਚ ਪੀਸ ਰੀਵਰ ਤੇ ਤੀਜੇ ਵਿਚ ਅਲਬਰਟਾ 'ਚ ਪੈਂਦਾ ਕੋਲਡ ਲੇਕ ਏਰੀਆ ਅਤੇ ਸੈਸਕੈਚਵਨ ਦਾ ਕੁੱਝ ਇਲਾਕਾ ਸ਼ਾਮਲ ਹੈ। (ਦੱਸਣਯੋਗ ਹੈ ਕਿ ਆਇਲ ਸੈਂਡ ਰੇਤ, ਪਾਣੀ, ਚਿੱਕੜ ਅਤੇ ਤਾਰਕੋਲ ਦਾ ਮਿਸ਼ਰਣ ਹੈ ਤੇ ਇਸਨੂੰ ਤਾਰ ਸੈਂਡ ਵੀ ਕਿਹਾ ਜਾਂਦਾ ਹੈ।)

ਇੱਥੇ ਧਿਆਨ ਦੇਣ ਵਾਲੀ ਇੱਕ ਗੱਲ ਇਹ ਹੈ ਕਿ ਕਨੇਡਾ ਵਲੋਂ ਤੇਲ ਉਦਯੋਗ ਨੂੰ ਸਾਲਾਨਾ 1.38 ਬਿਲੀਅਨ ਡਾਲਰ ਦੀ ਸਬਸਿਡੀ ਦਿੱਤੀ ਜਾਂਦੀ ਹੈ। ਜਦੋਂਕਿ 71 ਪ੍ਰਤੀਸ਼ਤ ਆਇਲ ਸੈਂਡ 'ਤੇ ਵਿਦੇਸ਼ੀਆਂ ਦਾ ਕਬਜ਼ਾ ਹੈ। ਦੱਸਣਯੋਗ ਹੈ ਕਿ ਇਸ ਵਿਚ ਸੂਬੇ ਵਲੋਂ ਦਿੱਤੀ ਜਾਂਦੀ ਸਬਸਿਡੀ ਸ਼ਾਮਲ ਨਹੀਂ ਕੀਤੀ ਗਈ। ਦੂਜੀ ਗੱਲ ਇਹ ਹੈ ਕਿ ਪੈਟਰੋਲੀਅਮ ਉਤਪਾਦਨ ਨਿਵੇਸ਼ ਫੰਡ ਵਿਚੋਂ ਨਾਰਵੇ 644 ਬਿਲੀਅਨ ਡਾਲਰ ਦੀ ਬੱਚਤ ਕਰਦਾ ਹੈ ਜਦੋਂਕਿ ਅਲਬਰਟਾ ਸਿਰਫ਼ 61 ਬਿਲੀਅਨ ਡਾਲਰ ਹੀ ਬਚਾਉਂਦਾ ਹੈ। ਇਸ ਦੇ ਮੁਕਾਬਲੇ ਫ਼ੈਡਰਲ ਸਰਕਾਰ ਕੋਲ ਅਜਿਹਾ ਕੋਈ ਫੰਡ ਹੀ ਨਹੀਂ ਹੈ।

ਅਸਲ ਗੱਲ ਇਹ ਹੈ ਕਿ ਤਾਰ ਸੈਂਡਜ਼ ਦਾ ਫੈਲਾਅ ਕਾਬੂ ਤੋਂ ਬਾਹਰ ਹੋ ਗਿਆ ਹੈ। ਜਿਸ ਕਾਰਣ ਸਾਡਾ ਵਾਤਾਵਰਣ ਤਬਾਹ ਹੋ ਰਿਹਾ ਹੈ ਤੇ ਪਾਣੀ ਜ਼ਹਿਰਲੇ ਹੋ ਗਏ ਹਨ। ਪਰ ਗੱਲ ਇੱਥੇ ਤਕ ਵੀ ਸੀਮਿਤ ਨਹੀਂ ਰਹੀ। ਇਸ ਦਾ ਨੁਕਸਾਨ ਜੀਵ ਜੰਤੂਆਂ ਨੂੰ ਝੱਲਣਾ ਪੈ ਰਿਹਾ ਹੈ। ਮੁੱਖ ਤੌਰ 'ਤੇ ਜਿਹੜੇ ਚਾਰ ਆਇਲ ਸੈਂਡਜ਼ ਦੇ ਨਾਕਾਰਾਤਮਕ ਪ੍ਰਭਾਵ ਸਾਹਮਣੇ ਆਏ ਹਨ, ਉਨ੍ਹਾਂ ਵਿਚ ਗਰੀਨ ਹਾਊਸ ਗੈਸਾਂ ਦਾ ਰਿਸਾਅ, ਧਰਤ ਦਾ ਨੁਕਸਾਨਿਆਂ ਜਾਣਾ, ਦੂਸ਼ਿਤ ਪਾਣੀ ਤੇ ਬਹੁਤ ਜ਼ਿਆਦਾ ਮਾਤਰਾ ਵਿਚ ਤਲਾਬਾਂ ਦਾ ਹੋਣਾ ਹੈ। ਤੇਲ ਕੰਪਨੀਆਂ ਨੇ ਆਪਣੇ ਮੁਨਾਫ਼ੇ ਲਈ ਇੱਥੋਂ ਦਰੱਖਤਾਂ ਨੂੰ ਸਾਫ਼ ਕਰ ਦਿੱਤਾ ਹੈ ਤੇ ਤੇਲ ਨੂੰ ਕੱਢਣ ਲਈ ਥਾਂ-ਥਾਂ ਡੂੰਘੇ ਟੋਏ ਪੁੱਟ ਦਿੱਤੇ ਹਨ, ਇਸ ਕਾਰਣ ਪਾਣੀ ਦਾ ਵਹਾਅ ਵੀ ਵੱਡੇ ਪੱਧਰ 'ਤੇ ਪ੍ਰਭਾਵਤ ਹੋਇਆ ਹੈ ਤੇ ਧਰਤੀ ਦੀ ਵੀ ਤਬਾਹੀ ਹੋ ਰਹੀ ਹੈ।

ਹਾਲਾਤ ਨੂੰ ਦੇਖਦਿਆਂ ਜਾਪਦਾ ਹੈ ਕਿ ਅਥਬਾਸਕਾ ਦਰਿਆ ਦੇ ਇਲਾਕੇ ਵਿਚ ਰਹਿੰਦੇ ਲੋਕ ਹੁਣ ਬਹੁਤੀ ਦੇਰ ਤਕ ਇੱਥੇ ਨਹੀਂ ਰਹਿ ਸਕਣਗੇ। ਕਿਉਂਕਿ ਉਨ੍ਹਾਂ ਦੀ ਧਰਤੀ ਨੂੰ ਤੇਲ ਕੰਪਨੀਆਂ ਨੇ ਤਬਾਹ ਕਰ ਦਿੱਤਾ ਹੈ। ਇੱਥੇ ਰਹਿਣ ਵਾਲੇ ਵੱਖ-ਵੱਖ ਜਾਤੀਆਂ ਦੇ ਲੋਕ ਦੂਸ਼ਿਤ ਹਵਾ ਵਿਚ ਸਾਹ ਲੈਣ ਲਈ ਮਜਬੂਰ ਹਨ। ਉਨ੍ਹਾਂ ਦੀ ਪਰੰਪਰਿਕ ਜੀਵਨ ਸ਼ੈਲੀ ਨੂੰ ਤਬਾਹ ਕਰ ਦਿਤਾ ਗਿਆ ਹੈ। ਇੱਥੇ ਰਹਿਣ ਵਾਲੇ ਲੋਕਾਂ ਦੀ ਪਰੰਪਰਿਕ ਫ਼ਸਲ ਮੱਛੀ ਹੈ ਪਰ ਹੁਣ ਵਾਤਾਵਰਣ ਪ੍ਰਦੂਸ਼ਤ ਹੋਣ ਕਾਰਣ ਉਨ੍ਹਾਂ ਵਲੋਂ ਪਾਲੀਆਂ ਮੱਛੀਆਂ ਨੂੰ ਟਿਊਮਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਸ ਇਲਾਕੇ ਵਿਚੋਂ ਬਹੁਤ ਸਾਰੀਆਂ ਜੜੀ-ਬੂਟੀਆਂ ਪੱਕੇ ਤੌਰ 'ਤੇ ਅਲੋਪ ਹੋ ਗਈਆਂ ਹਨ।

ਤੇਲ ਕੰਪਨੀਆਂ ਵਲੋਂ ਵੱਡੀ ਮਾਤਰਾ ਵਿਚ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿਚੋਂ 95 ਪ੍ਰਤੀਸ਼ਤ ਦੂਸ਼ਿਤ ਪਾਣੀ ਨੂੰ ਜ਼ਹਿਰੀਲੇ ਤਲਾਬਾਂ ਵਿਚ ਇਕੱਠਾ ਕੀਤਾ ਜਾਂਦਾ ਹੈ। ਇਸ ਮਕਸਦ ਲਈ 176 ਸਕੇਅਰ ਕਿਲੋਮੀਟਰ ਵਿਚ ਤਲਾਬ ਬਣੇ ਹੋਏ ਹਨ। ਇੱਕ ਅੰਦਾਜ਼ੇ ਅਨੁਸਾਰ ਹਰ ਦਿਨ ਤੇਲ ਕੰਪਨੀਆਂ ਵਲੋਂ ਗਿਆਰ੍ਹਾਂ ਮਿਲੀਅਨ ਲੀਟਰ ਜ਼ਹਿਰੀਲਾ ਪਾਣੀ ਅਥਬਾਸਕਾ ਦਰਿਆ ਵਿਚ ਛੱਡਿਆ ਜਾਂਦਾ ਹੈ। ਇਹੀ ਨਹੀਂ ਪ੍ਰਦੂਸ਼ਤ ਹਵਾ ਕਾਰਣ ਇਸ ਖੇਤਰ ਤੇਜ਼ਾਬੀ ਬਾਰਸ਼ ਹੁੰਦੀ ਹੈ ਜਿਸ ਕਾਰਣ ਇਲਾਕੇ ਵਿਚ ਝੀਲਾਂ ਖਤਮ ਹੋ ਰਹੀਆਂ ਹਨ।

ਆਇਲ ਸੈਂਡਜ਼ ਦੇ ਲਗਾਤਾਰ ਤੇਜ਼ੀ ਨਾਲ ਚੱਲ ਰਹੇ ਕੰਮ ਕਾਰਨ ਫ਼ਸਟ ਨੇਸ਼ਨ ਅਥਬਾਸਕਾ ਚਿਪਯਾਨ ਅਤੇ ਮਿਕੀਸਿਊ ਕਰੀ ਨਾਲ ਪਿਛਲੇ ਇੱਕ ਸਾਲ ਤੋਂ ਸੰਪਰਕ ਕਰਨਾ ਮੁਸ਼ਕਲ ਹੋ ਗਿਆ ਹੈ। ਬੀਵਰ ਲੇਕ ਕਰੀ ਦੇ ਅੰਕੜਿਆਂ ਅਨੁਸਾਰ ਤਾਰ ਸੈਂਡਜ਼ ਦੇ ਫੈਲਾਅ ਕਾਰਣ 20000 ਟਰੀਟੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਅੰਕੜਿਆਂ ਅਨੁਸਾਰ ਮੂਲਵਾਸੀਆਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਹੈ। 2011 ਵਿਚ ਇਹ 1.4 ਮਿਲੀਅਨ ਰਹਿ ਗਈ ਸੀ ਜੋ ਕਿ ਕੁੱਲ ਅਬਾਦੀ ਦਾ 4.3 ਪ੍ਰਤੀਸ਼ਤ ਹਿੱਸਾ ਹੈ।

ਫੋਰਟ ਮੈਕਮੁਰੇ ਵਿਚ ਕੱਢੇ ਗਏ ਰਸਮੀ ਮਾਰਚ ਵਿਚ ਲਗਭਗ 45 ਤੋਂ ਉੱਪਰ ਵਿਅਕਤੀ ਐਡਮਿੰਟਨ ਅਤੇ ਵੈਨਕੂਵਰ ਤੋਂ ਸਨ ਜਿਨ੍ਹਾਂ ਵਿਚ ਪੰਜਾਬੀ ਦੇ ਕਈ ਪ੍ਰਤਿਭਾਸ਼ਾਲੀ ਲੇਖਕ ਅਤੇ ਪੱਤਰਕਾਰ ਵੀ ਸ਼ਾਮਲ ਸਨ। ਹੀਲਿੰਗ ਵਾਕ ਬਾਰੇ ਆਪਣੇ ਅਨੁਭਵ ਸਾਂਝੇ ਕਰਦਿਆਂ 'ਨਵੀਂ ਦੁਨੀਆ' ਦੇ ਸੰਪਾਦਕ ਨ'ਤੇਜ ਬੈਂਸ ਨੇ ਦੱਸਿਆ ਕਿ ਫੋਰਟ ਮੈਕਮੁਰੇ ਵਿੱਚ ਕੱਢਿਆ ਗਿਆ ਮਾਰਚ ਨਾ ਸਿਰਫ਼ ਕਮਿਊਨਿਟੀ ਨੂੰ ਇਕਜੁੱਟ ਕਰੇਗਾ, ਸਗੋਂ ਤੇਲ ਕੰਪਨੀਆਂ ਦੀਆਂ ਮਨਮਾਨੀਆਂ ਦੇ ਵਿਰੁੱਧ ਇਕ ਉਸਾਰੂ ਲਹਿਰ ਨੂੰ ਉਸਾਰਨ ਅਤੇ ਮਜ਼ਬੂਤ ਕਰਨ ਵਿੱਚ ਵੀ ਸਹਾਈ ਹੋਵੇਗਾ। ਉਹਨਾਂ ਕਿਹਾ ਕਿ ਹੀਲਿੰਗ ਵਾਕ ਦਾ ਦ੍ਰਿਸ਼ ਅੱਖਾਂ ਖੋਲ੍ਹਣ ਵਾਲਾ ਸੀ। ਯਕੀਨੀ ਤੌਰ 'ਤੇ ਇਹ ਘਟਨਾ ਵਿਸ਼ਵ ਭਰ ਵਿੱਚ ਵਸਦੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਸੁਚੇਤ ਅਤੇ ਇਕਜੁੱਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗੀ। ਇਸ ਤਰ੍ਹਾਂ ਦੇ ਹੀ ਵਿਚਾਰਾਂ ਦਾ ਪ੍ਰਗਟਾਵਾ ਗੁਰਸੇਵਕ ਮਾਨ ਵੱਲੋਂ ਵੀ ਕੀਤਾ ਗਿਆ ਹੈ।

## ਵਾਤਾਵਰਣ 'ਤੇ ਪ੍ਰਭਾਵ ਦਾ ਮੁੱਦਾ

ਪਿਛਲੇ ਕੁੱਝ ਸਾਲਾਂ ਤੋਂ ਆਇਲ ਸੈਂਡਜ਼ ਵਿੱਚ ਨਿਵੇਸ਼ ਅਤੇ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ। ਕਿਉਂਕਿ ਇਹ ਉਦਯੋਗ ਵੱਡਾ ਹੈ ਇਸ ਲਈ ਇਸ ਉਦਯੋਗ ਨਾਲ ਵਾਤਾਵਰਣ 'ਤੇ ਪੈ ਰਹੇ ਨਾਕਾਰਾਤਮਕ ਪ੍ਰਭਾਵ ਵੀ ਵੱਡੇ ਹਨ। ਵੱਡੇ ਪੱਧਰ 'ਤੇ ਹਾਈਡਰੋਇਲੈਕਟਰੀਸਿਟੀ ਜਾਂ ਹਾਰਡ ਰੌਕ ਮਾਈਨਿੰਗ ਪ੍ਰੋਜੈਕਟ ਲਾਏ ਜਾ ਰਹੇ ਹਨ। ਨਤੀਜੇ ਵਜੋਂ ਬਹੁਤ ਸਾਰੇ ਵਿਅਕਤੀ ਇਸ ਵਰਤਾਰੇ ਤੋਂ ਚਿੰਤਤ ਹੋ ਕੇ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ ਇਸ ਖੇਤਰ ਵਿਚ ਦਿਲਚਪਸੀ ਲੈ ਰਹੇ ਹਨ।

ਤਾਰ ਸੈਂਡਜ਼ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਕਾਰਣ ਕਨੇਡਾ ਵਿਚ ਗਰੀਨ ਹਾਊਸ ਗੈਸਾਂ ਦਾ ਰਿਸਾਅ ਵਧ ਰਿਹਾ ਹੈ। ਪਰੰਪਰਿਕ ਤੇਲ ਉਤਪਾਦਨ ਵਿਧੀ ਦੇ ਮੁਕਾਬਲੇ ਹੁਣ ਗਰੀਨ ਹਾਊਸ ਗੈਸਾਂ ਦੇ ਰਿਸਾਅ ਵਿਚ ਤਿੰਨ ਤੋਂ ਚਾਰ ਗੁਣਾ ਵਾਧਾ ਹੋਇਆ ਹੈ। ਤਾਰ ਸੈਂਡਜ਼ ਦੇ ਵਿਚੋਂ ਤੇਲ ਕੱਢਣ ਲਈ ਹਰ ਦਿਨ 600 ਮਿਲੀਅਨ ਕਿਊਬਿਕ ਫੁੱਟ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਗੈਸਾਂ ਤੋਂ ਪੈਦਾ ਹੋਣ ਵਾਲੀ ਗਰਮੀ ਤਿੰਨ ਮਿਲੀਅਨ ਕਨੇਡੀਅਨ ਘਰਾਂ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੀ ਹੈ। ਆਇਲ ਸੈਂਡਜ਼ ਵਿਚ ਵਧ ਰਹੀ ਆਪੋ-ਧਾਪੀ ਕਾਰਣ ਹੀ ਕਨੇਡਾ ਗਰੀਨ ਹਾਊਸ ਗੈਸਾਂ ਦੇ ਨਿਸਚਿਤ ਰਿਸਾਅ ਨੂੰ ਘਟਾਉਣ ਵਿਚ ਅਸਫ਼ਲ ਰਿਹਾ ਹੈ।

ਵਾਤਾਵਰਣ ਦੇ ਸਾਂਭ ਸੰਭਾਲ ਦੇ ਮਾਮਲੇ ਵਿਚ ਪੱਛਮੀ ਜਗਤ ਵਿਚ ਕਨੇਡਾ ਸਭ ਤੋਂ ਪਿੱਛੇ ਹੈ। ਇਸ ਖੇਤਰ ਵਿਚ ਸੁਧਾਰ ਕਰਨ ਦੀ ਬਜਾਇ ਕਨੇਡਾ ਸਰਕਾਰ ਯੂਰਪੀਨ ਕਮਿਸ਼ਨ ਵਲੋਂ ਵਾਤਾਵਰਣ ਵਿਚ ਬਦਲਾਅ ਦੇ ਟਿੱਚਿਆਂ ਲਈ ਨਿਸਚਿਤ ਕੀਤੇ ਮਾਪਦੰਡਾਂ ਨੂੰ ਅਣਗੌਲਿਆਂ ਕਰਨ ਲਈ ਲਾਬਿੰਗ ਕਰ ਰਹੀ ਹੈ।



## ਫ਼ੌਰੀ ਤੌਰ 'ਤੇ ਕੀ ਕਰਨਾ ਚਾਹੀਦਾ ਹੈ

ਆਇਲ ਸੈਂਡਜ਼ ਪ੍ਰੋਡਕਸ਼ਨ ਪ੍ਰਤੀ ਦਿਨ 1.9 ਮਿਲੀਅਨ ਤੋਂ ਵਧਾ ਕੇ 5 ਮਿਲੀਅਨ ਕਰਨ ਦਾ ਟਿੱਚਾ ਮਿੱਥਿਆ ਗਿਆ ਹੈ। ਅੰਤਰਰਾਸ਼ਟਰੀ ਐਨਰਜ਼ੀ ਏਜੰਸੀ ਦੀ ਰਿਪੋਰਟ ਅਨੁਸਾਰ ਭਾਵੇਂ ਮੰਗ ਨੂੰ ਦੇਖਦਿਆਂ ਇਹ ਪ੍ਰੋਡਕਸ਼ਨ ਠੀਕ ਹੈ ਪਰ ਇਸ ਨਾਲ ਗਲੋਬਲ ਵਾਰਮਿੰਗ ਵਿਚ ਵਾਧਾ ਹੁੰਦਾ ਹੈ ਜੋ ਕਿ ਵੱਡੀ ਪੱਧਰ 'ਤੇ ਤਬਾਹਕਾਰੀ ਹੈ। ਮੰਤਰੀ ਜੋਈ ਓਲੀਵਰ ਦਾਅਵਾ ਕਰ ਰਿਹਾ ਹੈ ਕਿ ਤਾਰ ਸੈਂਡਜ਼ ਖੇਤਰ ਵਿਚ ਸਥਿਤ ਤਲਾਬਾਂ ਦੀ ਸਫ਼ਾਈ ਕੀਤੀ ਜਾਂਦੀ ਹੈ ਤੇ ਇਨ੍ਹਾਂ ਦਾ ਪਾਣੀ ਇੰਨਾ ਸਾਫ਼ ਹੈ ਕਿ ਭਾਵੇਂ ਕੋਈ ਮਨੁੱਖ ਪੀ ਵੀ ਲਵੇ। ਪਰ ਇਹ ਬਿਆਨ ਸੱਚਾਈ ਤੋਂ ਕੋਹਾਂ ਦੂਰ ਹੈ। ਜੇਕਰ ਇਹ ਸੱਚ ਹੁੰਦਾ ਤਾਂ ਆਇਲ ਸੈਂਡਜ਼ ਵਿਚ ਹੀਲਿੰਗ ਵਾਕ ਦੀ ਜ਼ਰੂਰਤ ਨਹੀਂ ਸੀ ਤੇ ਨਾ ਹੀ ਜੋਈ ਓਲੀਵਰ ਅਤੇ ਪ੍ਰੀਮੀਅਰ ਰੈਡਫ਼ੋਰਡ ਨੂੰ ਲੋਕਾਂ ਵਲੋਂ ਕੀਤੇ ਜਾ ਰਹੇ ਇੰਨੇ ਸੁਆਲਾਂ ਦਾ ਸਾਹਮਣਾ ਕਰਨਾ ਪੈਣਾ ਸੀ।

ਅਸਲ ਵਿਚ ਤੇਲ ਕੰਪਨੀਆਂ ਨੂੰ ਸਮੁੱਚੇ ਰੂਪ ਵਿਚ ਅਜਿਹਾ ਸਿਸਟਮ ਤਿਆਰ ਕਰਨਾ ਚਾਹੀਦਾ ਹੈ ਜਿਸ ਨਾਲ ਹਵਾ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਜਾ ਸਕੇ ਤੇ ਵਾਤਾਵਰਣ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਇਸ ਦੇ ਨਾਲ ਹੀ ਜ਼ਮੀਨ ਤੇ ਪਾਣੀ ਨੂੰ ਨੁਕਸਾਨੇ ਜਾਣ ਤੋਂ ਬਚਾਉਣ ਲਈ ਵਿਸ਼ੇਸ਼ ਉਪਾਅ ਕਰਨੇ ਹੋਣਗੇ। ਤੇਲ ਕੰਪਨੀਆਂ ਨੂੰ ਅਜਿਹੀ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ ਜਿਸ ਨਾਲ ਪ੍ਰਤੀ ਬੈਰਲ ਦੇ ਉਤਪਾਦਨ ਵਿਚ ਪਾਣੀ ਦੀ ਲਾਗਤ ਘਟਾਈ ਜਾਵੇ ਤੇ ਦੂਸ਼ਿਤ ਪਾਣੀ ਨੂੰ ਸ਼ੁੱਧ ਕਰਕੇ ਮੁੜ ਵਰਤੋਂ ਵਿਚ ਲਿਆਉਣ ਦੇ ਯੋਗ ਬਣਾਇਆ ਜਾ ਸਕੇ। ਤਾਰ ਸੈਂਡਜ਼ ਦੁਆਰਾ ਹੋ ਰਿਹਾ ਵਾਤਾਵਰਣ ਦਾ ਘਾਣ ਹੁਣ ਜੱਗ ਜ਼ਾਹਰ ਹੈ। ਕਨੇਡਾ ਵਿਚ ਹੀ ਨਹੀਂ ਇਸ ਨੂੰ ਲੈ ਕੇ ਪੂਰੀ ਦੁਨੀਆ ਵਿਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਲੰਡਨ ਵਿਚ ਤਾਰ ਸੈਂਡਜ਼ ਦੇ ਵਿਸਥਾਰ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਹੋਏ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਪ੍ਰਦਰਸ਼ਨਕਾਰੀਆਂ ਵਲੋਂ ਤਾਰ ਸੈਂਡਜ਼ ਪਾਇਪ ਲਾਈਨ ਅਤੇ ਤੇਲ ਦੇ ਟੈਂਕਰਾਂ ਨੂੰ ਰੋਕਿਆ ਗਿਆ ਹੈ। ਅਮਰੀਕਾ ਵਿਚ ਵੀ ਬਹੁਤ ਸਾਰੇ ਲੋਕਾਂ ਵਲੋਂ ਕੇ ਐਕਸ ਐਲ ਪਾਇਪਲਾਈਨ ਦੇ ਵਿਰੋਧ ਵਿਚ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਤਰ੍ਹਾਂ ਹੋਰ ਵੀ ਕਈ ਥਾਵਾਂ 'ਤੇ ਪ੍ਰਦਰਸ਼ਨ ਹੋਏ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਤਾਰ ਸੈਂਡਜ਼ ਦੇ ਵਿਰੋਧ ਵਿਚ ਪੂਰੇ ਵਿਸ਼ਵ ਵਿਚ ਇਕ ਮਜ਼ਬੂਤ ਲਹਿਰ ਉਸਰ ਰਹੀ ਹੈ।

ਸਭ ਤੋਂ ਉਦਾਸ ਕਰਨ ਵਾਲੀ ਗੱਲ ਇਹ ਹੈ ਕਿ ਤਾਰ ਸੈਂਡਜ਼ ਵਿਚ ਕੰਮ ਕਰਦੇ ਕਾਮਿਆਂ ਨੂੰ ਜ਼ਹਿਰੀਲੇ ਵਾਤਾਵਰਣ ਵਿਚ ਕੰਮ ਕਰਨਾ ਪੈ ਰਿਹਾ ਹੈ। ਇਨ੍ਹਾਂ ਤੋਂ ਬਾਅਦ ਫ਼ਸਟ ਨੇਸ਼ਨ ਦੇ ਲੋਕ ਹਨ, ਜਿਨ੍ਹਾਂ ਦੀ ਜ਼ਿੰਦਗੀ 'ਤੇ ਇਸ ਜ਼ਹਿਰੀਲੇ ਵਾਤਾਵਰਣ ਦਾ ਸਭ ਤੋਂ ਵੱਧ ਅਸਰ ਹੋ ਰਿਹਾ ਹੈ। ਦੂਸ਼ਿਤ ਪਾਣੀ ਅਤੇ ਹਵਾ ਨਾਲ ਇਨ੍ਹਾਂ ਨੂੰ ਅਨੇਕਾਂ ਬਿਮਾਰੀਆਂ ਲੱਗ ਰਹੀਆਂ ਹਨ। ਦੁੱਖ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ। ਸਟੀਫ਼ਨ ਹਾਰਪਰ ਦੀ ਅਗਵਾਈ ਵਾਲੀ ਸਰਕਾਰ 'ਤੇ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਹਾਰਪਰ ਸਰਕਾਰ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਹੈ ਕਿ ਕਨੇਡਾ ਨੂੰ 'ਗਲੋਬਲ ਐਨਰਜ਼ੀ ਪਾਵਰਹਾਊਸ' ਕਿਸ ਤਰ੍ਹਾਂ ਬਣਾਇਆ ਜਾਵੇ। ਇਸ ਲਈ ਸਰਕਾਰ ਨੇ 'ਰੋਜ਼ਾਨਾ ਤੇਲ ਉਤਪਾਦਨ' ਵਧਾਉਣ ਦਾ ਟੀਚਾ ਮਿੱਥਿਆ ਹੋਇਆ ਹੈ। ਉਮੀਦ ਹੈ ਕਿ 2040 ਤਕ ਤੇਲ ਦਾ ਉਤਪਾਦਨ ਪੰਜ ਗੁਣਾ ਵਧ ਜਾਵੇਗਾ। ਪਰ ਇਸ ਸਾਰੇ ਅਮਲ ਵਿਚ ਸਰਕਾਰ ਨੇ ਵਾਤਾਵਰਣ ਨੂੰ ਅਣਗੌਲਿਆ ਛੱਡਿਆ ਹੋਇਆ ਹੈ। ਇਹੀ ਨਹੀਂ ਹਾਰਪਰ ਸਰਕਾਰ ਇਸ ਗੱਲ ਲਈ ਲਾਬਿੰਗ ਕਰ ਰਹੀ ਹੈ ਕਿ ਤਾਰ ਸੈਂਡਜ਼ ਆਇਲ ਰੈਗੂਲੇਟ ਨਾ ਹੋ ਸਕੇ। ਅਜਿਹੀ ਹਾਲਤ ਵਿਚ ਸਰਕਾਰ ਤੋਂ ਕੀ ਉਮੀਦ ਰੱਖੀ ਜਾ ਸਕਦੀ ਹੈ। ਇੱਥੇ ਅਸੀਂ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਹੀਲਿੰਗ ਵਾਕ ਇਕ ਸੰਕੇਤਕ ਵਿਰੋਧ ਮਾਰਚ ਸੀ। ਇਹ ਨਾ ਉਦਯੋਗ ਦੇ ਵਿਰੋਧ ਵਿਚ ਸੀ ਤੇ ਨਾ ਹੀ ਵਰਕਰਾਂ ਦੇ ਵਿਰੋਧ ਵਿਚ। ਇਸ ਦਾ ਮਕਸਦ ਸਿਰਫ਼ ਤਾਰ ਸੈਂਡਜ਼ ਉਦਯੋਗ ਤੋਂ ਪੈਦਾ ਹੋਈਆਂ ਸਮੱਸਿਆਵਾਂ ਦਾ ਕੋਈ ਹੱਲ ਲੱਭਣਾ ਤੇ ਇਸ ਬਾਰੇ ਸਰਕਾਰ ਨੂੰ ਸੁਚੇਤ ਕਰਨਾ ਸੀ। ਪਰ ਇੱਥੇ ਸੁਆਲ ਇਹ ਉਠਦਾ ਹੈ ਕਿ ਕੀ ਇਸ ਹੀਲਿੰਗ ਵਾਕ ਦਾ ਅਸਰ ਮੁਨਾਫ਼ਾ ਕਮਾ ਰਹੀਆਂ ਤੇਲ ਕੰਪਨੀਆਂ, ਭ੍ਰਿਸ਼ਟ ਰਾਜਨੀਤੀਵਾਨਾਂ ਅਤੇ ਲਾਲਚੀ ਅਫ਼ਸਰਾਂ 'ਤੇ ਹੋਵੇਗਾ ਜੋ ਕਾਫ਼ੀ ਲੰਮੇ ਸਮੇਂ ਤੋਂ ਕੁਦਰਤੀ ਸਾਧਨਾਂ ਦੀ ਮਿਲ-ਜੁੱਲ ਕੇ ਲੁੱਟ ਕਰਦੇ ਆ ਰਹੇ ਹਨ?

**15 ਅਗਸਤ 'ਤੇ ਵਿਸ਼ੇਸ਼**

# ਕਿਰਤੀਆਂ ਦਾ ਆਜ਼ਾਦੀ ਦਿਹਾੜਾ ਅਜੇ ਨਹੀਂ ਆਇਆ !


ਮੰਗਤ ਰਾਮ ਪਾਸਲਾ
+91-98141-82998
sangrami.lehar@gmail.com

15 ਅਗਸਤ ਨੂੰ ਦਿੱਲੀ ਦੇ ਲਾਲ ਕਿਲੇ ਉਪਰ ਭਾਰਤ ਦੇ ਪ੍ਰਧਾਨ ਮੰਤਰੀ ਨੇ 66ਵੀਂ ਵਾਰ ਤਿਰੰਗਾ ਝੰਡਾ ਝੁਲਾਉਣ ਦੀ ਨੀਰਸ ਰਸਮ ਪੂਰੀ ਕਰਨੀ ਹੈ। ਉਹ ਵੀ ਉਸ ਸਰਕਾਰ ਦੇ ਪ੍ਰਧਾਨ ਮੰਤਰੀ ਨੇ, ਜਿਸ ਨੇ ਆਪਣੇ ਕਾਰਜ ਕਾਲ ਵਿਚ ਦੇਸ਼ ਦੀ ਆਜ਼ਾਦੀ ਲਈ ਜੂਝਣ ਤੇ ਜਾਨਾਂ ਵਾਰਨ ਵਾਲੇ ਲੱਖਾਂ ਦੇਸ਼ ਭਗਤਾਂ ਦੇ ਆਜ਼ਾਦੀ, ਬਰਾਬਰਤਾ ਅਤੇ ਹਕੀਕੀ ਜਮਹੂਰੀਅਤ ਵਾਲਾ ਸਾਸ਼ਨ ਸਥਾਪਤ ਕਰਨ ਦੇ ਸੁਪਨੇ ਲੀਰੋ ਲੀਰ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਵੀ ਉਹ ਹੈ ਜਿਸਨੇ ਕਦੀ ਲੋਕਾਂ ਰਾਹੀ ਸਿੱਧੇ ਰੂਪ ਵਿਚ ਚੁਣੇ ਜਾਣ 'ਤੇ ਇਹ ਅਹੁਦਾ ਹਾਸਲ ਨਹੀਂ ਕੀਤਾ ਬਲਕਿ ਅਸਿੱਧੇ ਢੰਗ ਨਾਲ, (ਅਸਾਮ ਦੇ ਅਸੈਂਬਲੀ ਮੈਂਬਰਾਂ ਦੀਆਂ ਵੋਟਾਂ ਰਾਹੀਂ ਰਾਜ ਸਭਾ ਦੇ ਮੈਂਬਰ ਬਣਕੇ), ਸਾਰੀਆਂ ਲੋਕ ਰਾਜੀ ਤੇ ਸੰਵਿਧਾਨਕ ਪਰੰਪਰਾਵਾਂ ਛਿੱਕੇ ਟੰਗ ਕੇ ਇਹ ਪਦਵੀ ਹਥਿਆਈ ਹੈ। ਇਸ ਲਈ ਜਦੋਂ ਵੀ ਪ੍ਰਧਾਨ ਮੰਤਰੀ ਪਾਰਲੀਮੈਂਟ ਜਾਂ ਇਸਤੋਂ ਬਾਹਰ ਆਪਣੀਆਂ ਮਸਕਰੀ ਅੱਖਾਂ ਨਾਲ ਆਪਣੀ ਸਰਕਾਰ ਦੀਆਂ ਨੀਤੀਆਂ ਅਤੇ 'ਪ੍ਰਾਪਤੀਆਂ' ਗਿਣਾ ਰਿਹਾ ਹੁੰਦਾ ਹੈ ਤਦ ਇੰਝ ਜਾਪਦਾ ਹੈ ਜਿਵੇਂ ਉਹ ਭਾਰਤੀ ਲੋਕਾਂ (ਜਿਨ੍ਹਾਂ ਦਾ ਉਹ ਨੁਮਾਇੰਦਾ ਹੀ ਨਹੀਂ ਹੈ) ਨਾਲੋਂ ਜ਼ਿਆਦਾ ਸਾਮਰਾਜੀ ਆਕਿਆਂ ਨੂੰ ਸੰਬੋਧਤ ਹੋ ਰਿਹਾ ਹੋਵੇ। ਅਜੋਕੀ ਕੇਂਦਰੀ ਸਰਕਾਰ ਦੀ ਨੀਤੀ ਦਾ ਹਰ ਹਿੱਸਾ ਸਾਮਰਾਜ ਤੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਨ ਵਾਲਾ ਅਤੇ ਜਨ ਸਧਾਰਣ ਉਪਰ ਵਧੇਰੇ ਆਰਥਿਕ ਬੋਝ ਲੱਦਣ ਵਾਲਾ ਹੁੰਦਾ ਹੈ।

15 ਅਗਸਤ ਨੂੰ ਦੇਸ਼ ਦੀ ਤਰੱਕੀ ਬਾਰੇ ਉਹੀ ਪੁਰਾਣੇ ਘਸੇ ਪਿਟੇ ਤੇ ਥੋਥੇ ਦਾਅਵੇ ਕੀਤੇ ਜਾਣਗੇ, ਭਵਿੱਖ ਲਈ ਹਵਾਈ ਤੇ ਫੁਕਰੇ ਵਾਅਦੇ ਹੋਣਗੇ ਅਤੇ ਨਿਪੁੰਸਕ ਦੇਸ਼ ਭਗਤੀ ਨਾਲ ਲਿਬਰੇਜ਼ 'ਜੈ ਹਿੰਦ' ਦੇ ਉਕਾਊ ਨਾਅਰੇ ਲਗਾਏ ਜਾਣਗੇ, ਲਾਲ ਕਿਲੇ ਦੀ ਫਸੀਲ ਤੋਂ। ਸਰੋਤੇ ਹੋਣਗੇ ਕੇਂਦਰੀ ਸਰਕਾਰ ਦੇ ਦਰਬਾਰੀ, ਕਾਰਪੋਰੇਟ ਘਰਾਣਿਆਂ ਦੇ ਬੁਲਾਰੇ, ਕੁਕਰਮੀ ਢੰਗਾਂ ਨਾਲ ਚੋਣਾਂ ਜਿੱਤ ਕੇ ਬਣੇ ਹਾਕਮ ਧਿਰ ਦੇ ਸਾਂਸਦ ਅਤੇ ਮੁੱਠੀ ਭਰ ਵਿਦੇਸ਼ੀ ਮਹਿਮਾਨ। ਇਸ ਤੋਂ ਬਿਨਾਂ ਤਿਹਾਏ ਤੇ ਹੁੰਮਸ ਦੀ ਤਪਸ਼ ਝੇਲ ਰਹੇ ਸਕੂਲੀ ਬਾਲ ਅਤੇ ਸਰਕਾਰੀ ਖਰਚਿਆਂ ਉਪਰ ਕੀਤੇ ਭਾੜੇ ਦੇ ਬੈਂਡ ਬਾਜੇ ਵਾਲੇ। ਇਸ ਸਭ ਰੌਲੇ ਗੌਲੇ ਵਿਚ ਦੇਸ਼ ਦਾ ਸਧਾਰਣ ਵਿਅਕਤੀ ਗਾਇਬ ਹੈ, ਜੋ ਗਰੀਬੀ, ਮਹਿੰਗਾਈ, ਬੇਕਾਰੀ, ਅਨਪੜ੍ਹਤਾ, ਕੁਪੋਸ਼ਣ ਅਤੇ ਤਰ੍ਹਾਂ ਤਰ੍ਹਾਂ ਦੀਆਂ ਮਾਰੂ ਬਿਮਾਰੀਆਂ ਦੀ ਜੂਨ ਹੰਢਾ ਰਿਹਾ ਹੈ। ਇਸ ਸਾਰੇ ਉਸ਼ਟੰਡ ਨੂੰ ਆਜ਼ਾਦੀ ਦਿਵਸ ਦੇ ਜਸ਼ਨਾਂ ਦਾ ਨਾਮ ਦਿੱਤਾ ਗਿਆ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਜਿਨ੍ਹਾਂ ਹੁਕਮਰਾਨਾਂ (ਕਾਂਗਰਸ, ਭਾਜਪਾ ਸਮੇਤ ਅਨੇਕਾਂ ਸਰਮਾਏਦਾਰ ਪਾਰਟੀਆਂ ਨਾਲ ਸੰਬੰਧਤ) ਨੇ ਦੇਸ਼ ਦੀ ਸੱਤਾ ਸੰਭਾਲੀ ਹੈ, ਉਨ੍ਹਾਂ ਦੀਆਂ ਨੀਤੀਆਂ ਸਦਕਾ ਭਾਵੇਂ ਦੇਸ਼ ਦਿਖਾਵੇ ਮਾਤਰ ਫਰੇਬੀ ਏਕਤਾ ਦੇ ਬੰਧਨਾਂ ਵਿਚ ਬੱਝਾ ਹੋਇਆ ਜਾਪਦਾ ਹੈ ਪ੍ਰੰਤੂ ਅੰਦਰੂਨੀ ਤੌਰ 'ਤੇ ਖਖੜੀਆਂ ਖਖੜੀਆਂ ਹੋਇਆ ਪਿਆ ਹੈ। ਅੰਗਰੇਜ਼ੀ ਸਾਮਰਾਜ ਵਿਰੁੱਧ ਲੜੇ ਗਏ ਆਜ਼ਾਦੀ ਦੇ ਸੰਗਰਾਮ ਵਿਚ ਭਾਰਤ ਦੇ ਲੋਕ, ਜੋ ਵੱਖ ਵੱਖ ਇਲਾਕਿਆਂ, ਰਿਆਸਤਾਂ, ਧਰਮਾਂ, ਬੋਲੀਆਂ, ਖਿੱਤਿਆਂ ਅਤੇ ਰਸਮਾਂ ਰਿਵਾਜਾਂ ਵਿਚ ਬੱਝੇ ਹੋਏ ਸਨ, ਸਾਰੀਆਂ ਵੱਟਾਂ ਬੰਨ੍ਹੇ ਤੋੜਕੇ ਇਕਮੁੱਠ ਹੋਏ ਸਨ। ਉਹ ਅੱਜ ਫੇਰ ਆਪਣੀਆਂ ਉਮੀਦਾਂ ਨੂੰ ਬੂਰ ਨਾ ਪੈਂਦਾ ਦੇਖ ਕੇ, ਏਕਤਾ ਦੇ ਸ਼ਾਹ ਰਾਹ ਤੋਂ ਪਰਾਂਹ ਹਟਕੇ ਪੰਗਡੰਡੀਆਂ ਉਪਰ ਤੁਰਦਿਆਂ ਆਪਣੀਆਂ ਹੋਣੀਆਂ ਦੀ ਤਲਾਸ਼ ਕਰਨ ਲੱਗ ਪਏ ਹਨ। ਦੇਸ਼ ਦੇ ਉਤਰ ਪੂਰਬੀ ਹਿੱਸੇ ਦੇ ਲੋਕ, ਸੁੰਦਰ ਕਸ਼ਮੀਰ ਵਾਦੀ ਦੇ ਵਸਨੀਕ ਅਤੇ ਕੇਂਦਰੀ ਭਾਰਤ ਦੇ ਜੰਗਲਾਂ ਵਿਚ ਜੀਵਨ ਬਤੀਤ ਕਰ ਰਹੇ ਆਦਿਵਾਸੀ ਆਪਣੇ ਆਪ ਨੂੰ ਦੇਸ਼ ਤੋਂ ਅਲੱਗ ਥਲੱਗ ਹੋਏ ਮਹਿਸੂਸ ਕਰ ਰਹੇ ਹਨ ਕਿਉਂਕਿ ਨਕਸ਼ੇ ਉਤੇ ਪ੍ਰਾਂਤਕ ਲਕੀਰਾਂ ਵਾਲਾ ਭਾਰਤ ਉਨ੍ਹਾਂ ਨੂੰ ਜੀਉਣ ਤੇ ਮਾਨਣ ਯੋਗ ਜ਼ਿੰਦਗੀ ਨਹੀਂ ਦੇ ਸਕਿਆ। ਨਾਲ ਹੀ ਮੌਜੂਦਾ ਢਾਂਚਾ ਉਨ੍ਹਾਂ ਉਪਰ ਨਿੱਤ ਨਵੇਂ ਦਿਨ ਮੁਸੀਬਤਾਂ ਤੇ ਜ਼ੁਲਮਾਂ ਦੇ ਪਹਾੜ ਲੱਦੀ ਜਾ ਰਿਹਾ ਹੈ। ਮੌਜੂਦਾ ਢਾਂਚਾ ਸਵੈਮਾਨ, ਆਜ਼ਾਦੀ, ਘਰਾਂ ਜੋਗੀ ਜਮੀਨ, ਰਜਵੀਂ ਰੋਟੀ, ਵਿੱਦਿਆ, ਸਿਹਤ ਸਹੂਲਤਾਂ ਵਰਗੀਆਂ ਬੁਨਿਆਦੀ ਮੰਗਾਂ ਲਈ ਜੂਝਣ ਵਾਲੇ ਇਨ੍ਹਾਂ ਖਿੱਤਿਆਂ ਦੇ ਲੋਕਾਂ ਨਾਲ ਭਾਰਤੀ ਫੌਜ ਤੇ ਹੋਰ ਅਰਧ ਸੈਨਿਕ ਬਲ, ਸਰਕਾਰੀ ਹਦਾਇਤਾਂ ਅਨੁਸਾਰ, ਦੇਸ਼ ਧ੍ਰੋਹੀਆਂ ਨਾਲ ਕੀਤਾ ਜਾਣ ਵਾਲਾ ਵਿਵਹਾਰ ਕਰਦੇ ਹਨ ਜਿਸਦੇ ਲਈ ਸਰਕਾਰ ਵਲੋਂ ਉਨ੍ਹਾਂ ਦੀ ਭਾਰੀ ਸ਼ਲਾਘਾ ਵੀ ਕੀਤੀ ਜਾਂਦੀ ਹੈ।

ਸਾਮਰਾਜ ਦੀ ਸ਼ਹਿ ਨਾਲ ਆਜ਼ਾਦੀ ਸੰਗਰਾਮ ਵਿਚ ਫੁੱਟ ਪਾਉਣ ਵਾਲੀਆਂ ਵੱਖ ਵੱਖ ਰੰਗਾਂ ਦੀਆਂ ਫਿਰਕੂ ਸ਼ਕਤੀਆਂ (ਆਰ.ਐਸ.ਐਸ., ਹਿੰਦੂ ਮਹਾਂ ਸਭਾ, ਮੁਸਲਿਮ ਲੀਂਗ ਇਤਿਆਦੀ) ਲੋਕਾਂ ਨੂੰ ਪਾੜ ਕੇ ਉਨ੍ਹਾਂ ਦੀ ਏਕਤਾ ਤੋੜਨ ਦਾ ਜੋ ਕੰਮ ਅੰਗਰੇਜ਼ੀ ਰਾਜ ਦੇ ਦੌਰ ਵਿਚ ਸਿਰੇ ਨਹੀਂ ਚਾੜ੍ਹ ਸਕੀਆਂ, ਅਜੋਕੇ ਹਾਕਮਾਂ ਦੇ ਲੋਕ ਦੋਖੀ ਤੇ ਦੇਸ਼ ਵਿਰੋਧੀ ਕਦਮਾਂ ਸਦਕਾ ਅੱਜ ਦੇਸ਼ ਦੇ ਹਰ ਕੋਨੇ ਵਿਚ ਹੁੜਦੰਗ ਮਚਾ ਰਹੀਆਂ ਹਨ। ਇਨ੍ਹਾਂ ਹਿਟਲਰਸ਼ਾਹੀ ਧਾਰਮਿਕ ਮੂਲਵਾਦੀ ਸ਼ਕਤੀਆਂ ਵਲੋਂ ਦੇਸ਼ ਦੀ ਰਾਜ ਸੱਤਾ ਦੀ ਵਾਗਡੋਰ ਸੰਭਾਲਣ ਦੇ ਸੰਭਾਵੀ ਖਤਰੇ ਨੂੰ ਵੀ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਫਿਰਕੂ, ਫਾਸ਼ੀਵਾਦੀ ਤੇ ਸਾਮਰਾਜ ਭਗਤ ਇਹ ਤਾਕਤਾਂ ਸਮੁੱਚੇ ਦੇਸ਼ ਨੂੰ ਆਰਥਿਕ, ਸਮਾਜਿਕ ਤੇ ਸਭਿਆਚਾਰਕ ਭਾਵ ਹਰ ਪੱਖ ਤੋਂ ਤਬਾਹ ਕਰਨ ਉਪਰ ਤੁਲੀਆਂ ਹੋਈਆਂ ਹਨ ਅਤੇ ਦੇਸ਼ ਦੇ ਜਮਹੂਰੀ ਤੇ ਧਰਮ ਨਿਰਪੱਖ ਤਾਣੇਬਾਣੇ ਦੇ ਜੜ੍ਹੀਂ ਤੇਲ ਦੇਣ ਲਈ ਹਰ ਪਾਪੜ ਵੇਲ ਰਹੀਆਂ ਹਨ। ਦੇਸ਼ ਦਾ ਰਾਜ ਭਾਗ ਚਲਾ ਰਹੇ ਰਾਜਨੀਤੀਵਾਨਾਂ ਦੀਆਂ ਲੋਕ ਵਿਰੋਧੀ ਤੇ ਗੈਰ ਜਮਹੂਰੀ ਨੀਤੀਆਂ ਅਤੇ ਜਨਤਾ ਵਿਚ ਪੈਰ ਪਸਾਰ ਰਹੀਆਂ ਧਾਰਮਕ ਕੱਟੜਵਾਦੀ ਤਾਕਤਾਂ ਦੀਆਂ ਫਿਰਕੂ ਤੇ ਹਿੰਸਕ ਕਾਰਵਾਈਆਂ ਦੇ ਮੱਦੇਨਜ਼ਰ ਦੇਸ਼ ਦੀਆਂ ਸਮੁੱਚੀਆਂ ਧਾਰਮਕ ਤੇ ਇਲਾਕਾਈ ਘੱਟ ਗਿਣਤੀਆਂ ਕਿਵੇਂ ਸੁਰੱਖਿਅਤ ਮਹਿਸੂਸ ਕਰ ਸਕਦੀਆਂ ਹਨ ?



ਦਲਿਤਾਂ, ਪਛੜੀਆਂ ਸ਼੍ਰੇਣੀਆਂ ਤੇ ਹੋਰ ਹੇਠਲੇ ਤਬਕਿਆਂ ਨਾਲ ਸੰਬੰਧਤ ਲੋਕ ਅੱਜ ਪਹਿਲੇ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਅਸੁਰੱਖਿਅਤ ਤੇ ਮੁਸੀਬਤਾਂ ਵਿਚ ਘਿਰੇ ਹੋਏ ਮਹਿਸੂਸ ਕਰਦੇ ਹਨ ਅਤੇ ਸਮਾਜਿਕ ਜਬਰ ਦਾ ਅਸਹਿ ਸੇਕ ਝੇਲ ਰਹੇ ਹਨ। ਨਵਉਦਾਰਵਾਦੀ ਨੀਤੀਆਂ ਦੇ ਲਾਗੂ ਹੋਣ ਨਾਲ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੇ ਦੌਰ ਵਿਚ ਸਰਕਾਰਾਂ ਵੱਲੋਂ ਭੁਖਮਰੀ ਵਰਗਾ ਜੀਵਨ ਬਤੀਤ ਕਰਨ ਦੇ ਸਮਰੱਥ ਬਣਾਈ ਰੱਖਣ ਲਈ ਦਿੱਤੀਆਂ ਜਾਂਦੀਆਂ ਨਿਗੂਣੀਆਂ ਤੇ ਗੈਰ ਤਸੱਲੀਬਖਸ਼ ਆਰਥਿਕ ਤੇ ਸਮਾਜਿਕ ਸਹੂਲਤਾਂ ਵੀ ਦਿਨੋਂ ਦਿਨ ਅਲੋਪ ਹੋ ਰਹੀਆਂ ਹਨ। ਵਿੱਤੀ ਪੂੰਜੀ ਦੇ ਦੌਰ ਵਿਚ ਗਲੇ ਸੜੇ ਤੇ ਨਿਘਾਰਗ੍ਰਸਤ ਪੱਛਮੀ ਸੱਭਿਆਚਾਰ ਦੀ ਆਮਦ ਕਰਕੇ ਦੇਸ਼ ਦੀਆਂ ਔਰਤਾਂ ਉਪਰ ਹੋਣ ਵਾਲੇ ਅੱਤਿਆਚਾਰਾਂ ਦੀ ਮਾਤਰਾ ਵਿਚ ਕਈ ਗੁਣਾਂ ਹੋਰ ਵਾਧਾ ਹੋ ਗਿਆ ਹੈ ਤੇ ਸਮੁੱਚਾ ਪ੍ਰਸ਼ਾਸਨ ਇਨ੍ਹਾਂ ਹੋ ਰਹੇ ਕੁਕਰਮਾਂ ਨੂੰ ਚੁੱਪਚਾਪ ਤਮਾਸ਼ਬੀਨ ਬਣਕੇ ਦੇਖੀ ਜਾ ਰਿਹਾ ਹੈ। ਦੇਸ਼ ਦਾ ਮੌਜੂਦਾ ਰਾਜਨੀਤਕ ਤੇ ਆਰਥਿਕ ਢਾਂਚਾ ਅਤੇ ਪ੍ਰਚਲਤ ਨਿਆਂਪ੍ਰਣਾਲੀ ਔਰਤਾਂ ਤੇ ਹੋਰ ਮਿਹਨਤਕਸ਼ ਲੋਕਾਂ ਉਪਰ ਹੋ ਰਹੇ ਜ਼ੁਲਮਾਂ ਨੂੰ ਰੋਕਣ ਵਿਚ ਅਸਫਲ ਸਿੱਧ ਹੋ ਰਹੇ ਹਨ; ਬਲਕਿ ਇਨ੍ਹਾਂ ਜ਼ੁਲਮਾਂ ਨੂੰ ਖਤਰਨਾਕ ਹੱਦ ਤੱਕ ਵਧਾਉਣ ਲਈ ਇਹ ਆਪ ਵੀ ਜ਼ਿੰਮੇਵਾਰ ਹਨ। ਸਿਰਫ ਇਕ ਹੱਦ ਤੱਕ ਕੁੱਝ ਤਸੱਲੀ ਵਾਲੀ ਗੱਲ ਇਹ ਹੈ ਕਿ ਹੁਣ ਜਨਸਮੂਹਾਂ ਦਾ ਚੌਖਾ ਭਾਗ ਇਸ ਅਨਿਆਂ ਵਿਰੁੱਧ ਸੜਕਾਂ ਉਪਰ ਨਿਕਲ ਕੇ ਵਿਰੋਧ ਕਰਨ ਦੇ ਰਾਹ ਤੁਰਨਾ ਸ਼ੁਰੂ ਹੋਇਆ ਹੈ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਦੱਬੇ ਕੁਚਲੇ ਲੋਕਾਂ, ਮਜ਼ਦੂਰਾਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਗਰੀਬ ਕਿਸਾਨਾਂ ਨੇ ਆਪਣੇ ਅੰਦਰਲੀਆਂ ਸਾਰੀਆਂ ਤ੍ਰੇੜਾਂ ਨੂੰ ਮੇਟਦਿਆਂ ਹੋਇਆਂ ਅੰਗਰੇਜ਼ੀ ਸਾਮਰਾਜ ਵਿਰੁੱਧ ਫੌਲਾਦੀ ਏਕਤਾ ਉਸਾਰ ਕੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ ਸੀ, ਅੱਜ ਭਾਰਤੀ ਹੁਕਮਰਾਨਾਂ ਦੀਆਂ ਅਮੀਰਪੱਖੀ ਤੇ ਲੋਕ ਵਿਰੋਧੀ ਨੀਤੀਆਂ ਅਤੇ ਸਾਮਰਾਜੀ ਆਕਿਆਂ ਨਾਲ ਮਿਲੀਭੁਗਤ ਸਦਕਾ ਮਾਯੂਸ ਲਾਚਾਰ ਅਤੇ ਠੱਗੇ ਗਏ ਮਹਿਸੂਸ ਕਰ ਰਹੇ ਹਨ। ਫੁੱਟਪਾਊ ਤੇ ਵੰਡਵਾਦੀ ਸ਼ਕਤੀਆਂ ਇਸ ਸਥਿਤੀ ਦਾ ਲਾਹਾ ਲੈ ਕੇ ਮਿਹਨਤਕਸ਼ਾਂ ਵਿਚ ਫੁੱਟ ਦੇ ਬੀਜ ਬੀਜਕੇ ਉਨ੍ਹਾਂ ਦੀ ਏਕਤਾ ਤੇ ਭਰਾਤਰੀ ਭਾਵ ਨੂੰ ਭਾਰੀ ਨੁਕਸਾਨ ਪਹੁੰਚਾ ਰਹੇ ਹਨ। ਦੇਸ਼ ਦੇ ਕਾਰਪੋਰੇਟ ਘਰਾਣੇ, ਭਰਿਸ਼ਟ ਹਾਕਮ ਤੇ ਵਿਦੇਸ਼ੀ ਲੁਟੇਰੀਆਂ ਸ਼ਕਤੀਆਂ ਇਨ੍ਹਾਂ ਪ੍ਰਸਥਿਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹਨ।

ਧਿਆਨ ਨਾਲ ਦੇਖੀਏ ਕਿ 66 ਸਾਲਾਂ ਦੀ ਆਜ਼ਾਦੀ ਤੋਂ ਬਾਅਦ

- ਦੇਸ਼ ਨੇ ਪੂੰਜੀਵਾਦੀ ਲੀਹਾਂ ਉਪਰ ਜੋ ਆਰਥਿਕ ਵਿਕਾਸ ਕੀਤਾ ਹੈ, ਉਸ ਕਾਰਨ ਗਰੀਬੀ ਤੇ ਅਮੀਰੀ ਦਾ ਪਾੜਾ ਹੋਰ ਕਿੰਨਾ ਵਧਿਆ ਹੈ। ਮੁੱਠੀ ਭਰ ਲੋਕ ਦੇਸ਼ ਦੀ ਧਨ ਦੌਲਤ ਦੇ ਮਾਲਕ ਬਣੀ ਬੈਠੇ ਹਨ ਤੇ 77 ਫੀਸਦੀ ਲੋਕ 20 ਰੁਪਏ ਪ੍ਰਤੀ ਦਿਨ ਆਮਦਨ ਉਪਰ ਗੁਜ਼ਾਰਾ ਕਰਨ ਲਈ ਮਜ਼ਬੂਰ ਹਨ।
- ਸਾਮਰਾਜੀ ਸ਼ਕਤੀਆਂ, ਜਿਨ੍ਹਾਂ ਤੋਂ ਨਿਜਾਤ ਹਾਸਲ ਕਰਨ ਲਈ ਕਰੋੜਾਂ ਭਾਰਤੀਆਂ ਨੇ ਲਹੂਵੀਟਵਾਂ ਸੰਗਰਾਮ ਕਰਕੇ ਆਜ਼ਾਦੀ ਹਾਸਲ ਕੀਤੀ ਸੀ, ਅੱਜ ਫੇਰ ਭਾਰਤ ਨੂੰ ਹਰ ਖੇਤਰ ਵਿਚ ਆਪਣੇ ਅਧੀਨ ਕਰਨ ਲਈ ਯਤਨਸ਼ੀਲ ਹਨ ਤੇ ਭਾਰਤੀ ਹਾਕਮਾਂ ਦੀ ਮਿਲੀਭੁਗਤ ਰਾਹੀਂ ਇਸ ਮੰਤਵ ਵਿਚ ਕਾਫੀ ਹੱਦ ਤੱਕ ਕਾਮਯਾਬ ਹੋ ਰਹੀਆਂ ਹਨ।
- ਸਧਾਰਨ ਲੋਕ ਲੱਕ ਤੋੜ ਮਹਿੰਗਾਈ, ਬੇਕਾਰੀ, ਭੁਖਮਰੀ, ਗਰੀਬੀ ਆਦਿ ਤੋਂ ਬੁਰੀ ਤਰ੍ਹਾਂ ਪੀੜਤ ਹਨ। 52% ਬੱਚੇ, ਕੁਪੋਸ਼ਨ ਦਾ ਸ਼ਿਕਾਰ ਹਨ।
- ਨੌਜਵਾਨਾਂ ਦਾ ਵੱਡਾ ਤਬਕਾ ਵਿਦਿਆ ਤੇ ਰੁਜ਼ਗਾਰ ਪ੍ਰਾਪਤੀ ਤੋਂ ਮਹਿਰੂਮ ਹੋ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਅਸਮਾਜਿਕ ਗਤੀਵਿਧੀਆਂ ਵਿਚ ਸ਼ਿਰਕਤ ਕਰ ਰਿਹਾ ਹੈ। ਨਸ਼ਾ-ਵਿਉਪਾਰ ਵਿਚ ਹੁਕਮਰਾਨਾਂ ਤੇ ਅਫਸਰਸ਼ਾਹੀ ਦੀ ਚਾਂਦੀ ਬਣੀ ਹੋਈ ਹੈ।
- ਦੇਸ਼ ਦੀਆਂ ਧਾਰਮਕ ਤੇ ਦੂਸਰੀਆਂ ਘੱਟ ਗਿਣਤੀਆਂ ਅੰਦਰ ਹਰ ਖੇਤਰ ਵਿਚ ਵਿਤਕਰਾ ਤੇ ਅਨਿਆਂ ਹੋਣ ਕਾਰਨ ਭਾਰੀ ਬੇਗਾਨਗੀ ਦੀ ਭਾਵਨਾ ਪਾਈ ਜਾ ਰਹੀ ਹੈ।
- ਔਰਤਾਂ ਉਪਰ ਅੱਤਿਆਚਾਰਾਂ ਦੀ ਇੰਤਹਾ ਹੋ ਗਈ ਹੈ। ਔਰਤਾਂ ਤੇ ਬੱਚਿਆਂ ਨਾਲ ਦਿਲ ਹਿਲਾ ਦੇਣ ਵਾਲੀਆਂ ਬਲਾਤਕਾਰ ਦੀਆਂ ਘਟਨਾਵਾਂ ਦਿਨ ਦਿਹਾੜੇ ਵਾਪਰ ਰਹੀਆਂ ਹਨ।
- ਦਲਿਤਾਂ, ਆਦਿਵਾਸੀਆਂ, ਪਛੜੀਆਂ ਜਾਤੀਆਂ ਨਾਲ ਸੰਬੰਧਤ ਲੋਕ ਭਾਰੀ ਸਮਾਜਿਕ ਜਬਰ ਝੇਲਣ ਲਈ ਮਜ਼ਬੂਰ ਹਨ। ਉਨ੍ਹਾਂ ਨੂੰ ਜਲ, ਜੰਗਲ ਤੇ ਜ਼ਮੀਨ ਤੋਂ ਵਿਰਵੇ ਕਰਕੇ ਭੁੱਖੇ ਮਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।
- ਸਰਮਾਏਦਾਰੀ ਆਰਥਿਕ ਉਨਤੀ ਅਧੀਨ ਮੁਨਾਫੇ ਦੀ ਹੋੜ ਨੇ ਸਮੁੱਚੇ ਵਾਤਾਵਰਨ ਨੂੰ ਪ੍ਰਦੂਸ਼ਤ ਕਰ ਦਿੱਤਾ ਹੈ ਜਿਸਦੇ ਸਿੱਟੇ ਵਜੋਂ ਫੈਕਟਰੀਆਂ ਵਿਚੋਂ ਨਿਕਲਣ ਵਾਲੀਆਂ ਜਹਿਰੀਲੀਆਂ ਗੈਸਾਂ ਤੇ ਜ਼ਹਿਰੀਲੇ ਪਾਣੀ ਕਾਰਨ ਧਰਤੀ ਦੀ ਭਾਰੀ ਤਬਾਹੀ ਹੋ ਰਹੀ ਹੈ। ਇਸ ਨਾਲ ਧਰਤੀ ਹੇਠਲਾ ਪਾਣੀ ਪੀਣ ਦੇ ਯੋਗ ਨਹੀਂ ਰਿਹਾ।
- ਨਿਘਾਰਗ੍ਰਸਤ ਪੂੰਜੀਵਾਦੀ ਪ੍ਰਬੰਧ ਵਲੋਂ ਚੇਤਨ ਰੂਪ ਵਿਚ ਹਨੇਰਵਿਰਤੀ, ਅੰਧਵਿਸ਼ਵਾਸੀ, ਕਰਮਕਾਂਡੀ ਤੇ ਕਿਸਮਤਵਾਦੀ ਕਥਿਤ ਧਾਰਮਿਕ ਪ੍ਰਚਾਰ ਰਾਹੀਂ ਲੋਕਾਂ ਨੂੰ ਗੁਲਾਮ ਮਾਨਸਿਕਤਾ, ਢਾਊ ਤੇ ਨਿਰਾਸ਼ਾਵਾਦੀ ਸੋਚ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਇਨ੍ਹਾਂ ਚਿੰਤਾਜਨਕ ਅਵਸਥਾਵਾਂ ਵਿਚ 15 ਅਗਸਤ ਨੂੰ ਪ੍ਰਧਾਨ ਮੰਤਰੀ ਵਲੋਂ ਦੇਸ਼ ਦੇ ਤੇਜ਼ ਆਰਥਿਕ ਵਿਕਾਸ ਦੇ ਮਾਰੇ ਜਾਣ ਵਾਲੇ ਦਮਗਜਿਆਂ ਅਤੇ ਲੋਕਾਂ ਨੂੰ ਨਵੀਂ ਜ਼ਿੰਦਗੀ ਦੇਣ ਦੇ ਫੋਕੇ ਤੇ ਧੋਖੇ ਭਰੇ ਨਾਅਰਿਆਂ ਨਾਲ ਸਮੂਹ ਅਗਾਂਹਵਧੂ ਤੇ ਖੱਬੇ ਪੱਖੀ ਸ਼ਕਤੀਆਂ ਤੇ ਸਾਰੇ ਮਿਹਨਤਕਸ਼ ਲੋਕਾਂ ਵਿਚ ਵਿਦਰੋਹ ਤੇ ਗੁੱਸੇ ਦੀ ਅੱਗ ਮੱਚਣੀ ਚਾਹੀਦੀ ਹੈ ਤੇ ਇਕਜੁਟ ਸੰਘਰਸ਼ਾਂ ਰਾਹੀਂ ਮੌਜੂਦਾ ਲੁਟੇਰੇ ਪ੍ਰਬੰਧ ਨੂੰ ਬਦਲ ਕੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਦੀ ਚੇਸ਼ਟਾ ਤਿੱਖੀ ਹੋਣੀ ਚਾਹੀਦੀ ਹੈ।

ਤਦ ਹੀ ਅਸੀਂ ਉਸ 15 ਅਗਸਤ ਦੀ ਆਜ਼ਾਦੀ ਦੇ ਜਸ਼ਨਾਂ ਨੂੰ ਮਨਾਉਣ ਦੀ ਆਸ ਕਰ ਸਕਦੇ ਹਾਂ ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਪੂਰਨ ਰੂਪ ਵਿਚ ਬੰਦ ਹੋਵੇ ਤੇ ਧਨ ਦੌਲਤ ਪੈਦਾ ਕਰਨ ਵਾਲੇ ਮਿਹਨਤਕਸ਼ ਲੋਕ ਰਾਜ ਸੱਤਾ ਉਪਰ ਕਬਜ਼ਾ ਕਰਕੇ ਆਪਣੀ ਹੋਣੀ ਦੇ ਆਪ ਮਾਲਕ ਬਣਨ।

***(ਸਕੱਤਰ, ਸੀ.ਪੀ.ਐਮ. ਪੰਜਾਬ)***

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com




Phone:780 463 2886



15 ਅਗਸਤ 'ਤੇ ਵਿਸ਼ੇਸ਼

ਵੰਡ ਦੇ ਦੁਖਾਂਤ ਦੀਆਂ ਮੂੰਹ ਬੋਲਦੀਆਂ ਤਸਵੀਰਾਂ





# ਲਹੂ ਭਿੱਜੀ ਦਾਸਤਾਨ

## ਪੰਜਾਬ, ਅਗਸਤ-ਸਤੰਬਰ-1947




ਪਰਮਜੀਤ ਢੀਂਗਰਾ
+9194173-58120


*ਸੰਨ ਸੰਤਾਲੀ ਦੇ ਆਜ਼ਾਦੀ ਦਿਹਾੜੇ ਨੇ ਅਜਿਹੇ ਹੌਲਨਾਕ ਦ੍ਰਿਸ਼ਾਂ ਅਤੇ ਘਟਨਾਵਾਂ ਨੂੰ ਜਨਮ ਦਿੱਤਾ, ਜਿਨ੍ਹਾਂ ਬਾਰੇ ਪੜ੍ਹ ਕੇ ਦਿਲ ਕੰਬ ਜਾਂਦਾ ਹੈ, ਮਨੁੱਖਤਾ ਸ਼ਰਮਸ਼ਾਰ ਨਜ਼ਰ ਆਉਂਦੀ ਹੈ। ਅੰਨ੍ਹੀ ਫ਼ਿਰਕਾਪ੍ਰਸਤੀ ਪ੍ਰਤੀ ਨ.ਫਰਤ ਪੈਦਾ ਹੁੰਦੀ ਹੈ ਕਿ ਆਖ਼ਰ ਧਰਮ ਦੇ ਨਾਂ 'ਤੇ ਵੰਡੇ ਗਏ ਧਰਤੀ ਦੇ ਟੋਟਿਆਂ 'ਤੇ ਜਿੰਨਾ ਮਨੁੱਖੀ ਲਹੂ ਡੋਲ੍ਹਿਆ ਗਿਆ, ਜਿੰਨੀਆਂ ਬੇਕਸੂਰ ਜਾਨਾਂ ਗਈਆਂ ਉਨ੍ਹਾਂ ਲੋਕਾਂ ਦਾ ਕਸੂਰ ਕੀ ਸੀ? ਕੀ ਉਨ੍ਹਾਂ ਦੇ ਡੁੱਲ੍ਹੇ ਲਹੂ ਦਾ ਲੇਖਾ ਦੇਣ ਲਈ ਇਤਿਹਾਸ ਨੂੰ ਕਦੇ ਕਿਸੇ ਅਦਾਲਤ ਜਾਂ ਕਚਹਿਰੀ 'ਚ ਖੜ੍ਹਾ ਕੀਤਾ ਜਾਵੇਗਾ?*

ਜਦੋਂ ਭਾਰਤੀ ਆਜ਼ਾਦੀ ਦਿਹਾੜਾ ਮਨਾਉਣ ਵਿੱਚ ਰੁੱਝੇ ਹੋਏ ਸਨ, ਉਦੋਂ ਪੰਜਾਬ ਵਿੱਚ ਹਿੰਸਾ ਦਾ ਤਾਂਡਵ ਨੱਚਿਆ ਜਾ ਰਿਹਾ ਸੀ। ਅੰਮ੍ਰਿਤਸਰ ਵਿੱਚ ਜਿਸ ਸਮੇਂ ਸ਼ਹਿਰ ਦੇ ਨਵੇਂ ਅ.ਫਸਰ ਆਜ਼ਾਦੀ ਦਾ ਜਸ਼ਨ ਮਨਾਉਣ ਦੀਆਂ ਰਸਮਾਂ ਪੂਰੀਆਂ ਕਰ ਰਹੇ ਸਨ, ਉਸ ਸਮੇਂ ਉੱਥੋਂ ਸਿਰ.ਫ ਇੱਕ ਮੀਲ ਤੋਂ ਵੀ ਘੱਟ ਦੂਰੀ 'ਤੇ ਗੁੱਸੇ ਵਿੱਚ ਪਾਗਲ ਹੋਏ ਸਿੱਖਾਂ ਦਾ ਇੱਕ ਜਥਾ ਮੁਸਲਿਮ ਬਸਤੀ ਨੂੰ ਤਹਿਸ-ਨਹਿਸ ਕਰ ਰਿਹਾ ਸੀ। ਉਨ੍ਹਾਂ ਨੇ ਬਸਤੀ ਦੇ ਇੱਕ-ਇੱਕ ਬਾਸ਼ਿੰਦੇ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਔਰਤਾਂ ਦੀ ਅਸਮਤ ਲੁੱਟੀ ਗਈ। ਫਿਰ ਉਨ੍ਹਾਂ ਨੂੰ ਉਸੇ ਹਾਲਤ ਵਿੱਚ ਕੰਬਦੇ-ਥਰਥਰਾਉਂਦੇ ਹੋਏ ਜਿਸਮਾਂ ਨੂੰ, ਪਾਵਨ ਧਰਤੀ ਦੀਆਂ ਗਲੀਆਂ-ਬਜ਼ਾਰਾਂ ਵਿੱਚ ਜਲੂਸ ਕੱਢਦੇ ਹੋਏ ਅੰਤ ਗਲ ਵੱਢ ਕੇ ਕਤਲ ਕਰ ਦਿੱਤਾ ਗਿਆ। ਪਟਿਆਲੇ ਦੀ ਸਿੱਖ ਰਿਆਸਤ ਵਿੱਚ ਟੋਲੇ ਭੁੱਖੇ-ਭੇੜੀਆਂ ਵਾਂਗ ਪਿੰਡਾਂ 'ਚ ਘੁੰਮ ਰਹੇ ਸਨ ਤੇ ਜਿਹੜਾ ਮੁਸਲਮਾਨ, ਪਾਕਿਸਤਾਨ ਵੱਲ ਜਾਣ ਦੀ ਕੋਸ਼ਿਸ਼ ਵਿੱਚ ਉਨ੍ਹਾਂ ਦੇ ਕਾਬੂ ਆ ਜਾਂਦਾ ਉਹਦੇ 'ਤੇ ਟੁੱਟ ਪੈਂਦੇ। ਮਹਾਰਾਜੇ ਦੇ ਭਰਾ ਭਲਿੰਦਰ ਸਿੰਘ ਦਾ ਸਾਹਮਣਾ ਅਜਿਹੇ ਹੀ ਇੱਕ ਟੋਲੇ ਨਾਲ ਹੋਇਆ ਤਾਂ ਉਹਨੇ ਉਨ੍ਹਾਂ ਨੂੰ ਸਮਝਾਉਂਦਿਆਂ ਕਿਹਾ, "ਫ਼ਸਲਾਂ ਵੱਢਣ ਦਾ ਸਮਾਂ ਹੈ ਤੇ ਆਪਣੇ-ਆਪਣੇ ਘਰਾਂ ਨੂੰ ਚਲੇ ਜਾਓ।" ਪਰ ਟੋਲੇ ਦੇ ਮੋਢੀ ਨੇ ਹਵਾ ਵਿੱਚ ਕਿਰਪਾਨ ਘੁੰਮਾਉਂਦਿਆਂ ਕਿਹਾ, "ਪਹਿਲਾਂ ਅਸਾਂ ਇੱਕ ਹੋਰ ਫ਼ਸਲ ਵੱਢਣੀ ਏ।"

ਅੰਮ੍ਰਿਤਸਰ ਦਾ ਲਾਲ ਇੱਟਾਂ ਵਾਲਾ ਰੇਲਵੇ ਸਟੇਸ਼ਨ ਇੱਕ ਵੱਡੇ ਸ਼ਰਨਾਰਥੀ ਕੈਂਪ ਵਿੱਚ ਬਦਲ ਚੁੱਕਾ ਸੀ। ਪੱਛਮੀ ਪੰਜਾਬ ਵਿੱਚੋਂ ਦੌੜ ਕੇ ਹਜ਼ਾਰਾਂ ਹਿੰਦੂ-ਸਿੱਖ ਇੱਥੇ ਇਕੱਠੇ ਹੋ ਗਏ ਸਨ। ਉਹ ਮੁਸਾ.ਫਰਖਾਨੇ ਵਿੱਚ, ਟਿਕਟ ਘਰ ਦੇ ਕੋਲ, ਪਲੇਟਫਾਰਮਾਂ 'ਤੇ ਖੜ੍ਹੀ ਭੀੜ 'ਚੋਂ ਆਪਣੇ ਗੁੰਮ ਹੋਏ ਟੱਬਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਲੱਭ ਰਹੇ ਸਨ।

15 ਅਗਸਤ ਦੇ ਤੀਜੇ ਪਹਿਰ ਤੋਂ ਬਾਅਦ ਸਟੇਸ਼ਨ ਮਾਸਟਰ ਚੰਨੀ ਸਿੰਘ ਆਪਣੀ ਨੀਲੀ ਟੋਪੀ ਅਤੇ ਹੱਥ ਵਿੱਚ ਫੜੀ ਲਾਲ ਝੰਡੀ ਦਾ ਰੋਅਬ ਝਾੜਦੇ ਹੋਏ, ਰੋਂਦੀ, ਚੀਕ-ਚਿਹਾੜਾ ਪਾਉਂਦੀ ਭੀੜ ਨੂੰ ਚੀਰ ਕੇ ਅੱਗੇ ਵਧਿਆ। ਥੋੜ੍ਹੀ ਹੀ ਦੇਰ ਬਾਅਦ 10 ਨੰਬਰ ਡਾਊਨ ਐਕਸਪ੍ਰੈਸ ਦੇ ਪਹੁੰਚਣ 'ਤੇ ਸਾਹਮਣੇ ਆਉਣ ਵਾਲੇ ਦ੍ਰਿਸ਼ ਲਈ ਉਹ ਪੂਰੀ ਤਰ੍ਹਾਂ ਤਿਆਰ ਸੀ। ਪੁਰਸ਼ ਤੇ ਔਰਤਾਂ ਤੀਜੇ ਦਰਜੇ ਦੇ ਮਿੱਟੀ-ਘੱਟੇ ਨਾਲ ਭਰੇ ਪੀਲੇ ਰੰਗ ਦੇ ਡੱਬਿਆਂ 'ਤੇ ਟੁੱਟ ਪੈਣਗੇ ਅਤੇ ਪਾਗਲਾਂ ਵਾਂਗ ਉਸ ਭੀੜ ਵਿੱਚੋਂ ਉਸ ਬੱਚੇ ਨੂੰ ਢੂੰਡਣ ਦੀ ਕੋਸ਼ਿਸ਼ ਕਰਨਗੇ, ਜਿਸ ਨੂੰ ਕਾਹਲੀ ਵਿੱਚ ਉਹ ਪਿੱਛੇ ਛੱਡ ਆਏ ਸਨ। ਚੀਕ-ਚੀਕ ਕੇ ਲੋਕਾਂ ਦੇ ਨਾਂ ਲੈਣਗੇ। ਹਰ ਕੋਈ ਇੱਕ-ਦੂਜੇ ਨਾਲ ਧੱਕਮ-ਧੱਕੀ ਹੁੰਦਾ ਹੋਇਆ ਅੱਗੇ ਜਾਣ ਦੀ ਕੋਸ਼ਿਸ਼ ਕਰੇਗਾ।

ਸਟੇਸ਼ਨ ਮਾਸਟਰ ਚੰਨੀ ਸਿੰਘ ਨੇ ਪਲੇਟਫਾਰਮ ਦੇ ਇੱਕ ਸਿਰੇ 'ਤੇ ਖਲੋ ਲਾਲ ਝੰਡੀ ਦਿਖਾ ਕੇ ਗੱਡੀ ਰੁਕਵਾ ਦਿੱਤੀ। ਚਾਰ ਹਥਿਆਰਬੰਦ ਸਿਪਾਹੀ ਉਤਰੇ ਹੋਏ ਚਿਹਰੇ ਵਾਲੇ ਇੰਜਣ ਡਰਾਈਵਰ ਕੋਲ ਆਪਣੀਆਂ ਬੰਦੂਕਾਂ ਤਾਣੀ ਖੜ੍ਹੇ ਸਨ। ਜਦੋਂ ਭਾ.ਫ ਦੀ ਸੀਟੀ ਅਤੇ ਬ੍ਰੇਕਾਂ ਰਗੜਨ ਦੀ ਤਿੱਖੀ ਆਵਾਜ਼ ਗੂੰਜੀ ਤਾਂ ਚਾਰੇ ਪਾਸੇ ਜਿਵੇਂ ਸੰਨਾਟਾ ਛਾ ਗਿਆ। ਪਲੇਟਫਾਰਮ 'ਤੇ ਖੜ੍ਹੀ ਭੀੜ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਸਟੇਸ਼ਨ ਮਾਸਟਰ ਘੂਰ-ਘੂਰ ਕੇ ਡੱਬਿਆਂ ਨੂੰ ਦੇਖ ਰਿਹਾ ਸੀ ਪਰ ਅੰਦਰੋਂ ਨਾ ਕੋਈ ਆਵਾਜ਼ ਆਈ, ਨਾ ਕੋਈ ਮੁਸਾ.ਫਰ ਹੇਠਾਂ ਉਤਰਿਆ। ਇੰਜ ਜਾਪਦਾ ਸੀ ਜਿਵੇਂ ਇਹ ਮੁਸਾ.ਫਰਾਂ ਦੀ ਨਹੀਂ ਭੂਤਾਂ ਦੀ ਟਰੇਨ ਹੋਵੇ। ਸਟੇਸ਼ਨ ਮਾਸਟਰ ਨੇ ਇੱਕ ਝਟਕੇ ਨਾਲ ਪਹਿਲੇ ਡੱਬੇ ਦਾ ਦਰਵਾਜ਼ਾ ਖੋਲ੍ਹਿਆ ਅਤੇ ਅੰਦਰ ਗਿਆ। ਇੱਕ ਪਲ ਉਹਦੀ ਸਮਝ ਨੂੰ ਕਾਠ ਮਾਰ ਗਿਆ। 10 ਡਾਊਨ ਐਕਸਪ੍ਰੈਸ ਵਿੱਚ ਕੋਈ ਵੀ ਮੁਸਾ.ਫਰ ਨਹੀਂ ਸੀ ਸਿਵਾਏ ਲਾਸ਼ਾਂ ਦੇ ਢੇਰਾਂ ਦੇ। ਕਿਸੇ ਦਾ ਗਲ ਵੱਢਿਆ ਹੋਇਆ ਸੀ; ਕਿਸੇ ਦੀ ਖੋਪੜੀ ਚਕਨਾਚੂਰ ਸੀ; ਕਿਸੇ ਦੀਆਂ ਆਂਦਰਾਂ ਬਾਹਰ ਨਿਕਲੀਆਂ ਹੋਈਆਂ ਸਨ। ਡੱਬਿਆਂ ਦੇ ਆਉਣ-ਜਾਣ ਵਾਲੇ ਰਸਤੇ ਵਿੱਚ ਹੱਥ, ਪੈਰ ਤੇ ਕੱਟੇ ਹੋਏ ਧੜ ਖਿੱਲਰੇ ਹੋਏ ਸਨ। ਮਨੁੱਖਾਂ ਦੇ ਇਸ ਭਿਆਨਕ ਢੇਰ ਵਿੱਚੋਂ ਚੰਨੀ ਸਿੰਘ ਨੂੰ ਇੱਕ ਦੱਬੀ-ਘੁਟੀ ਆਵਾਜ਼ ਸੁਣਾਈ ਦਿੱਤੀ। ਇਹ ਸੋਚ ਕੇ ਕਿ ਸ਼ਾਇਦ ਉਨ੍ਹਾਂ ਵਿੱਚੋਂ ਕੋਈ ਜਿਉਂਦਾ ਹੋਵੇ, ਉਹਨੇ ਉੱਚੀ ਸਾਰੀ ਆਵਾਜ਼ ਦਿੱਤੀ, "ਅੰਬਰਸਰ ਆ ਗਿਐ। ਇੱਥੇ ਸਾਰੇ ਹਿੰਦੂ ਤੇ ਸਿੱਖ ਨੇ। ਪੁਲੀਸ ਹੈਗੀ। ਡਰੋ ਨਾ।"

ਉਹਦੇ ਸ਼ਬਦ ਸੁਣ ਕੇ ਲਾਸ਼ਾਂ ਦੇ ਢੇਰ ਵਿੱਚ ਕਿਤੇ-ਕਿਤੇ ਹਿਲਜੁਲ ਹੋਣ ਲੱਗੀ। ਇੱਕ ਦ੍ਰਿਸ਼ ਦੇਖ ਕੇ ਉਹ ਕੰਬ ਗਿਆ। ਇੱਕ ਔਰਤ ਨੇ ਆਪਣੇ ਕੋਲ ਡਿੱਗੇ ਪਏ ਪਤੀ ਦੇ ਵੱਢੇ ਸਿਰ ਨੂੰ ਚੁੱਕਿਆ ਤੇ ਛਾਤੀ ਨਾਲ ਲਾ ਕੇ ਪਾਗਲਾਂ ਵਾਂਗ ਚੀਕਣ ਲੱਗੀ। ਕੋਈ ਪੁਰਸ਼ ਲਾਸ਼ਾਂ ਦੇ ਢੇਰ 'ਚੋਂ ਮਰੇ ਹੋਏ ਬੱਚੇ ਦੀ ਲਾਸ਼ ਦੇਖ ਕੇ ਸੁੰਨ ਹੋਇਆ, ਜੜ੍ਹ ਹੋ ਗਿਆ। ਜਦੋਂ ਪਲੇਟਫਾਰਮ 'ਤੇ ਜੁੜੀ ਭੀੜ ਨੂੰ ਪਤਾ ਲੱਗਿਆ ਤਾਂ ਚਾਰੇ ਪਾਸੇ ਗੁੱਸੇ ਤੇ ਸੋਗ ਦੀ ਲਹਿਰ ਦੌੜ ਗਈ। ਚੰਨੀ ਸਿੰਘ ਜਦੋਂ ਅਖੀਰਲੇ ਡੱਬੇ ਵਿੱਚ ਲਾਸ਼ਾਂ ਤੋਂ ਲੰਘਦਾ ਪਹੁੰਚਿਆ ਤਾਂ ਉਹਦਾ ਸਿਰ ਚਕਰਾ ਰਿਹਾ ਸੀ। ਉਹਦੇ ਅੰਦਰੋਂ ਇੱਕੋ ਆਵਾਜ਼ ਆ ਰਹੀ ਸੀ ਕਿ ਰੱਬ ਨੇ ਇਹ ਸਭ ਕੁਝ ਕਿਉਂ ਹੋਣ ਦਿੱਤਾ।

ਅਖੀਰਲੇ ਡੱਬੇ 'ਤੇ ਮੋਟੇ ਮੋਟੇ ਅੱਖਰਾਂ 'ਚ ਲਿਖਿਆ ਹੋਇਆ ਸੀ, "ਪਟੇਲ ਅਤੇ ਨਹਿਰੂ ਨੂੰ ਸਾਡੇ ਵੱਲੋਂ ਆਜ਼ਾਦੀ ਦਾ ਤੋਹ.ਫਾ।"

ਅਜਿਹਾ ਪਹਿਲਾਂ ਕਦੇ ਨਹੀਂ ਸੀ ਹੋਇਆ। ਅਜਿਹੀ ਤਬਾਹੀ ਦੇ ਮੰਜ਼ਰ ਅਤੇ ਏਨੀ ਵੱਡੀ ਪੱਧਰ 'ਤੇ ਕਤਲੋਗਾਰਤ ਮਨੁੱਖ ਨੇ ਪਹਿਲਾਂ ਕਦੇ ਦੇਖਣੀ ਤਾਂ ਦੂਰ, ਚਿਤਵੀ ਵੀ ਨਹੀਂ ਸੀ। ਇਸ ਭਿਆਨਕਤਾ ਪਿੱਛੇ ਕੋਈ ਤਰਕ ਨਹੀਂ ਸੀ। ਪਹਿਲੇ ਵਿਸ਼ਵ ਯੁੱਧ ਦੇ ਚਾਰ ਵਰ੍ਹਿਆਂ ਵਿੱਚ ਜਿੰਨੇ ਅਮਰੀਕੀ ਮਾਰੇ ਗਏ ਸਨ, ਉਸ ਤੋਂ ਅੱਧੇ ਹਿੰਦੋਸਤਾਨੀ ਕੁਝ ਹੀ ਦਿਨਾਂ ਵਿੱਚ ਇਸ ਕਤਲੋਗਾਰਤ ਦੌਰਾਨ ਮਾਰੇ ਗਏ। ਹਰ ਥਾਂ ਇਹੀ ਵਾਪਰਿਆ ਕਿ ਗਿਣਤੀ ਵਿੱਚ ਜਿਹੜੇ ਜਿੰਨੇ ਜ਼ਿਆਦਾ ਅਤੇ ਤਾਕਤਵਰ ਸਨ, ਉਨ੍ਹਾਂ ਨੇ ਗਿਣਤੀ ਵਿੱਚ ਥੋੜ੍ਹੇ ਅਤੇ ਕਮਜ਼ੋਰਾਂ ਨੂੰ ਮਾਰ ਮੁਕਾਇਆ। ਨਵੀਂ ਦਿੱਲੀ ਦੀ ਔਰੰਗਜ਼ੇਬ ਰੋਡ ਦੇ ਸ਼ਾਨਦਾਰ ਬੰਗਲਿਆਂ ਵਿੱਚ, ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਦੇ ਸੁਨਿਆਰਿਆਂ ਦੇ ਇਲਾਕੇ, ਅੰਬਰਸਰ ਦੇ ਮੁਹੱਲਿਆਂ, ਲਾਹੌਰ ਦੇ ਨਗਰਾਂ ਦੀਆਂ ਆਲੀਸ਼ਾਨ ਕੋਠੀਆਂ, ਰਾਵਲਪਿੰਡੀ ਦੇ ਬਾਜ਼ਾਰਾਂ, ਚਾਰੇ-ਪਾਸੇ ਦੀਵਾਰ ਨਾਲ ਘਿਰੇ ਪਿਸ਼ਾਵਰ ਸ਼ਹਿਰ ਵਿੱਚ, ਛੋਟੀਆਂ-ਵੱਡੀਆਂ ਦੁਕਾਨਾਂ, ਕੱਚੀਆਂ-ਪੱਕੀਆਂ ਝੌਂਪੜੀਆਂ, ਪਿੰਡਾਂ ਦੀਆਂ ਗਲੀਆਂ, ਇੱਟਾਂ ਦੇ ਭੱਠਿਆਂ, ਕਾਰਖਾਨਿਆਂ, ਖੇਤਾਂ, ਰੇਲਵੇ ਸਟੇਸ਼ਨਾਂ, ਚਾਹਖਾਨਿਆਂ, ਭਾਵ ਹਰ ਥਾਂ ਵੱਖ-ਵੱਖ ਜਾਤਾਂ, ਕੌਮਾਂ, ਬਰਾਦਰੀਆਂ ਦੇ ਲੋਕ ਇਕੱਠੇ ਰਹਿ ਰਹੇ ਸਨ, ਸਾਰੇ ਪੀੜ੍ਹੀਆਂ ਤੋਂ ਇੱਕ-ਦੂਜੇ ਦੇ ਦੁੱਖਾਂ-ਸੁਖਾਂ ਦੇ ਭਾਈਵਾਲ ਸਨ ਪਰ ਇਸ ਨ.ਫਰਤ ਤੇ ਪਾਗਲਪਣ ਦੇ ਝੱਖੜ ਨੇ ਸਾਰੇ ਅੰਨ੍ਹੇ ਕਰ ਦਿੱਤੇ ਸਨ। ਸਾਰੇ ਇੱਕ-ਦੂਜੇ ਦੇ ਦੁਸ਼ਮਣ ਬਣ ਚੱਕੇ ਸਨ। ਇਹ ਯੁੱਧ ਨਹੀਂ ਸੀ, ਗ੍ਰਹਿ ਯੁੱਧ ਵੀ ਨਹੀਂ ਸੀ, ਨਾ ਹੀ ਛਾਪੇਮਾਰ ਲੜਾਈ ਸੀ ਸਗੋਂ ਇੱਕ ਜ਼ਲਜ਼ਲਾ ਸੀ, ਜਿਸ ਵਿੱਚ ਇੱਕ ਸਮਾਜ ਪੂਰੀ ਤਰ੍ਹਾਂ ਢਹਿ-ਢੇਰੀ ਹੋ ਰਿਹਾ ਸੀ। ਇੱਕ ਦੀ ਹਰਕਤ ਦੂਜੇ ਨੂੰ ਭੜਕਾ ਰਹੀ ਸੀ। ਇੱਕ ਭਿਆਨਕ ਘਟਨਾ ਦੂਜੀ ਦਾ ਸਬੱਬ ਬਣਦੀ। ਹਰ ਕਤਲ ਤੋਂ ਬਾਅਦ ਇੱਕ ਹੋਰ ਕਤਲ ਹੁੰਦਾ। ਹਰ ਅ.ਫਵਾਹ ਦੇ ਜੁਆਬ ਵਿੱਚ ਦੂਜੀ ਅ.ਫਵਾਹ ਫੈਲਾਈ ਜਾਂਦੀ, ਹਰ ਅੱਤਿਆਚਾਰ ਦਾ ਜੁਆਬ ਅੱਤਿਆਚਾਰ ਨਾਲ ਦਿੱਤਾ ਜਾਂਦਾ। ਜਿਵੇਂ ਕਿਸੇ ਵਿਸਫੋਟ ਤੋਂ ਬਾਅਦ ਢਹਿੰਦੀ ਹੋਈ ਇਮਾਰਤ ਨੂੰ ਸਲੋ-ਮੋਸ਼ਨ ਰਾਹੀਂ ਢਹਿੰਦੇ ਹੋਏ ਦਿਖਾਇਆ ਜਾਂਦਾ ਹੈ, ਇਉਂ ਪੰਜਾਬੀ ਸਮਾਜ ਦੀਆਂ ਕੰਧਾਂ ਢਹਿੰਦੀਆਂ ਹੋਈਆਂ ਨਜ਼ਰ ਆ ਰਹੀਆਂ ਸਨ। ਇਸ ਗੱਲ ਦਾ ਯਕੀਨ ਨਹੀਂ ਸੀ ਹੋ ਰਿਹਾ ਕਿ ਕਿਵੇਂ ਹਿੰਦੂ-ਸਿੱਖ-ਮੁਸਲਮਾਨ ਇੱਕ-ਦੂਜੇ ਦੇ ਲਹੂ ਦੇ ਤਿਹਾਏ ਹੋ ਗਏ ਹਨ। ਭਾਰਤ ਵਿੱਚ ਹਰ ਚੀਜ਼ ਹਮੇਸ਼ਾਂ ਵੱਡੇ ਪੱਧਰ 'ਤੇ ਵਾਪਰਦੀ ਹੈ। ਪੰਜਾਬ ਵਿੱਚ ਜਿੰਨੇ ਵੱਡੇ ਪੱਧਰ 'ਤੇ ਲੋਕ ਮਾਰੇ ਗਏ ਤੇ ਉਸ ਤੋਂ ਲੋਕਾਂ ਨੂੰ ਜਿੰਨੀ ਤਕਲੀ.ਫ ਹੋਈ ਤੇ ਉਨ੍ਹਾਂ ਨੇ ਜਿੰਨੀਆਂ ਮੁਸੀਬਤਾਂ ਝੱਲੀਆਂ ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ। ਯੂਰਪ ਵਿੱਚ ਲੋਕ ਇੱਕ-ਦੂਜੇ ਨੂੰ ਬੰਬਾਂ ਅਤੇ ਤੋਪਾਂ ਦੇ ਗੋਲਿਆਂ ਨਾਲ ਮਾਰਦੇ ਸਨ ਜਾਂ ਗੈਸ ਚੈਂਬਰਾਂ ਵਿੱਚ ਬੰਦ ਕਰ ਕੇ ਮੌਤ ਦੇ ਘਾਟ ਉਤਾਰ ਦਿੰਦੇ ਸਨ ਪਰ ਪੰਜਾਬ ਦੇ ਲੋਕ ਬਾਂਸਾਂ, ਲਾਠੀਆਂ, ਹਾਕੀਆਂ, ਚਾਕੂ, ਛੁਰੇ, ਡੰਡੇ, ਤਲਵਾਰਾਂ, ਹਥੌੜਿਆਂ ਅਤੇ ਇੱਟਾਂ, ਪੱਥਰਾਂ ਭਾਵ ਜੋ ਵੀ ਨੇੜੇ ਹੈ, ਉਸੇ ਨਾਲ ਜਾਨ ਲੈਣੋਂ ਨਹੀਂ ਹਿਚਕਿਚਾਏ। ਇਹ ਕਤਲੇਆਮ ਅਚਾਨਕ ਐਵੇਂ ਨਹੀਂ ਸੀ ਹੋਇਆ ਸਗੋਂ ਲੀਡਰਾਂ ਦੇ ਭੜਕਾਊ ਭਾਸ਼ਨਾਂ ਅਤੇ ਨਾਅਰਿਆਂ ਨੇ ਉਨ੍ਹਾਂ ਨੂੰ ਉਕਸਾਇਆ ਤੇ ਫਿਰ ਉਹ ਬੇਕਾਬੂ ਹੋ ਗਏ। ਹਿੰਸਾ, ਲਾਲਚ, ਧਰਮ ਸਭ ਨੇ ਉਨ੍ਹਾਂ ਨੂੰ ਅੰਨ੍ਹਿਆਂ ਕਰ ਦਿੱਤਾ।



ਗੋਰਖਾ ਰੈਜੀਮੈਂਟ ਦਾ ਕੈਪਟਨ ਅੱਖੀਂ-ਦੇਖੀਂ ਤਸਵੀਰ ਬਾਰੇ ਲਿਖਦਾ ਹੈ: "ਲਾਹੌਰ ਦੀਆਂ ਨਾਲੀਆਂ ਵਹਿੰਦੇ ਹੋਏ ਲਹੂ ਨਾਲ ਲਾਲ ਹੋ ਗਈਆਂ ਸਨ। ਇਹ ਖ਼ੂਬਸੂਰਤ ਸ਼ਹਿਰ ਜਿਸ ਨੂੰ ਪੂਰਬ ਦਾ ਪੈਰਿਸ ਕਿਹਾ ਜਾਂਦਾ ਸੀ, ਹੁਣ ਉਜਾੜੇ ਅਤੇ ਤਬਾਹੀ ਦੀ ਜਿਉਂਦੀ-ਜਾਗਦੀ ਤਸਵੀਰ ਬਣਿਆ ਹੋਇਆ ਸੀ। ਸਾਰੀਆਂ ਸੜਕਾਂ 'ਤੇ ਹਿੰਦੂਆਂ ਦੇ ਘਰ ਅੱਗ ਵਿੱਚ ਸੜ ਰਹੇ ਸਨ। ਮੁਸਲਿਮ ਪੁਲੀਸ ਅਤੇ ਫ਼ੌਜੀ ਖੜ੍ਹੇ ਦੇਖ ਰਹੇ ਸਨ। ਰਾਤ ਨੂੰ ਉਨ੍ਹਾਂ ਘਰਾਂ ਨੂੰ ਤਹਿਸ-ਨਹਿਸ ਕਰਦੇ ਲੁਟੇਰਿਆਂ ਦੀਆਂ ਆਵਾਜ਼ਾਂ ਇੰਜ ਆ ਰਹੀਆਂ ਸਨ ਜਿਵੇਂ ਲੱਕੜ ਨੂੰ ਸਿਉਂਕ ਦੇ ਕੀੜੇ ਖਾ ਰਹੇ ਹੋਣ।"

ਨੇੜੇ ਹੀ ਅੰਬਰਸਰ ਸ਼ਹਿਰ ਦੇ ਜ਼ਿਆਦਾਤਰ ਮੁਸਲਿਮ ਇਲਾਕਿਆਂ ਵਿੱਚ ਇੱਟਾਂ ਅਤੇ ਮਲਬੇ ਦੇ ਢੇਰਾਂ ਤੋਂ ਇਲਾਵਾ ਕੁਝ ਨਹੀਂ ਸੀ ਬਚਿਆ। ਉਨ੍ਹਾਂ ਵਿੱਚੋਂ ਕਾਲਾ ਧੂੰਆਂ ਗੁੱਛਿਆਂ ਦੇ ਰੂਪ ਵਿੱਚ ਵਲ ਖਾਂਦਾ ਉਪਰ ਆਕਾਸ਼ ਵੱਲ ਵਧ ਰਿਹਾ ਸੀ। ਪੰਜਾਬ ਦੇ ਹਰ ਸ਼ਹਿਰ ਦਾ ਚਿਹਰਾ ਅਜਿਹੇ ਦ੍ਰਿਸ਼ਾਂ ਨੇ ਬਦਸੂਰਤ ਕਰ ਦਿੱਤਾ ਸੀ। ਲਾਇਲਪੁਰ ਵਿੱਚ ਕੱਪੜੇ ਦੀ ਇੱਕ ਮਿੱਲ ਦੇ ਮੁਸਲਮਾਨ ਮਜ਼ਦੂਰ ਆਪਣੇ ਵਾਂਗ ਹੀ ਕੰਮ ਕਰਨ ਵਾਲੇ ਸਿੱਖ ਮਜ਼ਦੂਰਾਂ 'ਤੇ ਟੁੱਟ ਪਏ। ਉਨ੍ਹਾਂ 'ਚੋਂ ਇੱਕ ਨੂੰ ਕਤਲ ਕਰ ਦਿੱਤਾ ਗਿਆ।

ਸ਼ਿਮਲੇ ਵਿੱਚ ਸੇਸਿਲ ਹੋਟਲ ਦੇ ਵਿਹੜੇ 'ਚ ਗਰਮੀਆਂ ਦੌਰਾਨ ਬਰਤਾਨਵੀ ਰਾਜ ਦੇ ਅਫ਼ਸਰ ਬਹਿ ਕੇ ਚਾਹ ਦੀਆਂ ਚੁਸਕੀਆਂ ਲਿਆ ਕਰਦੇ ਸਨ। ਲਾਰਡ ਮਾਊਂਬੈਟਨ ਦੇ ਇੱਕ ਅਫ਼ਸਰ ਦੀ ਪਤਨੀ ਨੇ ਉੱਥੇ ਜੋ ਕੁਝ ਦੇਖਿਆ, ਨੂੰ ਪੜ੍ਹ ਕੇ ਦਿਲ ਦਹਿਲ ਜਾਂਦਾ ਹੈ: "ਸਾਈਕਲਾਂ 'ਤੇ ਸਵਾਰ ਕੁਝ ਸਿੱਖ ਨੰਗੀਆਂ ਕਿਰਪਾਨਾਂ ਚਮਕਾਉਂਦੇ ਹੋਏ ਮਾਲ ਰੋਡ 'ਤੇ ਮੁਸਲਮਾਨਾਂ ਦਾ ਇੰਜ ਪਿੱਛਾ ਕਰ ਰਹੇ ਸਨ ਜਿਵੇਂ ਸ਼ਿਕਾਰੀ ਲੂੰਬੜੀਆਂ ਦਾ ਕਰਦੇ ਹਨ। ਉਹ ਆਪਣੇ ਹਫ਼ਦੇ ਹੋਏ ਸ਼ਿਕਾਰਾਂ ਦੇ ਪਿੱਛਿਓਂ ਦੀ ਆ ਕੇ ਵਾਰ ਕਰਦੇ ਸਨ ਅਤੇ ਇੱਕ ਹੀ ਵਾਰ ਨਾਲ ਸਿਰ ਧੜ ਨਾਲੋਂ ਵੱਖ ਕਰ ਦਿੰਦੇ ਸਨ।" ਇੱਕ ਹੋਰ ਅੰਗਰੇਜ਼ ਔਰਤ ਨੇ ਇਸੇ ਤਰ੍ਹਾਂ ਮੌਤ ਦਾ ਸ਼ਿਕਾਰ ਹੋਣ ਵਾਲੇ ਇੱਕ ਹੋਰ ਆਦਮੀ ਦਾ ਵੱਢਿਆ ਸਿਰ ਸੜਕ 'ਤੇ ਲੁੜਕਦਾ ਦੇਖਿਆ, ਜਿਸ 'ਤੇ ਤੁਰਕੀ ਟੋਪੀ ਉਂਜ ਦੀ ਉਂਜ ਪਈ ਹੋਈ ਸੀ। ਉਹਦਾ ਹਤਿਆਰਾ ਆਪਣੀ ਖ਼ੂਨ ਲਿਬੜੀ ਕਿਰਪਾਨ ਚਮਕਾਉਂਦਾ ਹੋਇਆ ਤੇਜ਼ੀ ਨਾਲ ਦੂਜੇ ਸ਼ਿਕਾਰ ਦੀ ਭਾਲ ਵਿੱਚ ਅੱਗੇ ਚਲਾ ਗਿਆ। ਨਾਲ ਹੀ ਉਹ ਲਲਕਾਰੇ ਮਾਰ ਰਿਹਾ ਸੀ, "ਅਜੇ ਹੋਰ ਮਾਰਾਂਗਾ, ਛੱਡਾਂਗਾ ਨਹੀਂ ਹੋਰ ਮਾਰਾਂਗਾ।"

ਕਿਸੇ ਦਾ ਕਾਤਲ ਉਹਦਾ ਦੋਸਤ ਵੀ ਹੋ ਸਕਦਾ ਸੀ ਤੇ ਅਜਨਬੀ ਵੀ। ਮਿੰਟਗੁਮਰੀ ਦੇ ਬਾਜ਼ਾਰ ਵਿੱਚ ਨਿਰੰਜਨ ਸਿੰਘ ਚਾਹ ਵਾਲਾ ਹੁੰਦਾ ਸੀ। ਉਹ ਪੰਦਰਾਂ ਵਰ੍ਹਿਆਂ ਤੋਂ ਚਮੜੇ ਦੇ ਇੱਕ ਮੁਸਲਮਾਨ ਵਪਾਰੀ ਨੂੰ ਆਸਾਮ ਦੀ ਗਰਮਾ-ਗਰਮ ਸੁਆਦੀ ਚਾਹ ਪਿਲਾਉਂਦਾ ਆ ਰਿਹਾ ਸੀ। ਅਗਸਤ ਦੀ ਇੱਕ ਸਵੇਰ ਨੂੰ ਉਹੀ ਮੁਸਲਮਾਨ ਉਹਦੀ ਹੱਟੀ 'ਤੇ ਆਇਆ। ਨਿਰੰਜਨ ਸਿੰਘ ਨੇ ਚਾਹ ਬਣਾਉਂਦਿਆਂ ਅਚਾਨਕ ਉਹਦੇ ਵੱਲ ਵੇਖਿਆ। ਉਹਦਾ ਚਿਹਰਾ ਨਫ਼ਰਤ ਤੇ ਹਿੰਸਾ ਦਾ ਹਨੇਰਾ ਬਿੰਬ ਬਣਿਆ ਹੋਇਆ ਸੀ। ਉਹ ਨਿਰੰਜਨ ਸਿੰਘ ਵੱਲ ਉਂਗਲ ਕਰ ਕੇ ਉੱਚੀ-ਉੱਚੀ ਕਹਿ ਰਿਹਾ ਸੀ, "ਮਾਰ ਦਿਓ ਇਹਨੂੰ, ਬਚ ਕੇ ਨਾ ਜਾਏ, ਮਾਰ ਦਿਓ।"

ਦਰਜਨ ਦੇ ਕਰੀਬ ਮੁਸਲਮਾਨ ਗੁੰਡੇ ਭੱਜਦੇ ਹੋਏ ਗਲੀ ਵਿੱਚੋਂ ਨਿਕਲੇ। ਇੱਕ ਨੇ ਤਲਵਾਰ ਦੇ ਇੱਕੋ ਵਾਰ ਨਾਲ ਨਿਰੰਜਨ ਸਿੰਘ ਦੀ ਲੱਤ ਵੱਢ ਦਿੱਤੀ। ਦੂਜੇ ਹੀ ਪਲ ਉਨ੍ਹਾਂ ਨੇ ਉਹਦੇ 90 ਵਰ੍ਹਿਆਂ ਦੇ ਬਜ਼ੁਰਗ ਬਾਪ ਅਤੇ ਇਕਲੌਤੇ ਪੁੱਤ ਨੂੰ ਮਾਰ ਦਿੱਤਾ। ਬੇਹੋਸ਼ ਹੋਣ ਤੋਂ ਪਹਿਲਾਂ ਉਹਨੇ ਅਖੀਰਲਾ ਦ੍ਰਿਸ਼ ਦੇਖਿਆ ਕਿ ਜਿਸ ਆਦਮੀ ਨੂੰ ਉਹ ਪੰਦਰਾਂ ਵਰ੍ਹਿਆਂ ਤੋਂ ਚਾਹ ਪਿਲਾਉਂਦਾ ਆ ਰਿਹਾ ਸੀ, ਉਹ ਉਹਦੀ ਅਠਾਰਾਂ ਵਰ੍ਹਿਆਂ ਦੀ ਧੀ ਨੂੰ ਮੋਢੇ 'ਤੇ ਲੱਦੀ ਲਈ ਜਾ ਰਿਹਾ ਸੀ ਤੇ ਉਹ ਵਿਲਕਦੀ ਹਿਰਨੀ ਵਾਂਗ ਡਰ ਨਾਲ ਚੀਕ ਰਹੀ ਸੀ।

ਜ਼ਿਲ੍ਹਿਆਂ ਦੇ ਜ਼ਿਲ੍ਹੇ ਅਜਿਹੇ ਸਨ, ਜਿਨ੍ਹਾਂ ਵਿੱਚ ਇੱਕ ਵੀ ਸ਼ਹਿਰ ਜਾਂ ਕਸਬਾ ਅਜਿਹਾ ਨਹੀਂ ਸੀ ਬਚਿਆ, ਜਿਸ ਦੇ ਬਾਜ਼ਾਰ ਸਹੀ ਸਲਾਮਤ ਹੋਣ। ਹਰ ਥਾਂ ਘੱਟ ਗਿਣਤੀਆਂ ਵਿੱਚ ਦਹਿਸ਼ਤ ਤੇ ਡਰ ਪਸਰਿਆ ਹੋਇਆ ਸੀ।



ਸੰਨ ਸੰਤਾਲੀ ਵਿੱਚ ਦਿੱਲੀ ਵਿਖੇ ਪਾਣੀ ਲੈਣ ਲਈ ਕਤਾਰ ਵਿੱਚ ਖੜ੍ਹੇ ਰਫ਼ਿਊਜੀ

ਜਿੱਥੇ ਸਿੱਖਾਂ ਦਾ ਜ਼ੋਰ ਸੀ ਉੱਥੇ ਉਹ ਵਧੇਰੇ ਸੰਗਠਿਤ ਸਨ ਤੇ ਸਭ ਤੋਂ ਵੱਧ ਬੇਰਹਿਮ ਹਤਿਆਰੇ ਵੀ ਸਨ। ਅਹਿਮਦ ਜ਼ਫ਼ਰਉੱਲਾ ਫਿਰੋਜ਼ਪੁਰ ਕੋਲ ਇੱਕ ਪਿੰਡ ਵਿੱਚ ਮੁਸਲਿਮ ਮੁਜ਼ਾਰਾ ਸੀ। ਇੱਕ ਰਾਤ ਸਿੱਖਾਂ ਦੇ ਜਥੇ ਨੇ ਉਸ ਪਿੰਡ 'ਤੇ ਧਾਵਾ ਬੋਲ ਦਿੱਤਾ। ਬਾਅਦ ਵਿੱਚ ਇਸ ਦੀ ਚਰਚਾ ਕਰਦਿਆਂ ਉਹਨੇ ਦੱਸਿਆ, "ਅਸੀਂ ਜਾਣਦੇ ਸਾਂ ਕਿ ਅਸੀਂ ਚੂਹਿਆਂ ਵਾਂਗ ਮਾਰੇ ਜਾਵਾਂਗੇ। ਅਸੀਂ ਆਪਣੀਆਂ ਮੰਜੀਆਂ ਪਿੱਛੇ, ਪਾਥੀਆਂ ਦੇ ਢੇਰਾਂ ਪਿੱਛੇ ਜਿੱਥੇ ਥਾਂ ਮਿਲੀ ਲੁਕ ਗਏ। ਸਿੱਖਾਂ ਨੇ ਕੁਹਾੜੀਆਂ ਨਾਲ ਬਾਰ ਤੋੜ ਦਿੱਤਾ। ਮੇਰੀ ਬਾਂਹ ਵਿੱਚ ਗੋਲੀ ਵੱਜੀ। ਮੈਂ ਉੱਠਣ ਦੀ ਕੋਸ਼ਿਸ਼ ਕਰ ਹੀ ਰਿਹਾ ਸਾਂ ਕਿ ਦੇਖਿਆ ਮੇਰੀ ਬੀਵੀ ਨੂੰ ਚਾਰ ਗੋਲੀਆਂ ਵੱਜੀਆਂ ਹਨ। ਉਹਦੀਆਂ ਜੰਘਾਂ ਅਤੇ ਪਿੱਠ ਵਿੱਚੋਂ ਲਹੂ ਵਹਿ ਰਿਹਾ ਸੀ। ਮੇਰੇ ਤਿੰਨ ਵਰ੍ਹਿਆਂ ਦੇ ਛੋਹਰ ਦੇ ਪੇਟ ਵਿੱਚ ਗੋਲੀ ਵੱਜੀ। ਉਹ ਰੋ ਵੀ ਨਹੀਂ ਸਕਿਆ ਬਸ ਡਿੱਗ ਕੇ ਮਰ ਗਿਆ। ਮੈਂ ਆਪਣੀ ਬੀਵੀ ਤੇ ਦੂਜੇ ਮੁੰਡੇ ਨੂੰ ਨਾਲ ਲਿਆ। ਮਰੇ ਮੁੰਡੇ ਨੂੰ ਉੱਥੇ ਹੀ ਛੱਡ ਦਿੱਤਾ। ਕਿਸੇ ਤਰ੍ਹਾਂ ਬਾਹਰ ਸੜਕ 'ਤੇ ਆ ਕੇ ਦੇਖਿਆ ਤਾਂ ਦੂਜੀਆਂ ਝੌਂਪੜੀਆਂ ਵਿੱਚੋਂ ਨਿਕਲਣ ਵਾਲੇ ਮੁਸਲਮਾਨਾਂ 'ਤੇ ਸਿੱਖ ਨਿਸ਼ਾਨੇ ਸੇਧ ਰਹੇ ਸਨ। ਕੁਝ ਵਿਅਕਤੀ ਮੁਸਲਿਮ ਕੁੜੀਆਂ ਨੂੰ ਮੋਢਿਆਂ 'ਤੇ ਲੱਦੀ ਜਾ ਰਹੇ ਸਨ। ਹਰ ਪਾਸੇ ਰੋਣਾ ਧੋਣਾ, ਚੀਕ-ਚਿਹਾੜਾ ਸੀ। ਕੁਝ ਸਿੱਖ ਮੇਰੇ 'ਤੇ ਝਪਟੇ। ਉਨ੍ਹਾਂ ਨੇ ਮੇਰੀ ਮਰੀ ਹੋਈ ਬੀਵੀ ਨੂੰ ਮੇਰੇ ਕੋਲੋਂ ਖੋਹ ਕੇ ਘਸੀਟਿਆ ਅਤੇ ਦੂਜੇ ਲੜਕੇ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਮੇਰੇ ਕੋਲ ਨਾ ਰੋਣ ਦੀ ਤਾਕਤ ਸੀ ਨਾ ਹੰਝੂ ਕੇਰਨ ਦੀ। ਮੇਰੀਆਂ ਅੱਖਾਂ ਬਿਲਕੁਲ ਉਂਜ ਹੀ ਸੁੱਕ ਗਈਆਂ ਸਨ ਜਿਵੇਂ ਮੌਨਸੂਨ ਤੋਂ ਪਹਿਲਾਂ ਸਿੰਧ ਦੀਆਂ ਨਦੀਆਂ। ਮੈਂ ਬੇਹੋਸ਼ ਹੋ ਕੇ ਡਿੱਗ ਪਿਆ।"

ਲਾਹੌਰ ਦੇ ਉੱਤਰ ਵਿੱਚ ਸ਼ੇਖ਼ੂਪੁਰੇ ਦੀ ਇੱਕ ਵਪਾਰੀ ਬਸਤੀ ਵਿੱਚ ਸਾਰੇ ਹਿੰਦੂ ਅਤੇ ਸਿੱਖਾਂ ਨੂੰ ਇੱਕ ਵੱਡੇ ਗੁਦਾਮ ਵਿੱਚ ਭੇਡਾਂ, ਬੱਕਰੀਆਂ ਵਾਂਗ ਭਰ ਦਿੱਤਾ ਗਿਆ। ਗੋਦਾਮ ਦੇ ਅੰਦਰ ਉਨ੍ਹਾਂ ਬੇਵੱਸ, ਲਾਚਾਰ ਹਿੰਦੂ, ਸਿੱਖਾਂ ਨੂੰ ਪੁਲੀਸ ਅਤੇ ਫ਼ੌਜ ਦੇ ਭਗੌੜੇ ਮੁਸਲਮਾਨਾਂ ਨੇ ਮਸ਼ੀਨਗੰਨਾਂ ਨਾਲ ਭੁੰਨ ਦਿੱਤਾ। ਇੱਕ ਜਣਾ ਵੀ ਜਿਉਂਦਾ ਨਹੀਂ ਸੀ ਬਚਿਆ।

ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਰਾਬਰਟ ਟਰਮਬੁਲ ਨੇ ਬੜੇ ਦੁੱਖ ਭਰੇ ਸ਼ਬਦਾਂ ਵਿੱਚ ਲਿਖਿਆ ਹੈ, "ਮੇਰਾ ਦਿਲ ਕਦੇ ਵੀ ਕਿਸੇ ਚੀਜ਼ ਨੂੰ ਦੇਖ ਕੇ ਏਦਾਂ ਨਹੀਂ ਕੰਬਿਆ, ਤਰਾਵਾ ਦੇ ਸਮੁੰਦਰੀ ਤੱਟ 'ਤੇ ਲਾਸ਼ਾਂ ਦੇ ਢੇਰਾਂ ਨੂੰ ਦੇਖ ਕੇ ਵੀ ਨਹੀਂ ਪਰ ਅੱਜ ਹਿੰਦੋਸਤਾਨ ਵਿੱਚ ਜਿੰਨਾ ਮੀਂਹ ਵਰ੍ਹਦਾ ਹੈ, ਉਸ ਤੋਂ ਜ਼ਿਆਦਾ ਲਹੂ ਵਹਿ ਰਿਹਾ ਹੈ। ਮੈਂ ਸੈਂਕੜੇ ਲਾਸ਼ਾਂ ਦੇਖੀਆਂ ਤੇ ਜ਼ੁਲਮ ਦੀ ਇੰਤਹਾ ਦੇ ਦ੍ਰਿਸ਼ ਉਨ੍ਹਾਂ ਹਜ਼ਾਰਾਂ ਹਿੰਦੋਸਤਾਨੀਆਂ ਦੇ ਦੇਖੇ, ਜਿਨ੍ਹਾਂ ਦੀਆਂ ਅੱਖਾਂ ਕੱਢ ਲਈਆਂ ਗਈਆਂ ਸਨ ਜਾਂ ਹੱਥ-ਪੈਰ ਵੱਢ ਦਿੱਤੇ ਗਏ ਸਨ। ਗੋਲੀ ਮਾਰ ਕੇ ਕਿਸੇ ਦਾ ਖ਼ੂਨ ਕਰ ਦੇਣਾ ਤਾਂ ਬੜੀ ਰਹਿਮ ਦੀ ਗੱਲ ਸਮਝੀ ਜਾਂਦੀ ਹੈ ਪਰ ਇੱਥੇ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਨੂੰ ਡੰਡੇ, ਪੱਥਰ ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਕੇ ਮਰਨ ਲਈ ਛੱਡ ਦਿੱਤਾ ਗਿਆ ਸੀ। ਗਰਮੀ ਅਤੇ ਮੱਖੀਆਂ ਉਨ੍ਹਾਂ ਦੀ ਮੌਤ ਦੇ ਦਰਦ ਨੂੰ ਹੋਰ ਵਧਾ ਰਹੇ ਸਨ। ਇੰਜ ਲੱਗ ਰਿਹਾ ਸੀ ਜਿਵੇਂ ਹੋੜ ਲੱਗੀ ਹੋਵੇ ਕਿ ਕੌਣ ਵਧੇਰੇ ਜ਼ਾਲਮ ਬਣ ਕੇ ਵਧੇਰੇ ਜ਼ੁਲਮ ਕਰ ਸਕਦਾ ਹੈ।"

ਪੰਜਾਬ ਸੀਮਾ ਫ਼ੌਜੀ ਦਲ ਦੇ ਇੱਕ ਅਫ਼ਸਰ ਨੇ ਦੇਖਿਆ, "ਇੱਕ ਅਜਿਹੇ ਪਿੰਡ ਵਿੱਚ ਜਿੱਥੇ ਸਿੱਖਾਂ ਨੇ ਹਮਲਾ ਕੀਤਾ ਸੀ, ਚਾਰ ਮੁਸਲਮਾਨ ਬੱਚਿਆਂ ਨੂੰ ਲੋਹੇ ਦੀਆਂ ਸਲਾਖਾਂ ਵਿੱਚ ਵਿੰਨ੍ਹ ਕੇ ਛੋਟੇ-ਛੋਟੇ ਸੂਰਾਂ ਵਾਂਗ ਭੁੰਨਿਆ ਗਿਆ। ਇੱਕ ਹੋਰ ਥਾਂ ਦੇਖਿਆ ਕਿ ਕੁਝ ਸਿਰਫਿਰੇ ਮੁਸਲਮਾਨਾਂ ਨੇ ਹਿੰਦੂ ਔਰਤਾਂ ਦੇ ਇੱਕ ਟੋਲੇ ਨੂੰ ਕਤਲ ਕਰਨ ਤੋਂ ਪਹਿਲਾਂ ਉਨ੍ਹਾਂ ਦੀਆਂ ਛਾਤੀਆਂ ਨੂੰ ਵੱਢ ਟੁੱਕ ਦਿੱਤਾ।"

ਲਾਇਲਪੁਰ ਦੇ ਪੱਛਮ ਵਿੱਚ ਇੱਕ ਛੋਟੇ ਜਿਹੇ ਪਿੰਡ ਦੇ ਇੱਕ ਹਿੰਦੂ ਕਿਸਾਨ ਬਾਗਦਾਸ ਨੂੰ 300 ਹੋਰ ਹਿੰਦੂਆਂ ਸਮੇਤ ਪਿੰਡ ਦੇ ਤਲਾਅ ਕੋਲ ਬਣੀ ਇੱਕ ਮਸੀਤ ਵਿੱਚ ਲਿਆਂਦਾ ਗਿਆ। ਉੱਥੇ ਮੌਲਵੀ ਨੇ ਉਨ੍ਹਾਂ ਸਾਹਮਣੇ ਕੁਰਾਨ ਦੀਆਂ ਕੁਝ ਆਇਤਾਂ ਪੜ੍ਹੀਆਂ ਤੇ ਕਿਹਾ, "ਹੁਣ ਤੁਹਾਡੇ ਕੋਲ ਦੋ ਰਾਹ ਹਨ ਜਾਂ ਤਾਂ ਮੁਸਲਮਾਨ ਬਣ ਜਾਓ ਤੇ ਖ਼ੁਸ਼ੀ-ਖ਼ੁਸ਼ੀ ਰਹੋ ਜਾਂ ਮੌਤ ਕਬੂਲਣ ਲਈ ਤਿਆਰ ਹੋ ਜਾਓ।" ਬਾਗਦਾਸ ਨੇ ਪਹਿਲਾ ਰਾਹ ਚੁਣ ਲਿਆ। ਧਰਮ ਬਦਲੀ ਤੋਂ ਬਾਅਦ ਹਰ ਇੱਕ ਦਾ ਮੁਸਲਿਮ ਨਾਂ ਰੱਖਿਆ ਗਿਆ ਤੇ ਉਨ੍ਹਾਂ ਕੋਲੋਂ ਕੁਰਾਨ ਦੀਆਂ ਆਇਤਾਂ ਪੜ੍ਹਵਾਈਆਂ ਗਈਆਂ। ਫਿਰ ਉਨ੍ਹਾਂ ਨੂੰ ਮਸੀਤ ਦੇ ਵਿਹੜੇ ਵਿੱਚ ਭੇਡਾਂ, ਬੱਕਰੀਆਂ ਵਾਂਗ ਧੱਕ ਦਿੱਤਾ ਗਿਆ ਜਿੱਥੇ ਗਾਂ ਦਾ ਗੋਸ਼ਤ ਭੁੰਨਿਆ ਜਾ ਰਿਹਾ ਸੀ। ਇੱਕ-ਇੱਕ ਕਰ ਕੇ ਹਰ ਹਿੰਦੂ ਨੂੰ ਉਸ ਮਾਸ ਦੀ ਇੱਕ-ਇੱਕ ਬੋਟੀ ਖੁਆਈ ਗਈ। ਬਾਗਦਾਸ ਨੇ ਉਦੋਂ ਤਕ ਆਪਣੀ ਜ਼ਿੰਦਗੀ 'ਚ ਕਦੇ ਗੋਸ਼ਤ ਨਹੀਂ ਸੀ ਖਾਧਾ। ਉਹਨੂੰ ਕੈਅ ਆਉਣ ਨੂੰ ਹੋਣ ਲੱਗੀ। ਉਹਨੇ ਕਿਸੇ ਤਰ੍ਹਾਂ ਆਪਣੇ ਆਪ ਨੂੰ ਰੋਕਿਆ ਕਿਉਂਕਿ ਉਹਨੂੰ ਪਤਾ ਸੀ ਕਿ ਹੁਕਮ ਅਦੂਲੀ ਕਰਨ 'ਤੇ ਉਹ ਮੌਤ ਦੇ ਘਾਟ ਉਤਾਰ ਦੇਣਗੇ।

ਸਿਆਲਕੋਟ ਕੋਲ ਇੱਕ ਪਿੰਡ ਵਿੱਚ ਸਰਦਾਰ ਪ੍ਰੇਮ ਸਿੰਘ ਨਾਂ ਦਾ ਇੱਕ ਸਿੱਖ ਉਹ ਕਾਰੋਬਾਰ ਕਰਦਾ ਸੀ, ਜਿਸ ਤੋਂ ਮੁਸਲਮਾਨਾਂ ਨੂੰ ਸਭ ਤੋਂ ਵਧੇਰੇ ਨਫ਼ਰਤ ਸੀ। ਉਹ ਸੂਦਖੋਰ ਮਹਾਜਨ ਸੀ। ਪ੍ਰੇਮ ਸਿੰਘ ਨੇ ਦੱਸਿਆ ਕਿ ਉਹ ਬੜੇ ਅਮੀਰ ਘਰ ਵਿੱਚ ਪੈਦਾ ਹੋਇਆ। ਉਨ੍ਹਾਂ ਦਾ ਇੱਕ ਵੱਡਾ ਦੋ ਮੰਜ਼ਿਲਾ ਘਰ ਸੀ, ਜਿਸ ਦੇ ਸਾਹਮਣੇ ਲੋਹੇ ਦਾ ਫਾਟਕ ਸੀ। ਪਿੰਡ ਦਾ ਹਰ ਬੰਦਾ ਜਾਣਦਾ ਸੀ ਕਿ ਉਸ ਤੋਂ ਧਨਾਢ ਹੋਰ ਕੋਈ ਨਹੀਂ। ਕਿੰਨੇ ਹੀ ਮੁਸਲਮਾਨ ਆ ਕੇ ਉਹਦੇ ਕੋਲ ਜ਼ੇਵਰ ਗਹਿਣੇ ਰੱਖ ਜਾਂਦੇ ਸਨ। ਉਹ ਉਨ੍ਹਾਂ ਜ਼ੇਵਰਾਂ ਨੂੰ ਲੋਹੇ ਦੀ ਇੱਕ ਤਿਜੌਰੀ ਵਿੱਚ ਰੱਖ ਦਿੰਦਾ ਸੀ। ਪਿੰਡ ਦੇ ਹਰ ਮੁਸਲਮਾਨ ਨੇ ਗਰਜ਼ ਪੂਰੀ ਕਰਨ ਲਈ ਕਦੇ ਨਾ ਕਦੇ ਉਸ ਕੋਲ ਜ਼ੇਵਰ ਗਹਿਣੇ ਰੱਖੇ ਸਨ।

ਆਜ਼ਾਦੀ ਤੋਂ ਫੌਰਨ ਬਾਅਦ ਇੱਕ ਦਿਨ ਪ੍ਰੇਮ ਸਿੰਘ ਨੇ ਦੇਖਿਆ ਕਿ ਮੁਸਲਮਾਨਾਂ ਦੀ ਇੱਕ ਬਹੁਤ ਵੱਡੀ ਭੀੜ ਹੱਥਾਂ ਵਿੱਚ ਲਾਠੀਆਂ, ਸੱਬਲ ਅਤੇ ਛੁਰੇ ਫੜੀ ਉਹਦੇ ਘਰ ਵੱਲ ਆ ਰਹੀ ਸੀ। ਉਹ ਭੀੜ 'ਚਲੇ ਲਗਪਗ ਸਾਰੇ ਬੰਦਿਆਂ ਨੂੰ ਜਾਣਦਾ ਸੀ। ਉਨ੍ਹਾਂ ਵਿੱਚੋਂ ਹਰ



ਆਦਮੀ ਕਦੇ ਨਾ ਕਦੇ ਉਹਦਾ ਕਰਜ਼ਾਈ ਰਹਿ ਚੁੱਕਾ ਸੀ। ਉਹ 'ਤਿਜੌਰੀ, ਤਿਜੌਰੀ' ਚੀਕ ਰਹੇ ਸਨ। ਪ੍ਰੇਮ ਸਿੰਘ ਨੂੰ ਪਤਾ ਸੀ ਕਿ ਉਹ ਤਿਜੌਰੀ ਲੁੱਟਣੀ ਚਾਹੁੰਦੇ ਹਨ ਪਰ ਉਹਦੀ ਤਿਜੌਰੀ ਵਿੱਚ ਮੁਸਲਮਾਨਾਂ ਦੇ ਜ਼ੇਵਰਾਂ ਤੋਂ ਇਲਾਵਾ ਦੁਨਾਲੀ ਬੰਦੂਕ ਅਤੇ ਪੰਜੀ ਕਾਰਤੂਸ ਵੀ ਸਨ। ਪ੍ਰੇਮ ਸਿੰਘ ਬੰਦੂਕ ਲੈ ਕੇ ਦੂਜੀ ਮੰਜ਼ਿਲ 'ਤੇ ਚੜ੍ਹ ਗਿਆ। ਇੱਕ ਘੰਟੇ ਤਕ ਚਾਰੇ ਪਾਸਿਓਂ ਗੋਲੀਆਂ ਚਲਾਉਂਦਾ, ਉਹ ਭੀੜ ਤੋਂ ਘਰ ਦੀ ਰੱਖਿਆ ਕਰਦਾ ਰਿਹਾ। ਜਦੋਂ ਉਹ ਇਸ ਕੋਸ਼ਿਸ਼ ਵਿੱਚ ਸੀ ਤਾਂ ਹੇਠਲੀ ਮੰਜ਼ਿਲ 'ਤੇ ਕੀ ਹੋ ਰਿਹਾ ਹੈ, ਇਹਦੇ ਬਾਰੇ ਉਹਨੂੰ ਕੁਝ ਵੀ ਪਤਾ ਨਹੀਂ ਸੀ। ਪ੍ਰੇਮ ਸਿੰਘ ਦੀ ਵਹੁਟੀ ਨੂੰ ਯਕੀਨ ਹੋ ਗਿਆ ਸੀ ਕਿ ਕੁਝ ਦੇਰ ਬਾਅਦ ਭੀੜ ਦਰਵਾਜ਼ਾ ਤੋੜ ਕੇ ਅੰਦਰ ਆ ਜਾਏਗੀ। ਇਸੇ ਕਰਕੇ ਉਹਨੇ ਤਿੰਨਾਂ ਬੇਟੀਆਂ ਨੂੰ ਕੋਲ ਬੁਲਾਇਆ ਤੇ ਮਿੱਟੀ ਦੇ ਤੇਲ ਦੀ ਪੀਪੀ ਆਪਣੇ ਉਪਰ ਡੋਲ੍ਹ ਲਈ। ਫਿਰ ਵਾਹਿਗੁਰੂ ਦੀ ਦੁਹਾਈ ਦੇ ਕੇ ਉਨ੍ਹਾਂ ਨੂੰ ਵੀ ਇੰਜ ਕਰਨ ਲਈ ਕਿਹਾ ਤੇ ਸਾਰਿਆਂ ਨੇ ਆਪਣੇ ਆਪ ਨੂੰ ਅੱਗ ਲਾ ਲਈ। ਉਧਰ ਪ੍ਰੇਮ ਸਿੰਘ ਜਾਨ ਤਲੀ 'ਤੇ ਧਰ ਕੇ ਲੜ ਰਿਹਾ ਸੀ। ਜਦੋਂ ਉਹਨੂੰ ਪੌੜੀਆਂ ਵਿੱਚੋਂ ਅਜੀਬ ਜਿਹੀ ਬਦਬੂ ਆਈ ਤਾਂ ਉਹਨੂੰ ਸਮਝ ਨਾ ਲੱਗੀ ਕਿ ਇਹ ਕਿਸ ਚੀਜ਼ ਦੀ ਹੈ। ਹੇਠ ਆਉਣ 'ਤੇ ਉਹਨੂੰ ਪਤਾ ਲੱਗਿਆ ਕਿ ਇਹ ਬਦਬੂ ਕਿਸ ਚੀਜ਼ ਦੀ ਹੈ। ਤਿਜੌਰੀ ਦੇ ਸਾਹਮਣੇ ਸਾਰੇ ਟੱਬਰ ਦੀਆਂ ਜਲੀਆਂ ਲਾਸ਼ਾਂ ਪਈਆਂ ਸਨ, ਜਿਨ੍ਹਾਂ ਨੇ ਬਲਾਤਕਾਰ ਦਾ ਸ਼ਿਕਾਰ ਹੋਣ ਨਾਲੋਂ ਮਰਨਾ ਬਿਹਤਰ ਸਮਝਿਆ।

ਜਿਹੜੇ ਹਿੰਦੂ-ਸਿੱਖ ਘਰਾਂ ਵਿੱਚੋਂ ਉਜਾੜੇ ਗਏ ਸਨ, ਉਨ੍ਹਾਂ ਵਿੱਚੋਂ ਸਾਰੇ ਧਨਾਢ ਨਹੀਂ ਸਨ। ਕੁਲਦੀਪ ਸਿੰਘ ਚੌਦਾਂ ਵਰ੍ਹਿਆਂ ਦਾ ਅੱਲ੍ਹੜ ਸੀ। ਲਾਹੌਰ ਦੇ ਉੱਤਰ ਵੱਲ 600 ਮੁਸਲਮਾਨਾਂ ਦਾ ਇੱਕ ਪਿੰਡ ਸੀ, ਜਿਸ ਵਿੱਚ ਪੰਜਾਹ-ਸੱਠ ਹਿੰਦੂ-ਸਿੱਖ ਵੀ ਰਹਿੰਦੇ ਸਨ। ਕੁਲਦੀਪ ਦਾ ਪਿਓ ਵੀ ਉਨ੍ਹਾਂ ਵਿੱਚੋਂ ਇੱਕ ਸੀ। ਉਹ ਹਿੱਸੇ ਠੇਕੇ 'ਤੇ ਖੇਤੀ ਕਰਦਾ ਸੀ। ਕੁਲਦੀਪ ਦੋ ਕੋਠੜੀਆਂ ਵਾਲੀ ਇੱਕ ਝੁੱਗੀ ਵਿੱਚ ਆਪਣੇ ਮਾਂ-ਪਿਓ ਨਾਲ ਰਹਿੰਦਾ ਸੀ। ਇੱਕ ਦਿਨ ਉਨ੍ਹਾਂ ਦੇ ਗੁਆਂਢੀ ਮੁਸਲਮਾਨ ਉਨ੍ਹਾਂ ਦੇ ਘਰ ਆਏ ਤੇ ਉੱਚੀ ਉੱਚੀ ਚੀਕਣ ਲੱਗੇ, "ਪਾਕਿਸਤਾਨ ਛੱਡ ਕੇ ਦੌੜ ਜਾਓ, ਨਹੀਂ ਤਾਂ ਤੁਹਾਨੂੰ ਮਾਰ ਦਿਆਂਗੇ।" ਉਨ੍ਹਾਂ ਸਾਰਿਆਂ ਨੇ ਦੌੜ ਕੇ ਇੱਕ ਰਸੂਖ ਵਾਲੇ ਸਿੱਖ ਸਰਦਾਰ ਦੇ ਘਰ ਸ਼ਰਨ ਲੈ ਲਈ ਪਰ ਉਹ ਤਲਵਾਰਾਂ, ਛੁਰੇ ਤੇ ਲੋਹੇ ਦੀਆਂ ਵੱਡੀਆਂ-ਵੱਡੀਆਂ ਸਲਾਖਾਂ ਆਦਿ ਲੈ ਕੇ ਉੱਥੇ ਵੀ ਪਹੁੰਚ ਗਏ। ਉਨ੍ਹਾਂ ਕੋਲ ਮਿੱਟੀ ਦੇ ਤੇਲ ਦੀਆਂ ਪੀਪੀਆਂ ਵੀ ਸਨ। ਉਹ ਸਾਰਿਆਂ ਨੂੰ ਅੱਗ ਲਾ ਕੇ ਸਾੜਨਾ ਚਾਹੁੰਦੇ ਸਨ। ਉਨ੍ਹਾਂ ਨੇ ਇੱਕ ਸਿੱਖ ਨੂੰ ਫੜ ਕੇ ਉਹਦੀ ਦਾੜ੍ਹੀ ਨੂੰ ਅੱਗ ਲਾ ਦਿੱਤੀ। ਦਾੜ੍ਹੀ ਨੂੰ ਅੱਗ ਲੱਗੇ ਹੋਏ ਹੀ ਉਹਨੇ ਇੱਕ ਵੱਡਾ ਪੱਥਰ ਮਾਰ ਕੇ ਇੱਕ ਮੁਸਲਮਾਨ ਮਾਰ ਦਿੱਤਾ ਤੇ ਉਹਦੇ ਬਾਅਦ ਖ਼ੁਦ ਮਰ ਗਿਆ। ਉਹ ਲੋਕਾਂ ਨੂੰ ਘਸੀਟ ਕੇ ਬਾਹਰ ਲੈ ਜਾਂਦੇ ਤੇ ਉੱਥੇ ਲਿਜਾ ਕੇ ਮਾਰ ਦਿੰਦੇ। ਕੁਲਦੀਪ ਛੱਤ 'ਤੇ ਜਾ ਚੜ੍ਹਿਆ। ਸਾਰੀਆਂ ਔਰਤਾਂ ਉੱਥੇ ਖੜ੍ਹੀਆਂ, ਹੇਠਾਂ ਵਾਪਰ ਰਹੇ ਭਾਣੇ ਨੂੰ ਦੇਖ ਰਹੀਆਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਦੀ ਇੱਜ਼ਤ ਖ਼ਰਾਬ ਕੀਤੀ ਜਾਏਗੀ। ਉਨ੍ਹਾਂ ਨੇ ਛੱਤ 'ਤੇ ਵੱਡੀ ਸਾਰੀ ਚਿਤਾ ਤਿਆਰ ਕੀਤੀ। ਉਨ੍ਹਾਂ ਨੇ ਪਹਿਲਾਂ ਆਪਣੇ-ਆਪਣੇ ਬੱਚਿਆਂ ਨੂੰ ਦੁੱਧ ਚੁੰਘਾਇਆ ਤੇ ਫਿਰ ਚਿਤਾ ਵਿੱਚ ਸੁੱਟ ਦਿੱਤਾ ਤੇ ਬਾਅਦ ਵਿੱਚ ਆਪ ਵੀ ਚਿਤਾ 'ਚ ਛਾਲਾਂ ਮਾਰ ਦਿੱਤੀਆਂ। ਕੁਲਦੀਪ ਇਹ ਸਾਰਾ ਕੁਝ ਨਾ ਦੇਖ ਸਕਿਆ ਤੇ ਲੁਕਿਆ ਰਿਹਾ। ਜਦੋਂ ਹਨੇਰਾ ਹੋ ਗਿਆ ਤਾਂ ਉਹਨੇ ਆਪਣੇ ਘਰ ਜਾ ਕੇ ਦੇਖਿਆ, ਉਹਦੇ ਮਾਂ-ਪਿਓ ਦੀਆਂ ਸੜੀਆਂ ਲਾਸ਼ਾਂ ਬੇਪਛਾਣ ਸਨ। ਉਹਨੇ ਛੁਰੇ ਨਾਲ ਆਪਣੇ ਕੇਸ ਕਤਲ ਕੀਤੇ ਤੇ ਹਨੇਰੇ ਵਿੱਚ ਗੁੰਮ ਹੋ ਗਿਆ। ਲਹੂ ਭਿੱਜੀ ਇਹ ਦਾਸਤਾਨ ਅਮੁੱਕ ਹੈ। ਜਿਹੜੇ ਇਸ ਅੰਨ੍ਹੀ ਵਹਿਸ਼ਤ ਦਾ ਸ਼ਿਕਾਰ ਹੋ ਗਏ ਉਨ੍ਹਾਂ ਦਾ ਇਤਿਹਾਸ ਦੇ ਕਿਸੇ ਪੰਨੇ 'ਤੇ ਨਾਮੋ-ਨਿਸ਼ਾਨ ਵੀ ਨਹੀਂ ਹੈ। ਉਹ ਸਾਰੀਆਂ ਪ੍ਰੇਤ ਰੂਹਾਂ ਅਜੇ ਵੀ ਭਟਕ ਰਹੀਆਂ ਹਨ। ਜਿੰਨੀ ਦੇਰ ਤਕ ਇਤਿਹਾਸ ਸ਼ਰਮਸਾਰ ਹੋ ਕੇ ਉਨ੍ਹਾਂ ਕੋਲੋਂ ਮੁਆਫ਼ੀ ਨਹੀਂ ਮੰਗਦਾ ਉਹ ਬੇਚੈਨ ਰੂਹਾਂ ਇਹੀ ਪੁੱਛਦੀਆਂ ਰਹਿਣਗੀਆਂ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਸੀ ? ਕਿਉਂ ਉਨ੍ਹਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਇਨਸਾਨੀਅਤ ਅੱਜ ਵੀ ਜਿਉਂਦੀ ਹੈ, ਹੈਵਾਨੀਅਤ ਅੱਜ ਵੀ ਜਿਉਂਦੀ ਹੈ ਪਰ ਰੂਹਾਂ ਦੀ ਬਦਦੁਆ ਸ਼ਾਇਦ ਮਰ ਚੁੱਕੀ ਹੈ।

***(ਫਰੀਡਮ ਐਟ ਮਿਡਨਾਈਟ 'ਤੇ ਆਧਾਰਿਤ)***

***ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ***

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 40

# ਹੁਣ ਕਿਉਂ ਆਵਾਂ ਮੁੱਛਾਂ ਸੜਿਆ

ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com



ਲੋਕ-ਗੀਤ ਭਾਵਨਾਵਾਂ ਦਾ ਸਮੂਹਕ ਕਥਾਰਸਿਸ ਕਰਦੇ ਹਨ। ਇਹੀ ਇਨ੍ਹਾਂ ਦੀ ਸਮਾਜਕ ਤੇ ਸਭਿਆਚਾਰਕ ਲੋੜ ਹੈ। ਲੋਕ-ਗੀਤਾਂ ਦੀ ਪੱਧਰ ਕਿਹੋ ਜਿਹੀ ਵੀ ਹੋਵੇ ਉਹ ਇਸ ਮੁੱਢਲੀ ਲੋੜ ਨੂੰ ਜ਼ਰੂਰ ਪੂਰਾ ਕਰਦੇ ਹਨ। ਕਈ ਵਾਰ ਇਹ ਕਹਿ ਦਿੱਤਾ ਜਾਂਦਾ ਹੈ ਕਿ ਭਾਵਨਾਵਾਂ ਹਮੇਸ਼ਾ ਸੱਚੀਆਂ ਸੁੱਚੀਆਂ ਹੁੰਦੀਆਂ ਹਨ। ਪਰ ਇਹ ਹਮੇਸ਼ਾ ਸੱਚ ਨਹੀਂ ਹੁੰਦਾ। ਭਾਵਨਾਵਾਂ ਝੂਠੀ ਚੇਤਨਾ ਨਾਲ ਵੀ ਜੁੜੀਆਂ ਹੋ ਸਕਦੀਆਂ ਹਨ। ਸਮਾਜ-ਸਭਿਆਚਾਰ ਵਿਚ ਜੋ ਚੀਜ਼ ਸਦੀਆਂ ਤੋਂ ਪ੍ਰਚੱਲਤ ਹੋਵੇ, ਉਸ ਨਾਲ ਉਸ ਤਰ੍ਹਾਂ ਦੀਆਂ ਭਾਵਨਾਵਾਂ ਜੁੜ ਜਾਂਦੀਆਂ ਹਨ। 'ਮੁੰਡਾ ਪੈਦਾ ਹੋਣ ਨਾਲ ਹੀ ਆਦਮੀ ਦੀ ਜੜ੍ਹ ਹਰੀ ਰਹਿੰਦੀ ਹੈ' ਦਾ ਵਿਚਾਰ ਤਰਕ ਉੱਪਰ ਆਧਾਰਤ ਤਾਂ ਹੈ ਨਹੀਂ ਸਗੋਂ ਮਰਦ ਪ੍ਰਧਾਨ ਸਮਾਜ ਦੀ ਉਪਜ ਹੈ। ਮੁੰਡਾ ਪੈਦਾ ਹੋਣ ਲਈ 'ਪਰਾਈ' ਧੀ ਨੂੰ ਨੂੰਹ ਵਜੋਂ ਸਵੀਕਾਰਨਾ ਪੈਂਦਾ ਹੈ। ਇਹੀ ਗੱਲ ਲੜਕੀ ਬਾਰੇ ਵੀ ਸੱਚ ਹੈ। ਲੜਕੀ ਬਾਹਰੀ ਮਰਦ (ਜਵਾਈ) ਨਾਲ ਪ੍ਰਣਾਏ ਜਾ ਕੇ ਜੋ ਔਲਾਦ ਪੈਦਾ ਕਰਦੀ ਹੈ। ਪੋਤਾ ਵੀ ਉਸੇ ਤਰ੍ਹਾਂ ਦੀ ਜੜ੍ਹ ਹੈ, ਜਿਹੋ ਜਿਹਾ ਦੋਹਤਾ। ਪੋਤੀ ਤੇ ਦੋਹਤੀ ਵੀ ਜੜ੍ਹਾਂ ਹਨ। ਪਰ ਭਾਰਤੀ ਔਰਤ-ਮਰਦ ਮੁੰਡੇ ਲਈ ਤਰਸਦੇ ਰਹਿੰਦੇ ਹਨ, ਸਾਰੀ ਉਮਰ। ਲੋਕ ਗੀਤਾਂ ਵਿਚ ਵੀ ਭਾਵਨਾਵਾਂ ਇਸ ਦੇ ਅਨੁਕੂਲ ਹੀ ਸੁਰ ਅਲਾਪਦੀਆਂ ਹਨ। 'ਕਣਕ ਉਧਾਰੀ ਕੋਈ ਛੋਲੇ ਉਧਾਰ, ਇਕ ਪੁੱਤ ਲੈ ਦੇ ਜੀ ਮਾਗਵਾਂ।' ਕਿਸੇ ਔਰਤ ਨੇ 'ਧੀ' ਮਾਂਗਵੀ ਨਹੀਂ ਮੰਗੀ। ਇਸੇ ਨੂੰ ਕਹਿੰਦੇ ਹਨ ਮਨ ਦਾ 'ਕੰਡੀਸ਼ੰਡ' ਅਨੁਕੂਲ ਹੋਣਾ। ਅਜਿਹੀ ਕੰਡੀਸ਼ਨਿੰਗ ਅਚੇਤ ਹੀ ਪਿਤਰ-ਸੱਤਾ/ਮਰਦ ਪ੍ਰਧਾਨਤਾ ਨੂੰ ਸਵੀਕਾਰ ਕਰਦੀ ਜਾਂਦੀ ਹੈ। ਔਰਤ ਨੂੰ ਇਸ ਦਾ ਪਤਾ ਵੀ ਨਹੀਂ ਚਲਦਾ। ਬੋਲੀ ਹੈ :

> ਕੜ੍ਹੀਏ ਕੜ੍ਹੀਏ ਕੜ੍ਹੀਏ
> ਤੈਨੂੰ ਚੁੱਕ ਬਨੇਰੇ ਧਰੀਏ,
> ਰੁੱਸੇ ਮਾਹੀ ਦਾ ਕੀ ਕਰੀਏ,
> ਅੰਦਰ ਵੜੇ ਤਾਂ ਮਗਰੇ ਵੜੀਏ
> ਚੁੰਨੀ ਲਾਹ ਪੈਰਾਂ 'ਤੇ ਧਰੀਏ
> ਇਕ ਵਾਰ ਬੋਲੋ ਜੀ
> ਆਪਾਂ ਫੇਰ ਕਦੇ ਨਾ ਲੜੀਏ।

ਮਰਦ ਨੂੰ ਮਨਾਉਣ ਦਾ ਇਕੋ ਇਕ ਰਾਹ ਚੁੰਨੀ ਲਾਹ ਕੇ ਪੈਰਾਂ 'ਤੇ ਧਰਨ ਦਾ ਵਿਚਾਰ ਔਰਤ ਨੇ ਸਦੀਆਂ ਤੋਂ ਗ੍ਰਹਿਣ ਕੀਤਾ ਹੋਇਆ ਹੈ। ਮਨਾਉਣ ਲਈ ਕੋਈ ਤਰਕ ਵੀ ਹੋ ਸਕਦਾ ਹੈ, ਇਸ ਨੂੰ ਉਸ ਨੇ ਨਹੀਂ ਪਛਾਣਿਆ। ਇਉਂ ਅਸੀਂ ਵੇਖਦੇ ਹਾਂ ਕਿ ਭਾਵਨਾਵਾਂ ਦਾ ਸੱਚਾ ਸੁੱਚਾ ਹੋਣਾ ਜ਼ਰੂਰੀ ਨਹੀਂ, ਉਨ੍ਹਾਂ ਵਿਚ ਤਾਂ ਸਮਾਜ-ਸਭਿਆਚਾਰਕ ਵਿਰੋਧਤਾਈਆਂ ਬੜੇ ਸੂਖ਼ਮ ਰੂਪ ਵਿਚ ਵਿਦਮਾਨ ਹਨ, ਜਿਨ੍ਹਾਂ ਨੂੰ ਪਛਾਣਨ ਦੀ ਲੋੜ ਹੈ।

ਸਮੂਹਕ ਭਾਵਨਾਵਾਂ ਲੋਕ-ਗੀਤਾਂ ਵਿਚ ਇਕੋ ਤਰ੍ਹਾਂ ਹੀ ਪ੍ਰਗਟ ਹੁੰਦੀਆਂ ਹਨ, ਇਹ ਵੀ ਕੋਈ ਜ਼ਰੂਰੀ ਨਹੀਂ। ਪ੍ਰਮੁੱਖ ਤੌਰ 'ਤੇ ਇਹ ਦੋ ਤਰ੍ਹਾਂ ਹੀ ਉਜਾਗਰ ਹੁੰਦੀਆਂ ਹਨ। ਇਕ ਰੋ ਕੇ ਲੋਕ-ਗੀਤਾਂ ਵਿਚ ਝੇੜਿਆਂ ਦਾ ਰੂਪ ਧਾਰਨ ਕਰਦੀਆਂ ਹਨ। ਇਸੇ ਲਈ ਇਨ੍ਹਾਂ ਦੀ 'ਹੇਕ' ਕਈ ਵਾਰ ਕੀਰਨਿਆਂ ਨਾਲ ਜਾ ਰਲਦੀ ਹੈ। ਦੂਸਰਾ, ਪ੍ਰਸਥਿਤੀਆਂ ਦਾ ਮਜ਼ਾਕ ਉਡਾ ਕੇ। ਇਹ ਗੱਲ ਸਮੁੱਚੇ ਪੰਜਾਬ ਦੀ ਮਾਨਸਿਕਤਾ ਉੱਪਰ ਲਾਗੂ ਹੁੰਦੀ ਹੈ। ਪੰਜਾਬ ਦੀਆਂ ਸਦੀਆਂ ਤੋਂ ਵਿਕਟ ਪ੍ਰਸਥਿਤੀਆਂ ਰਹੀਆਂ ਹਨ, ਉਨ੍ਹਾਂ ਦੇ ਦਬਾਅ ਨੂੰ ਪੰਜਾਬੀ ਲਤੀਫਿਆਂ ਵਿਚ ਉਡਾ ਦਿੰਦਾ ਹੈ। ਔਰਤਾਂ ਨੇ ਆਪਣੀਆਂ ਵਿਰੋਧੀ ਪ੍ਰਸਥਿਤੀਆਂ ਨੂੰ ਝੱਲਣ ਲਈ ਇਹ ਤਰੀਕਾ ਅਖ਼ਤਿਆਰ ਕੀਤਾ ਹੈ। ਢੋਲਕ ਦੇ ਬਹੁਤ ਸਾਰੇ ਗੀਤ, ਸਿੱਠਣੀਆਂ ਇਸ ਦੀ ਸਪੱਸ਼ਟ ਮਿਸਾਲ ਹਨ।

ਇੱਥੇ ਮੈਂ ਦੂਜੀ ਤਰ੍ਹਾਂ ਦੇ ਅਨੇਕਾਂ ਗੀਤਾਂ ਵਿਚੋਂ ਇਕ ਨੂੰ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। ਇਸ ਗੀਤ ਦੇ ਕਈ ਪਾਠ ਵੀ ਮਿਲਦੇ ਹਨ। ਇਕ ਪਾਠ 'ਦੇਵਰ ਮੇਰੇ ਮਛਲੀ ਆਂਦੀ ਲੈ ਭਾਬੋ ਤੂੰ ਚਾੜ੍ਹ' ਨਾਲ ਸ਼ੁਰੂ ਹੁੰਦਾ ਹੈ, ਤੇ ਦੂਜਾ ਪਾਠ ਜੋ ਮੈਂ ਪਾਠਕਾਂ ਸਾਹਮਣੇ ਲਿਆ ਰਿਹਾ ਹਾਂ 'ਦੇਰ ਮੇਰੇ ਨੇ ਟੀਂਡਾ ਆਂਦਾ' ਨਾਲ ਸ਼ੁਰੂ ਹੁੰਦਾ ਹੈ। 'ਟੀਂਡੇ' ਜਾਂ ਮਛਲੀ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਮੂਲ ਬਿਰਤਾਂਤ ਦੋਨਾਂ ਦਾ ਇਕ ਹੈ ਕਿ 'ਸਬਜ਼ੀ' ਚੱਖਣ 'ਤੇ ਨਣਾਨ ਨਾਰਾਜ਼ ਹੋ ਜਾਂਦੀ ਹੈ ਤੇ ਉਹ ਪਰਿਵਾਰ ਦੇ ਜੀਆਂ ਨੂੰ 'ਭਾਬੋ ਨੂੰ ਕੱਢਦੇ ਬਾਹਰ' ਦਾ ਵਾਸਤਾ ਪਾਉਂਦੀ ਹੈ, ਪਰ ਕੋਈ ਵੀ 'ਭਾਬੋ' ਨੂੰ ਘਰੋਂ ਕੱਢਣ ਲਈ ਤਿਆਰ ਨਹੀਂ। ਹਾਂ ਪਤੀ ਜ਼ਰੂਰ ਉਸ ਦੀ ਪਿਟਾਈ ਕਰਦਾ ਹੈ, ਜਿਸ ਕਰ ਕੇ ਔਰਤ ਨੂੰ ਪੇਕੀਂ ਜਾਣਾ ਪੈਂਦਾ ਹੈ। ਮਰਦ ਦੀ ਰੋਟੀ ਪੱਕਣੀ ਬੰਦ ਹੋ ਜਾਂਦੀ ਹੈ ਤਾਂ ਉਹ ਘਰਵਾਲੀ ਨੂੰ ਵਾਪਸ ਆਉਣ ਦਾ ਤਰਲਾ ਕਰਦਾ ਹੈ, ਪਰ ਉਹ ਆਉਣ ਤੋਂ ਇਨਕਾਰ ਕਰਦੀ ਉਸ ਦਾ ਮਜ਼ਾਕ ਉਡਾਉਂਦੀ ਹੈ। ਇਸ ਨਿੱਕੇ ਜਿਹੇ ਬਿਰਤਾਂਤ ਪਿੱਛੇ ਪੂਰੇ ਦਾ ਪੂਰਾ ਸਭਿਆਚਾਰ ਕਿਰਿਆਸ਼ੀਲ ਹੈ, ਜਿਸ ਨੂੰ ਅਸੀਂ ਤੀਖਣ ਦ੍ਰਿਸ਼ਟੀ ਨਾਲ ਪਛਾਣ ਸਕਦੇ ਹਾਂ। ਗੀਤ ਢੋਲਕ ਦੀ ਤਾਲ 'ਤੇ ਸ਼ੁਰੂ ਹੁੰਦਾ ਹੈ।

> ਦੇਰ ਮੇਰੇ ਨੇ ਟੀਂਡਾ ਆਂਦਾ।
> ਲੈ ਭਾਬੋ ਤੂੰ ਚਾੜ੍ਹ, ਵਾਹ ਜੀ ਵਾਹ।

ਢੋਲਕ ਦੀ ਤਿੱਖੀ ਚਾਲ ਇਹ ਦੱਸ ਦਿੰਦੀ ਹੈ ਕਿ ਗੀਤਾਂ ਦਾ 'ਕੱਥ' ਚਟਪਟਾ ਹੋਵੇਗਾ। ਗੰਭੀਰ ਵਿਸ਼ੇ ਬਿਨਾਂ ਤਾਲ ਤੋਂ, ਹੇਕਾਂ ਵਿਚ ਰੁਪਾਂਤਰਤ ਹੁੰਦੇ ਹਨ। 'ਟੀਂਡਾ' ਸਪੈਸ਼ਲ ਡਿਸ਼ ਹੈ, ਲੋਕ ਜੀਵਨ ਵਿਚ। ਜੇ ਅਸੀਂ ਲੋਕ-ਗੀਤਾਂ ਵਿਚ ਸਪੈਸ਼ਲ ਕੁਝ ਦੇਖਣਾ ਹੋਵੇ ਤਾਂ ਉਹ ਹੈ ਚੋਪੜੀਆਂ ਕਣਕ ਦੀਆਂ ਰੋਟੀਆਂ। ਆਲੂ-ਵੜੀਆਂ ਦੀ ਸਬਜ਼ੀ। ਚਲਾਈ ਦਾ ਸਾਗ, ਮਾਂਹ ਛੋਲਿਆਂ ਦੀ ਦਾਲ ਆਦਿ। ਇਹ ਖਾਣਾ ਪੀਣਾ ਸਿੱਧਾ ਆਰਥਕ ਸਥਿਤੀਆਂ ਨਾਲ ਵੀ ਜੁੜਿਆ ਹੋਇਆ ਹੈ, ਜਿਸ ਦਾ ਵਿਸਤਾਰ ਅਸੀਂ ਏਥੇ ਨਹੀਂ ਕਰ ਸਕਦੇ। 'ਟੀਂਡਾ' ਹੀ ਖ਼ਾਸ ਖਾਣਾ ਹੈ ਜੋ ਇਕੱਲੀ ਬਹੂ ਨਹੀਂ ਖਾ ਸਕਦੀ।

> ਜਦ ਟੀਂਡਾ ਮੈਂ ਕੱਟਣ ਲੱਗੀ
> ਟੋਟੇ ਕੀਤੇ ਚਾਰ, ਵਾਹ ਜੀ ਵਾਹ।
> ਜਦ ਟੀਂਡਾ ਮੈਂ ਤੜਕਣ ਲੱਗੀ।
> ਸੱਸ ਸੀ ਗਈ ਬਜ਼ਾਰ, ਵਾਹ ਵੀ ਵਾਹ।
> ਜਦ ਟੀਂਡਾ ਮੈਂ ਚੱਖਣ ਲੱਗੀ।
> ਨਣਦ ਖਲੋਤੀ ਬਾਹਰ, ਵਾਹ ਜੀ ਵਾਹ।

ਲੋਕ ਸਾਹਿਤ ਵਿਚ ਨਣਦ ਦਾ ਅਜਿਹਾ ਚਰਿੱਤਰ ਹੈ ਜੋ 'ਨਿੱਤ ਤਾਂ ਰੱਖਦੀ ਪੁਆੜਾਂ'। ਪਰ ਇਹ ਮਜ਼ਾਕ ਵਾਲੀ ਗੱਲ ਨਹੀਂ ਹੈ। ਨਣਦ ਨੂੰ ਸਮਾਜਕ ਪ੍ਰਸਥਿਤੀਆਂ ਨੇ 'ਰੋਲ' ਦਿੱਤਾ ਹੈ, ਪਿਤਾ ਦੀ ਸੱਤਾ ਨੂੰ ਕਾਇਮ ਰੱਖਣਾ। ਬਾਹਰੋਂ ਆਈ ਭਰਜਾਈ ਦੀ ਉਹ ਜਾਸੂਸੀ ਵੀ ਇਸੇ ਲਈ ਕਰਦੀ ਹੈ। ਨਣਦ, ਭਰਜਾਈ ਨੂੰ ਆਪਣੇ 'ਘਰ' ਦੇ ਅਧੀਨ ਰੱਖਦੀ ਹੈ। ਹੀਰ ਵਾਰਿਸ ਦਾ ਪ੍ਰਸੰਗ ਅਪਵਾਦ ਹੈ, ਜਿੱਥੇ ਆਪਣੇ ਹਿੱਤ ਲਈ ਉਹ ਹੀਰ ਨੂੰ ਘਰੋਂ ਭਜਾਉਣ ਵਿਚ ਮਦਦ ਕਰਦੀ ਹੈ। ਜਦੋਂ ਨਣਾਨ ਭਰਜਾਈ ਨੂੰ ਟੀਂਡਾ ਤੜਕਦਿਆਂ ਦੇਖਦੀ ਹੈ ਤਾਂ ਉਹ ਇਉਂ ਪੇਸ਼ ਕਰਦੀ ਹੈ ਜਿਵੇਂ ਭਰਜਾਈ ਨੇ ਬੜਾ ਸੰਗੀਨ ਜ਼ੁਰਮ ਕਰ ਦਿੱਤਾ ਹੈ। ਪਰ ਉਹ ਅਚੇਤ ਹੀ ਸਭ ਕੁਝ ਕਰਦੀ ਹੈ। ਛੋਟੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਹੀ 'ਮਜ਼ਾਕ' ਪੈਦਾ ਕਰਦਾ ਹੈ। ਭਰਜਾਈ ਨੇ ਇਕ ਹੋਰ ਕੰਮ ਵੀ ਕੀਤਾ ਹੈ :

> ਨਣਦ ਨੂੰ ਚੁੱਕ ਕੇ ਬਾਹਰ ਸੁੱਟਿਆ
> ਪਈ ਬਰੂਹੋਂ ਬਾਹਰ, ਵਾਹ ਜੀ ਵਾਹ।

ਵੈਸੇ ਇਹ ਵੀ ਏਡਾ ਜ਼ੁਰਮ ਨਹੀਂ ਹੈ ਕਿ ਭਰਜਾਈ ਨੂੰ ਬਾਹਰ ਕਢਵਾ ਦਿੱਤਾ ਜਾਵੇ, ਪਰ ਨਣਦ ਇਸ ਲਈ ਬਜ਼ਿਦ ਹੈ।

> ਨਣਦੇ ਨੇ ਜਾ ਕੇ ਪਿਉ ਨੂੰ ਦੱਸਿਆ
> ਭਾਬੋ ਨੂੰ ਕੱਢਦੇ ਬਾਹਰ, ਵਾਹ ਜੀ ਵਾਹ।
> ਕੀਕਰ 'ਕੱਢਾਂ' ਮੇਰੀਏ ਜਾਈਏ,
> ਲਾਇਆ ਡੇੜ ਹਜ਼ਾਰ, ਵਾਹ ਜੀ ਵਾਹ।

ਇੱਥੇ ਹਰ ਜੀਅ ਦੇ ਜਵਾਬਾਂ ਨੂੰ ਨੀਝ ਨਾਲ ਦੇਖਣ ਦੀ ਲੋੜ ਹੈ। ਵਿਆਹ ਕੋਈ ਖੇਡ ਨਹੀਂ ਹੈ, ਉਸ ਵਿਚ ਆਰਥਕਤਾ ਜੁੜੀ ਹੋਈ ਹੈ। ਇਸ ਆਰਥਕਤਾ ਦਾ ਸੁਆਮੀ ਹੈ, ਪਿਤਾ। ਇਸੇ ਲਈ ਜਦੋਂ ਨਣਾਨ ਭਾਬੋ ਨੂੰ ਬਾਹਰ ਕੱਢਣ ਦੀ ਗੱਲ ਕਰਦੀ ਹੈ ਤਾਂ ਪਿਤਾ ਵਿਆਹ ਉੱਪਰ ਖਰਚੇ ਪੈਸਿਆਂ ਦੀ ਗੱਲ ਕਰਦਾ ਹੈ। ਲਿਆਂਦੀ ਔਰਤ ਦੀ ਵੱਖਰੀ ਹਸਤੀ ਦੀ ਨਹੀਂ ਤੇ ਨਾ ਹੀ ਉਸ ਦੇ ਅਧਿਕਾਰਾਂ ਦੀ। ਹੋਰ ਜੀਅ ਵੀ ਆਪਣੇ ਢੰਗ ਦੇ ਜੁਆਬ ਦਿੰਦੇ ਹਨ, ਜੋ ਪਿਤਰੀ ਸੱਤਾ ਨਾਲ ਜਾ ਜੁੜਦੇ ਹਨ।

> ਨਣਦ ਨੇ ਜਾ ਕੇ ਮਾਈ ਨੂੰ ਦੱਸਿਆ,
> ਭਾਬੋ ਨੂੰ ਕੱਢ ਦੇ ਬਾਹਰ, ਵਾਹ ਜੀ ਵਾਹ।
> ਕੀਕਨ ਕੱਢਾਂ ਮੇਰੀਏ ਜਾਈਏ।
> ਪਾਣੀ ਪੀਤਾ ਵਾਰ, ਵਾਹ ਜੀ ਵਾਹ।

ਸਮਾਜ ਨੇ ਮਾਂ ਨੂੰ ਨੂੰਹ-ਪੁੱਤ ਦੀਆਂ ਬਦਰੂਹ, ਇੱਲ-ਬਲਾਵਾਂ ਨੂੰ ਆਪਣੇ ਸਿਰ ਲੈਣ ਦੀ ਜ਼ਿੰਮੇਵਾਰੀ ਸੌਂਪੀ ਹੈ, ਜੋ ਪਾਣੀ ਵਾਰ ਕੇ ਪੀਣ ਦੀ ਰਸਮ ਵਿਚ ਪ੍ਰਗਟ ਹੁੰਦੀ ਹੈ। ਤੇ ਨਾਲ ਹੀ ਗੀਤਾਂ ਦਾ ਸੁਹਜ, ਰਸਮ ਨੂੰ ਰੰਗੀਨ ਬਣਾ ਦਿੰਦਾ ਹੈ। 'ਪਾਣੀ ਵਾਰ ਬੰਨੇ ਦੀਏ ਮਾਏ, ਬੰਨਾਂ ਤੇਰਾ ਬਾਹਰ ਖੜਾ, ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ, ਬੰਨਾ ਤੇਰਾ ਬਾਹਰ ਖੜਾ' ਪਹਿਲਾਂ ਹੀ ਬੜੀ ਮੁਸ਼ਕਲ ਨਾਲ ਵਿਆਹ ਰਚਾਇਆ ਗਿਆ ਹੈ, ਜਿਸ 'ਤੇ ਪੈਸਾ ਖਰਚ ਹੋਇਆ ਹੈ ਤੇ ਇਹ ਰਸਮ ਕਰਨ ਦਾ ਮੌਕਾ ਮਿਲਿਆ ਹੈ। ਇਸ ਲਈ ਮਾਂ ਨੂੰ ਵੀ ਧੀ ਦਾ ਇਹ ਸੁਝਾਅ ਪ੍ਰਵਾਣ ਨਹੀਂ।

> ਨਣਦੇ ਨੇ ਜਾ ਕੇ ਵੀਰੇ ਨੂੰ ਦੱਸਿਆ,
> ਭਾਬੋ ਨੂੰ ਕੱਢਦੇ ਬਾਹਰ, ਵਾਹ ਜੀ ਵਾਹ।
> ਕੀਕਨ ਕੱਢਾਂ ਮੇਰੀਏ ਜਾਈਏ,
> ਲਾਵਾਂ ਲਈਆਂ ਚਾਰ, ਵਾਹ ਜੀ ਵਾਹ।

ਲਾਵਾਂ ਸਭਿਆਚਾਰ ਵਿਚ ਲਈਆਂ ਚਾਰ ਭੁਆਟਣੀਆਂ ਨਹੀਂ। ਇਸ ਵਿਚ ਅਗਨੀ ਦੇਵਤਾ, ਜਲ ਦੇਵਤਾ ਤੇ ਹੋਰ ਕਈ ਦੇਵਤੇ ਵਿਚੋਲੇ ਹਨ। ਧਾਰਮਕ ਗ੍ਰੰਥ ਵਿਚ ਸਾਕਸ਼ੀ ਹੈ। ਸਭ ਤੋਂ ਵੱਡੀ ਗੱਲ ਸਾਰੇ ਭਾਈਚਾਰੇ ਵਿਚ ਬੈਠ ਕੇ ਲਾਵਾਂ ਲਈਆਂ ਜਾਂਦੀਆਂ ਹਨ। ਪਤਨੀ ਨੂੰ ਛੱਡਣ ਸਮੇਂ ਇਹ ਸਭ ਕੁਝ ਸਾਹਮਣੇ ਆਉਂਦਾ ਹੈ। ਦੇਵਤਿਆਂ ਦਾ ਵਿਸ਼ਵਾਸ ਤੇ ਭਾਈਚਾਰੇ ਦਾ ਡਰ ਇਕੋ ਵੇਲੇ ਪਤੀ ਦੇ ਜਵਾਬ ਵਿਚੋਂ ਬੋਲਦਾ ਹੈ। ਉਹ ਉਸ ਨੂੰ ਛੱਡ ਤਾਂ ਨਹੀਂ ਸਕਦਾ ਪਰ ਹੋਰ ਬਦਲ ਉਸ ਦੇ ਸਾਹਮਣੇ ਹਨ। ਕਮਾਲ ਦੀ ਗੱਲ ਇਹ ਹੈ ਕਿ 'ਵਾਹ ਜੀ ਵਾਹ' ਦਾ ਦੁਹਰਾ ਹਰ ਪੈਰ 'ਤੇ ਵਿਅੰਗ ਕਰਦਾ ਜਾ ਰਿਹਾ ਹੈ।

> ਬਾਹਰੋਂ ਆਇਆ ਸੜਿਆ ਬਲ਼ਿਆ,
> ਨਿਕਲ ਘਰੇ ਦੀਏ ਨਾਰ, ਵਾਹ ਜੀ ਵਾਹ।

ਇਕ ਪੰਗਤੀ ਵਿਚ ਹੀ ਪਤੀ ਨੇ ਕਹਿ ਦਿੱਤਾ ਤੇ ਨਾਰ ਘਰੋਂ ਚਲੇ ਵੀ ਗਈ। ਬਾਕੀ ਸਭ ਕੁਝ ਸਰੋਤੇ 'ਤੇ ਛੱਡ ਦਿੱਤਾ ਗਿਆ ਹੈ। ਹੁਣ ਵੱਖਰੀ ਸਥਿਤੀ ਇਹ ਆਈ ਕਿ ਘਰਵਾਲੇ ਦੀਆਂ ਰੋਟੀਆਂ ਕੌਣ ਪਕਾਵੇ। ਬਾਕੀ ਸਰੀਰਕ ਮਾਨਸਿਕ ਲੋੜਾਂ ਨੂੰ ਲਾਂਭੇ ਕਰ ਕੇ ਗੀਤ 'ਰੋਟੀਆਂ' ਤਕ ਸੀਮਤ ਹੋ ਜਾਂਦਾ ਹੈ, ਸਮਾਜ ਵਿਚ ਵੀ ਵਿਆਹ ਕਰਾਉਣ ਦਾ ਇਹੀ ਤਰਕ ਦਿੱਤਾ ਜਾਂਦਾ ਹੈ। ਗੀਤ ਨੇ ਵੀ ਇਸੇ ਉੱਪਰ ਵਿਅੰਗ ਦੀ ਸਿਰਜਣਾ ਕੀਤੀ ਹੈ।

> ਲੈ ਆਟਾ ਮੈਂ ਮਾਂ ਵੱਲ ਜਾਨਾਂ।
> ਮਾਂ ਜੀ ਰੋਟੀ ਪਕਾ, ਵਾਹ ਜੀ ਵਾਹ,
> ਇਕ ਦਿਨ ਪੱਕੀਆਂ ਦੋ ਦਿਨ ਪੱਕੀਆਂ,
> ਤੀਏ ਦਿਨ ਰੰਨ ਲਿਆ, ਵਾਹ ਜੀ ਵਾਹ।
> ਲੈ ਆਟਾ ਮੈਂ ਭਾਬੋ ਵੱਲ ਜਾਨਾਂ।
> ਭਾਬੋ ਜੀ ਰੋਟੀ ਪਕਾ, ਵਾਹ ਜੀ ਵਾਹ।
> ਇਕ ਦਿਨ ਪੱਕੀਆਂ, ਦੋ ਦਿਨ ਪੱਕੀਆਂ,
> ਤੀਏ ਦਿਨ ਰੰਨ ਲਿਆ, ਵਾਹ ਜੀ ਵਾਹ।
> ਲੈ ਆਟਾ ਮੈਂ ਭੈਣ ਵੱਲ ਜਾਨਾਂ।
> ਭੈਣ ਜੀ ਰੋਟੀ ਪਕਾ, ਵਾਹ ਜੀ ਵਾਹ,
> ਇਕ ਦਿਨ ਪੱਕੀਆਂ, ਦੋ ਦਿਨ ਪੱਕੀਆਂ,
> ਤੀਏ ਦਿਨ ਰੰਨ ਲਿਆ, ਵਾਹ ਜੀ ਵਾਹ।

ਮਾਂ ਜਿਹਨੇ ਪਾਣੀ ਵਾਰ ਪੀਤਾ ਸੀ, ਹੁਣ ਰੋਟੀਆਂ ਪਕਾਉਣ ਲਈ ਤਿਆਰ ਨਹੀਂ, ਭਰਜਾਈ ਤਾਂ ਆਪਣੇ ਘਰਵਾਲੇ ਨੂੰ ਸੰਭਾਲੇਗੀ, ਉਸ ਨੂੰ ਨਹੀਂ। ਭੈਣ ਦੀ ਮੰਨੀ ਨਹੀਂ ਸੀ, ਉਹ ਕਿਉਂ ਪਕਾਏਗੀ। 'ਘਰ' ਦੀਆਂ ਸਾਰੀਆਂ ਔਰਤਾਂ ਉਸ ਦਾ ਸਾਥ ਨਹੀਂ ਦਿੰਦੀਆਂ ਤਾਂ ਅਖ਼ੀਰ ਉਸ ਨੂੰ ਆਪ ਹਿੰਮਤ ਕਰਨੀ ਪੈਂਦੀ ਹੈ, ਪਰ ਉਹ ਸਥਿਤੀ ਵੀ ਸੁਖਾਵੀਂ ਨਹੀਂ। ਇਸ ਨਾਟਕ ਦੇ ਦ੍ਰਿਸ਼ਾਂ ਤੋਂ ਬਾਅਦ ਸਿਖ਼ਰ ਇਹ ਹੈ, ਜੋ ਉਸ ਨੂੰ ਮਜ਼ਾਕ ਦਾ ਪਾਤਰ ਬਣਾਉਂਦਾ ਹੈ।

> ਕੋਠੇ ਚੜ੍ਹ ਤੰਦੂਰੀ ਤਾਈ,
> ਸੜ ਗਏ ਮੁੱਛਾਂ ਦੇ ਵਾਲ, ਵਾਹ ਜੀ ਵਾਹ,
> ਕੋਠੇ ਚੜ੍ਹ ਕੇ ਵਾਜਾਂ ਮਾਰੇ,
> ਆ ਜਾ ਘਰੇ ਦੀਏ ਨਾਰ, ਵਾਹ ਜੀ ਵਾਹ

ਮੁੱਛਾਂ ਦੇ ਵਾਲਾਂ ਦਾ ਸੜਨਾ, ਗੀਤ ਨੂੰ ਰੌਚਕ ਬਣਾਉਂਦਾ ਹੈ। ਗਾਉਣ ਵਾਲੀਆਂ ਕੁੜੀਆਂ ਤਾਲ ਦੇ ਨਾਲ-ਨਾਲ ਸਥਿਤੀ ਦਾ ਸੁਆਦ ਲੈ ਕੇ ਹੱਸਦੀਆਂ ਹਨ। ਨਾਟਕ ਆਖ਼ਰੀ ਇਸ ਪੰਗਤੀ ਨਾਲ ਖ਼ਤਮ ਹੁੰਦਾ ਹੈ।

> ਹੁਣ ਕਿਉਂ ਆਮਾਂ ਮੁੱਛਾਂ ਸੜਿਆ
> ਭੈਣਾਂ ਨੂੰ ਰੱਖ ਲੈ ਨਾਲ, ਵਾਹ ਜੀ ਵਾਹ।

ਸਮਾਜ ਵਿਚ ਅਜਿਹੀਆਂ ਘਟਨਾਵਾਂ ਨਿੱਤ ਵਾਪਰਦੀਆਂ ਹਨ ਜਿਨ੍ਹਾਂ ਵਿਚ ਔਰਤ ਨੀਵੀਂ ਹੋ ਕੇ ਫਿਰ ਸਮਝੌਤਾ ਕਰਦੀ ਹੈ, ਪਰ ਗੀਤ ਵਿਚ ਉਹ ਜੇਤੂ ਬਣ ਕੇ ਆਪਣਾ ਸਾਰਾ ਗੁਬਾਰ ਕੱਢ ਦਿੰਦੀ ਹੈ। ਕੁੜੀਆਂ ਜੋ ਅਜਿਹੇ ਵਿਅੰਗ ਭਰੇ ਗੀਤ ਗਾਉਂਦੀਆਂ ਹਨ, ਉਨ੍ਹਾਂ ਵਿਚ ਇਕ ਤਰ੍ਹਾਂ ਦਾ ਵਿਦਰੋਹ ਵੀ ਹੁੰਦਾ ਹੈ, ਪਰ ਅਚੇਤ ਹੀ ਉਹ ਸਾਨੂੰ ਸਭਿਆਚਾਰ ਦੇ ਕਈ ਸੂਤਰ ਫੜਾ ਜਾਂਦੀਆਂ ਹਨ, ਜਿਨ੍ਹਾਂ ਨੂੰ ਫੜ ਕੇ ਅਸੀਂ ਸਮਾਜਕ ਤਾਣੇ-ਬਾਣੇ ਨੂੰ ਸਮਝ ਸਕਦੇ ਹਾਂ।

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

# ‘ਤ੍ਰੇਲ ’ਚ ਭਿੱਜੇ ਫੁੱਲ’ ਵਰਗੀ ਸ਼ਾਇਰਾ ਪਰਮਜੀਤ ਕੌਰ ਮਹਿਕ



ਪਰਮਜੀਤ ਕੌਰ ਮਹਿਕ

ਪੰਜਾਬੀ ਗ਼ਜ਼ਲ ਦੀ ਲੰਮੀ ਉਮਰ ਦੀ ਜਾਮਨੀ ਨਾਰਾਂ ਗ਼ਜ਼ਲਕਾਰਾਂ ਹਨ।ਉਹ ਕਾਰਜ–ਸਰੋਕਾਰ ਹਮੇਸ਼ਾ ਅੱਗੇ ਤੋਂ ਅੱਗੇ ਬੁਲੰਦੀ ਹਾਸਲ ਕਰਨ ਲਗਦਾ ਹੈ ਜਿਸ ਵਿਚ ਨਾਰਾਂ ਸ਼ਾਮਲ ਹੋ ਜਾਣ। ਝਾਂਸੀ ਦੀ ਰਾਣੀ ਅੰਗਰੇਜ਼ਾਂ ਖ਼ਿਲਾਫ਼ ਘੋੜੇ ’ਤੇ ਚੜ੍ਹ ਜੰਗ ਦੇ ਮੈਦਾਨ ਵਿਚ ਨਿਤਰੀ ਤਾਂ ਮਰਦਾਂ ਦੀ ਐਸੀ ਅਣਖ ਜਾਗੀ ਕਿ ਆਖ਼ਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। ਪੰਜਾਬਣ ਨਾਰੀ ਬੜੇ ਧੀਰਜ ਵਾਲੀ ਹੈ। ਉਹ ਹਰ ਮੈਦਾਨ ਪਹਿਲਾਂ ਮਰਦਾਂ ਨੂੰ ਸੌਂਪਦੀ ਹੈ ਤੇ ਆਪ ਇਕ ਸੂਤਰਧਾਰ ਵਜੋਂ ਰਹਿੰਦੀ ਹੈ। ਜਦੋਂ ਪਾਣੀ ਸਿਰੋਂ ਲੰਘ ਜਾਵੇ ਤਾਂ ਉਹ ਆਪ ਵੀ ਮੈਦਾਨ ਵਿਚ ਨਿਤਰ ਪੈਂਦੀ ਹੈ। ਭਰੂਣ ਹੱਤਿਆ, ਨਾਰੀ ਦੀ ਆਜ਼ਾਦੀ ਦਾ ਸਵਾਲ, ਨਸ਼ਿਆਂ ਦੀ ਲਾਹਣਤ, ਦੁਰਾਚਾਰੀ, ਬਾਲ ਵਿਆਹ, ਬਲਾਤਕਾਰ ਅਤੇ ਦਾਜ ਵਰਗੀਆਂ ਲਾਹਣਤਾਂ ਤੋਂ ਤਾਂ ਹੀ ਪੰਜਾਬੀ ਸਮਾਜ ਮੁਕਤ ਹੋ ਸਕਦਾ ਹੈ ਜੇਕਰ ਇਨ੍ਹਾਂ ਨੂੰ ਭਾਂਜ ਦੇਣ ਵਾਲੀ ਔਰਤ ਵੀ ਮੈਦਾਨ ਵਿਚ ਨਿੱਤਰੇ। ਬਹੁਤ ਚਿਰ ਪੰਜਾਬਣ ਨਾਰੀ ਲੋਕ ਗੀਤਾਂ ਦੇ ਉਹਲੇ ਆਪਣੇ ਦੁੱਖ ਦਰਦਾਂ ਨੂੰ ਜ਼ਬਾਨ ਦੇਣ ਦਾ ਯਤਨ ਕਰਦੀ ਰਹੀ ਹੈ। ਸਾਹਿਤ ਰਚਨਾ ਦਾ ਮਹਾਨ ਕਾਰਜ ਕੇਵਲ ਮਰਦ ਦੇ ਹੀ ਖੇਤਰ ਵਿਚ ਸੀ। ਖ਼ੁਸ਼ੀ ਦੀ ਗੱਲ ਹੈ ਕਿ ਅੱਜ ਪੰਜਾਬਣ ਨਾਰਾਂ ਵੀ ਪੰਜਾਬੀ ਸਾਹਿਤ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਔਰਤ ਦੇ ਅੰਦਰੂਨੀ ਮਾਮਲਿਆਂ ਬਾਰੇ ਭਾਵੇਂ ਮਰਦ ਵੀ ਸਮਝ ਸਕਦਾ ਹੈ ਪਰ ਦਰ ਹਕੀਕਤ ਔਰਤ ਦੂਜੀ ਔਰਤ ਦੀ ਮਾਨਸਿਕਤਾ ਨੂੰ ਸਹਿਜ ਨਾਲ ਤੇ ਤੁਲਨਾਤਮਕ ਵਿਧੀ ਨਾਲ ਜ਼ਿਆਦਾ ਬਿਹਤਰ ਸਮਝ ਸਕਦੀ ਹੈ।

ਪਰਮਜੀਤ ਕੌਰ ਮਹਿਕ ਪੰਜਾਬੀ ਦੀ ਹੋਣਹਾਰ ਤੇ ਪ੍ਰਸਿੱਧ ਗ਼ਜ਼ਲਕਾਰਾ ਹੈ। ਉਸ ਨੇ ਆਪਣੇ ਸੁੱਚੇ ਭਾਵਾਂ ਨੂੰ ਬਹੁਤ ਹੀ ਸਾਰਥਕਤਾ ਨਾਲ ਪੇਸ਼ ਕੀਤਾ ਹੈ। ਉਸ ਕੋਲ ਕਲਪਨਾ ਦੇ ਖੰਭ ਵੀ ਹਨ ਅਤੇ ਯਥਾਰਥ ਦੀ ਜ਼ਮੀਨ ਵੀ ਹੈ। ਇਸ ਲੇਖਕਾ ਨੇ ਸਾਬਤ ਕਰ ਵਿਖਾਇਆ ਹੈ ਕਿ ਔਰਤਾਂ ਵੀ ਬਿਹਤਰ ਪੰਜਾਬੀ ਗ਼ਜ਼ਲ ਲਿਖ ਸਕਦੀਆਂ ਹਨ। ਮਹਿਕ ਖ਼ੁਦ ਵੀ ਗ਼ਜ਼ਲ ਵਰਗੀ ਹੈ। ਜੇ ਕੋਈ ‘ਗ਼ਜ਼ਲ’ ਹੀ ਗ਼ਜ਼ਲ ਸਿਰਜੇ ਤਾਂ ਚਮਤਕਾਰ ਤਾਂ ਹੋਵੇਗਾ ਹੀ। ਪੜ੍ਹਾਈ ਵਿਚ ਸੋਨ ਮੈਡਲ ਜਿੱਤਣ ਵਾਲੀ ਮਹਿਕ ਪੰਜਾਬੀ ਗ਼ਜ਼ਲ ਦਾ ਤਮਗ਼ਾ ਵੀ ਗਲ ਪਾਵੇਗੀ। ਮਹਿਕ ਸ਼ਿਅਰੀ ਆਬਸ਼ਾਰ ਹੈ ਤੇ ਉਸ ਦੇ ਆਸ ਪਾਸ ਤਰੋ–ਤਾਜ਼ਗੀ ਹੈ।

ਮਹਿਕ ਦੇ ਸ਼ਿਅਰਾਂ ਦੇ ਵਿਸ਼ੇ ਵੱਖ–ਵੱਖ ਹਨ। ਉਹ ਪ੍ਰੇਮ ਪਿਆਰ ਤੇ ਮੁਹੱਬਤ ਦੀ ਸ਼ੀਰਨੀ ਹੈ ਪਰ ਉਸ ਨੂੰ ਇਹ ਵੀ ਪਤਾ ਹੈ ਕਿ ਜੇਕਰ ਸਮਾਜ ਦੇ ਸਨਮੁੱਖ ਵਿਸ਼ਿਆਂ ਨੂੰ ਸ਼ਿਅਰਤ ਨਾ ਕੀਤਾ ਗਿਆ ਤਾਂ ਇਹ ਸ਼ਾਇਰੀ ਪ੍ਰਤੀ ਧੋਖਾ ਹੋਵੇਗਾ। ਏਸੇ ਲਈ ਉਹ ਜਿਥੇ ਨਾਰੀ ਜਾਤੀ ਨੂੰ ਉਚਾ ਚੁੱਕਣ ਲਈ ਤਤਪਰ ਹੈ, ਉਥੇ ਨਾਰੀ ਜਾਤੀ ਨਾਲ ਜੁੜੇ ਮਸਲਿਆਂ ਨੂੰ ਵੀ ਪੇਸ਼ ਕਰਦੀ ਹੈ। ਉਹ ਨਾਰੀ ਜਾਤੀ ਦੀ ਆਜ਼ਾਦੀ ਨੂੰ ਦੇਹ ਦੀ ਆਜ਼ਾਦੀ ਨਹੀਂ ਗਰਦਾਨਦੀ ਸਗੋਂ ਨਰ ਅਤੇ ਨਾਰੀ ਦੀ ਬਰਾਬਰਤਾ ਵੱਲ ਵਧਦੀ ਹੈ। ਉਸ ਦੀਆਂ ਗ਼ਜ਼ਲ ਸਰਲ, ਸਪੱਸ਼ਟ ਅਤੇ ਸਾਦਗੀ ਭਰਪੂਰ ਹਨ। ਉਹ ਡੂੰਘੇ ਵਿਸ਼ਿਆਂ ਨੂੰ ਵੀ ਸਹਿਜ ਨਾਲ ਪੇਸ਼ ਕਰ ਜਾਂਦੀ ਹੈ।



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਨੈਤਿਕਤਾ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਬਚਾਉਣਾ ਉਸ ਦਾ ਅਹਿਮ ਧਰਮ ਹੈ। ਉਹ ਸ਼ੁਕਰ ਕਰਦੀ ਹੈ ਉਸ ਨੂੰ ਸ਼ਾਇਰਾ ਹੋਣ ਦਾ ਮਾਣ ਹਾਸਲ ਹੋਇਆ ਹੈ।

ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਮਿਲ ਗਈ ਸੁੱਚੀ ਕਲਮ
ਘੱਟ ਨਹੀਂ ਕਿਸਮਤੀ ਕਿ ਲਿਖਣ ਨੂੰ ਅੱਖਰ ਮਿਲੇ।

**ਹਾਜ਼ਰ ਹਨ ਉਸ ਦੇ ਤਾਜ਼ਾ ਗ਼ਜ਼ਲ ਸੰਗ੍ਰਹਿ ‘ਤ੍ਰੇਲ ’ਚ ਭਿਜੇ ਫੁੱਲ’ ’ਚੋਂ ਕੁਝ ਗ਼ਜ਼ਲਾਂ :–**

**1**

ਇਹ ਦਿਲ ਦਰਿਆ ਨੇ ਤੇਰੀ ਕਲਪਨਾ ਦੀ ਖ਼ਾਬਗਾਹ ਬਣਦੇ।
ਨਦੀ, ਪਾਤਾਲ, ਪਰਬਤ ਤੇ ਸਮੁੰਦਰ ਵੀ ਅਥਾਹ ਬਣਦੇ।

ਤੇਰੇ ਹੀ ਚੋਜ ਨੇ ਪ੍ਰੀਤਮ ਜੋ ਜੀਵਨ ਦੇ ਨੇ ਰਾਹ ਬਣਦੇ।
ਤੇ ਰਾਹ ਬਣ ਕੇ, ਉਮਾਹ ਬਣਦੇ, ਤੇ ਮੰਜ਼ਿਲ ਦੀ ਨੇ ਥਾਹ ਬਣਦੇ।

ਮੇਰੀ ਮਰਜ਼ ਬਿਨਾਂ ਤਾਂ ਕਹਿੰਦੇ ਪੱਤਾ ਵੀ ਨਹੀਂ ਹਿੱਲਦਾ;
ਜੇ ਤੇਰੀ ਮਿਹਰ ਹੋ ਜਾਏ ਤਾਂ ਰੰਕਾਂ ਤੋਂ ਨੇ ਸ਼ਾਹ ਬਣਦੇ।

ਮੇਰੇ ਗੁਰੂ ਗ੍ਰੰਥ ਜੀ ਦੇ ਅੰਗ ’ਤ ਪ੍ਰਕਾਸ਼ ਦੇ ਮੋਤੀ;
ਕਦੇ ਇਹ ਹੁਕਮ ਨੇ ਬਣਦੇ ਕਦ ਸੱਚੀ ਸਲਾਹ ਬਣਦੇ।

ਜੜ੍ਹਾਂ ਤੋਂ ਵੱਢ ਦਿਆਂਗੇ ਰੁੱਖ ਇਹ ਪੰਜਾਂ ਵਿਕਾਰਾਂ ਦੇ;
ਇਹੀ ਜਜ਼ਬੇ ਅਸਾਡੇ ਸਦਗੁਣਾਂ ਦੀ ਨੇ ਪਨਾਹ ਬਣਦੇ।

ਇਹ ਦਿਲ ਦੇ ਜ਼ਖ਼ਮ ਅੱਲੇ ਜੋ ਸੀ ਪੱਲੇ ਨੇ ਉਹ ਗੁੰਮ ਚੱਲੇ;
ਜਦੋਂ ਹੁੰਦੇ ਸੀ ਇਹ ਕੱਲੇ ਤਾਂ ਸੱਧਰਾਂ ਦੀ ਸੀ ਆਹ ਬਣਦੇ।

ਹਵਾਵਾਂ ਤੋਂ ਫ਼ਿਜ਼ਾਵਾਂ ਤੋਂ ਦਿਸ਼ਾਵਾਂ ਤੋਂ ਹੈ ਕੀ ਲੈਣਾ;
ਇਹ ਤੇਰੇ ਨਾਮ ਤੇ ਅੱਖਰ ਮੇਰੀ ਖਾਤਰ ਉਮਾਹ ਬਣਦੇ।

ਮੈਂ ਤੁਰ ਕੇ ਵੇਖਿਆ ਹੈ ਕੰਡਿਆਂ ਦੇ ਰਾਹ ਉਤੇ ਵੀ;
ਤੇਰੀ ਹੀ ਪ੍ਰੀਤ ਕਰ ਕੇ ਮਹਿਰਮਾਂ ਉਹ ਕੂਲ਼ਾ ਘਾਹ ਬਣਦ।

ਮੈਂ ਤੁਰਨਾ ਲੋਚਦੀ ਹਾਂ ਤੇਰੀਆਂ ਪੈੜਾਂ ਦੇ ਉਤੇ ਹੀ;
ਇਹੀ ਲੋਚਾ ਮੇਰੀ ਜਿੰਦੜੀ ਤੇ ਜ਼ਿੰਦੜੀ ਦੇ ਨੇ ਸਾਹ ਬਣਦੇ।

ਇਹ ਮੇਰੇ ਜ਼ਖ਼ਮ ਦਿਲ ਦੇ ਨੇ ਬੜੀ ਡੂੰਘੀ ਨਦੀ ਵਰਗੇ;
ਮੁਸਾਫ਼ਿਰ ਵੀ ਇਹੀ ਤੇ ਏਹੀ ਬੇੜੀ ਦੇ ਮੱਲਾਹ ਬਣਦੇ।

ਹੈ ਜਿਹਨਾਂ ਵਿਚ ਸਮਰਪਣ, ਨਿਮਰਤਾ ਤੇ ਵਫ਼ਾਦਾਰੀ ਵੀ;
ਉਹੀ ਰਿਸ਼ਤੇ ਤਾਂ ਜੀਵਨ ਵਿਚ ਨੇ ਸੱਚੇ ਨਿਕਾਹ ਬਣਦੇ।

ਇਹ ਜਜ਼ਬੇ ਪਿਆਰ ਦੇ ਹੋਏ ਨੇ ਦੂਭਰ ਏਸ ਯੁਗ ਅੰਦਰ;
ਇਹ ਪਹਿਲਾਂ ਪੁੰਨ ਹੁੰਦੇ ਸੀ ਤੇ ਅੱਜਕਲ੍ਹ ਨੇ ਗੁਨਾਹ ਬਣਦੇ।

ਸਜਾਵਾਂਗੀ ਤੇਰਾ ਜੀਵਨ ਮੁਹੱਬਤ ਦੀ ਰੰਗੋਲੀ ਸੰਗ;
ਕਿ ਮੋਹ ਤੇ ਪਿਆਰ ਦੇ ਰੰਗ ਨੇ ਵਫ਼ਾਵਾਂ ਦੇ ਗਵਾਹ ਬਣਦੇ।

ਹਮੇਸ਼ਾ ਧੁਖਦੀ ਰਹਿੰਦੀ ਹੈ ਦਿਲਾਂ ਵਿਚ ਹਿਜਰ ਦੀ ਅਗਨੀ;
ਕਿ ਇਹ ਅਰਮਾਨਾਂ ਦੇ ਲਾਏ ਹੋਏ ਬੂਟੇ ਸੁਆਹ ਬਣਦੇ।

ਚਮਕਦੇ ਲੱਖਾਂ ਹੀ ਸੂਰਜ ਨੇ ਭਾਵੇਂ ‘ਮਹਿਕ’ ਅੰਬਰ ਤੇ
ਪਰ ਇਕ ਜੁਗਨੂੰ ਦੀ ਲੋਅ ਖ਼ਾਤਰ ਇਹ ਰੌਸ਼ਨ ਦਿਨ ਸਿਆਹ ਬਣਦੇ।

–––––

**2**

ਨ੍ਹੇਰਿਆਂ ਦੀ ਦੁਸ਼ਮਣੀ ਵੀ ਦੋਸਤ ਹੋ ਜਾਏਗੀ।
ਤੇਲ ਪਾਓ ਦੀਵਿਆਂ ਵਿਚ ਰੌਸ਼ਨੀ ਹੋ ਜਾਏਗੀ।

ਭਾਵਨਾ ਦੀ ਲੌਂ ਜਗਾ ਲਓ ਬੰਦਗੀ ਹੋ ਜਾਏਗੀ।
ਰੌਸ਼ਨੀ ਦੇ ਨਾਲ ਰੌਸ਼ਨ ਜ਼ਿੰਦਗੀ ਹੋ ਜਾਏਗੀ।

ਇਸਤਰੀ ਦੇ ਪੈਰਾਂ ਹੇਠਾਂ ਤੂੰ ਕਹੇਂ ਜੰਨਤ ਤੇਰੀ;
ਕੁੱਖ ਵਿਚ ਆਈ ਤਾਂ ਜੰਨਤ ਦੋਜ਼ਖ਼ੀ ਹੋ ਜਾਏਗੀ?

ਸ਼ਹਿਦ ਵਰਗੀ ਮਿੱਠੀ ਬੋਲੀ ਜ਼ਹਿਰ ਵਿਚ ਲਿਬੜੇ ਨਹੀਂ;
ਨਹੀਂ ਤਾਂ ਜਿਊਂਦੀ ਜਾਗਦੀ ਇਹ ਅਧਮਰੀ ਹੋ ਜਾਏਗੀ।

ਸੁਫ਼ਨਿਆਂ ਵਿਚ ਤੇਰੀ ਸੂਰਤ ਤਾਂ ਲੱਗੇ ਅਪਣੇ ਜਹੀ;
ਕੀ ਪਤਾ ਸੀ ਅੱਖ ਖੁਲ੍ਹਦੇ ਅਜਨਬੀ ਹੋ ਜਾਏਗੀ।

ਦਾਸਤਾ ਤੋਂ ਮੁਕਤ ਹੋ ਕੇ ਮਾਨਣੀ ਜੇ ਜ਼ਿੰਦਗੀ;
ਪੰਜ ਐਬਾਂ ਤੋਂ ਛੁਡਾਉਣੀ ਲਾਜ਼ਮੀ ਹੋ ਜਾਏਗੀ।

ਮੌਤ ਨੂੰ ਲਾਗੋਂ ਦੀ ਤੱਕਿਆ ਤਾਂ ਕਦਮ ਦਰ ਦੀ ਪਈ;
ਦਮ ਦਮਾ ਦਮਾ ਖਿੰਡੇ ਮੋਤੀ, ਬੇਬਸੀ ਹੋ ਜਾਏਗੀ।

ਪੀੜ ਦਿਲ ਦੀ ਹੂਕ ਬਣ ਕੇ ਪਾਏਗੀ ਉੱਚਾ ਮੁਕਾਮ;
‘ਮਹਿਕ’ ਦੇ ਹੋਠਾਂ ਨੂੰ ਛੂਹ ਕੇ ਰਾਗਣੀ ਹੋ ਜਾਏਗੀ।

–––

**3**

ਰਹਿਮਤਾਂ ਦਾ ਜਦ ਸਹਾਰਾ ਹੋ ਗਿਆ।
ਬੇਬਸੀ ਤੋਂ ਤਦ ਕਿਨਾਰਾ ਹੋ ਗਿਆ।

ਸਾਰੇ ਧਰਮਾਂ ਦੀ ਲੜਾਈ ਮੁੱਕ ਗਈ;
ਮਨ ਹੀ ਜਦ ਰੱਬ ਦਾ ਦੁਆਰਾ ਹੋ ਗਿਆ।

ਮਨ ਦੀ ਪਿਆਸੀ ਧਰਤ ਤਾਈਂ ਵੇਖ ਕੇ;
ਹੰਝੂ ਬੱਦਲ ਦਾ ਵੀ ਖਾਰਾ ਹੋ ਗਿਆ।

ਬਿਜਲੀ ਚਮਕੀ, ਜੁਗਨੂੰ ਚਮਕੇ, ਨੈਣ ਵੀ;
ਕਿਸਦਾ ਤੱਕਣਾ ਸੀ ਸ਼ਰਾਰਾ ਹੋ ਗਿਆ।

ਵਸਦੀ ਦੁਨੀਆ ਮੇਰੀ, ਤੇਰੇ ਨਾਲ ਸੀ;
ਤੇਰੇ ਬਿਨ ਤਾਂ ਜੱਗ ਖਿਲਾਅ ਹੋ ਗਿਆ।

ਜੀ ਲਵਾਂ ਮੈਂ ਇਕ ਘੜੀ ਵੀ ਬਿਨ ਤੇਰੇ;
ਐਸਾ ਜੀਵਨ ਨਾ ਗਵਾਰਾ ਹੋ ਗਿਆ।

ਵੇਖਾਂ ਜਿਸ ਪਾਸੇ ਵੀ ਜੰਨਤ ਦਿਸਦੀ;
ਜਦ ਤੋਂ ਸੱਜਣ ਦਾ ਦੀਦਾਰਾ ਹੋ ਗਿਆ।

–––

**4**

ਅਪਣੀ ਹੋਂਦ ਨੂੰ ਮੈਂ ਹੀ ਆਪ ਬਚਾਵਾਂਗੀ।
ਕਿਸੇ ਦੇ ਅੱਗੇ ਹੋਰ ਨਾ ਤਰਲੇ ਪਾਵਾਂਗੀ।

ਬਣ ਕੇ ‘ਕਲਪਨਾ’ ਜਦ ਅਰਸ਼ਾਂ ’ਤੇ ਜਾਵਾਂਗੀ।
ਚੰਨ ਸਿਤਾਰੇ ਮੁੱਠੀ ਵਿਚ ਲੈ ਆਵਾਂਗੀ।

ਬਾਬਲ ਵਿਹੜੇ ਚਹਿਕੀ ਹਾਂ ਜੇ ਧੀ ਬਣ ਕੇ;
ਨੂੰਹ ਬਣ ਕੇ ਮੈਂ ਸਹੁਰਾ ਘਰ ਮਹਿਕਾਵਾਂਗੀ।

ਅਬਲਾ ਮੈਨੂੰ ਕਿੰਜ ਆਖੋਗੇ ਦੱਸੋ, ਜਦ;
ਬਲੀ ਯੋਧਿਆਂ ਦੀ ਮਾਤਾ ਬਣ ਜਾਵਾਂਗੀ।

ਮਨ ਅਪਣੇ ਦੀ ਤਾਕੀ ਖੋਲ੍ਹ ਕੇ ਤੱਕ ਲੈਣਾ;
ਅੰਬਰਾਂ ਉਤੇ ਜਦ ਮੈਂ ਪੀਂਘ ਚੜ੍ਹਾਵਾਂਗੀ।

ਰੁੱਖ ਦੀ ਜੜ੍ਹ ਤੇ ਫਲ ਤੇ ਫੁੱਲ ਤੇ ਮਿੱਠੀ ਛਾਂ;
ਬਿਰਖ ਵਾਂਗ ਮੈਂ ਸਾਰੇ ਫ਼ਰਜ਼ ਨਿਭਾਵਾਂਗੀ।

ਤੇਰਾ ਵੰਸ਼ ਵਧਾਉਂਦੀ ਹੋਈ ਆਈ ਹਾਂ;
ਅਪਣੇ ਵੰਸ਼ ’ਤੇ ਵਾਰ ਨਾ ਮੈਂ ਸਹਿ ਪਾਵਾਂਗੀ।

ਮੇਰੀ ਜੜ੍ਹ ਨੂੰ ਕੋਈ ਕੱਟਣ ਲੱਗਿਆਂ ਤਾਂ;
ਲਹਿਰ ਸੁਨਾਮੀ ਅਤੇ ਭੂਚਾਲ ਲਿਆਵਾਂਗੀ।

ਸਹਿਣਸ਼ੀਲਤਾ ਬਹੁਤ ਹੈ ਐਪਰ ਸੁਣ ਬੰਦਿਆ;
ਅੱਤ ਹੋਈ ਤਾਂ ਮਹਾਭਾਰਤ ਕਰਵਾਵਾਂਗੀ।

ਅਪਣੇ ਹੱਕ ਤੇ ਅਪਣੀ ਗ਼ੈਰਤ ਦੀ ਖ਼ਾਤਰ,
ਕਾਲੀ, ਦੁਰਗਾ, ਚੰਡੀ ਵੀ ਬਣ ਜਾਵਾਂਗੀ।

ਬਹੁਪੱਖੀ ‘ਪ੍ਰਤਿਭਾ’ ਦੀ ਮੈਂ ਵੀ ਮਾਲਕ ਹਾਂ;
ਸਭ ਤੋਂ ਉੱਚੇ ਅਹੁਦੇ ’ਤੇ ਪੁੱਜ ਜਾਵਾਂਗੀ।

ਅਗਨ ਪ੍ਰੀਖਿਆ ਤੈਥੋਂ ਵੀ ਮੈਂ ਲੈ ਲੈਣੀ;
ਸੀਤਾ ਵਾਂਗੂੰ ’ਕੱਲੀ ਨਾ ਦੁੱਖ ਪਾਵਾਂਗੀ।

ਰੋਹ ਵਿਚ ਆਈ ਹੋਈ ਮਾਤਾ ਭਾਗੋ ਹਾਂ;
ਸੁੱਤੀ ਹੋਈ ਸਭ ਦੀ ਅਣਖ ਜਗਾਵਾਂਗੀ।

ਇਕ ਅਣਖੀਲੀ ਝਾਂਸੀ ਦੀ ਰਾਣੀ ਹਾਂ ਮੈਂ;
ਅਪਣੀ ਗ਼ੈਰਤ ਦੀ ਖ਼ਾਤਰ ਮਰ ਜਾਵਾਂਗੀ।

ਨਿਰਛਲ ਜਲ ਦਾ ਪਾਕ ਪਵਿੱਤਰ ਸੋਮਾ ਹਾਂ;
ਪਿਆਸੀ ਹੋਈ ‘ਮਹਿਕ’ ਦੀ ਪਿਆਸ ਬੁਝਾਵਾਂਗੀ।

–––

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

Fancy
DOORS & MOULDINGS LTD.
JELD-WEN WINDOWS & DOORS · ALEXANDRIA Moulding · Masonite
FALL SHOWCASE
CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" — Pre-Hung (32" or 36" x80") with 4.5" Jamb
6-Panel Steel Door — with Brick Moulding Pre-Hung (32" or 36") with 4.5" Jamb

French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Square Ring with Band
Pantry Slab

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks

| | |
|---|---|
| Keyed Lever | $15.00 |
| Deadbolt | $15.00 |
| Privacy Lever | $12.00 |
| Passage Lever | $12.00 |

*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard ⅝" x 5½" MDF Primed
#8081 Casing ⅝" x 3¼" MDF Primed
#8281 Baseboard ½" x 6" MDF Primed

ALEXANDRIA Moulding MOULDING SPECIALS!
#5010 1³⁄₁₆" x 4³⁄₁₆" MDF Primed
#412 Baseboard ⅝" x 4¼" MDF Primed
#411 Casing ¹¹⁄₁₆" x 3" MDF Primed
#3140 ⅜" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set
Robe Hook
Towel Bar
Towel Ring
Paper Holder
Sunglow 4 Piece Bath Set
Towel Bar
Robe Hook
Paper Holder
Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012





ਐਡਮਿੰਟਨ ਵਿਖੇ ਮਨਾਏ ਗਏ ਹੈਰੀਟੇਜ ਫ਼ੈਟੀਵਲ ਦੀਆਂ ਵੱਖ-ਵੱਖ ਤਸਵੀਰਾਂ





ਪਿੰਡ ਘੱਲਕਲਾਂ ਵਾਸੀਆਂ ਵਲੋਂ ਮਨਾਈ ਗਈ ਪਰਿਵਾਰਕ ਪਿਕਨਿਕ


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.




**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**



ਲੇਖਕ-ਨਿਰਦੇਸ਼ਕ ਦਵਿੰਦਰ ਦਮਨ ਐਡਮਿੰਟਨ ਵਿਖੇ ਖੇਡੇ ਜਾ ਰਹੇ ਨਾਟਕ 'ਨਿਸ਼ਾਨ-ਏ-ਗ਼ਦਰ' ਦੇ ਕਲਾਕਾਰਾਂ ਅਤੇ ਪ੍ਰਬੰਧਕਾਂ ਨਾਲ।

# ਲੇਖਕ ਤੇ ਕਲਾਕਾਰ ਜ਼ਿੰਦਗੀ ਦੀ ਖੁੱਲ੍ਹੀ ਕਿਤਾਬ ਪੜ੍ਹਨ ਦੀ ਆਦਤ ਪਾਉਣ : ਦਵਿੰਦਰ ਦਮਨ

**ਦਵਿੰਦਰ ਦਮਨ** ਦਾ ਨਾਮ ਪੰਜਾਬੀ ਦੇ ਪਹਿਲੀ ਪਾਲ ਦੇ ਨਾਟਕਕਾਰਾਂ ਵਿਚ ਬੋਲਦਾ ਹੈ। ਉਹਦੀ ਜ਼ਿੰਦਗੀ ਦੇ ਹੋਸ਼ ਸੰਭਾਲਣ ਦੇ ਦਿਨ ਵੀ ਬੇਹੱਦ ਨਾਟਕੀ ਸਨ, ਸ਼ਾਇਦ ਇਸੇ ਕਰ ਕੇ ਪੂਰੀ ਤਰ੍ਹਾਂ ਸੁਚੇਤ ਹੋਣ ਤੋਂ ਬਾਅਦ ਉਹਨੇ ਨਾਟਕ ਖੇਤਰ ਨੂੰ ਹੀ ਅਪਣਾ ਜੀਵਨ-ਪੰਧ ਬਣਾ ਲਿਆ। ਆਲ ਇੰਡੀਆ ਰੇਡੀਓ ਤੋਂ ਮਾਨਤਾ ਪ੍ਰਾਪਤ ਗਾਇਕ ਹੋਣ ਦੇ ਬਾਵਜੂਦ ਉਹਦਾ ਨਾਟਕ ਲਈ ਹਰਪਾਲ ਟਿਵਾਣਾ ਦੇ ਲੜ ਲੱਗ ਜਾਣਾ, ਇਹੀ ਦਰਸਾਉਂਦਾ ਹੈ ਕਿ ਉਹ ਬਣਿਆ ਹੀ ਨਾਟਕ ਲਈ ਹੈ। 1964-65 ਵਿਚ ਇਪਟਾ ਦੇ ਪ੍ਰਭਾਵ ਹੇਠ ਰੰਗਮੰਚ ਨਾਲ ਜੁੜਨ ਵੇਲੇ ਖ਼ੁਦ ਦਮਨ ਨੂੰ ਵੀ ਇਹ ਅਹਿਸਾਸ ਨਹੀਂ ਸੀ ਕਿ ਉਹ ਇਕ ਦਿਨ ਪੰਜਾਬੀ ਦਾ ਸਿਰਮੌਰ ਨਾਟਕਕਾਰ ਹੋ ਨਿਬੜੇਗਾ। ਦਵਿੰਦਰ ਦਮਨ ਦਾ ਪੰਜਾਬੀ ਨਾਟਕ ਲੇਖਕ ਨਿਰਦੇਸ਼ਕ ਅਤੇ ਅਦਾਕਾਰ ਦੇ ਤੌਰ 'ਤੇ ਸਫ਼ਰ ਬੇਹੱਦ ਸੁਚੇਤ ਅਤੇ ਮਾਣ-ਮੱਤਾ ਰਿਹਾ ਹੈ। ਉਹ ਵਿਚਾਰਧਾਰਕ ਤੌਰ 'ਤੇ ਕਿਤੇ ਟਪਲਾ ਨਹੀਂ ਖਾਂਦਾ; ਇਸੇ ਲਈ ਨਾਟਕ 'ਛਿਪਣ ਤੋਂ ਪਹਿਲਾਂ', ਸ਼ਹੀਦ ਭਗਤ ਸਿੰਘ ਬਾਰੇ ਹੁਣ ਤਕ ਲਿਖੇ ਨਾਟਕਾਂ ਵਿਚ ਬੜਾ ਸੰਤੁਲਤ ਹੋ ਨਿਬੜਿਆ ਹੈ। ਉਹ ਅੱਜ ਜਿਥੇ ਪੰਜਾਬੀ ਨਾਟਕ ਦਾ ਬੇਹੱਦ ਸਨਮਾਨਤ ਨਾਂਅ ਹੈ ਉਥੇ ਪੰਜਾਬੀ ਫ਼ਿਲਮਾਂ ਵਿਚ ਵੀ ਉਸ ਦਾ ਸਾਰਥਕ ਦਖ਼ਲ ਦੇਖਿਆ ਜਾ ਸਕਦਾ ਹੈ। ਦਵਿੰਦਰ ਦਮਨ ਅੱਜ ਕਲ੍ਹ 'ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਦੇ ਸੱਦੇ 'ਤੇ ਐਡਮਿੰਟਨ ਵਿਚ ਹਨ, ਜਿਥੇ ਉਹ 31 ਅਗਸਤ ਨੂੰ ਗ਼ਦਰ ਲਹਿਰ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਕਰਵਾਏ ਜਾ ਰਹੇ ਨਾਟਕ 'ਨਿਸ਼ਾਨ-ਏ-ਗ਼ਦਰ' ਦੀ ਰਚਨਾ ਅਤੇ ਨਿਰਦੇਸ਼ਨਾ ਦੇ ਕਾਰਜ ਵਿਚ ਰੁਝੇ ਹੋਏ ਹਨ। ਉਹ ਵਿਸ਼ੇਸ਼ ਤੌਰ 'ਤੇ ਇਸ ਨਾਟਕ ਲਈ ਸਥਾਨਕ ਕਲਾਕਾਰਾਂ ਨੂੰ ਨਿਰਦੇਸ਼ਤ ਕਰਨ ਲਈ ਐਡਮਿੰਟਨ ਆਏ ਹੋਏ ਹਨ। ਉਨ੍ਹਾਂ ਨਾਲ ਇਹ ਗੱਲਾਂ **'ਨਵੀਂ ਦੁਨੀਆ'** ਅਤੇ ਸਾਹਿਤਕ ਰਸਾਲੇ **'ਹੁਣ'** ਦੇ ਪਾਠਕਾਂ ਲਈ ਕੀਤੀਆਂ **ਸੁਸ਼ੀਲ ਦੁਸਾਂਝ** ਨੇ। ਇਹ ਮੁਲਾਕਾਤ ਤਿੰਨ ਕਿਸ਼ਤਾਂ 'ਚ ਛਾਪੀ ਜਾ ਰਹੀ ਹੈ - ਸੰਪਾਦਕ

## ਪਿਤਾ ਦੀ ਸਿਆਸਤ

*?* : ਤੁਹਾਡੇ ਪਿਤਾ ਜੀ ਕਾਮਰੇਡ ਦਲੀਪ ਸਿੰਘ ਭੱਟੀਵਾਲ ਵੀ ਇਕ ਪ੍ਰਤੀਬੱਧ ਸਿਆਸਤ ਨਾਲ ਅਪਣੇ ਆਖ਼ਰੀ ਪਲ ਤੱਕ ਨਿਭੇ। ਤੁਸੀਂ ਅਪਣੇ ਪਿਤਾ ਨੂੰ ਕਿੰਨਾ ਕੁ ਜਾਣਿਆ ਸਮਝਿਆ।

*ਦਮਨ :* ਪਿਤਾ ਬਹੁਤ ਸਿਆਣਾ ਅਤੇ ਸੂਝਵਾਨ ਵਿਅਕਤੀ ਸੀ। ਬਹੁਤ ਦਲੇਰ ਅਤੇ ਕੁਰਬਾਨੀ ਕਰਨ ਵਾਲਾ। ਸਾਰਾ ਜੀਵਨ ਲੋਕਾਂ ਦੇ ਲੇਖੇ ਲਾ ਦਿੱਤਾ। ਤਾਮਰ ਪੱਤਰ ਅਤੇ ਪੈਨਸ਼ਨ ਲੈਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਉਹ ਆਜ਼ਾਦੀ ਨਹੀਂ ਆਈ, ਜਿਸ ਲਈ ਅਸੀਂ ਜੂਝੇ ਸਾਂ ਅਤੇ ਜੇਲ੍ਹਾਂ ਕੱਟੀਆਂ ਸਨ। ਰੱਜੇ-ਪੁੱਜੇ ਜੱਟ ਪਰਿਵਾਰ ਵਿਚੋਂ ਸੀ। ਮੇਰਾ ਦਾਦਾ ਨਰਾਇਣ ਸਿੰਘ ਪਟਿਆਲਾ ਰਿਆਸਤ ਦੇ ਮਹਾਰਾਜਾ ਰਜਿੰਦਰ ਸਿੰਘ ਦਾ ਹਿਫ਼ਾਜ਼ਤੀ ਦਸਤੇ ਦਾ ਮੋਹਰੀ ਬਣ ਗਿਆ ਸੀ ਪਰ ਮਹਾਰਾਜਾ ਭੁਪਿੰਦਰ ਸਿੰਘ ਵੇਲੇ ਤਿਆਗ ਪੱਤਰ ਦੇ ਕੇ ਪਿੰਡ ਆ ਕੇ ਖੇਤੀਬਾੜੀ ਕਰਨ ਲੱਗ ਪਿਆ ਸੀ। ਉਹ ਉਰਦੂ, ਫ਼ਾਰਸੀ ਪੜ੍ਹਿਆ ਹੋਇਆ ਸੀ ਅਤੇ ਗੁਰਬਾਣੀ ਦਾ ਵੀ ਨਿਤਨੇਮੀ ਸੀ ਪਰ ਉਸ ਦੇ ਤਿੰਨੋਂ ਪੁੱਤਰ ਅਨਪੜ੍ਹ ਸਨ। ਉਨ੍ਹਾਂ ਤਿੰਨਾਂ ਵਿਚੋਂ ਸਭ ਤੋਂ ਛੋਟਾ ਦਲੀਪ ਸਿੰਘ ਮੇਰਾ ਪਿਤਾ ਸੀ। ਦੋ ਵੱਡੇ ਖੇਤੀਬਾੜੀ ਸੰਭਾਲਦੇ ਸਨ। ਮੇਰਾ ਪਿਤਾ ਘਰ ਦੇ 150-200 ਪਸ਼ੂਆਂ ਨੂੰ ਚਾਰਦਾ ਸੀ। ਇਕ ਵੇਰਾਂ ਸਾਡੇ ਪਿੰਡ ਇਕ ਕਵੀਸ਼ਰੀ ਜੱਥਾ ਆਇਆ, ਜਿਸ ਦਾ ਮੋਢੀ ਗਿਆਨੀ ਹਰੀ ਸਿੰਘ ਵਿਯੋਗੀ ਸੀ। ਪਿਤਾ ਕਵੀਸ਼ਰੀ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਹਰੀ ਸਿੰਘ ਵਿਯੋਗੀ ਨੂੰ ਪੁੱਛਣ ਲੱਗਾ ਕਿ ਕੀ ਮੈਂ ਨਹੀਂ ਤੁਹਾਡੇ ਜਥੇ ਵਿਚ ਸ਼ਾਮਲ ਹੋ ਸਕਦਾ? ਵਿਯੋਗੀ ਨੇ ਪੁੱਛਿਆ ਕਿ ਥੋੜ੍ਹਾ ਬਹੁਤ ਪੜ੍ਹ ਲਿਖ ਸਕਦਾ ਹੈਂ? ਪਿਤਾ ਦਾ ਨਾਹ ਪੱਖੀ ਉਤਰ ਸੁਣ ਕੇ ਉਸ ਨੇ ਨਸੀਹਤ ਦਿੱਤੀ ਕਿ ਕਵੀਸ਼ਰ ਬਣਨ ਲਈ ਥੋੜ੍ਹਾ ਬਹੁਤ ਪੜ੍ਹਨਾ ਜ਼ਰੂਰੀ ਆਉਣਾ ਚਾਹੀਦਾ ਹੈ। ਕਵੀਸ਼ਰ ਬਣਨ ਦੀ ਤੀਬਰ ਇੱਛਾ ਸਦਕਾ ਪਿਤਾ ਨੇ ਕਿਤੋਂ ਪੰਜਾਬੀ ਦਾ ਬਾਲ ਉਪਦੇਸ਼ ਪ੍ਰਾਪਤ ਕੀਤਾ ਅਤੇ ਘਰਦਿਆਂ ਤੋਂ ਚੋਰੀ, ਡੰਗਰ ਚਾਰਦੇ ਹੋਏ, ਟਿੱਬਿਆਂ ਦੇ ਰੇਤੇ 'ਤੇ ਊੜਾ-ਆੜਾ ਲਿਖਣਾ ਸਿਖਿਆ- ਆਖ਼ਰ ਕਵੀਸ਼ਰ ਬਣੇ। ਬਹੁਤ ਸਾਰੇ ਕਿੱਸੇ ਲਿਖੇ, ਬਹੁਤ ਸਾਰੇ ਮੁਰੀਦ ਬਣਾਏ। ਕਵੀਸ਼ਰੀ ਦੌਰਾਨ ਹੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਮਾਲਵਾ ਦੀ ਜਨਰਲ ਸਕੱਤਰੀ ਵੀ ਕੀਤੀ। ਅੰਗਰੇਜ਼ ਸਰਕਾਰ ਵਿਰੋਧੀ ਅਕਾਲੀ ਮੋਰਚਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ, ਡਾਂਗਾਂ ਖਾਧੀਆਂ, ਜੇਲ੍ਹ ਯਾਤਰਾਵਾਂ ਵੀ ਕੀਤੀਆਂ। ਫਿਰ ਪਤਾ ਨਹੀਂ ਕਦੋਂ ਮਾਲਵੇ ਵਿਚ ਜਗੀਰਦਾਰੀ ਵਿਰੁੱਧ ਚੱਲ ਰਹੀ ਪਰਜਾ ਮੰਡਲ ਦੀ ਲਹਿਰ ਵਿਚ ਸ਼ਾਮਲ ਹੋ ਗਏ ਅਤੇ 1948 ਵਿਚ ਕਮਿਊਨਿਟ ਪਾਰਟੀ ਵਿਚ ਸ਼ਾਮਲ ਹੋ ਗਏ। ਘਰ ਜ਼ਮੀਨ ਜਾਇਦਾਦ ਅਤੇ ਦੋ ਬਸਾਂ ਤਾਂ ਪਹਿਲਾਂ ਹੀ ਕੁਰਕ ਹੋ ਚੁੱਕੀਆਂ ਸਨ ਫਿਰ ਮੁਸ਼ਤਰਕਾ ਜੱਦੀ ਜਾਇਦਾਦ 'ਤੇ ਵੀ ਕਰਜ਼ਾ ਚੜ੍ਹਨ ਲੱਗਾ, ਜਿਸ ਕਾਰਨ ਸ਼ਰੀਕਾਂ ਵੀ ਪਾਸਾ ਵੱਟ ਲਿਆ। ਫਿਰ ਕਿਸਾਨ ਅੰਦੋਲਨਾਂ ਦਾ ਦੌਰ ਸ਼ੁਰੂ ਹੋ ਗਿਆ। ਪਹਿਲਾਂ ਕਮਿਊਨਿਸਟ ਪਾਰਟੀ ਹੀ ਬੈਨ ਹੋ ਗਈ। ਪਾਰਟੀ ਮੈਂਬਰ ਰੂਸ ਦੇ ਏਜੰਟ ਗਰਦਾਨ ਦਿੱਤੇ ਗਏ। ਅੰਡਰਗਰਾਊਂਡ ਹੋ ਕੇ ਕੰਮ ਕਰਦੇ ਰਹੇ। ਲਗਭਗ 20-21 ਸਾਲ ਪਿੰਡ ਦੇ ਸਰਪੰਚ ਵੀ ਰਹੇ। ਪੈਪਸੂ ਮੁਜਾਰਾ ਲਹਿਰ ਵੇਲੇ ਕਾਤਲਾਨਾ ਹਮਲੇ ਵੀ ਹੋਏ। ਸਾਡੀ ਸੁਰੱਖਿਆ ਨੂੰ ਵੀ ਲਗਾਤਾਰ ਖ਼ਤਰਾ ਰਿਹਾ। ਪਿਤਾ ਦਾ ਸਾਰਾ ਜੀਵਨ ਲੋਕ ਸੰਘਰਸ਼ ਦਾ ਜੀਵਨ ਰਿਹਾ ਹੈ। ਸਾਡੇ ਪਿਤਾ ਬੱਚਿਆਂ ਨੂੰ ਬਹੁਤ ਘੱਟ ਝਿੜਕਦੇ ਸਨ, ਬਹੁਤ ਘੱਟ ਹੀ ਕਦੇ ਸਾਡੇ 'ਤੇ ਹੱਥ ਉਠਾਇਆ ਹੋਵੇਗਾ। ਮੈਨੂੰ ਯਾਦ ਹੈ ਮੈਨੂੰ ਕੇਵਲ ਇਕ ਵਾਰ ਝੂਠ ਬੋਲਣ ਕਾਰਨ ਮੇਰੀ ਪਿੱਠ 'ਤੇ ਮਾਰਿਆ ਸੀ। ਮੇਰਾ ਤਾਂ ਸਾਹ ਹੀ ਰੁਕ ਗਿਆ ਸੀ। ਉਹ ਸਰੀਰ ਦੇ ਬਹੁਤ ਮਜ਼ਬੂਤ ਸਨ ਅਤੇ ਸ਼ੌਕੀਆ ਅਖਾੜੇ ਵਿਚ ਭਲਵਾਨੀ ਵੀ ਕਰਦੇ ਸਨ। 88 ਵਰ੍ਹਿਆਂ ਦੀ ਉਮਰ ਤੀਕ ਉਹ ਸਾਈਕਲ ਚਲਾਉਂਦੇ ਪਾਰਟੀ ਦਾ ਕੰਮ ਕਰਦੇ ਰਹੇ। ਉਹ ਬਹੁਤ ਹੀ ਦਲੇਰ ਤੇ ਪਾਕਿ-ਸਾਫ਼ ਬੰਦਾ ਸੀ। ਲੋਕ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ।



ਦਮਨ ਦੇ ਪਿਤਾ ਜੀ ਕਾਮਰੇਡ ਦਲੀਪ ਸਿੰਘ ਭੱਟੀਵਾਲ - 1968- ਪਟਿਆਲਾ

1965 ਵਿਚ ਉਹ ਮਾਰਕਸੀ ਪਾਰਟੀ (ਸੀ.ਪੀ.ਐਮ.) ਵਿਚ ਸ਼ਾਮਲ ਹੋ ਗਏ। ਡੀਫ਼ੈਂਸ ਆਫ਼ ਇੰਡੀਆ ਤਹਿਤ ਤਿੰਨ ਸਾਲ ਮਫ਼ਰੂਰ ਰਹੇ ਅਖ਼ੀਰ ਬਿਮਾਰੀ ਦੀ ਹਾਲਤ ਵਿਚ ਮੈਨੂੰ ਪਟਿਆਲੇ ਮਿਲਣ ਆਏ ਫੜੇ ਗਏ। ਪੁਲੀਸ ਅਫ਼ਸਰ ਨੇਕ ਆਦਮੀ ਸੀ। ਉਸ ਨੇ ਗ੍ਰਿਫ਼ਤਾਰੀ ਮੇਰੇ ਘਰ ਤੋਂ ਬਾਹਰ ਸ਼ੋਅ ਕਰ ਕੇ ਮੇਰੀ ਨੌਕਰੀ ਬਚਾਈ। ਫਿਰ ਅੰਬਾਲਾ, ਤਿਹਾੜ ਅਤੇ ਹਿਸਾਰ ਜੇਲ੍ਹ ਦੀ ਯਾਤਰਾ ਕੀਤੀ। ਅਖ਼ੀਰ ਡੀ. ਓ. ਆਈ. ਦੇ ਮੁਕੱਦਮੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖ਼ਾਰਜ ਕਰ ਦਿੱਤੇ। 87 ਕੁ ਸਾਲ ਦੀ ਉਮਰ ਤੀਕ ਕੁਝ ਸਰੀਰਕ ਕਮਜ਼ੋਰੀ ਮਹਿਸੂਸ ਕਰਨ ਲੱਗੇ ਅਤੇ ਮੇਰੇ ਛੋਟੇ ਭਰਾ ਰਜਿੰਦਰ ਕੋਲ ਫਗਵਾੜੇ ਰਹਿਣ ਲੱਗੇ। ਪਾਰਟੀ ਅਤੇ ਸਰਕਾਰ ਦੋਵਾਂ ਨੇ ਅਵੇਸਲੇ ਕਰ ਦਿੱਤੇ। ਇਕ ਦਿਨ ਅਚਾਨਕ ਸੀ.ਬੀ.ਆਈ. ਦੀ ਟੀਮ ਫਗਵਾੜੇ ਪੁੱਜ ਗਈ। ਉਨ੍ਹਾਂ ਦੱਸਿਆ ਕਿ ਸਰਕਾਰ ਨੂੰ ਕਈ ਸਾਲਾਂ ਤੋਂ ਤੁਹਾਡੀ ਉਘ-ਸੁੱਘ ਨਹੀਂ ਹੈ। ਇਸ ਲਈ ਤੁਹਾਡੇ ਬਾਰੇ ਰਿਪੋਰਟ ਕੇਂਦਰ ਸਰਕਾਰ ਨੂੰ ਭੇਜਣੀ ਹੈ। ਪਿਤਾ ਨੇ ਕਿਹਾ ਸ਼ੁਕਰੀਆ.... ਪਾਰਟੀ ਵਾਲਿਆਂ ਤੋਂ ਤਾਂ ਤੁਸੀਂ ਹੀ ਚੰਗੇ ਹੋ ਜੋ ਮੇਰੀ ਉਘ-ਸੁੱਘ ਤਾਂ ਲਈ ਪਾਰਟੀ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਮੈਂ ਇਸ ਧਰਤੀ 'ਤੇ ਹਾਂ ਵੀ ਜਾਂ ਨਹੀਂ। ਆਖ਼ਰ 93 ਸਾਲ ਦੀ ਉਮਰ ਵਿਚ ਪਰਿਵਾਰ ਨੂੰ ਬਾਕਾਇਦਾ ਸਤਿ ਸ੍ਰੀ ਅਕਾਲ ਬੁਲਾ ਕੇ ਕੁਝ ਮਿੰਟਾਂ ਵਿਚ ਹੀ ਸੰਸਾਰ ਤੋਂ ਵਿਦਾ ਹੋ ਗਏ।

*?* : ਤੁਸੀਂ ਅਪਣੇ ਪਿਤਾ ਦੀ ਸਖਸ਼ੀਅਤ ਦਾ ਕਿੰਨਾ ਕੁ ਅਸਰ ਕਬੂਲਿਆ ?

*ਦਮਨ :* ਪਿਤਾ ਤੋਂ ਮਿਥਿਹਾਸ, ਇਤਿਹਾਸ ਅਤੇ ਗੁਰਬਾਣੀ ਬਾਰੇ ਜਾਣਿਆ। ਪਰ ਪਿਤਾ ਜਿੰਨਾ ਦਲੇਰ ਨਹੀਂ ਬਣ ਸਕਿਆ। ਹਾਂ ਲੋਕ ਸੇਵਾ ਦਾ ਪ੍ਰਭਾਵ ਜ਼ਰੂਰ ਪਿਆ, ਜਿਸ ਕਾਰਨ ਸਰਕਾਰੀ ਨੌਕਰੀ ਵਿਚ ਯੂਨੀਅਨ ਵਿਚ ਕੰਮ ਕਰਦਿਆਂ ਮੁਲਾਜ਼ਮਾਂ ਦੀਆਂ 1971 ਦੀਆਂ ਹੜਤਾਲਾਂ ਵੇਲੇ ਵਾਰੰਟ ਵੀ ਕੱਟੇ..ਨਾਟਕ ਅੰਦਰ ਲੋਕ ਹਿਤੈਸ਼ੀ ਰੁਚੀ ਦਾ ਪ੍ਰਗਟਾਓ ਵੀ ਮੇਰੇ ਪਿਤਾ ਦੀ ਸ਼ਖ਼ਸੀਅਤ ਦੇ ਪ੍ਰਭਾਵ ਦਾ ਸਿੱਟਾ ਹੈ।

## ਮਤਰੇਈ ਮਾਂ ਦੀ ਦਹਿਸ਼ਤ

*?* : ਮਤਰੇਈ ਮਾਂ ਦੀ ਦਹਿਸ਼ਤ ਕੀ ਹਾਲੇ ਵੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀ ਐ?

*ਦਮਨ :* ਹੁਣ ਤਾਂ ਨਹੀਂ, ਪਰ ਕਈ ਸਾਲ ਤੀਕ ਪ੍ਰੇਸ਼ਾਨ ਕਰਦੀ ਰਹੀ। ਜੁਆਨ ਹੋ ਕੇ ਵੀ ਕਮਰੇ ਦੇ ਦਰਵਾਜ਼ੇ ਨੂੰ ਅੰਦਰੋਂ ਕੁੰਡਾ ਮਾਰ ਕੇ ਸੌਣ ਦੀ ਆਦਤ ਪੈ ਗਈ ਸੀ ਕਿਉਂਕਿ ਉਹ ਕਿੱਕਰ ਦੇ ਅਨਘੜ ਡੰਡੇ ਮਾਰ ਕੇ ਸੁੱਤੇ ਨੂੰ ਜਗਾਉਂਦੀ ਸੀ। ਪਰ ਉਸ ਦੇ ਜ਼ਾਲਮ ਵਰਤਾਓ ਨੇ ਲੰਬੇ ਸਮੇਂ ਲਈ ਡਿਪਰੈਸ਼ਨ ਤੇ ਅਸੁਰੱਖਿਅਤ ਭਾਵਨਾ ਵੱਲ ਧਕੇਲ ਦਿੱਤਾ, ਜਿਸ ਕਾਰਣ ਦਾਰੂ ਪੀਣ ਨੂੰ ਇਲਾਜ ਸਮਝ ਲਿਆ। ਮਤਰੇਈ ਮਾਂ ਦਾ ਤਸ਼ੱਦਦ ਮੇਰੇ ਅਚੇਤ ਤੀਕ ਉਕਰਿਆ ਪਿਆ ਹੈ ਪਰ ਮੈਂ ਅਜਿਹੀਆਂ ਮਤਰੇਈਆਂ ਮਾਵਾਂ ਵੀ ਆਪਣੇ ਅੱਖੀਂ ਵੇਖੀਆਂ ਹਨ-ਜਿਨ੍ਹਾਂ ਆਪਣੇ ਬੱਚਿਆਂ ਤੋਂ ਕਿਤੇ ਵੱਧ ਕੇ ਮਤਰੇਏ ਧੀਆਂ-ਪੁੱਤਰਾਂ ਨੂੰ ਸੰਭਾਲਿਆ ਹੈ। ਅਸਲ ਵਿਚ ਮਤਰੇਆ ਸ਼ਬਦ ਅਜਿਹੇ ਮਾਂ-ਪਿਓ ਨੇ ਹੀ ਬਦਨਾਮ ਕੀਤਾ ਹੈ, ਜਿਨ੍ਹਾਂ ਵਿਚ ਮਾਨਵੀ ਸੰਵੇਦਨਸ਼ੀਲਤਾ ਦੀ ਘਾਟ ਜਾਂ ਅਸੁਰੱਖਿਆ ਦਾ ਸਹਿਮ ਵੱਧ ਸੀ। ਪਰ ਬੱਚਿਆਂ ਨੂੰ ਜ਼ੁਲਮ ਭੋਗਣਾ ਹੀ ਪੈਂਦਾ ਹੈ। ਮਾੜਾ ਵਰਤਾਉ, ਗਾਲੀ ਗਲੋਚ, ਕੁੱਟਮਾਰ ਇਹ ਤਾਂ ਨਿੱਤ ਦਾ ਕੰਮ ਸੀ- ਪਰ ਦੋ ਕੁ ਘਟਨਾਵਾਂ ਮੈਨੂੰ ਯਾਦ ਹਨ ਜਿਨ੍ਹਾਂ ਦੀ ਭਿਆਨਕਤਾ ਨੇ ਮੇਰੇ ਅਚੇਤ 'ਤੇ ਡੂੰਘੇ ਨਿਸ਼ਾਨ ਛੱਡੇ ਹਨ। ਮੈਂ 7 ਕੁ ਸਾਲ ਦਾ ਹੋਵਾਂਗਾ। ਉਨ੍ਹਾਂ ਦਿਨਾਂ ਵਿਚ ਅਸੀਂ ਮਾਲੇਰਕੋਟਲੇ ਵਿਚ ਰਹਿੰਦੇ ਸਾਂ। ਸ਼ਾਮ ਦਾ ਵਕਤ ਸੀ ਅਤੇ ਸਾਉਣ ਦਾ ਮਹੀਨਾ ਸੀ। ਪਿਤਾ ਦਾ ਮਤਰੇਈ ਮਾਂ ਨਾਲ ਝਗੜਾ ਹੋ ਗਿਆ। ਉਹ ਅਕਸਰ ਝਗੜਾ ਕਰਦੀ ਰਹਿੰਦੀ ਸੀ। ਪਤਾ ਨਹੀਂ ਕੀ ਗੱਲ ਸੀ ਪਿਤਾ ਰੋਣ ਲੱਗ ਪਏ। ਇਕ ਚਟਾਨ ਵਰਗਾ ਬੰਦਾ ਜੋ ਨਾ ਕਿਸੇ ਅੱਗੇ ਕਦੇ ਝੁਕਿਆ ਸੀ ਨਾ ਗਿੜਗਿੜਾਇਆ ਸੀ ਉਹ ਮੇਰੀ ਮਤਰੇਈ ਮਾਂ ਅੱਗੇ ਬੇਬੱਸ ਹੋਇਆ ਮੈਂ ਵੇਖ ਰਿਹਾ ਸਾਂ। ਧਰਤੀ 'ਤੇ ਇਕੋ-ਇਕ ਮੇਰੀ ਸੁਰੱਖਿਆ, ਮੇਰਾ ਪਿਤਾ ਜ਼ਾਰੋ-ਜ਼ਾਰ ਰੋ ਰਿਹਾ ਸੀ। ਮੈਂ ਉਚੀ ਆਵਾਜ਼ ਵਿਚ ਰੋਇਆ ਸ਼ੋਰ ਪਾ ਦਿੱਤਾ, 'ਹਾਏ ਓਏ ਮੇਰਾ ਬਾਪੂ ਰੋ ਰਿਹੈ... ਹਾਏ ਓਏ ਮੇਰਾ ਬਾਪੂ ਰੋ ਰਿਹਾ ਏ...' ਮੇਰਾ ਪਿਤਾ ਬੱਸ ਰੋ ਰਿਹਾ ਸੀ ਤੇ ਮੈਂ ਚੀਖ਼-ਚੀਖ਼ ਕੇ ਪੁਕਾਰ ਰਿਹਾ ਸਾਂ। ਮੇਰੀ ਮਤਰੇਈ ਮਾਂ ਉਠੀ ਉਸ ਨੇ ਮੇਰੀ ਆਵਾਜ਼ ਬੰਦ ਕਰਨ ਲਈ ਮੇਰਾ ਗਲਾ ਓਨੀ ਦੇਰੀ ਤਕ ਦਬਾਈ ਰੱਖਿਆ ਜਦੋਂ ਤੀਕ ਮੇਰੀ ਆਵਾਜ਼ ਬੰਦ ਨਾ ਹੋ ਗਈ ਅਤੇ ਮੇਰੀਆਂ ਅੱਖਾਂ ਬਾਹਰ ਨਾ ਨਿਕਲ ਆਈਆਂ। ਜਦੋਂ ਹੀ ਉਸ ਨੇ ਮੈਨੂੰ ਛੱਡਿਆ- ਮੈਂ ਆ ਵੇਖਿਆ ਨਾ ਤਾਅ ਬੂਹਾ ਖੋਲ੍ਹ ਕੇ ਚੁਬਾਰੇ ਦੀਆਂ ਪੌੜੀਆਂ ਉਤਰ ਗਿਆ। ਮੈਂ ਏਨਾ ਅਸੁਰੱਖਿਅਤ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਗਲੀਆਂ ਬਾਜ਼ਾਰਾਂ 'ਚੋਂ ਭੱਜਿਆ ਜਾ ਰਿਹਾ ਸਾਂ ਅਤੇ ਨਾਲ ਹੀ 'ਹਾਏ ਓਏ ਮੇਰਾ ਬਾਪੂ ਰੋ ਰਿਹੈ...' ਵੀ ਚੀਖ਼ ਰਿਹਾ ਸਾਂ। ਇਕੋ ਸਾਹੇ ਮੈਂ ਉਦੋਂ ਹੀ

ਦੌੜਿਆ ਹੋਵਾਂਗਾ। ਮੈਨੂੰ ਪਤਾ ਨਹੀਂ... ਮੈਨੂੰ ਉਦੋਂ ਹੀ ਪਤਾ ਲੱਗਾ ਜਦੋਂ ਮੈਂ ਸ਼ਹਿਰੋਂ ਬਾਹਰ ਰੇਲਵੇ ਲਾਈਨ ਤੀਕ ਪੁੱਜ ਗਿਆ ਸਾਂ। ਪਿਛੇ ਮੁੜ ਕੇ ਵੇਖਿਆ ਸ਼ਹਿਰ ਬਹੁਤ ਦੂਰ ਰਹਿ ਗਿਆ ਸੀ। ਮੈਂ ਮੂੰਹ ਵਿਚ ਹੀ 'ਹਾਏ ਓਏ ਮੇਰਾ ਬਾਪੂ ਰੋ ਰਿਹੈ...' ਕਹਿੰਦਾ ਰੇਲਵੇ ਲਾਈਨ ਦੇ ਨਾਲ ਨਾਲ ਦੌੜਿਆ ਜਾ ਰਿਹਾ ਸੀ ਅਤੇ ਅਚਾਨਕ ਠੇਡਾ ਖਾ ਕੇ ਡਿੱਗ ਪਿਆ। ਪਤਾ ਨਹੀਂ ਕਿੰਨੀ ਦੇਰ ਪਿਆ ਰਿਹਾ। ਜਦੋਂ ਹੋਸ਼ ਆਈ ਤਾਂ ਹਨੇਰਾ ਹੋ ਚੁੱਕਾ ਸੀ। ਕੋਲੋਂ ਲੰਘਦੀ ਤੇਜ਼ ਰੇਲ ਗੱਡੀ ਦੀ ਰੌਸ਼ਨੀ ਤੇ ਖੜਾਕ ਨੇ ਮੈਨੂੰ ਪੂਰੀ ਤਰ੍ਹਾਂ ਹੋਸ਼ ਵਿਚ ਲਿਆਂਦਾ। ਮੈਂ ਸੋਚਿਆ ਮੈਂ ਇਧਰ ਕਿਉਂ ਆਇਆ ਹਾਂ? ਰੇਲਵੇ ਲਾਈਨ ਦੇ ਨਾਲ ਜਾਂਦੇ ਅਸਲ ਵਿਚ ਇਕ ਰਸਤਾ ਫਟਦਾ ਸੀ ਜੋ ਮੇਰੇ ਪਿਤਾ ਦੇ ਇਕ ਸ਼ਗਿਰਦ ਦੇ ਪਿੰਡ ਵੱਲ ਜਾਂਦਾ ਸੀ। ਡਰ ਵਿਚ ਅਚੇਤ ਹੀ ਮੈਂ ਉਸ ਪਿੰਡ ਵਲ ਸੁਰੱਖਿਆ ਲੈਣ ਭੱਜ ਉਠਿਆ ਸਾਂ। ਪਰ ਮੈਂ ਰਸਤਾ ਭੁੱਲ ਗਿਆ ਸਾਂ। ਮੈਂ ਘਬਰਾ ਗਿਆ। ਉਜਾੜ ਵਿਚ, ਰੇਲਵੇ ਲਾਈਨ ਉਪਰ, ਹਨ੍ਹੇਰੇ ਵਿਚ ਮੈਂ ਇਕੱਲਾ ਸਾਂ।... ਤਦੇ ਮੈਨੂੰ ਦੂਰੋਂ ਕਿਸੇ ਬੰਦੇ ਦੇ ਗੀਤ ਜਿਹਾ ਗੁਣਗੁਣਾਉਣ ਦੀ ਆਵਾਜ਼ ਸੁਣਾਈ ਦਿੱਤੀ। ਆਵਾਜ਼ ਮੇਰੇ ਵੱਲ ਆ ਰਹੀ ਸੀ। ਮੈਂ ਬਹੁਤ ਹੀ ਡਰ ਗਿਆ ਸਾਂ। ਬੰਦਾ ਮੇਰੇ ਬਹੁਤ ਨਜ਼ਦੀਕ ਆ ਚੁੱਕਿਆ ਸੀ। ਮੇਰੇ ਸਾਹਮਣੇ ਖੜਾ ਮੈਨੂੰ ਨਿਹਾਰ ਰਿਹਾ ਸੀ। ਉਸ ਪੁੱਛਿਆ ਕੌਣ ਹੈ ਤੂੰ– ਮੈਂ ਕਿਹਾ, ''ਮੇਰਾ ਬਾਪੂ ਰੋ ਰਿਹੈ...'' ਉਸ ਦੇ ਕੁਝ ਪੱਲੇ ਨਹੀਂ ਪਿਆ। ਉਸ ਪੁੱਛਿਆ ਤੂੰ ਇਕੱਲਾ ਏਂ? ਮੈਂ ਹਾਂ ਵਿਚ ਸਿਰ ਹਿਲਾਇਆ। ਉਸ ਪੁੱਛਿਆ ਤੂੰ ਕਿਥੇ ਜਾਣਾ ਹੈ। ਮੈਂ ਕਿਹਾ 'ਨੌਧਰਾਣੀ' (ਮੇਰੇ ਪਿਤਾ ਦੇ ਸ਼ਗਿਰਦ ਦੇ ਪਿੰਡ ਦਾ ਨਾਂ) ਮੈਨੂੰ ਰਸਤਾ ਭੁੱਲ ਗਿਆ–ਉਸ ਆਖਿਆ, 'ਉਹ ਰਸਤਾ ਤਾਂ ਬਹੁਤ ਪਿੱਛੇ ਰਹਿ ਗਿਐ... ਤੂੰ ਮੇਰੇ ਨਾਲ ਚੱਲ ਮੈਂ ਸਵੇਰੇ ਤੈਨੂੰ ਛੱਡ ਆਵਾਂਗਾ।'' ਪਤਾ ਨਹੀਂ ਕਿਉਂ ਮੈਨੂੰ ਉਸ 'ਤੇ ਇਕਦਮ ਯਕੀਨ ਆ ਗਿਆ ਤੇ ਉਸ ਦੇ ਪਿਛੇ–ਪਿਛੇ ਟੁਰਦਾ ਉਸ ਦੇ ਪਿੰਡ, ਉਸ ਦੇ ਘਰ ਆ ਗਿਆ। ਮੈਨੂੰ ਯਾਦ ਹੈ। ਉਸ ਦੇ ਕੱਚੇ ਕੋਠੇ ਵਿਚ ਇਕ ਹੀ ਮੰਜਾ ਸੀ। ਸ਼ਾਇਦ ਉਨ੍ਹਾਂ ਦੇ ਘਰ ਵਿਚ ਕੋਈ ਬੱਚਾ ਨਹੀਂ ਸੀ। ਉਹ ਜਾਤ ਦਾ ਝਿਉਰ ਸੀ। ਉਸ ਦੀ ਬੀਵੀ ਭੱਠੀ ਲਾਉਂਦੀ ਸੀ ਤੇ ਉਹ ਲੋਕਾਂ ਦੇ ਘਰਾਂ ਵਿਚ ਮਸ਼ਕ ਨਾਲ ਪਾਣੀ ਭਰਦਾ ਸੀ (ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਇਕ–ਦੋ ਖੂਹੀਆਂ ਹੀ ਹੁੰਦੀਆਂ ਸਨ ਜਿਥੋਂ ਲੋਕ ਘੜੇ ਭਰ ਕੇ ਅਪਣੇ–ਅਪਣੇ ਘਰਾਂ ਨੂੰ ਲਿਜਾਂਦੇ ਹੁੰਦੇ ਸਨ) ਉਨ੍ਹਾਂ ਮੈਨੂੰ ਮੋਟੀ ਜਿਹੀ ਰੋਟੀ ਤੇ ਗੁੜ ਆਫ਼ਰ ਕੀਤਾ ਮੈਂ ਨਹੀਂ ਖਾਧਾ। ਡਰ ਤੇ ਅਸੁਰੱਖਿਆ ਨੇ ਭੁੱਖ ਲਈ ਕੋਈ ਥਾਂ ਹੀ ਨਹੀਂ ਛੱਡੀ ਸੀ। ਸਵੇਰੇ ਮੈਂ ਚਾਹ ਪੀਤੀ। ਫਿਰ ਉਹ ਬੰਦਾ ਮੈਨੂੰ ਸੁਵੱਖਤੇ ਹੀ ਨੌਧਰਾਣੀ ਛੱਡ ਆਇਆ। ਮੈਂ ਪਿਤਾ ਦੇ ਸ਼ਗਿਰਦ (ਜੋਰਾ ਸਿੰਘ ਸੀ ਸ਼ਾਇਦ ਉਸ ਦਾ ਨਾਂ) ਨੂੰ ਸਾਰੀ ਕਹਾਣੀ ਸੁਣਾਈ ਅਤੇ ਨਾਲ ਹੀ ਕਿਹਾ ਮੈਂ ਤੁਹਾਡੇ ਕੋਲ ਹੀ ਰਹਾਂਗਾ। ਕਿਸੇ ਨੂੰ ਨਹੀਂ ਦੱਸਣਾ ਕਿ ਮੈਂ ਤੁਹਾਡੇ ਕੋਲ ਹਾਂ। ਉਨ੍ਹਾਂ ਪਿਤਾ ਨੂੰ ਸੁਨੇਹਾ ਪਹੁੰਚਾ ਦਿੱਤਾ ਕਿ ਮੈਂ ਉਨ੍ਹਾਂ ਦੇ ਕੋਲ ਹਾਂ। ਪਿਤਾ ਮੇਰੇ ਲਈ ਕਾਫ਼ੀ ਸਾਰੀ ਮਿਠਾਈ ਲੈ ਕੇ ਮੈਨੂੰ ਲੈਣ ਆਏ ਅਤੇ ਵਾਅਦਾ ਕੀਤਾ ਕਿ ਮੈਂ ਅੱਗੇ ਤੋਂ ਮਤਰੇਈ ਵਲੋਂ ਕਦੇ ਵੀ ਤੇਰੇ ਨਾਲ ਅਜਿਹਾ ਨਹੀਂ ਕਰਨ ਦੇਵਾਂਗਾ। ਮੈਂ ਪਿਤਾ ਨਾਲ ਮੁੜ ਵਾਪਸ ਘਰ ਆ ਗਿਆ।

ਦੂਜੀ ਘਟਨਾ : ਹੁਣ ਅਸੀਂ ਆਪਣੇ ਪਿੰਡ ਭੱਟੀਵਾਲ ਰਹਿਣ ਲੱਗ ਪਏ ਸਾਂ। ਉਸ ਘਟਨਾ ਬਾਅਦ ਮੇਰੀ ਮਤਰੇਈ ਮਾਂ ਨੇ ਮੈਨੂੰ ਕਦੀ ਨਹੀਂ ਮਾਰਿਆ। ਪਰ ਉਸ ਦੀ ਦੇਖਣੀ ਵਿਚ ਮੇਰੇ ਲਈ ਅਥਾਹ ਘਿਰਣਾ ਮੈਨੂੰ ਹਮੇਸ਼ਾ ਦਿਖਾਈ ਦਿੰਦੀ ਸੀ। ਉਹ ਸਾਨੂੰ ਦੋਵਾਂ ਭਰਾਵਾਂ ਨੂੰ ਅਕਸਰ ਅੱਕ ਦਾ ਦੁੱਧ ਚੋਣ ਭੇਜ ਦਿੰਦੀ ਸੀ। ਉਸ ਦਾ ਕਹਿਣਾ ਸੀ ਕਿ ਅੱਕ ਦਾ ਦੁੱਧ ਸਾਡੇ ਸਿਰਾਂ ਵਿਚ ਪਈਆਂ ਜੂੰਆਂ ਨੂੰ ਮਾਰਨ ਲਈ ਚਾਹੀਦਾ ਹੈ। ਉਹ ਅੱਕ ਦਾ ਦੁੱਧ ਸਰੋਂ ਦੇ ਤੇਲ ਵਿਚ ਮਿਲਾ ਕੇ ਸਾਡੇ ਸਿਰ ਵਿਚ ਜੂੰਆਂ ਮਾਰਨ ਦੇ ਨੁਸਖੇ ਵਜੋਂ ਅਕਸਰ ਵਰਤਦੀ ਸੀ। ਅਸੀਂ ਦੋਵੇਂ ਭਰਾ ਅਕਸਰ ਖੰਘਦੇ ਰਹਿੰਦੇ ਸਾਂ। ਭੋਜਨ ਪੂਰਾ ਨਾ ਤੇ ਘਟੀਆ ਮਿਲਣ ਕਾਰਨ ਅਸੀਂ ਬਹੁਤ ਕਮਜ਼ੋਰ ਹੋ ਗਏ ਸਾਂ। ਡਾਕਟਰਾਂ, ਹਕੀਮਾਂ ਨੂੰ ਵੀ ਸਮਝ ਨਹੀਂ ਸੀ ਪੈਂਦੀ। ਅਸੀਂ ਅਚਾਨਕ ਹੀ ਸਿਹਮੰਦ ਅਤੇ ਤੰਦਰੁਸਤ ਹੋਣ ਲੱਗ ਪਏ। ਡਾਕਟਰਾਂ ਸਮਝਿਆ ਕਿ ਉਨ੍ਹਾਂ ਦੀ ਦਵਾਈ ਦਾ ਅਸਰ ਹੈ। ਗੱਲ ਅਸਲ ਵਿਚ ਇਹ ਸੀ ਸਾਡੀ ਮਤਰੇਈ ਮਾਂ ਦੁੱਧ ਵਿਚ ਸਾਨੂੰ ਅੱਕ ਦਾ ਦੁੱਧ ਮਿਲਾ ਕੇ ਦੇਣ ਲੱਗ ਪਈ। ਅੱਕ ਦੇ ਦੁੱਧ ਦੀ ਕੁੜੱਤਣ ਨੂੰ ਮਾਰਨ ਲਈ ਉਹ ਅਕਸਰ ਦੁੱਧ ਵਿਚ ਸ਼ੱਕਰ ਵੀ ਜ਼ਿਆਦਾ ਪਾਉਣ ਲੱਗ ਪਈ ਸੀ। ਬੱਸ ਇਹੋ ਫ਼ਾਰਮੂਲਾ ਹੀ ਸਾਡੇ ਲਈ ਰਾਮਵਾਣ ਸਾਬਤ ਹੋਇਆ। ਮਤਰੇਈ ਜ਼ਰੂਰ ਉਸ ਹਕੀਮ ਨਾਲ ਜਾ ਕੇ ਲੜੀ ਹੋਵੇਗੀ ਜਿਸ ਨੇ ਸਾਡੀ Slow Death ਲਈ ਉਸ ਨੂੰ ਨੁਸਖ਼ਾ ਸੁਝਾਇਆ ਸੀ।

ਸ਼ਾਇਦ ਉਸ ਨੇ ਹੀ ਉਸ ਨੂੰ ਅਗਲਾ ਨੁਸਖਾ ਦਿੱਤਾ ਸੀ। ਇਕ ਦਿਨ ਸਾਝਰੇ ਹੀ ਮੈਨੂੰ ਮੰਜੇ ਵਿਚ ਪਏ ਨੂੰ ਤਸਲੇ ਵਿਚ ਵਿਚ ਖੜਕਦੇ ਲੋਹੇ ਦੇ ਮੂਸਲ ਦੀ ਆਵਾਜ਼ ਸੁਣਾਈ ਦਿੱਤੀ। ਮੇਰੀ ਨੀਂਦ ਖੁਲ੍ਹੀ– ਇਹ ਸੋਚ ਕੇ ਮੈਂ ਮੁੜ ਸੌਂ ਗਿਆ ਕਿ ਮਤਰੇਈ ਆਪਣੇ ਲਈ ਕੋਈ ਦਵਾਈ ਤਿਆਰ ਕਰ ਰਹੀ ਹੈ। ਸਵੇਰ ਦੇ ਨਾਸ਼ਤੇ ਵਿਚ ਦਲੀਆ ਖਾਂਦਿਆਂ ਮੈਂ ਆਪਣੇ ਦੰਦਾਂ ਵਿਚ ਕਿਰਚ–ਕਿਰਚ ਮਹਿਸੂਸ ਕੀਤੀ। ਮੈਂ ਜਾਣ ਗਿਆ ਕਿ ਤਸਲੇ ਵਿਚ ਕੀ ਕੁੱਟਿਆ ਜਾ ਰਿਹਾ ਸੀ। ਨਾਲ ਬੈਠਾ ਭਰਾ ਵੀ ਦਲੀਆ ਖਾ ਰਿਹਾ ਸੀ। ਉਹ ਮਿੱਠੇ ਦਾ ਬਹੁਤ ਸ਼ੌਕੀਨ ਸੀ। ਮਤਰੇਈ ਨੇ ਬਾਟੀ ਵਿਚ ਪਹਿਲੋਂ ਕੁੱਟਿਆ ਹੋਇਆ ਕੱਚ ਪਾ ਕੇ, ਫਿਰ ਦਲੀਆ ਪਾ ਕੇ ਉਸ ਉਪਰ ਭਰਪੂਰ ਖੰਡ ਪਾ ਦਿੱਤੀ ਸੀ। ਰਜਿੰਦਰ ਉਪਰੋਂ–ਉਪਰੋਂ ਖੰਡ ਖਾ ਕੇ ਮੁੜ ਖੰਡ ਦੀ ਮੰਗ ਕਰ ਦਿੱਤੀ ਸੀ ਪਰ ਮਤਰੇਈ ਕਹਿੰਦੀ ਸੀ ਤੂੰ ਇਕੱਲੀ ਖੰਡ ਖਾਈ ਜਾ ਰਿਹਾ ਏ ਦਲੀਏ ਵਿਚ ਚੰਗੀ ਤਰ੍ਹਾਂ ਮਿਲਾ ਕੇ ਖਾਹ। ਇਸ ਤੋਂ ਪਹਿਲਾਂ ਕਿ ਛੋਟਾ ਖੰਡ ਅਤੇ ਦਲੀਆ ਮਿਲਾਉਂਦਾ। ਮੈਂ ਸਵਾਲ ਖੜਾ ਕਰ ਦਿੱਤਾ ਕਿ ਛੋਟਾ ਹੇਠਾਂ ਪਿਸ਼ਾਬ ਕਰਨ ਗਿਆ ਡਿਉੜੀ ਦਾ ਦਰਵਾਜ਼ਾ ਖੁਲ੍ਹਾ ਛੱਡ ਆਇਆ ਹੈ, ਜਿਸ ਵਿਚ ਹਮੇਸ਼ਾ ਹੀ ਗਲੀ ਦੇ ਅਵਾਰਾ ਕੁੱਤੇ ਆ ਕੇ ਸੌਂ ਜਾਂਦੇ ਸਨ। ਮੈਂ ਉਸ ਨੂੰ ਡਿਉੜੀ ਦਾ ਦਰਵਾਜ਼ਾ ਬੰਦ ਕਰਨ ਲਈ ਹੇਠਾਂ ਭੇਜ ਦਿੱਤਾ। ਬਸ ਉਸ ਦੇ ਜਾਣ ਦੀ ਦੇਰ ਸੀ। ਮੈਂ ਛਾਲ ਮਾਰ ਕੇ ਪੌੜੀਆਂ ਉਤਰ ਗਿਆ ਅਤੇ ਉਸ ਨੂੰ ਘੜੀਸ ਕੇ ਗਲੀ ਦੇ ਚੌਕ ਤਕ ਲੈ ਆਇਆ। ਉਸ ਨੂੰ ਸਮਝਾਇਆ ਕਿ ਉਸ ਦੇ ਦਲੀਏ ਵਿਚ ਪੀਠਿਆ ਹੋਇਆ ਕੱਚ ਹੈ। ਦਲੀਆ ਨਾ ਖਾਵੀਂ। ਅਸੀਂ ਦੋਵੇਂ ਭਰਾ ਘਰੋਂ ਦੌੜ ਗਏ ਅਤੇ ਪਿਤਾ ਆਉਣ ਤਕ ਸ਼ਰੀਕੇ ਵਿਚ ਇਕ ਤਾਈ ਦੇ ਘਰ ਰਹੇ। ਪਿੰਡ ਵਿਚ ਗੱਲ ਫ਼ੈਲ ਗਈ। ਪਿੰਡ ਦੇ ਲੋਕਾਂ ਨੇ ਪਿਤਾ ਨੂੰ ਇੰਨੀ ਨਮੋਸ਼ੀ ਦਿੱਤੀ ਕਿ ਪਿਤਾ ਨੇ ਉਸ ਔਰਤ ਨੂੰ, ਜੋ ਸਾਨੂੰ ਸਾਂਭਣ ਆਈ ਸੀ, ਕੁਝ ਦੇ ਦੁਆ ਕੇ ਘਰੋਂ ਕੱਢ ਦਿੱਤਾ ਤੇ ਸਾਨੂੰ ਨਵਾਂ ਜੀਵਨ ਮਿਲਿਆ।



ਬੇਟੇ ਰਿਪੂਤਾਪਨ ਸਿੰਘ ਅਤੇ ਬੇਟੀ ਅਰਵਿੰਦ ਦਮਨ ਸਿੰਘ ਨਾਲ

*?* : ਬਚਪਨ, ਜਵਾਨੀ ਜਾਂ ਹੁਣ, ਇਨ੍ਹਾਂ ਤਿੰਨਾਂ ਵਿਚੋਂ ਤੁਹਾਨੂੰ ਅਪਣਾ ਕਿਹੜਾ ਸਮਾਂ ਚੰਗਾ ਲਗਦੈ?

*ਦਮਨ :* ਬਚਪਨ ਬਹੁਤ ਦੁਖਦਾਈ ਸੀ, ਜਵਾਨੀ ਵੇਖੀ ਹੀ ਨਹੀਂ, ਹੁਣ ਅਜੋਕਾ ਸਮਾਂ ਮਸ਼ਰੂਫ਼ੀਅਤ ਵਿਚ ਮਾਣ ਰਿਹਾ ਹਾਂ, ਖ਼ੁਸ਼ ਹਾਂ। ਬਚਪਨ ਦੇ ਦੁੱਖ ਮੇਰਾ ਸਰਮਾਇਆ ਬਣ ਗਏ, ਜਿਸ ਨੂੰ ਮੇਰੇ ਨਾਟਕਾਂ ਦੇ ਪਾਤਰ ਵਾਰ–ਵਾਰ ਹੰਢਾਉਂਦੇ ਹਨ। ਮੇਰੇ ਨਾਟਕਾਂ ਨੂੰ, ਮੇਰੀ ਨਿਰਦੇਸ਼ਨਾਂ ਤੇ ਅਦਾਕਾਰੀ ਦੀ ਕਲਾ ਨੂੰ ਬਹੁਤ ਅਮੀਰੀ ਬਖ਼ਸ਼ੀ ਹੈ, ਮੇਰੇ ਬਚਪਨ ਵਿਚ ਹੰਢਾਏ ਦੁੱਖ ਨੇ।

*?* : ਤੁਸੀਂ ਕਿਹਾ ਹੈ ਕਿ ਬਚਪਨ ਤੋਂ ਜਵਾਨੀ ਤਕ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਰਹੇ। ਕੀ ਹੁਣ ਵੀ ਕਰਦੇ ਹੋ? ਕੀ ਤੁਸੀਂ ਅਪਣੇ ਬੱਚਿਆਂ ਨੂੰ ਸੁਰੱਖਿਅਤ ਮਾਹੌਲ ਦਿੱਤਾ, ਭਾਵ ਪੂਰਾ ਧਿਆਨ ਦਿੱਤਾ?

*ਦਮਨ :* ਨਹੀਂ, ਮੈਂ ਹੁਣ ਅਸੁਰੱਖਿਅਤ ਮਹਿਸੂਸ ਨਹੀਂ ਕਰਦਾ, ਉੱਕਾ ਹੀ ਨਹੀਂ। ਅਸੀਂ ਅਪਣੇ ਬੱਚਿਆਂ ਨੂੰ ਸੁਰੱਖਿਅਤ ਮਾਹੌਲ ਨਹੀਂ ਦੇ ਪਾਏ ਅਤੇ ਨਾ ਹੀ ਉਨ੍ਹਾਂ ਵੱਲ ਪੂਰਾ ਧਿਆਨ ਦੇ ਪਾਏ। ਪਰ ਫਿਰ ਵੀ ਬੱਚੇ, ਸਿਆਣੇ, ਸੁਹਿਰਦ ਅਤੇ ਹਰ ਤਰ੍ਹਾਂ ਨਾਲ ਕਾਮਯਾਬ ਹਨ।

## ਜਸਵੰਤ ਨਾਲ ਮੇਲ

*ਹੁਣ* : ਜਸਵੰਤ ਹੋਰਾਂ ਨਾਲ ਕਿਵੇਂ ਮੇਲ ਹੋਇਆ?

*ਦਮਨ :* ਉਨ੍ਹਾਂ ਦਿਨਾ 'ਚ ਸੱਜਰੇ ਪਿਆਰ ਦੇ ਟੁੱਟ ਜਾਣ ਦੀ ਤਾਜ਼ੀ–ਤਾਜ਼ੀ ਸੱਟ ਸਹਿ ਰਿਹਾ ਸੀ। ਉਮਰ ਹੀ ਐਸੀ ਸੀ। ਸੰਭਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਆਪਣੇ–ਆਪ ਨੂੰ ਨਾਟਕਾਂ 'ਚ ਬਿਜ਼ੀ ਰੱਖਣ ਦੀ ਕੋਸ਼ਿਸ਼ ਕਰਦਾ ਸੀ। ਉਦੋਂ ਮੈਂ ਪਟਿਆਲੇ ਸੰਗੀਤ ਦੀ ਡਿਗਰੀ ਲੈ ਰਿਹਾ ਸੀ। ਮੇਰੀ ਛੋਟੀ ਭੈਣ ਸੁਰਿੰਦਰ ਤੇ ਛੋਟਾ ਭਰਾ ਰਜਿੰਦਰ ਮੇਰੇ ਕੋਲ ਹੀ ਰਹਿੰਦੇ ਸੀ। ਜਸਵੰਤ ਦੇ ਮਾਂ–ਬਾਪ ਤਾਂ ਕਾਮਰੇਡ ਸੀ ਪਰ ਬਾਕੀ ਰਿਸ਼ਤੇਦਾਰੀ ਰੂੜੀਵਾਦੀ ਵਿਚਾਰਾਂ ਦੀ ਸੀ। ਜਦੋਂ 1964 'ਚ ਸੀ.ਪੀ.ਆਈ. ਦੇ ਦੋ ਹਿੱਸੇ ਹੋਏ, ਤਾਂ ਜਸਵੰਤ ਦੇ ਪਿਤਾ ਕਾਮਰੇਡ ਇੰਦਰ ਸਿੰਘ ਸੀ.ਪੀ.ਐਮ. ਵਿਚ ਆ ਗਏ। ਉਹ ਪਾਰਟੀ ਦੇ ਕੁਲ ਵਕਤੀ ਮੈਂਬਰ ਸਨ। ਇਨ੍ਹਾਂ ਦੀ ਮਾਂ ਰੇਸ਼ਮ ਕੌਰ ਤਾਂ ਕਮਿਊਨਿਸਟਾਂ ਦੀਆਂ ਸਟੇਜਾਂ 'ਤੇ ਇਨਕਲਾਬੀ ਗੀਤ ਗਾਉਂਦੀ ਹੁੰਦੀ ਸੀ। 'ਵਾਜ ਬਹੁਤ ਚੰਗੀ ਸੀ ਉਨ੍ਹਾਂ ਦੀ। ਜਸਵੰਤ ਨੇ ਜਦੋਂ ਅੱਗੇ ਪੜ੍ਹਨ ਦੀ ਇੱਛਾ ਜ਼ਾਹਰ ਕੀਤੀ ਤਾਂ ਹੁਣ ਪਿੰਡ ਵਿਚ ਤਾਂ ਕੋਈ ਪ੍ਰਬੰਧ ਨਹੀਂ ਸੀ, ਸੋ ਪਟਿਆਲੇ ਭੇਜਣ ਦੀ ਸਲਾਹ ਬਣੀ। ਬਾਕੀ ਟੱਬਰ ਨੇ ਤਾਂ ਇਹਦਾ ਬੜਾ ਵਿਰੋਧ ਕੀਤਾ, ਫੇਰ ਹਾਰ ਕੇ ਇਨ੍ਹਾਂ ਦੇ ਪਟਿਆਲੇ ਰਹਿੰਦੇ ਚਚੇਰੇ ਭਰਾ ਬਲਵੰਤ ਸਿੰਘ ਕੋਲ ਰਹਿ ਕੇ ਪੜ੍ਹਨ ਲਈ ਭੇਜ ਦਿੱਤਾ। ਬਸ ਉਦੋਂ ਹੀ ਜਸਵੰਤ ਮੇਰੀ ਭੈਣ ਦੀ ਸਹੇਲੀ ਬਣ ਗਈ। ਅਕਸਰ ਘਰ ਆਉਣਾ ਜਾਣਾ ਹੋ ਗਿਆ। ਪ੍ਰੋਗਰੈਸਿਵ ਵਿਚਾਰਾਂ ਦੀ ਹੋਣ ਕਾਰਨ ਮੈਨੂੰ ਇਹਦਾ ਸਾਥ ਚੰਗਾ ਲਗਦਾ ਸੀ। ਮੇਰੀ ਭੈਣ ਇਹਤੋਂ ਬਹੁਤ ਖਿਝਦੀ ਸੀ। ਮੈਨੂੰ ਕਹਿੰਦੀ, ''ਐਵੇਂ ਨਾ ਏਸ ਕੁੜੀ ਨਾਲ ਪੰਗਾ ਲੈ ਲਈਂ, ਬਹੁਤ ਅੜਬ ਐ। ਥੱਪੜ ਤਾਂ ਊਈਂ ਜੜ ਦਿੰਦੀ ਐ। ਦੋ–ਤਿੰਨ ਵਾਰ ਬਾਜ਼ਾਰ 'ਚ ਮੁੰਡੇ ਕੁੱਟ ਹਟੀ ਐ।'' ਮੈਂ ਪਹਿਲਾਂ ਤਾਂ ਥੋੜ੍ਹਾ ਝਿਪ ਗਿਆ। ਮੈਂ ਕਿਹਾ, ''ਦਸ ਮੈਂ ਕੀ ਭਲਾ ਉਹਨੂੰ ਛੇੜਨ ਲੱਗਿਆਂ?'' ਪਰ ਮਨ ਈ ਮਨ ਸੋਚਾਂ, ਆਖ਼ਰ ਐਹੋ ਜੀ ਵੀ ਕੀ ਗੱਲ ਐ ਕਿ ਇਹ ਬਿਨਾਂ ਗੱਲੋਂ ਲੜ ਪੈਂਦੀ ਐ। ਫੇਰ ਮੈਨੂੰ ਲਗਿਆ ਕਿ ਇਹਦਾ ਵੀ ਮੇਰੇ ਵਲ ਥੋੜ੍ਹਾ–ਥੋੜ੍ਹਾ ਝੁਕਾ ਹੋ ਰਿਹੈ, ਜਦੋਂ ਮੈਨੂੰ ਲੱਗਿਆ ਕਿ ਹੁਣ ਮੌਕਾ ਠੀਕ ਐ, ਤਾਂ ਮੈਂ ਸਿੱਧੀਓ ਗੱਲ ਕੀਤੀ, ''ਦੇਖ ਜਸਵੰਤ ਮੇਰੇ ਪਹਿਲੇ ਪਿਆਰ ਦੀ ਕਹਾਣੀ ਤਾਂ ਤੈਨੂੰ ਪਤਾ ਈ ਐ। ਰੁਮਾਂਸ–ਰਮੂਸ ਤਾਂ ਹੁਣ ਮੈਨੂੰ ਪਤਾ ਨਹੀਂ, ਨਾ ਹੀ ਮੈਥੋਂ ਕੋਈ ਆਸ ਰੱਖੀਂ। ਹਾਂ, ਮੈਂ ਤੇਰੇ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ। ਜੇ ਤੂੰ ਰਾਜ਼ੀ ਐਂ ਤਾਂ ਦਸ ਆਪਾਂ ਘਰਦਿਆਂ ਨਾਲ ਗੱਲ ਕਰ ਲੈਂਦੇ ਆਂ।'' ਜਸਵੰਤ ਦੀ ਹਾਂ ਸੁਣ ਕੇ ਨਾਲ ਹੀ ਮੈਂ ਕਹਿ ਦਿੱਤਾ, ''ਇਹ ਦੇਖ ਲੈ ਮੇਰੇ ਨਾਲ ਰਹਿ ਕੇ ਸਟੇਜਾਂ 'ਤੇ ਨਾਟਕ ਵੀ ਕਰਨੇ ਪੈਣਗੇ।'' ਇਹਨੇ ਉਹ ਵੀ ਮਨਜ਼ੂਰ ਕਰ ਲਏ। ਹੁਣ ਮੈਨੂੰ ਇਹ ਲਗਦਾ ਹੈ ਕਿ ਜਿੰਨਾ ਸ਼ਿੱਦਤ ਨਾਲ ਇਹਨੇ ਸਟੇਜਾਂ 'ਤੇ ਕੰਮ ਕੀਤਾ, ਸ਼ਾਇਦ ਮੈਂ ਵੀ ਉਹ ਨਹੀਂ ਕਰ ਸਕਿਆ।

## ਪਹਿਲੇ ਪਿਆਰ ਦੀ ਟੀਸ

*ਹੁਣ* : ਵਿਆਹ ਤਾਂ ਫੇਰ ਸੌਖਾ ਨਿਬੜ ਗਿਆ ਹੋਊ?

*ਦਮਨ :* ਨਹੀਂ ਏਨਾ ਵੀ ਸੌਖਾ ਨਹੀਂ ਸੀ। ਮੇਰੀ ਭੈਣ ਨੇ ਬਹੁਤ ਵਿਰੋਧ ਕੀਤਾ। ਇਹ ਗੱਲ ਮੈਨੂੰ ਬਾਅਦ 'ਚ ਸਮਝ ਆਈ ਕਿ ਉਹ ਜਸਵੰਤ ਤੋਂ ਖਿਝਦੀ ਕਿਉਂ ਸੀ। ਅਸਲ ਵਿਚ ਜਿਸ ਕੁੜੀ ਨੂੰ ਮੈਂ ਪਹਿਲਾਂ ਪਿਆਰ ਕਰਦਾ ਸੀ, ਉਹ ਉਹਦੀ ਖ਼ਾਸ ਸਹੇਲੀ ਸੀ। ਉਹ ਤਾਂ ਬਸ ਉਸੇ ਨੂੰ ਅਪਣੀ ਭਾਬੀ ਦੇ ਰੂਪ ਵਿਚ ਦੇਖਣਾ ਚਾਹੁੰਦੀ ਸੀ। ਉਧਰੋਂ ਇਨ੍ਹਾਂ ਦੇ ਭਰਾ ਬਲਵੰਤ ਸਿੰਘ ਨੇ ਵੀ ਬਹੁਤ ਰੌਲਾ ਪਾਇਆ। ਅਖੇ ਏਸੇ ਕੰਮ ਲਈ ਇਥੇ ਪੜ੍ਹਨ ਆਈ ਸੀ। ਸਾਡੇ ਘਰਾਂ ਦੀਆਂ ਕੁੜੀਆਂ ਇਹੋ ਜਿਹੇ ਕੰਮ ਨਈਂ ਕਰਨਗੀਆਂ। ਖ਼ੈਰ! ਬਾਕੀ ਸਾਰੇ ਰਾਜ਼ੀ ਸੀ, ਇਸ ਲਈ ਉਨ੍ਹਾਂ ਦੋਹਾਂ ਦੀ ਚੱਲੀ ਨਾ। ਬਸ ਫੇਰ ਵਿਆਹ ਹੋ ਗਿਆ।

*?* : ਇਹ ਪਹਿਲੇ ਪਿਆਰ ਦੀ ਕਹਾਣੀ ਕੀ ਹੈ?

*ਦਮਨ :* ਕਾਹਨੂੰ ਫਰੋਲਦੇ ਓਂ ਜ਼ਖ਼ਮ? ਇਹ ਵਕਤ ਸੀ, ਬਸ ਲੰਘ ਗਿਆ। ਲੋਕਾਂ ਦੀਆਂ ਲੱਗੀਆਂ ਤਾਂ ਘਰੇਲੂ ਵਿਰੋਧ ਕਾਰਨ ਟੁੱਟਦੀਆਂ ਨੇ, ਪਰ ਸਾਡੀ ਤਾਂ ਸਿਆਸੀ ਦਖ਼ਲ ਕਾਰਨ ਹੀ ਟੁੱਟ ਗਈ।

*?* : ਸਿਆਸੀ ਦਖ਼ਲ! ਉਹ ਕਿਵੇਂ?

*ਦਮਨ :* ਕੁੜੀ ਦਾ ਨਾਂਅ ਤਾਂ ਹੁਣ ਮੈਂ ਨਹੀਂ ਲੈਂਦਾ ਪਰ ਮੇਰੀ ਭੈਣ ਦੀ ਖ਼ਾਸ ਸਹੇਲੀ ਹੋਣ ਕਰ ਕੇ ਉਹਦੀ ਮੇਰੇ ਨਾਲ ਵੀ ਸਾਂਝ ਬਣ ਗਈ ਸੀ। ਖ਼ੈਰ, ਅੱਜ ਕੱਲ੍ਹ ਦੇ ਮੁੰਡੇ–ਕੁੜੀਆਂ ਵਾਂਗ ਅਸੀਂ ਬਾਗ਼ਾਂ ਵਿਚ ਨਹੀਂ ਮਿਲਦੇ ਸੀ। ਬਸ ਪਰਿਵਾਰਕ ਮਾਹੌਲ ਵਿਚ ਹੀ ਮਿਲਦੇ ਸੀ। ਉਦੋਂ ਤਾਂ ਅੱਖਾਂ–ਅੱਖਾਂ ਵਿਚ ਹੀ ਉਮਰਾਂ ਦਾ ਰਿਸ਼ਤਾ ਜੁੜ ਜਾਂਦਾ ਸੀ। ਅਸੀਂ ਵੀ ਜ਼ਿੰਦਗੀ 'ਕੱਠਿਆਂ ਨਿਭਾਉਣ ਦੇ ਵਾਅਦੇ ਕਰ ਲਏ। ਉਹਦਾ ਪਰਿਵਾਰ ਕਾਂਗਰਸੀ ਸੀ। ਉਹਦੇ ਪਿਤਾ ਜੀ ਕਾਂਗਰਸ ਦੀ ਟਿਕਟ ਤੋਂ ਕਈ ਵਾਰ ਚੋਣ ਵੀ ਲੜੇ, ਪਰ ਕਦੇ ਜਿੱਤੇ ਨਹੀਂ, ਬਸ ਸੀਟ ਦਾ ਕੋਟਾ ਪੂਰਾ ਹੋ ਜਾਂਦਾ ਸੀ, ਉਦੋਂ ਉਨ੍ਹਾਂ ਦੇ ਵਿਰੋਧੀ ਕਾਮਰੇਡ ਜਾਂ ਅਕਾਲੀ ਹੀ ਜਿੱਤਦੇ ਸੀ। ਉਦੋਂ ਬਹੁਤੇ ਕਾਂਗਰਸੀ ਪ੍ਰੋਗਰੈਸਿਵ ਹੁੰਦੇ ਸਨ। ਇਹ ਵੀ ਦੇਸ਼ ਭਗਤਾਂ ਦਾ ਟੱਬਰ ਸੀ। ਇਸੇ ਚੱਕਰ ਵਿਚ ਇਨ੍ਹਾਂ ਦਾ ਸਭ ਕੁਝ ਕੁਰਕ ਹੋ ਗਿਆ। ਪਾਰਟੀ ਨੇ ਨਿਆਣਿਆਂ ਲਈ ਵਜ਼ੀਫ਼ੇ ਲਾਏ ਹੋਏ ਸੀ। ਸਾਡੀ ਪੂਰੇ ਪਰਿਵਾਰ ਨਾਲ ਬੜੀ ਸਾਂਝ ਸੀ। ਉਹਦੇ ਭੈਣ–ਭਰਾ ਤਾਂ ਮੈਨੂੰ ਬਹੁਤ ਪਸੰਦ ਕਰਦੇ ਸੀ। ਭਾਵੇਂ ਸਾਡਾ ਕੋਈ ਸ਼ਗਨ–ਸ਼ੁਗਨ ਨਹੀਂ ਸੀ ਹੋਇਆ, ਪਰ ਉਹਦੇ ਭੈਣ–ਭਰਾਵਾਂ ਨੇ ਮੈਨੂੰ ਜੀਜਾ ਜੀ ਵੀ ਕਹਿਣਾ ਸ਼ੁਰੂ ਕਰ ਦਿੱਤਾ। ਇਧਰੋਂ ਮੇਰੇ ਘਰ ਦੇ ਵੀ ਰਾਜ਼ੀ ਸੀ।

*?* : ਜੇ ਸਾਰੇ ਈ ਰਾਜ਼ੀ ਸੀ ਤਾਂ ਫੇਰ ਭਾਨੀ ਕਿਹਨੇ ਮਾਰ ਦਿੱਤੀ?

*ਦਮਨ :* ਇਹਦੇ ਪਿਤਾ ਜੀ ਜਦੋਂ ਲਗਾਤਾਰ ਸੀਟ ਹਾਰਦੇ ਰਹੇ ਤਾਂ ਇਨ੍ਹਾਂ ਦੇ ਦੋਖੀ ਨੇ ਉਦੋਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਕੋਲ ਜਾ ਕੇ ਚੁਗਲੀ ਕਰ ਦਿੱਤੀ, ''ਲਓ ਜੀ ਹੁਣ ਆਹ ਵੀ ਸਮਾਂ ਆ ਗਿਆ। ਕਾਂਗਰਸੀ ਹੁਣ ਕਾਮਰੇਡਾਂ ਨਾਲ ਰਿਸ਼ਤੇ ਜੋੜਨ ਲੱਗੇ ਹੋਏ ਨੇ, ਬਸ ਜਲਦੀ ਹੀ ਕਾਮਰੇਡਾਂ ਨਾਲ ਰਲੇਵਾਂ ਹੋ ਜਾਵੇਗਾ।'' ਉਹ ਬੰਦਾ ਮੈਨੂੰ ਜਾਣਦਾ ਤਕ ਨਹੀਂ ਸੀ, ਇਥੋਂ ਤਕ ਕਦੇ ਵੀ ਦੇਖਿਆ ਨਹੀਂ ਸੀ। ਬਸ ਉਹ ਉਸ ਸੀਟ 'ਤੇ ਅਪਣਾ ਦਬਦਬਾ ਚਾਹੁੰਦਾ ਸੀ। ਕੈਰੋਂ ਨੂੰ ਵੀ ਉਹਦੀ ਗੱਲ ਜਚ ਗਈ। ਉਹਨੇ ਕੁੜੀ ਦੇ ਬਾਪ ਨੂੰ ਸੱਦ ਕੇ ਧਮਕੀ ਦੇ ਦਿੱਤੀ, ''ਤੁਸੀਂ ਦੇਸ਼ ਭਗਤਾਂ ਦੇ ਟੱਬਰ 'ਚੋਂ ਹੋ, ਮੈਂ ਤੁਹਾਡੀ ਇੱਜ਼ਤ ਕਰਦਾਂ। ਤੁਸੀਂ ਐ ਕੀ ਕੰਮ ਫੜਿਆ, ਅਪਣੀ ਕੁੜੀ ਨੂੰ ਕਾਮਰੇਡਾਂ ਵਿਚ ਵਿਆਹੁਣ ਲੱਗੇ ਹੋ। ਜਾਂ ਤਾਂ ਤੁਸੀਂ ਉਥੇ ਰਿਸ਼ਤਾ ਜੋੜ ਲਓ ਜਾਂ ਸਾਡੀ ਪਾਰਟੀ ਨਾਲ ਰਹੋ। ਪਰ ਜੇ ਤੁਸੀਂ ਉਨ੍ਹਾਂ ਨਾਲ ਰਿਸ਼ਤਾ ਜੋੜਿਆ ਤਾਂ ਤੁਹਾਡਾ ਵਜ਼ੀਫ਼ਾ ਬੰਦ ਕਰ ਦਿਆਂਗਾ।''

ਕੈਰੋਂ ਦਾ ਹੁਕਮ ਸੁਣ ਕੇ ਸਾਰਾ ਟੱਬਰ ਸਹਿਮ ਗਿਆ। ਪੱਲੇ ਕੁਝ ਰਿਹਾ ਨਹੀਂ ਸੀ। ਜੇ ਵਜ਼ੀਫ਼ਾ ਵੀ ਬੰਦ ਹੋ ਗਿਆ ਤਾਂ ਟੱਬਰ ਰੁਲ ਜਾਊਗਾ। ਬਾਪ ਨੇ ਜਦੋਂ ਕੁੜੀ ਨਾਲ ਗੱਲ ਕੀਤੀ ਤਾਂ ਓਹਨੇ ਜਿਵੇਂ ਕੁੜੀਆਂ ਕਰਦੀਆਂ ਈ ਹੁੰਦੀਆਂ ਨੇ, ਅਪਣੇ ਪਰਿਵਾਰ ਨਾਲ ਹੀ ਖੜਨਾ ਸੀ। ਇਕ ਦਿਨ ਉਹਦਾ ਖ਼ਤ ਮਿਲਿਆ, ਜਿਹਦੇ 'ਚ ਉਹਨੇ ਲਿਖਿਆ ਸੀ ਕਿ ਅੱਜ ਤੋਂ ਬਾਅਦ ਅਪਣਾ ਰਿਸਤਾ ਖ਼ਤਮ। ਚਿੱਠੀ 'ਤੇ ਹੰਝੂ ਡਿੱਗਣ ਕਾਰਨ ਕਿਤੇ–ਕਿਤੇ ਸਿਆਹੀ ਫੈਲੀ ਹੋਈ ਸੀ। ਮੈਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ ਕਿ ਇਹ ਅਚਾਨਕ ਕੀ ਹੋ ਗਿਆ। ਅਗਲੀ ਸਵੇਰੇ ਹੀ ਮੈਂ ਅਪਣੀ ਭੈਣ ਨੂੰ ਨਾਲ ਲੈ ਕੇ ਓਹਨੂੰ ਮਿਲਣ ਪਹੁੰਚ ਗਿਆ। ਉਹ ਹੋਸਟਲ ਵਿਚ ਪੜ੍ਹਦੀ ਸੀ। ਵਾਰਡਨ ਨੇ ਸਾਨੂੰ ਵੇਟਿੰਗ ਰੂਮ ਵਿਚ ਬਿਠਾਇਆ ਤੇ ਓਹਨੂੰ ਸੱਦਾ ਭੇਜ ਦਿੱਤਾ। ਮੇਰੀ ਬੇਚੈਨੀ ਵਧੀ ਜਾਵੇ। ਉਠ ਕੇ ਕਮਰੇ ਵਿਚ ਗੇੜੇ ਕੱਢੀ ਜਾਵਾਂ। ਜਦੋਂ ਉਹ ਆਈ ਤਾਂ ਭੈਣ ਦੇ ਗਲ ਲਗ ਕੇ ਰੋ ਪਈ। ਗੱਲ ਕੋਈ ਦੱਸੇ ਨਾ। ਅਸੀਂ ਬੜਾ ਪੁੱਛਿਆ ਕਿ ਆਖ਼ਰ ਗੱਲ ਕੀ ਹੋ ਗਈ। ਪਰ ਉਹ ਤਾਂ ਦੱਸੇ ਹੀ ਨਾ। ਬਸ ਇਕੋ ਰਟ ਲਾਈ ਰੱਖੀ, ''ਬਸ ਅੱਜ ਤੋਂ ਬਾਅਦ ਆਪਾਂ ਕਦੇ ਨਹੀਂ ਮਿਲਣਾ।'' ਮੈਂ ਤਾਂ ਡੌਰ–ਭੌਰ ਹੋਇਆ ਉਹਦੇ ਵੱਲ ਦੇਖੀ ਜਾਵਾਂ। ਮੇਰਾ ਵੀ ਗਲ ਭਰ ਆਇਆ। ਕੁਝ ਬੋਲ ਹੀ ਨਾ ਹੋਵੇ। ਉਥੋਂ ਤਾਂ ਆ ਗਿਆ, ਪਰ ਘਰ ਆਉਂਦਾ ਹੀ ਫਿਸ ਪਿਆ। ਸਾਰੀ ਰਾਤ ਰੋਂਦਾ ਰਿਹਾ ਕਿ ਆਖ਼ਰ ਗੱਲ ਕੀ ਹੋ ਗਈ। ਫੇਰ ਕਈ ਦਿਨਾਂ ਬਾਅਦ ਪਤਾ ਕੀਤਾ ਤਾਂ ਇਹ ਸੱਚ ਪਤਾ ਲੱਗਾ। ਕਈ ਵਾਰ ਇਸ ਗੱਲ 'ਤੇ ਯਕੀਨ ਵੀ ਨਾ ਹੋਇਆ, ਮਗਰੋਂ ਕਈ ਵਰ੍ਹਿਆਂ ਬਾਅਦ ਉਸੇ ਬੰਦੇ ਕੋਲੋਂ ਪੱਕਾ ਕੀਤਾ ਕਿ ਇਹ ਗੱਲ ਸੱਚ ਸੀ। ਹੁਣ ਉਹ ਬੰਦਾ ਮੈਨੂੰ ਤਾਂ ਜਾਣਦਾ ਨਹੀਂ ਸੀ, ਨਾ ਹੀ ਮੇਰਾ ਕੋਈ ਰੌਲਾ ਸੀ। ਇਹ ਤਾਂ ਬਸ ਸੀਟ ਦਾ ਰੌਲਾ ਸੀ। ਇਸ ਗੰਦੀ ਸਿਆਸਤ ਦੀ ਭੇਟ ਚੜ੍ਹ ਗਿਆ ਸਾਡਾ ਰਿਸ਼ਤਾ। ਮੇਰੀ ਭੈਣ ਉਹਨੂੰ ਕਦੇ ਭੁੱਲੀ ਨਹੀਂ। ਇਹਦੇ ਵਿਚ ਮੇਰੀ ਤਾਂ ਕੋਈ ਗ਼ਲਤੀ ਨਹੀਂ ਸੀ, ਫੇਰ ਵੀ ਓਹਨੇ ਮੇਰੇ ਨਾਲ ਬੋਲ–ਚਾਲ ਬੰਦ ਕਰ ਦਿੱਤੀ। ਹੁਣ ਤਕ ਵੀ ਉਹਨੇ ਸਾਡੇ ਨਾਲ ਮੇਲ–ਜੋਲ ਨਹੀਂ ਰੱਖਿਆ। ਜਸਵੰਤ ਨੂੰ ਤਾਂ ਉਹ ਬੁਲਾਉਂਦੀ ਵੀ ਨਹੀਂ। ਜੇ ਸਾਰਾ ਪਰਿਵਾਰ 'ਕੱਠਾ ਹੋਇਆ ਹੋਵੇ ਤਾਂ ਵੀ ਸਾਡੇ ਨਾਲ ਬੋਲਦੀ ਨਹੀਂ। ਉਹਦਾ ਕਹਿਣਾ ਸੀ ਕਿ ਮੈਨੂੰ ਸਾਰੀ ਉਮਰ ਉਹਦੀ ਉਸ ਖਾਸ ਸਹੇਲੀ ਦਾ ਇੰਤਜ਼ਾਰ ਕਰਨਾ ਚਾਹੀਦਾ ਸੀ। ਚਲੋ, ਖ਼ੈਰ! ਇਹ ਓਹਦੀ ਭਾਵਨਾ ਹੈ, ਪਰ ਥੋਨੂੰ ਵੀ ਪਤਾ ਹੈ, ਜ਼ਿੰਦਗੀ ਏਦਾਂ ਤਾਂ ਸੌਖੀ ਨਹੀਂ ਨਿਕਲਦੀ। ਬੰਦੇ ਨੂੰ ਉਮਰ ਕੱਟਣ ਲਈ ਕੋਈ ਤਾਂ ਸਹਾਰਾ ਚਾਹੀਦਾ ਹੈ ਤੇ ਜਸਵੰਤ ਮੇਰਾ ਸਹਾਰਾ ਬਣੀ। ਹੁਣ ਤਕ ਸਾਡਾ ਸਾਥ ਵਧੀਆ ਨਿਭ ਰਿਹਾ ਹੈ। ਸ਼ਾਇਦ ਬਹੁਤ ਵਧੀਆ। ਜਿਵੇਂ ਜਸਵੰਤ ਨੇ ਮੇਰੇ ਨਾਲ ਸਟੇਜਾਂ 'ਤੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ, ਸ਼ਾਇਦ ਕੋਈ ਹੋਰ ਨਾ ਕਰ ਸਕਦਾ।

*?* : ਤੁਹਾਡੇ ਦਿਲ 'ਚ ਉਸ ਰਿਸ਼ਤੇ ਦੀ ਹਾਲੇ ਵੀ ਕੋਈ ਟੀਸ ਹੈ?

*ਦਮਨ :* ਹਾਂ... ਬਸ ਕੀ ਪੁਛਦੇ ਹੋ ਹਾਲ ਫ਼ਕੀਰਾਂ ਦਾ... ਸ਼ਾਇਦ ਪਹਿਲਾ ਪਿਆਰ ਕਦੇ ਨਾ ਭੁੱਲਣ ਲਈ ਹੀ ਹੁੰਦਾ ਹੈ। ਭਾਵੇਂ ਜ਼ਿੰਦਗੀ 'ਚ ਅੱਜ ਮੈਨੂੰ ਕੋਈ ਦੁੱਖ ਨਹੀਂ, ਪਰ ਉਸ ਪਿਆਰ ਦੀ ਟੀਸ ਜ਼ਰੂਰ ਉਠਦੀ ਹੈ। ਇਹ ਕਸਕ ਤਾਂ ਰਹਿਣੀ ਹੀ ਹੈ ਕਿ ਬਿਨਾਂ ਕਸੂਰੋਂ ਅਸੀਂ ਵੱਖ ਹੋ ਗਏ। ਛੱਡੋ, ਹੁਣ ਏਹਦੇ ਬਾਰੇ ਕੀ ਸੋਚਣਾ। ਇਹ ਤਾਂ ਮਨੁੱਖੀ ਫ਼ਿਤਰਤ ਹੈ। ਉਹਦੇ ਜਾਣ ਮਗਰੋਂ ਬੱਸ ਅਪਣੇ–ਆਪ ਨੂੰ ਨਾਟਕਾਂ ਵਿਚ ਹੀ ਖੋਭੀ ਰੱਖਿਆ।



ਦਮਨ ਦੇ ਬਰਾਤੀ, ਰਜਿੰਦਰ, ਜਸਪਾਲ, ਜਸਵੰਤ ਰਸੀਆ, ਪਿਤਾ ਦਲੀਪ ਸਿੰਘ ਭੱਟੀਵਾਲ, ਭਰਾ ਰਜਿੰਦਰ, ਖੁਦ ਲਾੜਾ ਦਮਨ, ਗੁਰਪ੍ਰਤਾਪ ਸਿੰਘ ਗਿੱਲ, ਬਲਕਾਰ ਅਤੇ ਕੇਹਰ ਸਿੰਘ ਆਦਿ –ਪਿੰਡ ਨਿਹਾਲਗੜ੍ਹ, (ਫ਼ਿਰੋਜ਼ਪੁਰ) –12 ਜੂਨ 1967



ਦਵਿੰਦਰ ਦਮਨ, ਬਲਜੀਤ ਸਿੰਘ ਸੰਧੂ ਅਤੇ ਜਸਵੰਤ ਦਮਨ – ਪਿੰਡ ਨਿਹਾਲਗੜ੍ਹ, (ਫ਼ਿਰੋਜ਼ਪੁਰ)– 12 ਜੂਨ 1967



1997 : 'ਨਾ ਜਾਈਓ ਪਰਦੇਸ' ਹਿੰਦੀ ਸੀਰੀਅਲ ਦੇ ਇਕ ਦ੍ਰਿਸ਼ ਵਿਚ ਦਵਿੰਦਰ ਦਮਨ (ਖੱਬੇ), ਰਕੇਸ਼ ਬੇਦੀ (ਵਿਚਕਾਰ) ਅਤੇ ਜਸਵੰਤ ਦਮਨ (ਸੱਜੇ) ਦਿਖਾਈ ਦੇ ਰਹੇ ਹਨ।

## ਵਿਆਹ ਵਿਚ ਨਾਟਕ

? : ਵਿਆਹ ਦਾ ਦਿਨ ਤਾਂ ਸੌਖਾ ਲੰਘ ਗਿਆ?

*ਦਮਨ :* ਨਹੀਂ, ਉਦਾਂ ਤਾਂ ਕੋਈ ਮੁਸ਼ਕਲ ਨਹੀਂ ਆਈ। ਹੋਰ ਕਿਸੇ ਨੇ ਕੋਈ ਇਤਰਾਜ਼ ਨਾ ਕੀਤਾ। ਵਿਆਹ ਦੀ ਤਾਰੀਕ ਤੈਅ ਹੋ ਗਈ। ਜਸਵੰਤ ਦੇ ਬਾਪੂ ਜੀ ਵਲੋਂ ਇਕੋ ਬੇਨਤੀ ਸੀ ਕਿ ਬਰਾਤੀ ਸ਼ਰਾਬ ਨਹੀਂ ਪੀਣਗੇ। ਚਲੋ ਜੀ ਅਸੀਂ 13 ਬੰਦੇ ਬਰਾਤ ਲੈ ਕੇ ਪਹੁੰਚ ਗਏ। ਵਿਆਹ ਤੋਂ ਪਹਿਲੀ ਰਾਤ ਪਹਿਲਾਂ ਸਾਡੀ ਸੇਵਾ ਹੋਈ। ਖੁਲ੍ਹੇ ਖੇਤਾਂ ਵਿਚ ਅਸੀਂ ਮੰਜਿਆ 'ਤੇ ਬੈਠੇ ਸੀ। ਠੰਢੀ-ਠੰਢੀ ਹਵਾ ਚਲੇ, ਕੋਲ ਬੰਬੀ ਦਾ ਪਾਣੀ ਵਗ੍ਹੇ। ਸਾਡਾ ਦਿਲ ਤਾਂ ਬੇਈਮਾਨ ਹੋ ਗਿਆ। ਬਸ ਦਾਰੂ ਦਾ ਦੌਰ ਸ਼ੁਰੂ ਹੋ ਗਿਆ। ਬਾਪੂ ਜੀ ਦੀ ਬੇਨਤੀ ਤਾਂ ਅਸੀਂ ਭੁੱਲ ਗਏ। ਮੇਰੀ ਸ਼ਰਾਬ ਪੀਤੀ ਤਾਂ ਫੇਰ ਬਹੁਤ ਮਾੜੀ ਐ। ਰਾਤ ਨੂੰ ਜਦੋਂ ਰੋਟੀ ਖਾਣ ਲੱਗੇ ਤਾਂ ਕਿਸੇ ਸਬਜ਼ੀ 'ਚ ਮਿਰਚਾਂ ਜ਼ਿਆਦਾ ਸਨ। ਪਤਾ ਨਹੀਂ ਕੀ ਮਨ 'ਚ ਆਈ ਚੱਕ ਕੇ ਭਾਂਡੇ ਭੰਨ੍ਹ ਦਿੱਤੇ। ਬਹਿਰਿਆਂ ਦਾ ਕੋਈ ਮੁੰਡਾ ਵੀ ਕੁੱਟ ਸੁੱਟਿਆ। ਮੇਰਾ ਹੱਥ ਵੀ ਜ਼ਖ਼ਮੀ ਹੋ ਗਿਆ। ਜਦੋਂ ਇਨ੍ਹਾਂ ਦੇ ਬਾਪੂ ਜੀ ਨੂੰ ਪਤਾ ਲੱਗਾ, ਉਹ ਤਾਂ ਅੜ ਗਏ ਕਿ ਮੈਂ ਤਾਂ ਨ੍ਹੀਂ ਵਿਆਹ ਕਰਦਾ। ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪਤਾ ਨਹੀਂ ਕਿਵੇਂ ਮੇਰੇ ਬਾਪੂ ਜੀ ਨੇ ਹੀ ਉਨ੍ਹਾਂ ਨੂੰ ਮਨਾਇਆ। ਫੇਰ ਜਦੋਂ ਡੋਲੀ ਤੋਰਨੀ ਸੀ ਤਾਂ ਇਨ੍ਹਾਂ ਦੇ ਘਰਦੇ ਦਾਜ-ਦੂਜ ਦਾ ਸਾਮਾਨ ਚੁੱਕੀ ਫਿਰਨ। ਅਸੀਂ ਇਨ੍ਹਾਂ ਨੂੰ ਪਹਿਲਾਂ ਹੀ ਮਨ੍ਹਾਂ ਕਰ ਕਰ ਚੁੱਕੇ ਸੀ ਕਿ ਦਾਜ ਨ੍ਹੀਂ ਲੈਣਾ। ਜਦੋਂ ਬਹੁਤ ਜ਼ੋਰ ਪੈਣ ਲੱਗਾ ਤਾਂ ਅਸੀਂ ਇਕ ਟਰਾਂਜਿਸਟਰ, ਇਕ ਪਲੰਘ, ਇਕ ਪੱਖਾ ਤੇ ਮਾੜੇ ਮੋਟੇ ਭਾਂਡੇ-ਟਿੰਡੇ ਉਥੋਂ ਲੈ ਕੇ ਆਏ।

## ਨਾਟਕ ਦਾ ਜਨੂੰਨ

? : ਨਾਟਕਾਂ ਦੇ ਜਨੂੰਨ 'ਚ ਕਦੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਅਵੇਸਲੇ ਰਹੇ?

*ਦਮਨ :* ਅ... ਅ... (ਕੁਝ ਅਟਕ ਕੇ) ਕੀ ਦੱਸਾਂ ਹੁਣ ਮੈਂ ਥੋਨੂੰ! ਉਦੋਂ ਜ਼ਿੰਮੇਵਾਰੀਆਂ ਦਾ ਅਹਿਸਾਸ ਨਹੀਂ ਸੀ। ਗੱਲ ਸ਼ੁਰੂ ਤੋਂ ਦੱਸਦਾ ਹਾਂ। 67 ਵਿਚ ਸਾਡਾ ਵਿਆਹ ਹੋਇਆ 68 ਵਿਚ ਅਸੀਂ ਪਟਿਆਲੇ ਤੋਂ ਬਦਲੀ ਹੋ ਕੇ ਰੋਪੜ ਆ ਗਏ। ਇਹ ਬਦਲੀ ਵੀ ਸਿਆਸੀ ਹੀ ਕਹਿ ਸਕਦੇ ਹੋ। ਅਸਲ ਵਿਚ ਅਸੀਂ ਸ਼ਿਮਲੇ ਸਮਰ ਫ਼ੈਸਟੀਵਲ ਦੌਰਾਨ ਨਾਟਕ ਖੇਡਿਆ ਸੀ। ਬਾਕਾਇਦਾ ਗਰੁੱਪ ਗਿਆ ਸੀ, ਜਿਹਦੇ 'ਚ ਓਮ ਪੁਰੀ, ਮਹਿੰਦਰ ਸੰਧੂ ਤੇ ਬਾਅਦ ਦਾ ਵਜ਼ੀਰ ਬ੍ਰਹਮ ਮਹਿੰਦਰਾ ਸੀ। ਅਸੀਂ ਬ੍ਰਹਮ ਮਹਿੰਦਰਾ ਨੂੰ ਗਰੁੱਪ ਦਾ ਇੰਚਾਰਜ ਬਣਾਇਆ ਹੋਇਆ ਸੀ। ਨਾਟਕ ਦੇਖਣ ਉਦੋਂ ਪੰਜਾਬ ਦੇ ਮੁੱਖ ਮੰਤਰੀ ਲੱਛਮਣ ਸਿੰਘ ਗਿੱਲ ਵੀ ਆਏ। ਉਹ ਬਹੁਤ ਪ੍ਰਭਾਵਤ ਹੋਏ ਸਾਡੇ ਤੋਂ। ਸ਼ਿਮਲਾ ਮਾਲ 'ਤੇ ਤੁਰੇ ਜਾਂਦੇ ਸਾਨੂੰ ਮਿਲ ਗਏ। ਸਾਡੀ ਕਾਫ਼ੀ ਆਓ ਭਗਤ ਕੀਤੀ। ਉਦੋਂ ਹੀ ਉਹ ਰੋਪੜ ਵਿਚ ਫ਼ਿਲਮ ਸਿਟੀ ਬਣਾਉਣਾ ਚਾਹੁੰਦੇ ਸਨ। ਇਸੇ ਚੱਕਰ ਵਿਚ ਮੇਰੀ ਬਦਲੀ ਉਨ੍ਹਾਂ ਰੋਪੜ ਦੀ ਕਰਵਾਈ ਸੀ। ਸਾਡੇ ਮਾੜੇ ਭਾਗ ਕਹਿ ਲਓ ਜਾਂ ਹੋਰ, ਗਿੱਲ ਹੋਰਾਂ ਦੀ ਮਨਿਸਟਰੀ ਟੁੱਟ ਗਈ। ਮੈਂ ਫੇਰ ਚੰਡੀਗੜ੍ਹ ਆਉਣਾ ਚਾਹੁੰਦਾ ਸੀ, ਪਰ ਪ੍ਰਕਾਸ਼ ਸਿੰਘ ਬਾਦਲ ਹੋਰੀਂ ਮੇਰੀ ਬਦਲੀ ਨਾ ਕਰਨ ਕਿ ਇਹ ਤਾਂ ਲੱਛਮਣ ਸਿੰਘ ਗਿੱਲ ਦਾ ਬੰਦਾ ਹੈ। ਜਸਵੰਤ ਦੇ ਪਿਤਾ ਜੀ ਨੇ ਵੀ ਜ਼ੋਰ ਲਾਇਆ। ਉਨ੍ਹਾਂ ਇਕ ਮੰਤਰੀ ਗੁਰਮੀਤ ਸਿੰਘ ਰਾਹੀਂ ਵੀ ਸਿਫ਼ਾਰਸ਼ ਲਵਾਈ। ਅਖ਼ੀਰ ਕਹਿ-ਕੁਹਾ ਕੇ ਬਦਲੀ ਹੋ ਸਕੀ। ਚੰਡੀਗੜ੍ਹ ਆਉਣ ਲਈ ਮੈਂ ਅਪਨੀ 9 ਸਾਲ ਦੀ ਸਨਿਓਰਿਟੀ ਛੱਡੀ। ਮੈਨੂੰ ਬਹੁਤ ਕਿਹਾ ਗਿਆ ਕਿ ਇਥੋਂ ਤੂੰ ਐਡੀਸ਼ਨਲ ਡਾਇਰੈਕਟਰ ਬਣ ਕੇ ਰਿਟਾਇਰ ਹੋਵੇਂਗਾ। ਪਰ ਸਭ ਕੁਝ ਠੁਕਰਾ ਦਿੱਤਾ। ਮੈਨੂੰ ਲੱਗਿਆ ਜੇ ਮੈਂ ਇਥੇ ਹੀ ਰਹਿ ਗਿਆ ਤਾਂ ਮੇਰੇ ਨਾਟਕ ਰੁਲ ਜਾਣਗੇ।

ਸੋ 71 ਵਿਚ ਅਸੀਂ ਚੰਡੀਗੜ੍ਹ ਆ ਗਏ। ਇਥੇ ਆ ਕੇ ਨੋਰਾ ਰਿਚਰਡ ਰੰਗਮੰਚ ਕਾਇਮ ਕੀਤਾ। ਰੋਪੜ ਵੀ ਬਣਾਇਆ ਸੀ, ਪਰ ਉਥੇ ਬਹੁਤਾ ਕੰਮ ਨਹੀਂ ਹੋਇਆ। ਬੇਟੀ ਬਿੰਦੂ ਦਾ ਜਨਮ ਤਾਂ 69 ਵਿਚ ਰੋਪੜ ਹੀ ਹੋਇਆ ਸੀ ਤੇ 73 ਵਿਚ ਚੰਡੀਗੜ੍ਹ ਆ ਕੇ ਬੇਟੇ ਰਿਪੂ (ਰਿਪੂਤਾਪਨ ਦਮਨ) ਦਾ ਜਨਮ ਹੋਇਆ। ਉਦੋਂ ਮੇਰੀ ਤਨਖਾਹ 198 ਰੁਪਏ ਸੀ। 95 ਰੁਪਏ ਵਿਚ ਦੋ ਕਮਰਿਆਂ ਵਾਲਾ ਘਰ ਕਿਰਾਏ 'ਚ ਮਿਲ ਗਿਆ ਪਹਿਲੀ ਮੰਜਿਲ 'ਤੇ। ਸੌ ਰੁਪਏ ਵਿਚ ਹੀ ਗੁਜ਼ਾਰਾ ਹੋ ਜਾਂਦਾ ਸੀ। ਕਦੇ-ਕਦੇ 25 ਪੈਸੇ ਦਾ ਕੋਕਾ ਕੋਲਾ ਵੀ ਪੀ ਲੈਂਦੇ ਸੀ। ਹੌਲੀ-ਹੌਲੀ ਡੀ.ਏ ਵੀ ਵਧਣ ਲੱਗਾ, ਪਰ ਫੇਰ ਵੀ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਰਹਿਣਾ ਕਿਹੜਾ ਸੌਖਾ ਸੀ। ਬੱਚਿਆਂ ਦੀਆਂ ਲੋੜਾਂ ਵੀ ਵਧਦੀਆਂ ਜਾ ਰਹੀਆਂ ਸਨ। ਮੇਰੀ ਬੇਟੀ ਨੂੰ ਤਾਂ ਇਸ ਗੱਲ ਦਾ ਹਮੇਸ਼ਾ ਗਿਲਾ ਰਿਹਾ ਕਿ ਤੁਸੀਂ ਸਾਡੇ ਵੱਲ ਧਿਆਨ ਨਹੀਂ ਦਿੱਤਾ। ਆਪਣੀ ਮਾਂ ਨਾਲ ਇਨ੍ਹਾਂ ਗੱਲਾਂ ਪਿਛੇ ਲੜਦੀ ਵੀ ਸੀ। ਫੇਰ ਜਸਵੰਤ ਨੂੰ ਪੰਜਾਬ ਦੀ ਡਰਾਮਾ ਰੈਪਟਰੀ (ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਅਧੀਨ) ਨੌਕਰੀ ਮਿਲ ਗਈ। ਇਹਨੂੰ ਉਥੋਂ 800 ਰੁਪਏ ਮਹੀਨਾ ਮਿਲਣ ਲੱਗ ਪਿਆ। ਢਾਈ ਸਾਲ ਇਥੇ ਕੰਮ ਕੀਤਾ। ਵਿਚੇ ਨੌਕਰੀ, ਨਾਲੇ ਥੀਏਟਰ, ਸਾਨੂੰ ਦੋਹਾਂ ਨੂੰ ਹੋਰ ਕੁਝ ਸੁਝਦਾ ਹੀ ਨਹੀਂ ਸੀ। ਅਕਸਰ ਬੱਚਿਆਂ ਨੂੰ 'ਕਲੇ ਹੀ ਰਹਿਣਾ ਪਿਆ।

ਆਪਣੀਆਂ ਪੜ੍ਹਾਈਆਂ ਇਨ੍ਹਾਂ ਨੇ ਆਪ ਹੀ ਕੀਤੀਆਂ। ਮੇਰਾ ਤਾਂ ਇਕ ਹੋਰ ਵੀ ਸ਼ੌਕ ਸੀ ਦਾਰੂ ਪੀਣਾ। ਘਰਦੇ ਖਿਝਦੇ ਸੀ। ਦੋਵੇਂ ਬੱਚੇ ਮਾਡਰਨ ਸਕੂਲ 'ਚ ਪੜ੍ਹੇ। ਫ਼ੀਸਾਂ ਬਹੁਤੀਆਂ ਨਹੀਂ ਸਨ, ਇਸ ਕਰ ਕੇ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਲੱਗਿਆਂ ਇਨ੍ਹਾਂ ਗੱਲਾਂ ਦੀਆਂ ਤੰਗੀਆਂ ਨਹੀਂ ਆਈਆਂ। ਸਾਡੀ ਗ਼ਰੀਬੀ ਦੇਖ ਕੇ ਬਿੰਦੂ ਥੀਏਟਰ ਤੋਂ ਦੌੜੀ। ਬਹੁਤ ਡਰੀ ਹੋਈ ਸੀ ਉਹ ਇਸ ਖੇਤਰ ਤੋਂ। ਫੇਰ ਓਹਨੇ ਐਨ.ਸੀ.ਸੀ. ਜੁਆਇਨ ਕਰ ਲਈ। ਫੇਰ ਗਲਾਇਡਰ ਪਾਇਲਟ ਬਣੀ, ਮਗਰੋਂ ਕਮਰਸ਼ੀਅਲ ਪਾਇਲਟ ਦੀ ਟਰੇਨਿੰਗ ਲੈਣ ਲੱਗੀ। ਇਹਨੇ ਤਾਂ ਸੈਂਟਰਲ ਇਮਤਿਹਾਨ ਵੀ ਦਿੱਤਾ, ਬਹੁਤ ਸਖ਼ਤ ਹੁੰਦਾ ਸੀ ਇਹ ਇਮਤਿਹਾਨ। ਸਾਰੇ ਟੈਸਟ ਪਾਸ ਹੋ ਗਏ ਜਦੋਂ ਮੈਡੀਕਲ ਟੈਸਟ ਹੋਇਆ ਤਾਂ ਦਿਲ ਦੇ ਡਾਕਟਰ ਨੇ ਦੱਸਿਆ ਕਿ ਇਹਦੇ ਦਿਲ ਵਿਚ ਤਾਂ ਮਰਮਰ (Abnormal ਆਵਾਜ਼ ਦਾ ਆਉਣਾ) ਹੈ। (ਇਕ ਤਰ੍ਹਾਂ ਦਾ ਬੈਕਟੀਰੀਆ ਹੁੰਦੈ, ਜੋ ਗਲੇ ਵਿਚੋਂ ਉਤਰ ਕੇ ਦਿਲ ਵਿਚ ਆ ਜਾਂਦੇ। ਇਹ ਮਾਈਟਲ ਵਾਲਵ ਦਾ ਮੂੰਹ ਛੋਟਾ ਕਰ ਦਿੰਦਾ ਹੈ, ਜਿਸ ਨੇ ਖ਼ੂਨ ਬਾਕੀ ਸਰੀਰ 'ਚ ਲਿਜਾਣਾ ਹੁੰਦਾ ਹੈ) ਇਹਦੀ ਸਿਲੈਕਸ਼ਨ ਨਾ ਹੋ ਸਕੀ। ਬਹੁਤ ਡਿਪਰੈਸ ਹੋ ਗਈ। ਫੇਰ ਚੰਡੀਗੜ੍ਹ ਆ ਕੇ ਪੀ.ਜੀ.ਆਈ. ਦਿਖਾਇਆ। ਇਹਦਾ ਆਪਰੇਸ਼ਨ ਹੋਇਆ, ਪਰ ਮੁੜ ਕੇ ਉਥੇ ਜੁਆਇਨ ਨਾ ਕਰ ਸਕੀ। ਉਨ੍ਹਾਂ ਨੇ ਮੈਡੀਕਲੀ ਅਨਫਿੱਟ ਕਰ ਦਿੱਤਾ। ਇਹਦਾ ਸੁਪਨਾ ਟੁੱਟ ਗਿਆ। ਸਾਲ ਭਰ ਕੋਈ ਕੰਮ ਨਾ ਕੀਤਾ। ਫੇਰ ਆਪ ਹੀ ਰਾਜਸਥਾਨ ਲਾਅ (ਕਾਨੂੰਨ ਦੀ ਪੜ੍ਹਾਈ) ਕਰਨ ਚਲੀ ਗਈ। ਫੇਰ ਇਹਨੇ ਹਾਈ ਕੋਰਟ ਵਿਚ 9 ਸਾਲ ਪ੍ਰੈਕਟਿਸ ਕੀਤੀ।

ਜਦੋਂ ਇਹ ਕਮਰਸ਼ੀਅਲ ਪਾਇਲਟ ਦੀ ਟਰੇਨਿੰਗ ਲੈ ਰਹੀ ਸੀ, ਉਸੇ ਦੌਰਾਨ ਉਥੇ ਇਕ ਦੋਸਤ ਬਣਿਆ। ਉਹਦੇ ਨਾਲ ਵਿਆਹ ਕਰਾਇਆ। ਉਹਦੇ ਘਰਦਿਆਂ ਨੂੰ ਲਵ ਮੈਰਿਜ ਪਸੰਦ ਨਹੀਂ ਸੀ। ਰੋਜ਼ ਕਲੇਸ਼ ਰਹਿੰਦਾ ਸੀ। ਹਾਰ ਕੇ ਸਾਡਾ ਦਾਮਾਦ ਉਚੇਰੀ ਪੜ੍ਹਾਈ ਦੇ ਬਹਾਨੇ ਵਿਦੇਸ਼ ਚਲਾ ਗਿਆ। ਬਿੰਦੂ ਵੀ ਬੱਚੇ ਸਾਡੇ ਕੋਲ ਛੱਡ ਕੇ ਵਿਦੇਸ਼ ਚਲੀ ਗਈ। ਉਥੇ ਇਹਨੇ ਤਿੰਨ ਸਾਲ ਡਟ ਕੇ ਇਮੀਗਰੇਸ਼ਨ ਦਾ ਕੰਮ ਕੀਤਾ। ਬਹੁਤ ਪੈਸਾ ਕਮਾਇਆ ਤੇ ਲਾਸ ਏਂਜਲਸ ਵਿਚ ਆਪਣਾ ਘਰ ਵੀ ਖਰੀਦ ਲਿਆ। ਵਿਚੋਂ ਕੁਝ ਕੇਸ ਗ਼ਲਤ ਹੋ ਗਏ ਤੇ ਐਫ.ਬੀ.ਆਈ ਨੇ ਇਹਨੂੰ ਚਿਤਾਵਨੀ ਦੇ ਦਿੱਤੀ। ਜਵਾਈ ਵੀ ਸੈਟ ਹੋਣ ਲਈ ਸੰਘਰਸ਼ ਕਰਦਾ ਫਿਰਦਾ ਸੀ। ਇਥੇ ਓਹਨੇ ਪਾਇਲਟ ਹੋਣਾ ਸੀ, ਉਥੇ ਡਰਾਇਵਰੀ ਵੀ ਕਰਦਾ ਰਿਹਾ। ਇਕ ਤਰ੍ਹਾਂ ਨਾਲ ਰੁਲ ਗਏ ਉਥੇ ਜਾ ਕੇ। ਫਿਰ ਬਿੰਦੂ ਨੇ ਛੋਟੇ ਬੱਚਿਆਂ ਦੀ ਫਾਸਟ ਟਰੈਕ ਕਿਡਜ਼ ਪ੍ਰੋਗਰਾਮ ਤਹਿਤ ਅਕੈਡਮੀ ਖੋਲ੍ਹ ਲਈ। ਉਦੋਂ ਹੀ ਰਿਸੈਸ਼ਨ (ਵਿੱਤੀ ਸੰਕਟ) ਆ ਗਿਆ ਤੇ ਮਾਪਿਆਂ ਨੇ ਬੱਚੇ ਹਟਾ ਲਏ। ਇਨ੍ਹਾਂ ਨੂੰ ਘਾਟਾ ਪੈ ਗਿਆ। ਫੇਰ ਇਹ ਕੈਲੇਫੋਰਨੀਆ ਤੋਂ ਟੈਕਸਾਸ ਆ ਗਏ। ਘਰ ਵੇਚ ਕੇ ਅਪਣਾ ਪੈਟਰੋਲ ਪੰਪ ਲੈ ਲਿਆ। ਉਥੇ 'ਕੱਲੇ ਪੈਟਰੋਲ ਪੰਪ ਵਿਚ ਕਮਾਈ ਦੀ ਕੋਈ ਗੁਜਾਇੰਸ਼ ਨਹੀਂ ਹੁੰਦੀ। ਉਸ ਇਲਾਕੇ ਵਿਚ ਜਿਨ੍ਹਾਂ ਕੋਲ ਜ਼ਿਆਦਾ ਪੈਟਰੋਲ ਪੰਪ ਸਨ, ਉਨ੍ਹਾਂ ਨੇ ਇਕ ਪੈਨੀ ਪੈਟਰੋਲ ਸਸਤਾ ਕਰ ਦਿੱਤਾ ਤੇ ਇਨ੍ਹਾਂ ਦੇ ਗਾਹਕ ਆਉਣੋਂ ਬੰਦ ਹੋ ਗਏ। ਹਾਰ ਕੇ ਬਿੰਦੂ ਨੇ ਇਹ ਰੈਸਟਰੋਰੈਂਟ ਵਿਚ ਬਦਲ ਲਿਆ। ਇਹਦੇ ਸਾਹਮਣੇ ਹੀ ਯੂਨੀਵਰਸਿਟੀ ਸੀ। ਸੋ, ਗੱਡੀ ਰਿੜ੍ਹ ਪਈ। ਇਕ ਦਿਨ ਟਰਕੀ (Turkey) ਦੀ ਕੋਈ ਵਿਦਿਆਰਥਣ ਆਈ ਤਾਂ ਬਿੰਦੂ ਨਾਲ ਇਹਦੀ ਸਾਂਝ ਹੋ ਗਈ। ਗੱਲਾਂਬਾਤਾਂ ਵਿਚ ਜਦੋਂ ਉਹਨੂੰ ਬਿੰਦੂ ਦਾ ਪਿਛੋਕੜ ਪਤਾ ਲੱਗਾ ਤਾਂ ਕਹਿੰਦੀ, "ਤੂੰ ਕਮਲੀ ਐਂ, ਇਥੇ ਬੈਠੀ ਅਪਣਾ ਟਾਈਮ ਖਰਾਬ ਕਰ ਰਹੀ ਹੈਂ।" ਓਹਦੇ ਕਹਿਣ 'ਤੇ ਬਿੰਦੂ ਨੇ ਫ਼ਿਲਮ ਲਾਈਨ ਵਿਚ ਯੂਨੀਵਰਸਿਟੀ ਦਾਖ਼ਲਾ ਲੈ ਲਿਆ।

ਇਹ ਗੱਲ ਮੈਨੂੰ ਦੱਸਣ ਦਾ ਚੇਤਾ ਨਹੀਂ ਰਿਹਾ, ਜਦੋਂ ਬਿੰਦੂ ਇੰਡੀਆ ਸੀ ਤਾਂ ਇਹਦੇ ਸ਼ੌਕ ਕਹਿ ਲਓ ਜਾਂ ਗੁੱਸਾ ਅਤਿਵਾਦ 'ਤੇ ਇਕ ਦਸਤਾਵੇਜ਼ੀ ਫ਼ਿਲਮ ਬਣਾਈ ਸੀ। ਭਾਵੇਂ ਇਹ ਥੀਏਟਰ ਤੋਂ ਭੱਜੀ ਸੀ ਪਰ ਪਤਾ ਨਹੀਂ ਇਦੇ ਮਨ ਵਿਚ ਕੀ ਆਈ। ਜਿਹੜੇ ਹੋਟਲ ਵਿਚ ਫ਼ਿਲਮ ਦਿਖਾਈ ਜਾ ਰਹੀ ਸੀ, ਪਹਿਲਾਂ ਹੀ ਉਹਦੀ ਚਰਚਾ ਹੋ ਗਈ। ਅੱਧੋਂ ਵੱਧ ਸੀਟਾਂ ਤਾਂ ਸੀ.ਆਈ.ਡੀ. ਦੇ ਬੰਦਿਆਂ ਨਾਲ ਭਰ ਗਈਆਂ। ਇਹਨੂੰ ਚਿਤਾਵਨੀਆਂ ਵੀ ਮਿਲੀਆ। ਦੋ ਕੁ ਸੀਰੀਅਲਾਂ ਵਿਚ ਵੀ ਕੰਮ ਕੀਤਾ। ਖ਼ੈਰ! ਅਮਰੀਕਾ ਜਾ ਕੇ ਇਹਨੇ ਫ਼ਿਲਮ ਦੀ ਟਰਮੀਨਲ ਡਿਗਰੀ ਲਈ। ਟਰੇਨਿੰਗ ਦੌਰਾਨ ਹੀ ਇਹਨੇ ਕਈ ਫ਼ਿਲਮਾਂ ਬਣਾਈਆਂ, ਜਿਨ੍ਹਾਂ ਦੀ ਉਥੇ ਚਰਚਾ ਹੁੰਦੀ ਸੀ। ਇਕ ਵਾਰ ਮਨਾਹੀ ਵਾਲੇ ਖੇਤਰ ਵਿਚ ਜਾ ਕੇ ਸ਼ੂਟ ਕਰ ਲਿਆਈ। ਜਦੋਂ ਇਤਰਾਜ਼ ਹੋਏ ਤਾਂ ਯੂਨੀਵਰਸਿਟੀ ਵਾਲਿਆਂ ਨੇ ਵਿਦਿਆਰਥਣ ਕਹਿ ਕੇ ਛੁਡਾਇਆ। ਇਕ ਵਾਰ ਇੰਟਰਨੈਸ਼ਨਲ ਕਾਨਫਰੰਸ ਦੌਰਾਨ ਇਹਦੀ ਫ਼ਿਲਮ 'ਤੇ ਇਹਨੂੰ ਸਟੈਂਡਿੰਗ ਓਵੇਸ਼ਨ ਮਿਲੀ। ਇਹ ਦਲੇਰ ਬਹੁਤ ਹੈ। ਦਿਲ ਦੀ ਬਿਮਾਰੀ ਅੱਗੇ ਡਟੀ ਰਹਿੰਦੀ ਹੈ। ਹੁਣ ਵੀ ਕਈ ਚਿਰ ਮਗਰੋਂ ਇਥੇ ਆਈ ਸੀ ਕਿ ਅਚਾਨਕ ਅਟੈਕ ਹੋ ਗਿਆ ਤੇ ਜ਼ੁਬਾਨ ਦਾ ਲਕਵਾ ਹੋ ਗਿਆ। ਹੁਣ ਬੋਲ ਨਾ ਸਕਣ ਕਰ ਕੇ ਪ੍ਰੇਸ਼ਾਨ ਹੈ। ਪਰ ਮੈਨੂੰ ਪਤਾ ਹੈ ਇਹ ਇਸ ਤਲਕੀਫ਼ ਮੂਹਰੇ ਵੀ ਡੱਟ ਕੇ ਖੜੇਗੀ।

ਬਾਕੀ ਰਹੀ ਬੇਟੇ ਦੀ ਗੱਲ, ਉਹ ਵੀ ਅੱਜਕਲ੍ਹ ਅਮਰੀਕਾ ਵਿਚ ਹੈ। ਮੇਮ ਨਾਲ ਵਿਆਹ ਕਰਵਾਇਆ ਤੇ ਤਿੰਨ ਬੱਚੇ ਨੇ। 'ਛਿਪਣ ਤੋਂ ਪਹਿਲਾਂ' ਨਾਟਕ ਵਿਚ ਉਸ ਨੇ ਭਗਤ ਸਿੰਘ ਦਾ ਰੋਲ ਕੀਤਾ। ਹਰਿਆਣਾ ਵਿਚ ਇਸ ਨਾਟਕ ਦੇ ਸਾਰੇ ਸ਼ੋਅ ਉਹਨੇ ਕੀਤੇ। ਆਪਣੇ ਬੇਟੇ ਕਰ ਕੇ ਨਹੀਂ ਕਹਿੰਦਾ ਪਰ ਸਚਮੁੱਚ ਬਹੁਤ ਚੰਗਾ ਕਲਾਕਾਰ ਹੈ। ਇਕ ਵਾਰ ਤਾਂ ਹਰਿਆਣਾ 'ਚ ਨਾਟਕ ਮਗਰੋਂ ਉਹਦਾ ਏਨਾ ਜ਼ੋਰਦਾਰ ਸਵਾਗਤ ਹੋਇਆ ਕਿ ਸਾਊਥ ਦੇ ਮੁੰਡਿਆਂ ਨੇ ਉਹਦੇ ਪੈਰੀਂ ਹੱਥ ਲਾਏ। ਆਪਣੇ ਪੈਰਾਂ 'ਤੇ ਆਪ ਹੀ ਖੜਾ ਹੋਇਆ। ਵਿਦੇਸ਼ ਜਾ ਕੇ ਉਹਨੇ ਵੀ ਪਹਿਲਾਂ ਡਰਾਇਵਰੀ ਕੀਤੀ। ਫਿਰ ਟਰਾਂਸਪੋਰਟ ਕੰਪਨੀ 'ਚ ਸੁਪਰਵਾਈਜ਼ਰ ਬਣਿਆ। ਹੁਣ ਆਇਲ ਫ਼ੀਲਡ ਵਿਚ ਉਹ ਸੁਪਰਵਾਈਜ਼ਰ ਹੈ। ਸੋਹਣਾ ਕੰਮ ਹੈ ਉਹਦਾ। ਮੈਂ ਆਪਣੇ ਬੱਚਿਆਂ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਮੇਰੀ ਲਾਪ੍ਰਵਾਹੀ ਜਾਂ ਸ਼ਰਾਬ ਕਰ ਕੇ ਮੈਨੂੰ ਉਨ੍ਹਾਂ ਨੇ ਨਫ਼ਰਤ ਨਹੀਂ ਕੀਤੀ। ਬਹੁਤ ਪਿਆਰ ਕਰਦੇ ਨੇ। ਹਰ ਗੱਲ ਦਾ ਫ਼ਿਕਰ ਕਰਦੇ ਨੇ। ਹੁਣ ਵੀ ਮੈਂ ਜਦੋਂ ਉਹਦੇ ਕੋਲ ਜਾਵਾਂ ਤਾਂ ਵਧੀਆ ਤੋਂ ਵਧੀਆ ਦਾਰੂ ਪੇਸ਼ ਕਰਦਾ ਹੈ। ਕਹਿ ਸਕਦਾ ਹਾਂ ਕਿ ਜਿਵੇਂ ਅਸੀਂ ਬੱਚਿਆਂ ਦਾ ਖ਼ਿਆਲ ਨਹੀਂ ਰੱਖ ਸਕੇ, ਬੱਚੇ ਸਾਡਾ ਜ਼ਰੂਰ ਰਖਦੇ ਹਨ। ਇਨ੍ਹਾਂ ਨਾਲ ਮੇਰੇ ਦੋਸਤਾਨਾ ਸਬੰਧ ਹੀ ਰਹੇ। ਵਿਆਹ ਕਰਾਉਣ ਦੇ ਮਾਮਲੇ ਵਿਚ ਵੀ ਇਨ੍ਹਾਂ ਨੂੰ ਪੂਰੀ ਛੁੱਟੀ ਸੀ। ਬਸ ਇਕੋ ਗੱਲ ਕਹੀ ਸੀ ਕਿ ਕਦੇ ਸਾਡੇ ਤੋਂ ਲਕੋ ਨਾ ਰਖਣਾ। ਅਸਲ ਵਿਚ ਜੇ ਬੱਚੇ ਚੋਰੀ ਕਰਦੇ ਹਨ ਤਾਂ ਉਹਦੇ 'ਚ ਕਿਤੇ ਨਾ ਕਿਤੇ ਮਾਂ-ਬਾਪ ਹੀ ਕਸੂਰਵਾਰ ਹੁੰਦੇ ਹਨ। ਬੱਚਿਆਂ ਨਾਲ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਹੈ। ਮੈਂ ਤਾਂ ਜਦੋਂ ਦਾਰੂ ਵੀ ਪੀਂਦਾ ਸੀ ਤਾਂ ਟੇਬਲ 'ਤੇ ਬੋਤਲ ਰੱਖ ਕੇ ਕਹਿੰਦਾ ਹੁੰਦਾ ਸੀ, "ਮੈਂ ਤਾਂ ਆਪਣਾ ਪੈਗ ਪਾ ਲਿਆ, ਜੇ ਕਿਸੇ ਹੋਰ ਨੇ ਪੀਣੀ ਹੈ ਤਾਂ ਪੀ ਲਓ। ਕੋਈ ਪਰਦਾ ਨਹੀਂ।" ਮੈਨੂੰ ਹੁੰਦਾ ਸੀ ਕਿ ਬੇਟਾ ਚੋਰੀ-ਚੋਰੀ ਨਾ ਪੀਵੇ ਘਰ ਬੈਠ ਕੇ ਮੇਰੇ ਸਾਹਮਣੇ ਪੀਏ।

## ਭੂਤਾਂ ਨਾਲ ਗੱਲਾਂ

? : ਤੁਹਾਨੂੰ ਹੁਣ ਡਰ ਲਗਦਾ ਹੋਣੈ ਕਿ ਫੇਰ ਸਿਵਿਆਂ 'ਚ ਜਾ ਕੇ ਸੌਣਾ ਪਊ?

*ਦਮਨ :* ਨਾ-ਨਾ, ਡਰ-ਡੁਰ ਕੋਈ ਨਹੀਂ। ਬਚਪਨ ਤੋਂ ਹੀ ਡਰ ਨਹੀਂ ਸੀ। ਮੇਰੇ ਨਾਲ ਦੇ ਮੁੰਡੇ ਭੂਤਾਂ-ਪ੍ਰੇਤਾਂ ਦੀਆਂ ਗੱਲਾਂ ਕਰਦੇ ਸੀ ਤਾਂ ਮੈਂ ਉਨ੍ਹਾਂ ਨੂੰ ਕਹਿੰਦਾ ਹੁੰਦਾ ਸੀ ਕਿ ਇਹ ਵਹਿਮ ਐ, ਕੋਈ ਭੂਤ-ਪ੍ਰੇਤ ਨਹੀਂ ਹੁੰਦਾ। ਇਸ ਗੱਲ 'ਤੇ ਬਹੁਤ ਅੜਦੇ ਸੀ ਉਹ ਮੇਰੇ ਨਾਲ। ਕਹਿੰਦੇ ਕਿਸੇ ਦਿਨ ਸਿਵਿਆਂ 'ਚ ਜਾ ਕੇ ਦਿਖਾ, ਫੇਰ ਗੱਲ ਕਰਾਂਗੇ।

ਕੁਦਰਤੀ ਉਸ ਦਿਨ ਕੋਈ ਬੁੱਢਾ ਮਰ ਗਿਆ। ਓਦੇਂ ਮੈਂ ਜਾਣ ਤੋਂ ਨਾਹ 'ਕਰਤੀ ਕਿ ਅੱਜ ਮੇਰਾ ਮੂਡ ਨਹੀਂ, ਫੇਰ ਕਿਸੇ ਦਿਨ ਚਲੋ। ਥੋੜ੍ਹੇ ਦਿਨਾਂ ਬਾਅਦ ਫਿਰ ਇਕ ਬੁੱਢਾ ਮਰ ਗਿਆ। ਉਨ੍ਹਾਂ ਨੇ ਜੁਗਤ ਬਣਾ ਲਈ ਕਿ ਰਾਤ ਨੂੰ ਤੂੰ ਉਥੇ ਜਦੋਂ ਸਿਵਾ ਠੰਢਾ ਹੋ ਗਿਆ ਤਾਂ ਬੋਹੜ ਦੁਆਲੇ 7 ਵਾਰੀ ਗੋਹੜਾ ਲਪੇਟੀਂ ਤੇ ਉਚੀ ਦੇਣੀਂ ਕਹੀਂ, ''ਲਓ ਜੀ ਮੈਂ ਚੱਲਿਆਂ।'' ਉਨ੍ਹਾਂ ਨੇ ਪਹਿਲਾਂ ਹੀ ਕੋਈ ਬੰਦੋਬਸਤ ਕੀਤਾ ਹੋਇਆ ਸੀ। ਮੈਂ ਜਦੋਂ ਕਹਿ ਕੇ ਤੁਰਨ ਲੱਗਿਆ ਤਾਂ ਜ਼ੋਰ ਦੀ ਮੇਰੀ ਗਰਦਨ 'ਤੇ ਕੋਈ ਚੀਜ਼ ਵੱਜੀ, ਮੈਂ ਤਾਂ ਡਿੱਗਿਆ ਹੀ ਡਿੱਗਿਆ, ਉਹ ਚੀਜ਼ ਵੀ ਨਾਲ ਹੀ ਡਿੱਗ ਪਈ। ਮੈਨੂੰ ਆਦਤ ਹੁੰਦੀ ਸੀ ਸੋਟੀ ਰੱਖਣ ਦੀ। ਮੈਂ ਅਚਾਨਕ ਡਰ ਗਿਆ ਤੇ ਜਿਹੜੀ ਚੀਜ਼ ਮੇਰੇ ਮੂਹਰੇ ਡਿੱਗੀ ਸੀ, ਉਹਤੇ ਸੋਟੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਅਸਲ 'ਚ ਦੋ ਮੁੰਡੇ ਬੋਹੜ 'ਤੇ ਲੁਕੇ ਹੋਏ ਸੀ। ਉਨ੍ਹਾਂ ਦਾ ਪਲਾਨ ਸੀ ਕਿ ਇਕ ਜਣਾ ਉਹਦੀਆਂ ਜੜ੍ਹਾਂ ਨਾਲ ਝੂਟ ਕੇ ਮੇਰੇ ਮੋਢਿਆਂ 'ਤੇ ਲੱਤਾਂ ਮਾਰ ਕੇ ਵਾਪਸ ਉਪਰ ਚੜ੍ਹ ਜੂਗਾ ਪਰ ਇਵੇਂ ਹੋਇਆ ਨਾ ਤੇ ਉਹ ਮੁੰਡਾ ਮੇਰੇ ਮੂਹਰੇ ਆ ਕੇ ਡਿੱਗਿਆ। ਮੈਂ ਸੋਟੀਆਂ ਨਾਲ ਪੂਰੀ ਤਰ੍ਹਾਂ ਮਾਂਜ 'ਤਾ। ਜਦੋਂ ਤਕ ਰੌਲਾ ਪਿਆ, ਉਹ ਬੇਹੋਸ਼ ਹੋ ਗਿਆ। ਦੋ-ਤਿੰਨ ਮਹੀਨਿਆਂ ਮਗਰੋਂ ਉਹਦੀ ਮੌਤ ਹੋ ਗਈ। ਬਾਪੂ ਜੀ ਉਦੋਂ ਸਰਪੰਚ ਹੁੰਦੇ ਸੀ। ਪੰਚਾਇਤ 'ਕੱਠੀ ਹੋਈ। ਸਜ਼ਾ ਵਜੋਂ 5 ਕਿਲੋ ਘਿਓ ਤੇ ਸੌ ਰੁਪਏ ਜ਼ੁਰਮਾਨਾ ਹੋਇਆ। ਹੁਣ ਜਾਣਬੁਝ ਕੇ ਤਾਂ ਹੋਇਆ ਨਹੀਂ ਸੀ, ਨਿਆਣਿਆਂ ਦੀ ਸ਼ਰਾਰਤ ਸੀ। ਉਦੋਂ ਮੈਂ ਮਸਾਂ 14-15 ਸਾਲ ਦਾ ਸੀ ਤੇ ਉਹ ਮੁੰਡਾ ਕੋਈ 13-14 ਸਾਲ ਦਾ ਹੋਊ। ਦਾਰੂ ਤਾਂ ਮੈਂ ਖ਼ੈਰ ਉਦੋਂ ਹੀ ਕੱਢ ਕੇ ਪੀਣੀ ਸ਼ੁਰੂ ਕਰ 'ਤੀ ਸੀ।

## ਅਕਾਦਮਿਕਤਾ ਤੇ ਲੇਖਣੀ

*?* : ਚਲੋ ਹੁਣ ਫੇਰ ਨਾਟਕ ਵਲ ਪਰਤਦੇ ਹਾਂ। ਤੁਹਾਨੂੰ ਨਾਟਕ ਦੀ ਚੇਟਕ ਕਿਥੋਂ ਲੱਗੀ?

*ਦਮਨ :* ਪਹਿਲਾਂ ਰਾਮ ਲੀਲਾ ਤੋਂ ਪ੍ਰੇਰਤ ਹੋਇਆ। ਪਿੰਡ ਦੇ ਕਸਬੇ ਭਵਾਨੀਗੜ੍ਹ ਵਿਚ ਕਸਬੀ ਥੀਏਟਰ ਕਰਦੀਆਂ ਪਾਰਸੀ ਕੰਪਨੀਆਂ ਬੰਬਈ ਤੋਂ ਆ ਕੇ ਨਾਟਕ ਖੇਡਦੀਆਂ ਸਨ। ਕਈ-ਕਈ ਦਿਨ ਅਤੇ ਕਈ-ਕਈ ਨਾਟਕ। ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ। ਬਾਅਦ ਵਿਚ ਕਮਿਊਨਿਸਟ ਨਾਟਕ ਟੋਲਿਆਂ ਤੋਂ, ਜੋ ਇਪਟਾ ਦੇ ਪ੍ਰਭਾਵ ਥੱਲੇ ਕੰਮ ਕਰ ਰਹੇ ਸਨ।

*?* : ਤੁਹਾਡੇ ਨਾਟਕਾਂ ਦੇ ਬਹੁਤੇ ਦਰਸ਼ਕ ਕਿਹੋ ਜਿਹੇ ਰਹੇ-ਪੇਂਡੂ ਜਾਂ ਸ਼ਹਿਰੀ?

*ਦਮਨ :* 1973 ਤੀਕ ਤਾਂ ਬਹੁਤੇ ਪੇਂਡੂ ਦਰਸ਼ਕਾਂ ਅੱਗੇ ਹੀ ਰੰਗਮੰਚ ਦਾ ਪ੍ਰਦਰਸ਼ਨ ਕੀਤਾ ਫਿਰ ਉਸ ਤੋਂ ਬਾਅਦ ਸ਼ਹਿਰਾਂ, ਮੈਟਰੋਪੋਲੀਟਨ ਅਤੇ ਵਿਦੇਸ਼ ਦੇ ਦਰਸ਼ਕ ਅੱਗੇ ਵੀ ਹਾਜ਼ਰ ਹੋਏ। ਪਰ ਸਾਡਾ ਰੰਗਮੰਚ ਸਦਾ ਹੀ ਪੇਂਡੂ ਦਰਸ਼ਕਾਂ ਨੂੰ ਮੁਖ਼ਾਤਬ ਹੈ।

*?* : ਤੁਹਾਨੂੰ ਲਗਦਾ ਹੈ ਕਿ ਅਕਾਦਮਿਕਤਾ ਦਾ ਰੰਗਮੰਚ ਜਾਂ ਲੇਖਣੀ 'ਤੇ ਕੋਈ ਪ੍ਰਭਾਵ ਪੈਂਦਾ ਹੈ?

*ਦਮਨ :* ਅਕਾਦਮਿਕਤਾ ਇਕ ਸਿਰਜਣਾਤਮਕ ਮਾਹੌਲ ਸਿਰਜਣ ਵਿਚ ਸਹਾਈ ਹੁੰਦੀ ਹੈ, ਤੁਹਾਡੀ ਸੂਝ ਨੂੰ ਵਿਸ਼ਾਲ ਬਣਾਉਂਦੀ ਹੈ। ਤੁਹਾਨੂੰ ਦਿਸ਼ਾ ਚੁਣਨ ਵਿਚ ਮਦਦ ਕਰਦੀ ਹੈ। ਪਰ ਜੇ ਲੇਖਕ ਜਾਂ ਕਲਾਕਾਰ ਨੂੰ ਜ਼ਿੰਦਗੀ ਦੀ ਖੁੱਲ੍ਹੀ ਤੇ ਵਿਸ਼ਾਲ ਕਿਤਾਬ ਪੜ੍ਹਨ ਦੀ ਆਦਤ ਪੈ ਜਾਵੇ ਤਾਂ ਅਖੌਤੀ ਅਕਾਦਮਿਕਤਾ ਬਹੁਤ ਪਿਛੇ ਰਹਿ ਜਾਂਦੀ ਹੈ। ਅਸਲ ਵਿਚ ਤਾਂ ਸਭ ਕੁਝ ਸਿਰਜਣਹਾਰ 'ਤੇ ਨਿਰਭਰ ਕਰਦਾ ਹੈ ਕਿ ਉਸ ਵਿਚ ਸਿਰਜਣ ਲਈ ਕਿੰਨਾ ਕੁ ਜਨੂੰਨ ਹੈ ਅਤੇ ਕਿੰਨੀ ਕੁ ਸ਼ਕਤੀ।

*?* : ਤੁਸੀਂ ਅਕਸਰ ਕਹਿੰਦੇ ਹੋ ਕਿ ਵਿਰਾਸਤ ਵਿਚ 'ਸੰਘਰਸ਼' ਹੀ ਮਿਲਿਆ ਹੈ, ਕੀ ਇਹ 'ਸੰਘਰਸ਼' ਹਾਲੇ ਵੀ ਜਾਰੀ ਹੈ?

*ਦਮਨ :* ਜੀ ਹਾਂ, ਸੰਘਰਸ਼ ਮਨੁੱਖ ਦੀ ਹੋਣੀ ਹੈ। ਫਿਰ ਇਸ ਤੋਂ ਕਿਉਂ ਭੱਜਿਆ ਜਾਵੇ ਕਿਉਂ ਰੋਇਆ ਜਾਵੇ। ਸੰਘਰਸ਼ ਵਿਚ ਸਮਾਂ ਬੀਤਦਿਆਂ ਪਤਾ ਹੀ ਨਹੀਂ ਚਲਦਾ..ਹੁਣ ਤਾਂ ਸੰਘਰਸ਼ ਦੀ ਆਦਤ ਹੀ ਪੈ ਗਈ..ਸੰਘਰਸ਼ ਨੇ ਮੈਨੂੰ ਸਹਿਜਤਾ ਬਖ਼ਸ਼ੀ ਹੈ। ਸਵੈ-ਭਰੋਸਾ ਸਿਖਾਇਆ ਹੈ। ਜੋ ਕੁਝ ਵੀ ਮੈਨੂੰ ਜ਼ਿੰਦਗੀ ਵਿਚ ਪ੍ਰਾਪਤ ਹੋਇਆ, ਉਹ ਸੰਘਰਸ਼ ਦੀ ਹੀ ਦੇਣ ਹੈ।

## ਪੰਜਾਬੀ ਫ਼ਿਲਮਾਂ ਦਾ ਦੁਖਾਂਤ

*?* : ਕੁਝ ਗੱਲਾਂ ਪੰਜਾਬੀ ਫ਼ਿਲਮਾਂ ਬਾਰੇ ਵੀ ਕਰ ਲਈਏ। ਕੀ ਪੰਜਾਬੀ ਫ਼ਿਲਮ ਸਨਅਤ ਸਚਮੁਚ ਸਨਅਤ ਬਣ ਸਕੇਗੀ ਕਦੇ?

*ਦਮਨ :* ਮੈਂ ਨਾਰਥ ਜ਼ੋਨ ਫ਼ਿਲਮ ਐਂਡ ਟੀ.ਵੀ. ਐਸੋਸ਼ੀਏਟ ਦੇ ਜੂਨੀਅਰ ਮੀਤ ਪ੍ਰਧਾਨ ਹੋਣ ਦੇ ਨਾਤੇ ਫ਼ਿਲਮ ਸਨਅਤ ਦਾ ਜਾਇਜ਼ਾ ਲੈਂਦਾ ਰਹਿੰਦਾ ਹਾਂ ਅਤੇ ਮੀਟਿੰਗਾਂ ਅਤੇ ਵਿਚਾਰ ਵਟਾਂਦਰਾ ਵੀ ਚੱਲਦਾ ਰਹਿੰਦਾ ਹੈ। ਉਮੀਦ ਹੈ, ਜਿਵੇਂ ਅੱਜ-ਕੱਲ੍ਹ ਵੱਡੀ ਗਿਣਤੀ ਵਿਚ ਫ਼ਿਲਮਾਂ ਬਣ ਰਹੀਆਂ ਹਨ ਅਤੇ ਕੁਝ ਨੇ ਬਹੁਤ ਕਮਾਈ



ਕਾਰਟੂਨਿਸਟ ਦੀ ਨਜ਼ਰ 'ਚ ਦਮਨ

ਵੀ ਕੀਤੀ ਹੈ, ਪੰਜਾਬ ਵਿਚ ਫ਼ਿਲਮ ਸਨਅਤ ਸਥਾਪਤ ਹੋਣ ਦੇ ਆਸਾਰ ਹਨ।

*?* : ਕੀ ਇਹ ਪੰਜਾਬੀ ਫ਼ਿਲਮਾਂ ਦਾ ਦੁਖਾਂਤ ਨਹੀਂ ਹੈ ਕਿ ਹੁਣ ਗਾਇਕ ਹੀ ਨਾਇਕ ਵਜੋਂ ਆ ਰਹੇ ਹਨ?

*ਦਮਨ :* ਪੰਜਾਬੀ ਫ਼ਿਲਮ ਜਗਤ ਹਾਲੇ ਆਰਥਕ ਪੱਖੋਂ ਗ਼ਰੀਬ ਹੈ। ਫ਼ਿਲਮ ਨੂੰ ਚੰਗੀ ਆਮਦਨ ਨਹੀਂ ਹੁੰਦੀ, ਇਸ ਲਈ ਕਲਾਕਾਰਾਂ ਨੂੰ ਵੀ ਘੱਟ ਮਿਹਨਤਾਨਾ ਮਿਲਦਾ ਹੈ। ਜ਼ਾਹਰ ਹੈ ਨੌਜਵਾਨ ਕਲਾਕਾਰ ਹਿੰਦੀ ਸਿਨੇਮਾ ਵੱਲ ਦੌੜਦੇ ਹਨ। ਹੋਰ ਨਹੀਂ ਤਾਂ ਹਿੰਦੀ ਲੜੀਵਾਰ ਵਿਚ ਕੰਮ ਕਰਨ ਲਈ ਜ਼ੋਰ ਲਾਉਂਦੇ ਹਨ। ਪੰਜਾਬੀ ਪ੍ਰੋਡਿਊਸਰਾਂ ਕੋਲ ਪੈਸਾ ਨਾ ਹੋਣ ਕਾਰਨ ਗਾਇਕਾਂ ਨੂੰ ਨਾਇਕ ਵਜੋਂ ਲੈਣ ਦੀ ਉਨ੍ਹਾਂ ਦੀ ਮਜਬੂਰੀ ਬਣ ਜਾਂਦੀ ਹੈ। ਗਾਇਕਾਂ ਕੋਲ ਪੈਸਾ, ਇਸ ਲਈ ਨਾਇਕ ਵੀ ਉਹੀ ਬਣਨਗੇ। ਇਕ ਤਰ੍ਹਾਂ ਨਾਲ ਸਮਝੌਤਾ ਹੁੰਦਾ ਹੈ।

ਦਰਅਸਲ, ਪੰਜਾਬੀ ਸਿਨੇਮੇ ਦੀ ਓਨੀ ਧਾਕ ਨਹੀਂ, ਜਿੰਨੀ ਬੰਗਾਲੀ, ਗੁਜਰਾਤੀ ਤੇ ਮਰਾਠੀ ਦੀ ਹੈ। ਇਨ੍ਹਾਂ ਨੇ ਆਪਣੇ ਪੈਰ ਬਹੁਤ ਚੰਗੀ ਤਰ੍ਹਾਂ ਜਮਾਏ ਹਨ। ਹਾਂ ਮੈਂ ਇਸ ਗੱਲ ਦਾ ਹਾਮੀ ਹਾਂ ਕਿ ਸਥਿਤੀ ਬਦਲੇਗੀ। ਪੰਜਾਬੀ ਗਾਇਕੀ ਦਾ ਪੱਧਰ ਅੱਜ-ਕਲ੍ਹ ਬਹੁਤ ਹੇਠਾਂ ਆ ਗਿਆ ਹੈ। ਇਸ ਲਈ ਗਾਇਕਾਂ ਦੀ ਮਨਮਰਜ਼ੀ ਬਹੁਤ ਦੇਰ ਨਹੀਂ ਚਲ ਸਕਦੀ। ਫ਼ਾਇਨਾਂਸਰਾਂ ਨੂੰ ਕਿਤੇ ਨਾ ਕਿਤੇ ਇਹ ਗੱਲ ਪ੍ਰੇਸ਼ਾਨ ਕਰੇਗੀ ਜ਼ਰੂਰ। ਚੰਗੇ ਕਲਾਕਾਰਾਂ ਨੂੰ ਮੌਕਾ ਮਿਲੇਗਾ। ਇਕ ਗੱਲ ਮੈਂ ਪੰਜਾਬੀ ਫ਼ਿਲਮ ਜਗਤ ਦੇ ਹੱਕ ਵਿਚ ਸਮਝਦਾ ਹਾਂ ਕਿ ਇੰਨ੍ਹੀ-ਦਿਨੀਂ ਧੜਾਧੜ ਪੰਜਾਬੀ ਫ਼ਿਲਮਾਂ ਆ ਰਹੀਆਂ ਹਨ। ਚੰਗੀ ਸ਼ੁਰੂਆਤ ਕਹਿ ਸਕਦੇ ਹਾਂ। ਬੇਸ਼ੱਕ ਇਨ੍ਹਾਂ ਦਾ ਪੱਧਰ ਬਹੁਤ ਵਧੀਆ ਨਹੀਂ ਕਿਹਾ ਜਾ ਸਕਦਾ ਪਰ ਥੋੜੀਆਂ ਵਿਚੋਂ ਚੰਗੀਆਂ ਵੀ ਹਨ। ਇਹ ਕਹਿ ਸਕਦੇ ਹਾਂ ਕਿ ਕੁਆਇੰਟਟੀ ਵਿਚੋਂ ਕੁਆਲਟੀ ਵੀ ਨਿਕਲੇਗੀ। ਮੈਂ ਇਸ ਦੌਰ ਨੂੰ ਆਸ ਵਜੋਂ ਦੇਖਦਾ ਹਾਂ।

*?* : ਤੁਸੀਂ ਕੁਝ ਫ਼ਿਲਮਾਂ ਵੀ ਕੀਤੀਆਂ ਪਰ ਜ਼ਿਆਦਾ ਮੋਹ ਰੰਗ ਮੰਚ ਨਾਲ ਸੀ। ਕੀ ਤੁਸੀਂ ਕਲਾਤਮਕ ਫ਼ਿਲਮਾਂ ਵਿਚ ਕੰਮ ਕਰਨ ਬਾਰੇ ਨਹੀਂ ਸੋਚਿਆ?

*ਦਮਨ :* ਮੈਂ ਕਦੀ ਕੰਮ ਦੀ ਤਲਾਸ਼ ਵਿਚ ਫ਼ਿਲਮਾਂ ਪਿਛੇ ਨਹੀਂ ਦੌੜਿਆ। ਘਰ ਬੈਠਿਆਂ ਜੋ ਫ਼ਿਲਮਾਂ ਮਿਲਦੀਆਂ ਰਹੀਆਂ ਹਨ, ਸਿਰਫ਼ ਉਨ੍ਹਾਂ ਵਿਚ ਕੰਮ ਕਰਦਾ ਹਾਂ। ਹੁਣ ਤੀਕ ਇਕ ਹੀ ਕਲਾਤਮਕ ਫ਼ਿਲਮ ਪਾਮੇਲਾ ਰੂਕਸ ਦੀ 'ਟਰੇਨ ਟੂ ਪਾਕਿਸਤਾਨ' ਕੀਤੀ ਹੈ। ਬਾਕੀ ਸਭ ਕਮਰਸ਼ੀਅਲ ਸਿਨੇਮਾ ਵਿਚ ਹੀ ਕੰਮ ਕੀਤਾ ਹੈ। ਕਲਾਤਮਕ ਫ਼ਿਲਮ ਜਦ ਵੀ ਮਿਲੇਗੀ, ਮੈਂ ਉਸ ਵਿਚ ਕੰਮ ਕਰਨ ਨੂੰ ਪਹਿਲ ਦੇਵਾਂਗਾ।

*?* : ਰੰਗਕਰਮੀ ਤੇ ਫ਼ਿਲਮੀ ਕਲਾਕਾਰ 'ਚੋਂ ਤੁਸੀਂ ਕਿਸ ਨੂੰ ਬੇਹਤਰ ਮੰਨਦੇ ਹੋ ਤੇ ਕਿਉਂ ?

*ਦਮਨ :* ਦੋਵੇਂ ਹੀ ਅਪਣੇ ਖੇਤਰ ਵਿਚ ਵਧੀਆ ਹਨ। ਕੇਵਲ ਵਿਧਾ ਅਤੇ ਮਾਧਿਅਮ ਦਾ ਫ਼ਰਕ ਹੈ। ਕਲਾਕਾਰ ਤਾਂ ਕਲਾਕਾਰ ਹੀ ਹੁੰਦਾ ਹੈ ਭਾਵੇਂ ਰੰਗਮੰਚ ਦਾ ਹੋਵੇ, ਭਾਵੇਂ ਫ਼ਿਲਮ ਦਾ। ਪਰ ਦੁਨੀਆ ਭਰ ਵਿਚ ਇਕ ਗੱਲ ਮੰਨੀ ਜਾਂਦੀ ਹੈ, ਜੇ ਕਲਾਕਾਰ ਦਾ ਪਿਛੋਕੜ ਰੰਗਮੰਚ ਦਾ ਹੈ ਤਾਂ ਉਹ ਵਧੀਆ ਫ਼ਿਲਮੀ ਕਲਾਕਾਰ ਵੀ ਹੋ ਨਿਬੜੇਗਾ।

## ਸਾਹਿਤ ਅਤੇ ਕਲਾ ਦੀ ਵੇਸਵਾਗਿਰੀ

*?* : ਲੱਚਰ ਗਾਇਕੀ ਜਾਂ ਫ਼ਿਲਮਾਂ ਖ਼ਿਲਾਫ਼ ਅਕਸਰ ਬੁੱਧੀਜੀਵੀ ਬੋਲਦੇ ਹਨ, ਤੁਹਾਨੂੰ ਕਿਵੇਂ ਲਗਦਾ ਹੈ ਕਿ ਇਹ ਸਮੱਸਿਆ ਦੂਰ ਹੋ ਸਕਦੀ ਹੈ?

*ਦਮਨ :* ਸ਼ਲੀਲਤਾ ਅਤੇ ਅਸ਼ਲੀਲਤਾ ਜ਼ਿੰਦਗੀ ਦੇ ਸਦੀਵੀ ਪਹਿਲੂ ਰਹੇ ਹਨ। ਮਨੁੱਖੀ ਸਭਿਅਤਾ ਦੇ ਵੱਖ-ਵੱਖ ਦੌਰਾਂ ਅਤੇ ਸਟੇਜਾਂ 'ਤੇ ਇਨ੍ਹਾਂ ਦੇ ਅਰਥ ਬਦਲਦੇ ਰਹੇ ਹਨ। ਜੋ ਅੱਜ ਅਸ਼ਲੀਲ ਨਜ਼ਰ ਆ ਰਿਹਾ ਹੈ, ਉਹ ਕਦੀ ਸਾਡੇ ਮੰਦਰਾਂ ਦਾ ਸ਼ਿੰਗਾਰ ਸਨ। ਹਰ ਯੁੱਗ ਵਿਚ ਮਨੁੱਖ ਜੀਵਨ ਦੀ ਲੜਾਈ ਲੜਦਿਆਂ ਜਿਉਣ ਦਾ ਮਹੱਤਵਪੂਰਨ ਢੰਗ ਅਤੇ ਸਮੇਂ ਦੇ ਹਾਣ ਦੀ ਸੋਚ ਸਿਰਜਦਾ ਹੈ, ਜੋ ਸੁੱਚੱਜੇ ਤੇ ਉਸਾਰੂ ਜੀਵਨ ਲਈ ਦਿਸ਼ਾ ਨਿਰਧਾਰਤ ਕਰ ਸਕੇ। ਉਹ ਸੋਚ ਸਾਡੇ ਸਾਹਿਤ, ਸਾਡੀਆਂ ਕਲਾਵਾਂ ਰਾਹੀਂ ਵੀ ਪ੍ਰਗਟ ਹੁੰਦੀ ਰਹਿੰਦੀ ਹੈ। ਜੇ ਸਾਹਿਤ ਅਤੇ ਕਲਾ ਰਾਹੀਂ ਪ੍ਰਗਟਾਈ ਗਈ ਸੋਚ ਸਮੇਂ ਦੇ ਹਾਣ ਦੀ ਨਹੀਂ ਸਗੋਂ ਢਾਹੂ ਰੁਚੀ ਦੀ ਹੈ ਜਾਂ ਰੂੜ੍ਹੀਵਾਦੀ ਹੈ ਤਾਂ ਨਿਸਚੇ ਹੀ ਉਹ ਕਲਾ ਦੇ ਸੁੰਦਰ ਸਰੂਪ ਨੂੰ ਵੀ ਕੋਝਾ ਬਣਾ ਦਿੰਦੀ ਹੈ। ਨਿਸਚੇ ਹੀ ਸਾਡਾ ਅੱਜ ਦਾ ਸਾਹਿਤ ਅਤੇ ਖ਼ਾਸ ਤੌਰ 'ਤੇ ਫ਼ਿਲਮਾਂ ਤੇ ਗਾਇਕੀ ਇਸ ਤੋਂ ਪ੍ਰਭਾਵਤ ਹੋਈ ਹੈ। ਮੰਡੀ ਦਾ ਇਸ ਨੂੰ ਹੋਰ ਲੱਚਰ ਹੋਣ ਲਈ ਉਤਸ਼ਾਹ ਦੇਣ ਦਾ ਬੜਾ ਵੱਡਾ ਰੋਲ ਹੈ। ਸਾਡੇ ਪੁਰਾਤਨ ਗ੍ਰੰਥਾਂ ਵਿਚ ਕਲਾ ਅਤੇ ਸਾਹਿਤ ਦੇ ਤਿੰਨ ਗੁਣਾਂ (ਸਤਿਅਮ, ਸ਼ਿਵਮ ਅਤੇ ਸੁੰਦਰਮ) ਦਾ ਹੋਣਾ ਲਾਜ਼ਮੀ ਮੰਨਿਆ ਗਿਆ ਹੈ। ਪਹਿਲਾਂ ਉਸ ਕਲਾ ਅਤੇ ਸਾਹਿਤ ਅੰਦਰ ਸਮੇਂ ਦੇ ਸੱਚ ਦਾ ਪ੍ਰਗਟਾਓ ਹੋਵੇ, ਦੂਜੇ ਉਸ ਅੰਦਰਲੀ ਸੋਚ ਲੋਕ ਕਲਿਆਣ ਦੀ ਸੋਚ ਦਾ ਹੋਕਾ ਦਿੰਦੀ ਹੋਵੇ, ਤੀਜੇ ਇਹ ਸਾਰੇ ਕੁਝ ਨੂੰ ਪ੍ਰਗਟਾਉਂਦੇ ਹੋਏ ਇਸ ਦੀ ਸੁੰਦਰਤਾ ਨਾ ਗੁਆਚੇ। ਮੰਡੀ ਦੇ ਪ੍ਰਭਾਵ ਥੱਲੇ ਅੱਜ ਦਾ ਕਲਾਕਾਰ ਸਿਰਜਣਾ ਦੇ ਇਨ੍ਹਾਂ ਪੱਖਾਂ ਤੋਂ ਅਵੇਸਲਾ ਹੋ ਗਿਆ ਹੈ। ਮੈਨੂੰ ਇਹ ਗੱਲ ਨਹੀਂ ਭਾਉਂਦੀ ਕਿ ਲੱਚਰ ਸਾਹਿਤ, ਫ਼ਿਲਮਾਂ ਜਾਂ ਗੀਤਾਂ ਨੂੰ ਬੈਨ ਕਰ ਦਿੱਤਾ ਜਾਵੇ। ਇਹ ਕੋਈ ਇਲਾਜ ਨਹੀਂ ਹੈ। ਸਮਾਜ ਲਈ ਕਿੰਨਾ ਹੀ ਕੁਝ ਮਾੜਾ ਹੈ ਜੋ ਪਹਿਲਾਂ ਹੀ ਬੈਨ ਹੈ ਪਰ ਫਿਰ ਵੀ ਵਾਪਰਦਾ ਰਹਿੰਦਾ ਹੈ। ਇਸ ਦਾ ਇਕੋ ਇਲਾਜ ਹੈ-ਬਦਲ। ਜੇ ਕਿਸੇ ਲਕੀਰ ਨੂੰ ਛੋਟਾ ਕਰਨਾ ਹੋਵੇ ਤਾਂ ਉਸ ਦੇ ਬਰਾਬਰ ਵੱਡੀ ਲਕੀਰ ਖਿਚਣੀ ਪਵੇਗੀ। ਇਸ ਲਈ ਤੰਦਰੁਸਤ ਤੇ ਨਰੋਏ ਮਨੋਰੰਜਨ ਨੂੰ ਸਿਰਜਣਾ ਪਵੇਗਾ, ਜੋ ਸਮਕਾਲੀ ਔਕੜਾਂ, ਸਮਕਾਲੀ ਜ਼ਰੂਰਤਾਂ, ਸਮਕਾਲੀ ਖ਼ੁਸ਼ੀਆਂ, ਸਮਕਾਲੀ ਚੁਣੌਤੀਆਂ, ਮੁੱਕਦੀ ਗੱਲ ਸਮਕਾਲੀ ਸਮਾਜ ਦੇ ਹਰ ਪੱਖ ਨੂੰ ਸੰਬੋਧਤ ਹੋਵੇ। ਮੈਂ ਇਕ ਉਦਾਹਰਣ ਰੰਗਮੰਚ ਦੇ ਸਬੰਧ ਵਿਚ ਦੇ ਸਕਦਾ ਹਾਂ। ਦਿੱਲੀ ਦੇ ਸਪਰੂ ਹਾਊਸ ਦੇ ਲੱਚਰ ਨਾਟਕਾਂ ਨੇ ਪੰਜਾਬੀ ਬੋਲੀ, ਪੰਜਾਬੀ ਕਲਾ, ਪੰਜਾਬੀ ਸਭਿਆਚਾਰ, ਸਮੁੱਚੀ ਪੰਜਾਬੀ ਦੇ ਗਲ਼ ਵਿਚ ਲੱਚਰ ਹੋਣ ਦਾ ਤਮਗ਼ਾ ਲਟਕਾ ਦਿੱਤਾ ਸੀ। ਉਸ ਸਮੇਂ (ਅੱਜ ਵੀ ਹੈ) ਪੰਜਾਬ ਅੰਦਰ ਭਾਵੇਂ ਥੋੜ੍ਹੀ ਤਦਾਦ ਵਿਚ ਹੀ ਨਰੋਇਆ ਰੰਗਮੰਚ ਪੇਸ਼ ਕੀਤਾ ਜਾ ਰਿਹਾ ਸੀ। ਪੰਜਾਬੀ ਅਕਾਦਮੀ, ਦਿੱਲੀ ਦੇ ਸੂਝਵਾਨ ਪ੍ਰਬੰਧਕਾਂ ਨੇ ਪੰਜਾਬ ਵਿਚੋਂ ਨਾਟਕ ਟੋਲੇ ਸੱਦ ਕੇ ਦਿੱਲੀ ਵਿਚ ਤੰਦਰੁਸਤ ਰੰਗਮੰਚ ਲੋਕਾਂ ਸਾਹਮਣੇ ਲਿਆ ਕੇ ਰਖਿਆ ਤਾਂ ਦਰਸ਼ਕਾਂ ਨੂੰ ਸਮਝ ਪਈ ਕਿ ਅਸਲ ਰੰਗਮੰਚ ਤਾਂ ਇਹ ਹੈ। ਇਸ ਦੀ ਅਣਹੋਂਦ ਕਾਰਨ ਉਹ ਘਟੀਆ ਨਾਟਕ ਵੇਖ ਕੇ ਹੀ ਅਪਣੇ ਮਨ ਦੇ ਮਨੋਰੰਜਨ ਦੀ ਤ੍ਰਿਪਤੀ ਕਰਦੇ ਰਹੇ ਸਨ। ਵੇਖਦਿਆਂ ਹੀ ਵੇਖਦਿਆਂ ਘਟੀਆ ਲੱਚਰ ਰੰਗਮੰਚ ਗ਼ਾਇਬ ਹੋ ਗਿਆ। ਨਾ ਨਾਅਰੇ ਮਾਰਨ ਦੀ ਲੋੜ ਪਈ ਨਾ ਹੀ -ਨਾ ਹੀ ਬੈਨ ਕਰਨ ਦੀ। ਬੈਨ ਕਰਨ ਨਾਲ ਜੇ ਵੇਸ਼ਵਾਗਿਰੀ ਨਹੀਂ ਹਟਦੀ ਤਾਂ ਸਾਹਿਤ ਅਤੇ ਕਲਾ ਦੀ ਵੇਸ਼ਵਾਗਿਰੀ ਕਿਵੇਂ ਹਟਾਓਗੇ? ਬਸ ਇਕ ਵੱਡੀ ਲਕੀਰ ਖਿਚਣਾ ਹੀ ਇਸ ਦਾ ਇਲਾਜ ਹੈ। ਬੈਨ ਤਾਂ ਇਕ ਹੋਰ ਨਵੀਂ ਮੰਡੀ ਨੂੰ ਜਨਮ ਦਿੰਦਾ ਹੈ।

*?* : ਪੰਜਾਬੀ ਰੰਗਮੰਚ ਵਿਚਲੀਆਂ ਧੜੇਬੰਦੀਆਂ ਬਾਰੇ ਕੀ ਸੋਚਦੇ ਹੋ? ਕੀ ਤੁਹਾਡਾ ਵੀ ਕੋਈ ਧੜਾ ਹੈ?

*ਦਮਨ :* ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਉੱਕਾ ਹੀ ਪਤਾ ਨਹੀਂ ਕਿ ਰੰਗਮੰਚ ਨੂੰ ਲੈ ਕੇ ਵੀ ਕੋਈ ਧੜੇਬੰਦੀਆਂ ਹਨ। ਇਹ ਤਾਂ ਪਹਿਲੀਵਾਰ ਤੁਹਾਡੇ ਕੋਲੋਂ ਹੀ ਸੁਣ ਰਿਹਾ ਹਾਂ। ਜੇ ਹਨ, ਚੰਗੀ ਗੱਲ ਨਹੀਂ। ਮੇਰਾ ਕੋਈ ਧੜਾ ਨਹੀਂ। ਮੇਰੇ ਲਈ ਹਰ ਰੰਗਕਰਮੀ ਮਹਾਨ ਹੈ, ਮੇਰੇ ਅੰਦਰ ਹਰ ਰੰਗਕਰਮ ਲਈ ਸਨਮਾਨ ਹੈ। ਰੰਗਕਰਮ ਹਰ ਯੁੱਗ ਵਿਚ ਮਹਾਨ ਕਾਰਜ ਰਿਹਾ ਹੈ ਅਤੇ ਅੱਜ ਵੀ ਹੈ।

*?* : ਪੰਜਾਬੀ ਰੰਗ ਮੰਚ ਅਮੀਰ ਹੈ ਪਰ ਇਹਦੇ ਕਲਾਕਾਰਾਂ ਦੇ ਬੋਝੇ ਹਲਕੇ। ਲੋਕ ਪੈਸੇ ਖ਼ਰਚ ਕਰ ਕੇ ਫ਼ਿਲਮਾਂ ਜਾਂ ਕ੍ਰਿਕਟ ਮੈਚ ਦੀਆਂ ਟਿਕਟਾਂ ਤਾਂ ਖਰੀਦਦੇ ਹਨ ਪਰ ਨਾਟਕ ਦੀਆਂ ਨਹੀਂ, ਕਿਉਂ?

*ਦਮਨ :* ਰੰਗਮੰਚ ਕਦੇ ਵੀ ਵਪਾਰਕ ਨਹੀਂ ਹੋ ਸਕਿਆ। ਇਹ ਤਾਂ ਕੇਵਲ ਅਪਣੇ ਕੁਝ ਕੁ ਚਹੇਤੇ ਦਰਸ਼ਕਾਂ ਆਸਰੇ ਹੀ ਚੱਲਦਾ ਹੈ। ਰੰਗਮੰਚ ਸਾਹਿਤ ਹੈ, ਮੈਂ ਇਸ ਨੂੰ ਦ੍ਰਿਸ਼ ਸਾਹਿਤ ਆਖਦਾ ਹਾਂ। ਸਾਹਿਤ ਕਿੰਨਾ ਕੁ ਵਪਾਰਕ ਹੋ ਸਕਦਾ ਹੈ? ਇਸ ਲਈ ਸਾਹਿਤਕਾਰਾਂ ਵਾਂਗ ਰੰਗਮੰਚ ਸਿਰਜਣਹਾਰਿਆਂ ਦੇ ਬੋਝੇ ਵੀ ਖਾਲੀ ਹੀ ਹੁੰਦੇ ਹਨ। ਸਾਹਿਤ ਅਤੇ ਰੰਗਮੰਚ ਕਦੀ ਵੀ ਮੰਡੀ ਦੀ ਵਸਤੂ ਨਹੀਂ ਬਣ ਸਕਦੇ। ਕ੍ਰਿਕਟ ਅਤੇ ਫ਼ਿਲਮਾਂ ਕੇਵਲ ਮਨੋਰੰਜਨ ਦਾ ਸਾਧਨ ਹਨ। ਇਸ ਲਈ ਇਨ੍ਹਾਂ ਨੂੰ ਮੰਡੀ ਵਿਚ ਉਤਸ਼ਾਹ ਮਿਲ ਸਕਦਾ ਹੈ। ਸਾਹਿਤ ਅਤੇ ਰੰਗਮੰਚ ਮਨੁੱਖਤਾਵਾਦੀ ਹੁੰਦਾ ਹੈ। ਅਪਣੇ ਸਮੇਂ ਦੇ ਸੱਚ ਨੂੰ ਉਜਾਗਰ ਕਰਦਾ ਹੈ। ਸੱਚ ਉਜਾਗਰ ਕਰਦਿਆਂ ਅਕਸਰ ਧਾਰਮਕ, ਸਮਾਜਕ ਤੇ ਸਿਆਸੀ ਟਕਰਾਅ ਪੈਦਾ ਕਰ ਲੈਂਦਾ ਹੈ। ਸੋਵੀਅਤ ਯੂਨੀਅਨ ਦੇ ਸਮੇਂ ਨੂੰ ਛੱਡ ਕੇ ਦੁਨੀਆ ਭਰ ਵਿਚ ਨਾ-ਮਾਤਰ ਮਦਦ ਹੀ ਸਰਕਾਰਾਂ ਵਲੋਂ ਹਾਸਲ ਹੁੰਦੀ ਆਈ ਹੈ। ਨਹੀਂ ਤਾਂ ਰੰਗਮੰਚ ਨੂੰ ਨਿਰਉਤਸ਼ਾਹਤ ਕੀਤਾ ਜਾਂਦਾ ਰਿਹਾ ਹੈ। ਵਿਸ਼ਵ ਭਰ ਵਿਚ ਰੰਗਮੰਚ ਦਾ ਇਹੋ ਵਰਤਾਰਾ ਹੈ।

*?* : ਜਦੋਂ ਸ਼ਬਾਨਾ ਆਜ਼ਮੀ ਜਾਂ ਓਮ ਪੁਰੀ ਵਰਗੇ ਵੱਡੇ ਕਲਾਕਾਰ ਸਾਡੇ ਸ਼ਹਿਰਾਂ ਵਿਚ ਨਾਟਕ ਕਰਨ ਆਉਂਦੇ ਹਨ ਤਾਂ ਚੰਡੀਗੜ੍ਹ ਦੀ ਉਹ ਅਲੀਟ ਕਲਾਸ ਵੀ ਭੱਜੀ ਜਾਂਦੀ ਹੈ, ਜਿਹੜੀ ਮੁਫ਼ਤ ਵਿਚ ਦਿਖਾਏ ਜਾਂਦੇ ਨਾਟਕ ਵੀ ਨਹੀਂ ਦੇਖਦੀ, ਇਹ ਕਿਉਂ?

*ਦਮਨ :* ਅਲੀਟ ਕਲਾਸ ਨਾਟਕ ਵੇਖਣ ਨਹੀਂ ਜਾਂਦੀ, ਉਹ ਜਿਉਂਦੇ ਜਾਗਦੇ ਫ਼ਿਲਮੀ ਕਲਾਕਾਰਾਂ ਨੂੰ ਵੇਖਣ ਜਾਂਦੀ ਹੈ। ਰੰਗਮੰਚ ਦੇ ਇਸ ਸੰਕਟ ਦਾ ਜ਼ਿਕਰ ਮੈਂ ਅਪਣੇ ਨਾਟਕ 'ਕਤਰਾ ਕਤਰਾ ਜ਼ਿੰਦਗੀ' ਵਿਚ ਵੀ ਕੀਤਾ ਹੈ।

## ਜੀਵਨ ਵਿਚ ਨਾਟਕ

*?* : ਜੀਵਨ ਸਾਥਣ ਜਸਵੰਤ ਦਮਨ ਨੂੰ ਸਾਥੀ ਕਲਾਕਾਰ ਦੇ ਰੂਪ ਵਿਚ ਕਿਵੇਂ ਲੈਂਦੇ ਹੋ?

*ਦਮਨ :* ਵਿਆਹ ਤੋਂ ਪਹਿਲਾਂ ਹੀ ਮੈਂ ਜਸਵੰਤ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਸਾਰੀ ਉਮਰ ਥੀਏਟਰ ਕਰਨਾ ਪਵੇਗਾ। ਉਸ ਮੰਨ ਲਿਆ। ਉਸ ਨੇ ਮੇਰੇ ਤੋਂ ਵੱਧ ਕੇ ਰੰਗਮੰਚ ਪ੍ਰਤੀ ਅਪਣਾ ਵਚਨਬੱਧਤਾ ਨਿਭਾਈ ਅਤੇ ਇਕ ਸਾਥੀ ਦੇ ਤੌਰ 'ਤੇ ਭਰਪੂਰ ਸਾਥ ਨਿਭਾਇਆ ਹੈ।

*?* : ਕੀ ਜਸਵੰਤ ਦਾ ਨਾਟਕ ਦੀ ਸਕ੍ਰਿਪਟ ਜਾਂ ਨਿਰਦੇਸ਼ਨ ਵਿਚ ਕੋਈ ਦਖ਼ਲ ਹੁੰਦਾ ਹੈ?

*ਦਮਨ :* ਨਾਟਕ ਲਿਖਣ ਦਰਮਿਆਨ ਮੈਂ ਜਸਵੰਤ ਨੂੰ ਸੀਨ ਪੜ੍ਹ ਕੇ ਸੁਣਾਉਂਦਾ ਰਹਿੰਦਾ ਹਾਂ। ਉਹ ਵੀ ਬਹੁਤ ਦਿਲਚਸਪੀ ਨਾਲ ਸੁਣਦੀ ਹੈ। ਕਦੀ-ਕਦੀ ਵਧੀਆ ਸਲਾਹ ਵੀ ਦਿੰਦੀ ਹੈ। ਅਸੀਂ ਸਕ੍ਰਿਪਟ ਮੁਕੰਮਲ ਹੋਣ 'ਤੇ ਇਸ ਨੂੰ ਇਕੱਠਿਆਂ ਬੈਠ ਕੇ ਕਈ ਵਾਰ ਪੜ੍ਹਦੇ ਹਾਂ। ਲੋੜੀਂਦੀਆਂ ਸੋਧਾਂ ਵੀ ਕਰਦੇ ਹਾਂ। ਨਿਰਦੇਸ਼ਨ ਵਿਚ ਉੱਕਾ ਨਹੀਂ...।

*?* : ਤੁਸੀਂ ਦੋਵੇਂ ਕਈ ਵਾਰ ਸਟੇਜ 'ਤੇ ਵੀ 'ਅਪਣਾ ਹੀ ਡਰਾਮਾ' ਸ਼ੁਰੂ ਕਰ ਦਿੰਦੇ ਹੋ, ਦੋਵੇਂ ਇਕ ਮਿੰਟ ਵੱਖ ਵੀ ਨਹੀਂ ਰਹਿ ਸਕਦੇ। ਇਹ ਦਿਲਚਸਪ ਮਾਜਰਾ ਕੀ ਹੈ?

*ਦਮਨ :* ਰਿਹਰਸਲ ਦੌਰਾਨ ਇਸ ਤਰ੍ਹਾਂ ਕਈ ਵੇਰ ਵਾਪਰ ਜਾਂਦਾ ਹੈ ਕਿਉਂਕਿ ਇਕ ਕਲਾਕਾਰ ਵਜੋਂ ਸਾਡੀ ਅਪਣੀ ਵੱਖੋ-ਵੱਖਰੀ ਹਸਤੀ ਹੈ ਤੇ ਵੱਖੋ-ਵੱਖਰੀ ਪਛਾਣ ਵੀ। ਪਰ ਸਾਡਾ ਰਿਸ਼ਤਾ ਦੰਪਤੀ ਵਾਲਾ ਵੀ ਹੈ। ਕਈ ਵੇਰ ਦੋਵੇਂ ਪਹਿਲੂ ਇਕੱਠੇ ਹੀ ਰਿਹਰਸਲ ਕਰਦੇ ਸਮੇਂ ਸਟੇਜ 'ਤੇ ਆ ਜਾਂਦੇ ਹਨ-ਉਹ ਫਿਰ ਬਿਜਲੀ ਦੀਆਂ ਨੈਗੇਟਿਵ ਤੇ ਪੌਜ਼ਿਟਿਵ ਤਾਰਾਂ ਦੀ ਤਰ੍ਹਾਂ ਇਕ ਦੂਜੇ ਨੂੰ ਟੱਚ ਕਰਦਿਆਂ ਹੀ ਪਟਾਕਾ ਪਾ ਦਿੰਦੀਆਂ ਹਨ। ਓਦਾਂ ਇਹ ਹਾਲਤ ਜ਼ਿਆਦਾ ਦੇਰ ਨਹੀਂ ਰਹਿੰਦੀ, ਜਲਦੀ ਹੀ ਸਭ ਕੁਝ ਨਾਰਮਲ ਹੋ ਜਾਂਦਾ ਹੈ।

*?* : ਤੁਹਾਡੇ ਦੋਵਾਂ 'ਚੋਂ ਲੜਾਈ ਕੌਣ ਸ਼ੁਰੂ ਕਰਦੈ?

*ਦਮਨ :* ਕੋਈ ਵੀ ਸ਼ੁਰੂ ਕਰ ਸਕਦਾ ਹੈ। ਕੋਈ ਪੱਕਾ ਨਿਯਮ ਨਹੀਂ। ਜਿਸ ਦੀ ਹਉਮੈਂ ਨੂੰ ਪਹਿਲਾਂ ਸੱਟ ਲਗਦੀ ਹੈ, ਉਹੀਓ ਬਿਗ਼ਲ ਵਜਾ ਦਿੰਦਾ ਹੈ।

(ਬਾਕੀ ਅਗਲੇ ਅੰਕ 'ਚ)



ਜੈਪੁਰ ਇਪਟਾ ਕਾਨਫ਼ਰੰਸ ਵੇਲੇ ਖੱਬਿਉਂ ਸੱਜੇ ਕੈਫ਼ੀ ਆਜ਼ਮੀ, ਸ਼ਬਾਨਾ ਆਜ਼ਮੀ, ਰਜਿੰਦਰ ਰਘੂਵੰਸ਼ੀ, ਤੇਰਾ ਸਿੰਘ ਚੰਨ, ਦਵਿੰਦਰ ਦਮਨ ਆਦਿ।


6TH Anniversary Special
NIRVANA
NIRVANA ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
NIRVANA
1009-5075 Falconridge Blvd. N.E.
www.nirvanacalgary.com/nirvanantertainmentic.com
403-590-9797

# ਆਸਟ੍ਰੇਲੀਅਨ ਫ਼ੈਡਰਲ ਪਾਰਲੀਮਾਨੀ ਚੋਣਾਂ

## ਲੇਬਰ ਅਤੇ ਲਿਬਰਲ ਪਾਰਟੀਆਂ ਫਿਰ ਆਹਮੋ-ਸਾਹਮਣੇ

ਗੁਰਚਰਨ ਸਿੰਘ
ਕਾਹਲੋਂ ਸਿਡਨੀ
+91-9



ਆਸਟ੍ਰੇਲੀਆ ਦੀਆਂ 44ਵੀਆਂ ਫ਼ੈਡਰਲ ਪਾਰਲੀਮਾਨੀ ਚੋਣਾਂ ਆ ਗਈਆਂ ਹਨ। ਫ਼ੈਡਰਲ ਚੋਣ ਵਿਚ ਦੋ ਸਦਨਾਂ ਦੇ ਮੈਂਬਰਜ਼ ਚੁਣੇ ਜਾਣਗੇ। ਹੇਠਲੇ ਸਦਨ ਵਿਚ 150 ਫ਼ੈਡਰਲ ਮੈਂਬਰ ਪਾਰਲੀਮੈਂਟ ਅਤੇ ਉਪਰਲੇ ਸਦਨ ਵਿਚ 76 ਸੈਨੇਟ ਮੈਂਬਰਾਂ ਦੀ ਚੋਣ ਆਸਟ੍ਰੇਲੀਅਨ ਵੋਟਰ ਜੋ ਕਿ ਇਕ ਕਰੋੜ 45 ਲੱਖ 5 ਹਜ਼ਾਰ ਦੇ ਕਰੀਬ ਹਨ, ਕਰਨਗੇ। ਇਥੇ ਜ਼ਿਕਰਯੋਗ ਹੋਵੇਗਾ ਕਿ ਆਸਟ੍ਰੇਲੀਆ ਦੇ ਛੇ ਰਾਜ ਅਤੇ ਦੋ ਟੈਰਾਟਰੀਆਂ ਹਨ। ਜਿਨ੍ਹਾਂ ਦੇ ਨਾਂ ਅਤੇ ਚੁਣ ਕੇ ਆਉਣ ਵਾਲੇ ਫ਼ੈਡਰਲ ਮੈਂਬਰ ਪਾਰਲੀਮੈਂਟਾਂ ਦੀ ਗਿਣਤੀ ਇਸ ਪ੍ਰਕਾਰ ਹੈ। ਨਿਊ ਸਾਊਥ ਵੈਲਜ਼ (48), ਵਿਕਟੋਰੀਆ (37), ਕਿਉਂਜਲੈਂਡ (30), ਵੈਸਟਰਨ ਆਸਟ੍ਰੇਲੀਆ (15), ਸਾਊਥ ਆਸਟ੍ਰੇਲੀਆ (11), ਤਸਮਾਨੀਆ (5), ਆਸਟ੍ਰੇਲੀਅਨ ਕੈਪੀਟਲ ਟੈਰਾਟਰੀ (2) ਅਤੇ ਨੌਰਥ ਟੈਰਾਟਰੀ (2) ਹਨ।



ਨਾਜਾਇਜ਼ ਤਰੀਕੇ ਨਾਲ ਆਸਟ੍ਰੇਲੀਆ ਪਹੁੰਚਣ ਵਾਲੇ ਲੋਕ

ਆਸਟ੍ਰੇਲੀਆ ਦੀ ਕੌਮੀ ਰਾਜਨੀਤੀ ਵਿਚ ਪ੍ਰਮੁੱਖ ਛੇ ਰਾਜਨੀਤਕ ਪਾਰਟੀਆਂ ਹਨ। ਜਿਨ੍ਹਾਂ ਦੇ ਨਾਂ ਆਸਟ੍ਰੇਲੀਅਨ ਲੇਬਰ ਪਾਰਟੀ, ਲਿਬਰਲ ਪਾਰਟੀ ਆਫ਼ ਆਸਟ੍ਰੇਲੀਆ, ਨੈਸ਼ਨਲ ਪਾਰਟੀ ਆਫ਼ ਆਸਟ੍ਰੇਲੀਆ, ਆਸਟ੍ਰੇਲੀਅਨ ਗਰੀਨ, ਕੈਟਰਜ਼ ਆਸਟ੍ਰੇਲੀਅਨ ਪਾਰਟੀ ਅਤੇ ਡੈਮੋਕ੍ਰੇਟਿਕ ਲੇਬਰ ਪਾਰਟੀ ਹਨ। ਇਨ੍ਹਾਂ ਪਾਰਟੀਆਂ ਦੇ ਇਸ ਵੇਲੇ ਫ਼ੈਡਰਲ ਸੰਸਦ ਵਿਚ ਕ੍ਰਮਵਾਰ 71, 66, 6, ਇਕ ਅਤੇ ਇਕ ਐਮ.ਪੀਜ਼ ਹਨ। ਆਸਟ੍ਰੇਲੀਆ ਦੀ ਰਾਜਨੀਤੀ ਵਿਚ ਪਿਛਲੇ ਲੰਮੇ ਸਮੇਂ ਤੋਂ ਦੋ ਪ੍ਰਮੁੱਖ ਪਾਰਟੀਆਂ ਹੀ ਮੁੱਖ ਧਿਰ ਬਣ ਕੇ ਸਦਨ ਵਿਚ ਪੁੱਜਦੀਆਂ ਰਹੀਆਂ ਹਨ। ਲੇਬਰ ਤੇ ਲਿਬਰਲ ਇਸ ਵਾਰ ਫਿਰ ਇਕ ਦੂਸਰੇ ਦੇ ਸਾਹਮਣੇ ਚੋਣਾਂ 'ਚ ਖੜੀਆਂ ਹਨ। ਦੋਵਾਂ ਪਾਰਟੀਆਂ ਦੇ ਮੁੱਖ ਆਗੂ ਕ੍ਰਮਵਾਰ ਕੈਵਿਨ ਰੱਡ ਜੋ ਕਿ ਮੌਜੂਦਾ ਆਸਟ੍ਰੇਲੀਅਨ ਪ੍ਰਧਾਨ ਮੰਤਰੀ ਵੀ ਹਨ ਅਤੇ ਟੋਨੀ ਐਬਟ ਵਿਰੋਧੀ ਦੇ ਆਗੂ ਹਨ। ਆਸਟ੍ਰੇਲੀਅਨ ਕਾਨੂੰਨ ਅਨੁਸਾਰ ਚੋਣ ਪ੍ਰਚਾਰ ਕੇਵਲ ਟੀ.ਵੀ., ਰੇਡਿਓ, ਇੰਟਰਨੈਟ, ਘਰਾਂ 'ਚ ਪੈਂਫਲੈਟ/ ਲੀਫ਼ਲੇਟ ਆਦਿ ਤਕ ਹੀ ਸੀਮਤ ਹੁੰਦਾ ਹੈ। ਕੋਈ ਰੈਲੀ, ਜਲਸਾ ਨਹੀਂ ਹੁੰਦਾ ਅਤੇ ਨਾ ਹੀ ਕੰਨ ਪਾੜਵੇਂ ਸਪੀਕਰ ਵੱਜਦੇ ਹਨ। ਸ਼ਾਂਤਮਈ ਢੰਗ ਨਾਲ ਚੋਣਾਂ ਹੁੰਦੀਆਂ ਹਨ।



ਕੈਵਿਨ ਰੱਡ



ਟੋਨੀ ਐਬਟ

ਆਸਟ੍ਰੇਲੀਆ ਦੀ ਤਤਕਾਲੀਨ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੇ 30 ਜਨਵਰੀ ਨੂੰ ਐਲਾਨ ਕੀਤਾ ਸੀ ਕਿ 44ਵੀਆਂ ਫ਼ੈਡਰਲ ਚੋਣਾਂ 14 ਸਤੰਬਰ ਨੂੰ ਹੋਣਗੀਆਂ। ਪ੍ਰੰਤੂ ਹੁਕਮਰਾਨ ਲੇਬਰ ਪਾਰਟੀ ਨੇ ਆਪਣੀ ਇਸ ਪ੍ਰਧਾਨ ਮੰਤਰੀ ਨੂੰ 27 ਜੂਨ ਨੂੰ ਬਦਲ ਕੇ ਲੋਕਾਂ ਦੇ ਸਾਹਮਣੇ ਪਹਿਲੇ ਸਾਬਕਾ ਪ੍ਰਧਾਨ ਮੰਤਰੀ ਕੇਵਿਨ ਰੱਡ ਨੂੰ ਦੁਬਾਰਾ ਪ੍ਰਧਾਨ ਮੰਤਰੀ ਬਣਾ ਦਿੱਤਾ। ਇਸ ਫੇਰਬਦਲ ਤੋਂ ਬਾਅਦ ਫ਼ੈਡਰਲ ਚੋਣਾਂ ਦੀ ਉਕਤ ਤਰੀਕ ਬਾਰੇ ਫਿਲਹਾਲ ਅਨਿਸਚਤਾ ਬਣੀ ਹੋਈ ਹੈ। ਇਹ ਚੋਣਾਂ ਕਿਸੇ ਵੇਲੇ ਵੀ ਹੋ ਸਕਦੀਆਂ ਹਨ। ਪ੍ਰੰਤੂ ਸੰਵਿਧਾਨਕ ਮਾਹਰਾਂ ਅਨੁਸਾਰ ਇਹ ਚੋਣਾਂ 30 ਨਵੰਬਰ ਤੋਂ ਪਹਿਲਾਂ ਹੋਣੀਆਂ ਹਨ। ਗੱਦੀ ਤੋਂ ਲਾਹੀ ਗਈ ਪ੍ਰਧਾਨ ਮੰਤਰੀ ਗਿਲਾਰਡ ਲੇਬਰ ਪਾਰਟੀ ਦੇ ਅੰਦਰ ਅਤੇ ਆਮ ਆਸਟ੍ਰੇਲੀਅਨਾਂ ਦੇ ਮਨਾਂ ਅੰਦਰ ਕਮਜ਼ੋਰ ਪ੍ਰਧਾਨ ਮੰਤਰੀ ਸਾਬਤ ਹੋਈ ਹੈ। ਲੇਬਰ ਪਾਰਟੀ ਨੂੰ ਵੱਖ-ਵੱਖ ਚੋਣ ਸਰਵੇਖਣਾਂ ਤੋਂ ਅੰਦਾਜ਼ਾ ਲੱਗ ਗਿਆ ਹੈ ਕਿ ਇਸ ਵਾਰ ਪਾਰਟੀ ਆਪਣੀ ਵਿਰੋਧੀ ਪਾਰਟੀ ਲਿਬਰਲ ਪਾਸੋਂ ਬੜੀ ਬੁਰੀ ਤਰ੍ਹਾਂ ਹਾਰ ਰਹੀ ਹੈ। ਸਥਿਤੀ ਨੂੰ ਭਾਂਪਦਿਆਂ ਲੇਬਰ ਪਾਰਟੀ ਨੇ ਆਪਣੀ ਮੀਟਿੰਗ ਦੌਰਾਨ 57 ਵੋਟਾਂ ਨਾਲ ਕੈਵਿਨ ਰੱਡ ਨੂੰ ਆਪਣਾ ਨੇਤਾ ਚੁਣਿਆ ਜਦੋਂ ਕਿ ਗਿਲਾਰਡ ਨੂੰ 45 ਵੋਟਾਂ ਪ੍ਰਾਪਤ ਹੋਈਆਂ।

ਕੈਵਿਨ ਰੱਡ ਦੇ ਪ੍ਰਧਾਨ ਮੰਤਰੀ ਬਣਨ ਬਾਅਦ ਲੇਬਰ ਪਾਰਟੀ ਜਿਸ ਦਾ ਗ੍ਰਾਫ਼ ਲਿਬਰਲ ਪਾਰਟੀ ਦੇ ਮੁਕਾਬਲੇ ਹੇਠਾਂ ਜਾ ਰਿਹਾ ਸੀ ਉਹ ਗ੍ਰਾਫ਼ ਵਧਣਾ ਸ਼ੁਰੂ ਹੋ ਗਿਆ ਹੈ। ਇਹ ਵਾਧਾ ਜਾਰੀ ਹੈ। ਆਸਟ੍ਰੇਲੀਅਨ ਵੋਟਰਾਂ ਦੇ ਮਨਾਂ ਦਾ ਅਸਲ ਪਤਾ ਤਾਂ ਚੋਣ ਨਤੀਜੇ ਆਉਣ ਤੋਂ ਬਾਅਦ ਹੀ ਲੱਗੇਗਾ ਪਰ ਪੂਰੇ ਦੇਸ਼ ਵਿਚ ਇਕ ਤਰ੍ਹਾਂ ਨਾਲ ਚਰਚਾ ਚਲ ਰਹੀ ਹੈ ਕਿ ਆਸਟ੍ਰੇਲੀਆ ਲਈ ਕਿਹੜਾ ਪ੍ਰਧਾਨ ਮੰਤਰੀ ਬੇਹਤਰ ਸਾਬਤ ਹੋਵੇਗਾ, ਕੈਵਿਨ ਤੇ ਟੋਨੀ ਉਨੀ-ਇੱਕੀ ਦੇ ਫ਼ਰਕ ਨਾਲ ਚਲ ਰਹੇ ਹਨ। ਲੇਬਰ ਪਾਰਟੀ ਦੇ ਫ਼ੈਡਰਲ ਐਮ.ਪੀਜ਼. ਜਿਹੜੇ ਆਪਣੇ ਸੰਸਦ 'ਚ ਬਿਸਤਰੇ ਮੱਲੇ ਹੋਏ ਸਮਝ ਰਹੇ ਸਨ ਉਨ੍ਹਾਂ ਦੇ ਚਿਹਰਿਆਂ 'ਤੇ ਕੈਵਿਨ ਆਸ ਲੈ ਕੇ ਆਇਆ ਹੈ। ਪ੍ਰੰਤੂ ਲੇਬਰ ਪਾਰਟੀ ਵਲੋਂ ਆਪਣੇ ਪਿਛਲੇ ਕਰੀਬ ਛੇ ਸਾਲ ਜੋ ਕਿ ਦੋ ਵਾਰ ਫ਼ੈਡਰਲ ਚੋਣ ਜਿੱਤਣ ਬਾਅਦ ਮਿਲੇ ਹਨ, ਦੇ ਕੰਮ ਕਾਜ ਤੇ ਨੀਤੀਆਂ ਦਾ ਜਵਾਬ ਵੋਟਰਾਂ ਨੂੰ ਦੇਣਾ ਅਤੇ ਸਮਝਾਉਣਾ ਪੈ ਰਿਹਾ ਹੈ। ਅਜਿਹੇ ਮੁੱਦੇ ਹਨ ਜਿਨ੍ਹਾਂ ਬਾਰੇ ਆਮ ਆਸਟ੍ਰੇਲੀਅਨ ਆਪਣੇ ਮਨਾਂ ਅੰਦਰ ਕਈ ਖਦਸ਼ੇ ਬਣਾਈ ਬੈਠੇ ਹਨ ਕਿ ਲੇਬਰ ਸਰਕਾਰ ਨੇ ਆਸਟ੍ਰੇਲੀਅਨ ਲਈ ਕੀ ਕੀਤਾ ਹੈ ਤੇ ਕੀ ਕਰਨ ਬਾਰੇ ਆਖਦੀ ਹੈ? ਦੂਸਰੇ ਪਾਸੇ ਵਿਰੋਧੀ ਧਿਰ ਲਿਬਰਲ ਆਪਣੇ ਚੋਣ ਮਨੋਰਥ ਪੱਤਰ 'ਚ ਕੀ ਨਵਾਂ ਕਰਨ ਬਾਰੇ ਕਹਿ ਰਹੀ ਹੈ ਅਤੇ ਕਿਹੜੇ ਮਸਲੇ ਅਜਿਹੇ ਹਨ ਜਿਨ੍ਹਾਂ ਨੂੰ ਲੇਬਰ ਸਰਕਾਰ ਹੱਲ ਨਹੀਂ ਕਰ ਸਕੀ, ਨੂੰ ਵਾਚ ਰਹੇ ਹਨ।

ਆਸਟ੍ਰੇਲੀਆ ਦੀਆਂ ਲੇਬਰ ਅਤੇ ਲਿਬਰਲ ਪਾਰਟੀਆਂ ਵਿਚ ਕੀ ਫ਼ਰਕ ਹੈ? ਇਹ ਇਕ ਵੱਖਰਾ ਵਿਸ਼ਾ ਹੋਵੇਗਾ। ਪਰ ਇਸ ਬਾਰੇ ਸੰਖੇਪ ਜਾਣਕਾਰੀ ਏਨੀ ਹੀ ਹੋਵੇਗੀ ਕਿ ਲੇਬਰ ਪਾਰਟੀ ਵਰਕਿੰਗ ਕਲਾਸ ਦੀ ਨੁਮਾਇੰਦਗੀ ਕਰਦੀ ਹੈ ਅਤੇ ਲਿਬਰਲ ਸਰਮਾਏਦਾਰੀ ਸਿਸਟਮ/ਪੂੰਜੀਪਤੀਆਂ ਦੀ ਪੁਸ਼ਤ ਪਨਾਹ ਹੈ। ਅਸਲ ਵਿਚ ਇਹ ਹੈ ਕਿ ਆਸਟ੍ਰੇਲੀਆ ਖ਼ੁਦ ਵਿਕਸਿਤ ਮੁਲਕ ਹੈ ਜਿਹੜਾ ਕਿ ਬਰਤਾਨੀਆ ਦੇ ਇਸ਼ਾਰੇ 'ਤੇ ਚਲਦਾ ਹੈ। ਬਰਤਾਨੀਆ ਅਤੇ ਅਮਰੀਕਾ ਸਕੇ-ਭਰਾਵਾਂ ਵਾਂਗੂ ਹਨ। ਇਹ ਸਾਰੇ ਮੁਲਕ ਸੰਸਾਰ ਅੰਦਰ ਪੂੰਜੀਪਤੀਆਂ ਦੀ ਠੋਕ ਕੇ ਮਦਦ ਕਰਦੇ ਹਨ। ਜਿਥੇ ਜਿਥੇ ਵੀ ਸਮਾਜਵਾਦ ਆਇਆ, ਇਨ੍ਹਾਂ ਨੇ ਉਸ ਨੂੰ ਸਿੱਧੇ ਅਤੇ ਅਸਿੱਧੇ ਰੂਪ 'ਚ ਟੱਕਰ ਦਿੱਤੀ। ਹੁਣ ਜਦੋਂ ਸਮਾਜਵਾਦ ਨਾਂ ਦੇ ਬਰਾਬਰ ਹੈ ਤੇ ਪੂੰਜੀਪਤੀਆਂ ਦੀ ਸਾਰੇ ਮੁਲਕਾਂ 'ਚ ਬੱਲੇ ਬੱਲੇ ਹੈ ਪਰ ਪੂੰਜੀਪਤੀਆਂ ਨੂੰ ਵੀ ਦੇਸ਼ ਤੇ ਸਰਕਾਰ ਚਲਾਉਣ ਲਈ ਵੋਟਾਂ ਦੀ ਜ਼ਰੂਰਤ ਪੈਂਦੀ ਹੈ। ਉਹ ਆਪਣਾ ਜਮਹੂਰੀ ਹੋਣ ਦਾ ਮਖੋਟਾ ਕਦੇ ਵੀ ਤਿਆਗਦੇ ਨਹੀਂ। ਫ਼ਰਕ ਕੇਵਲ ਏਨਾ ਹੈ ਕਿ ਉਹ ਲੋਕਾਂ 'ਚ ਆਪਦੇ ਨਾਂ ਦਾ ਵਿਸ਼ੇਸ਼ਣ ਲਾ ਕੇ ਸੱਤਾ ਸੁੱਖ ਭੋਗਦੇ ਹਨ। ਇਸ ਕਰ ਕੇ ਅੱਜ ਸਰਮਾਏਦਾਰੀ ਯੁੱਗ ਵਿਚ ਲੇਬਰ ਤੇ ਲਿਬਰਲ ਇਕ 'ਵਿਸ਼ੇਸ਼ਣ' ਹਨ। ਪਰ ਫਿਰ ਵੀ ਇਨ੍ਹਾਂ ਦੀਆਂ ਆਪੋ-ਆਪਣੀਆਂ ਰਵਾਇਤਾਂ ਦੀ ਝਲਕ ਲੋਕਾਂ ਨੂੰ ਪੈ ਜਾਂਦੀ ਹੈ। ਆਸਟ੍ਰੇਲੀਅਨ ਲਿਬਰਲ ਪਾਰਟੀ ਜਿਸ ਦੀ ਅਗਵਾਈ ਪਹਿਲਾਂ ਪ੍ਰਧਾਨ ਮੰਤਰੀ ਜੋਹਨ ਹਾਵਰਡ ਕਰੀਬ ਇਕ ਦਹਾਕਾ ਕਰਦੇ ਰਹੇ ਹਨ, ਨੇ ਹੀ ਉਦਯੋਗਿਕ ਘਰਾਣਿਆਂ ਨਾਲ ਆਪਣੇ ਸਬੰਧ ਪੱਕੇ ਕਰਨ ਲਈ ਵਰਕਚੋਇਸ ਬਿਲ ਲਿਆਂਦਾ ਸੀ, ਜਿਹੜਾ ਕਿ ਆਸਟ੍ਰੇਲੀਆ ਦੀ ਵਰਕਿੰਗ ਕਲਾਸ ਲਈ ਮਾਰੂ ਬਣਿਆ। ਲੇਬਰ ਪਾਰਟੀ ਜਿਹੜੀ ਕਿ ਉਸ ਸਮੇਂ ਵਿਰੋਧੀ ਪਾਰਟੀ ਸੀ, ਨੇ ਇਸ ਬਿਲ ਦਾ ਵਿਰੋਧ ਕਰਕੇ ਵਰਕਿੰਗ ਕਲਾਸ ਨੂੰ ਆਪਣੇ ਨਾਲ ਜੋੜਿਆ ਅਤੇ ਜੋਹਨ ਹਾਵਰਡ ਸਰਕਾਰ ਨੂੰ ਚਲਦਾ ਕੀਤਾ।

ਮੌਜੂਦਾ ਚੋਣਾਂ ਵਿਚ ਵੀ ਲਿਬਰਲ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਇਹ ਦਰਜ ਕੀਤਾ ਹੈ ਕਿ ਉਹ ਬਿਜ਼ਨਸ ਉਪਰ ਹੋ ਰਹੇ ਲਾਗਤ ਖ਼ਰਚਿਆਂ ਨੂੰ ਘੱਟ ਕਰ ਕੇ ਇਸ ਕਾਰੋਬਾਰ ਨੂੰ ਲਾਹੇਵੰਦ ਬਣਾਏਗੀ। ਪਾਰਟੀ ਇਸ ਪੱਤਰ ਵਿਚ ਕਿਹੜੇ ਸੁਧਾਰਾਂ ਦੀ ਗੱਲ ਕਰ ਰਹੀ ਹੈ, ਦੀ ਵਿਸਥਾਰ ਵਿਚ ਪਰਿਭਾਸ਼ਾ ਨਹੀਂ ਦੇਂਦੀ। ਹਰ ਕੋਈ ਚਾਹੇਗਾ ਕਿ ਬਿਜ਼ਨਸ ਲਾਹੇਵੰਦ ਹੋਣ 'ਤੇ ਕਿਹੜੇ ਸੁਧਾਰਾਂ ਨਾਲ ਉਸ ਨੂੰ ਸਮਝਣ ਦੀ ਲੋੜ ਹੈ। ਮਾਹਰ ਦਸਦੇ ਹਨ ਕਿ ਲਿਬਰਲ ਇਨ੍ਹਾਂ ਸੁਧਾਰਾਂ ਵਿਚ ਸਿਫ਼ਟ ਅਲਾਊਂਸ ਬੰਦ ਕਰਨ, ਵੀਕਐਂਡ ਉਪਰ ਨਾਰਮਲ ਰੇਟਾਂ 'ਤੇ ਕੰਮ ਕਰਨ, ਪਹਿਲਾਂ ਚਾਰ ਘੰਟੇ ਦੀ ਤਨਖ਼ਾਹ ਦੇਣੀ ਲਾਜ਼ਮੀ ਸੀ, ਨੂੰ ਤਿੰਨ ਘੰਟੇ ਕਰਨ ਅਤੇ ਹੁਣ ਇਹ ਦੋ ਘੰਟੇ ਕਰਨ ਬਾਰੇ, ਬਿਮਾਰੀ ਦੀਆਂ ਛੁੱਟੀਆਂ ਖ਼ਤਮ ਜਾਂ ਘੱਟ ਕਰਨ, ਘਰ ਤੋਂ ਕੰਮ ਉਪਰ ਜਾਂਦਿਆਂ ਤੇ ਫਿਰ ਕੰਮ ਤੋਂ ਘਰ ਵਾਪਸ ਆਉਂਦਿਆਂ ਰਸਤੇ ਵਿਚ ਸੜਕ ਦੁਰਘਟਨਾ ਦੌਰਾਨ ਵਰਕਰ ਨੂੰ ਕਵਰ ਨਾ ਕਰਨ (ਇਥੇ ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਪ੍ਰਾਂਤ ਨਿਊਸਾਉਥ ਵੈਲਜ਼ ਜਿਥੇ ਕਿ ਲਿਬਰਲ ਪਾਰਟੀ ਦੀ ਸਰਕਾਰ ਹੈ, ਵਿਚ ਇਸ ਨੂੰ ਲਾਗੂ ਕਰ ਦਿੱਤਾ ਗਿਆ ਹੈ।) ਦੀਆਂ ਨੀਤੀਆਂ ਬਣਾ ਚੁੱਕੀ ਹੈ। ਫ਼ਰਕ ਕੇਵਲ ਏਨਾ ਹੈ ਕਿ 'ਵਰਕਚੁਇਅਸ' ਸ਼ਬਦ ਜਿਹੜਾ ਕਿ ਹਰ ਆਸਟ੍ਰੇਲੀਅਨ ਦੀ ਜ਼ੁਬਾਨ ਉਪਰ ਚੜ੍ਹ ਚੁੱਕਾ ਹੈ, ਦਾ ਨਾਂ ਬਦਲੀ ਕਰ ਕੇ ਬਿਜ਼ਨਸ ਸੁਧਾਰਾਂ ਦਾ ਨਵਾਂ ਨਾਂ ਦੇ ਕੇ ਵਰਕਿੰਗ ਕਲਾਸ ਦੀ ਬਾਂਹ ਮਰੋੜ ਜਾਵੇਗੀ।

ਲਿਬਰਲ ਕਹਿ ਇਹ ਰਹੀ ਹੈ ਕਿ ਬਿਜ਼ਨਸ ਨੂੰ ਘਾਟੇ 'ਚੋਂ ਕੱਢਣਾ ਸਮੇਂ ਦੀ ਮੰਗ ਹੈ ਤਾਂ ਹੀ ਆਸਟ੍ਰੇਲੀਆ ਬਿਹਤਰ ਹੋ ਸਕਦਾ ਹੈ। ਮਸਲਨ ਹੋਟਲ, ਰੈਸਟੋਰੈਂਟ, ਪੀਜ਼ਾ ਦੁਕਾਨਾਂ, ਮੈਕਡੋਨਲਜ਼, ਕੇ.ਐਫ.ਸੀ. ਆਦਿ ਆਪਣੇ ਗਾਹਕਾਂ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਵਾਲੇ ਰੇਟਾਂ ਉਪਰ ਹੀ ਸ਼ਨੀਵਾਰ ਤੇ ਐਤਵਾਰ ਨੂੰ ਭੋਜਨ ਵੇਚਦੇ ਹਨ। ਉਹ ਕੀਮਤਾਂ ਵਿਚ ਚਾਹੁੰਦਿਆਂ ਹੋਇਆਂ ਵੀ ਵਾਧਾ ਨਹੀਂ ਕਰ ਸਕਦੇ ਪਰ ਉਨ੍ਹਾਂ ਨੂੰ ਗਾਹਕਾਂ ਲਈ ਸਮਾਨ ਤਿਆਰ ਕਰਨ ਲਈ ਵਰਤੀ ਜਾਂਦੀ ਵਰਕਫੋਰਸ ਨੂੰ ਸ਼ਨੀਵਾਰ ਤੇ ਐਤਵਾਰ ਦੀ ਦਿਹਾੜੀ ਸੋਮਵਾਰ ਤੋਂ ਸ਼ੁੱਕਰਵਾਰ ਦੇ ਰੇਟਾਂ ਨਾਲੋਂ ਦੁੱਗਣੀ ਦੇਣੀ ਪੈਂਦੀ ਹੈ। ਜਿਸ ਕਰ ਕੇ ਬਿਜ਼ਨਸ ਘਰਾਣਿਆਂ ਨੂੰ ਵਿੱਤੀ ਘਾਟਾ ਪੈਂਦਾ ਹੈ, ਜਿਸ ਨੂੰ ਦੂਰ ਕਰ ਕੇ ਬਿਜ਼ਨਸ ਲਾਹੇਵੰਦ ਬਣਾਏ ਜਾਣੇ ਜ਼ਰੂਰੀ ਹਨ। ਪਰ ਸਮਝਣਾ ਇਹ ਹੋਵੇਗਾ ਕਿ ਵੀਕਐਂਡ ਦੌਰਾਨ ਕੰਮ ਕਰਨ ਵਾਲੀ ਵਰਕਫੋਰਸ ਦੇ ਪੱਲੇ ਪਹਿਲਾਂ ਕੀ ਪੈ ਰਿਹਾ ਹੈ? ਸਰਕਾਰ ਇਨ੍ਹਾਂ ਦਿਨਾਂ ਉਪਰ ਕੰਮ ਕਰਨ 'ਤੇ ਟੈਕਸ ਦੀ ਦਰ ਵੀ ਵਰਕਫ਼ੋਰਸ ਪਾਸੋਂ ਦੁਗਣੀ ਲੈ ਰਹੀ ਹੈ। ਟੈਕਸ ਦਰ ਨੂੰ ਘੱਟ ਕਰਨ ਬਾਰੇ ਨਹੀਂ ਕਿਹਾ ਜਾ ਰਿਹਾ ਬਲਕਿ ਪੈਨਲਟੀ ਰੇਟਜ਼ ਨੂੰ ਬੰਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਸੱਚ ਇਹ ਵੀ ਹੈ ਕਿ ਉਕਤ ਕਾਰੋਬਾਰੀ ਭਾਵੇਂ ਵਰਕਫੋਰਸ ਨੂੰ ਵੀਕਐਂਡ ਉਪਰ ਨਾ ਚਾਹੁੰਦਿਆਂ ਹੋਇਆਂ ਵੀ ਮਜਬੂਰੀ ਵੱਸ ਤਨਖ਼ਾਹ ਦਰ ਪੈਨਲਟੀ ਰੇਟ ਨਾਲ ਦੇ ਕੇ ਵੀ ਇਨ੍ਹਾਂ ਵੀਕਐਂਡਾਂ ਵਿਚ ਹੀ ਉਹ ਆਪਣੀ ਸੇਲ ਨਾਰਮਲ ਦਿਨਾਂ ਨਾਲੋਂ ਵਧਾਅ ਕੇ ਘਾਟਾ ਪੂਰਾ ਕਰਦੇ ਹਨ। ਲਿਬਰਲ ਪਾਰਟੀ ਅਤੇ ਹੋਰਨਾਂ ਨੂੰ ਇਹ ਸਮਝਣਾ ਹੋਵੇਗਾ ਕਿ ਹੋਰ ਕਿਹੜੇ ਕਾਰਨ ਹਨ ਜਿਹੜੇ ਬਿਜ਼ਨਸ ਨੂੰ ਘਾਟੇ 'ਚੋਂ ਬਾਹਰ ਕੱਢ ਸਕਦੇ ਹਨ। ਮਸਲਨ ਬਿਜਲੀ, ਗੈਸ, ਬੁਨਿਆਦੀ ਢਾਂਚਾ, ਟੈਕਸ ਦਰ ਆਦਿ ਨੂੰ ਤਰਕ ਸੰਗਤ ਕਰਨ ਦੀ ਜ਼ਰੂਰਤ ਹੈ ਨਾ ਕਿ ਵਰਕਫੋਰਸ ਦੇ ਪੈਨਲਟੀ ਰੇਟ ਨੂੰ ਬੰਦ ਕੀਤਿਆਂ। ਜਿਵੇਂ ਕਿ ਉਪਰ ਲਿਖਿਆ ਜਾ ਚੁੱਕਾ ਹੈ। ਏਸੇ ਤਰ੍ਹਾਂ ਹੀ ਹੋਰ ਵੀ ਕਈ ਰਾਜਨੀਤਕ ਮੁੱਦੇ ਹਨ ਜੋ ਕਿ ਵਿਕਾਸਸ਼ੀਲ ਦੇਸ਼ ਭਾਰਤ ਤੇ ਹੋਰਨਾਂ ਨਾਲੋਂ ਵਿਕਸਿਤ ਦੇਸ਼ ਆਸਟ੍ਰੇਲੀਆ ਦੇ ਵਖਰੇ ਹਨ। ਆਸਟ੍ਰੇਲੀਆ ਵਿਚ ਭੁੱਖਮਰੀ ਨਾਲ ਕੋਈ ਨਹੀਂ ਮਰਦਾ, ਜਿਸ ਦੇ ਘਰ ਵਿਚ ਦਾਣੇ ਉਸ ਦੇ ਕਮਲੇ ਵੀ ਸਿਆਣੇ ਹੋਣ ਵਾਲੀ ਕਹਾਵਤ ਅਨੁਸਾਰ ਇਥੇ ਕੰਮ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਏਸੇ ਕਰ ਕੇ ਇਥੇ ਬੇਰੁਜ਼ਗਾਰੀ 5.7 ਫ਼ੀਸਦੀ ਹੈ। ਇਸ ਵਿਚ ਵੀ ਅੱਧੇ ਤੋਂ ਵੱਧ ਚਿੱਟੀ ਚਮੜੀ ਜਿਹੜੀ ਕਿਸੇ ਆਨੇ ਬਹਾਨੇ ਸਰਕਾਰੀ ਵਿਭਾਗ ਸੈਂਟਰ ਲਿੰਕ ਜਾਂ ਸਮਾਜ ਸੇਵੀ ਜਥੇਬੰਦੀਆਂ ਦੇ ਆਸਰੇ 'ਤੇ ਪਲ ਰਹੀ ਹੈ, ਜਿਸ ਦੀ ਪੁਸ਼ਤ ਪਨਾਹੀ ਪੂੰਜੀਪਤੀ/ ਸਰਕਾਰ ਆਪ ਵਿੰਘੇ ਟੇਢੇ ਢੰਗ ਨਾਲ ਇਸ ਕਰ ਕੇ ਕਰਦੀ ਹੈ ਕਿ ਉਹ ਇਸ ਬੇਰੁਜ਼ਗਾਰੀ ਨੂੰ ਕੌਮਾਂਤਰੀ ਪੱਧਰ ਉਪਰ ਦਰਸਾ ਸਕੇ। ਅਜਿਹਾ ਕਰਦਿਆਂ ਉਹ ਅੰਤਰਰਾਸ਼ਟਰੀ ਪੱਧਰ ਉਪਰ ਸਮਾਜ ਭਲਾਈ ਦੇ ਕੰਮਾਂ ਵਿਚ ਆਪਣਾ ਬਣਦਾ ਹਿੱਸਾ ਪਾਉਣ ਤੋਂ ਕੰਨੀ ਕਤਰਾ ਸਕੇ। ਮਿਸਾਲ ਵਜੋਂ ਸੰਸਾਰ ਪੱਧਰ 'ਤੇ ਮਲੇਰੀਏ ਉਪਰ ਕਾਬੂ ਪਾ ਲਿਆ ਗਿਆ ਹੈ। ਇਹ ਸਾਰੇ ਸਾਂਝੇ ਮੁਲਕਾਂ ਦੀ ਪ੍ਰਾਪਤੀ ਹੈ ਜਿਨ੍ਹਾਂ ਕੌਮਾਂਤਰੀ ਫ਼ੰਡ ਇਕੱਠਾ ਕਰ ਕੇ ਅਸੰਭਵ ਬਿਮਾਰੀ ਦੀਆਂ ਜੜ੍ਹਾਂ ਪੁੱਟੀਆਂ ਹਨ। ਏਸੇ ਤਰ੍ਹਾਂ ਹੁਣ ਪੋਲੀਓ ਤੋਂ ਸੰਸਾਰ ਮੁਕਤ ਕੀਤਾ ਜਾ ਰਿਹਾ ਹੈ ਪਰ ਸਿਤਮ ਹੈ ਕਿ ਆਸਟ੍ਰੇਲੀਆ ਆਨੇ ਬਹਾਨੇ ਕਰ ਕੇ ਆਪਣੇ ਕੁਲ ਬਜਟ ਦਾ ਕੇਵਲ ਅੱਧਾ ਫ਼ੀਸਦੀ ਹਿੱਸਾ ਵੀ ਨਹੀਂ ਪਾ ਸਕਿਆ। ਸੰਸਾਰ ਦੇ ਵੱਡੇ ਧਨਾਢ ਬਿਲਗਰੇਡ ਨੂੰ ਆਸਟ੍ਰੇਲੀਆ ਆ ਕੇ ਆਪਣਾ ਹਿੱਸਾ ਪਾਉਣ ਲਈ ਸਰਕਾਰ ਅੱਗੇ ਗੁਹਾਰ ਕਰਨੀ ਪਈ। ਜ਼ਿਕਰਯੋਗ ਹੈ ਕਿ ਬਿਲਗਰੇਡ ਆਪਣੀ ਆਤਮਕ ਸ਼ਾਂਤੀ ਲਈ ਸਮਾਜ ਭਲਾਈ ਦੀ ਜਥੇਬੰਦੀਆਂ ਲਈ ਫ਼ੰਡਜ਼ ਇਕੱਠੇ ਕਰਦਾ ਹੈ।

ਇਹ ਪਹਿਲੀ ਵਾਰ ਹੈ ਕਿ ਆਸਟ੍ਰੇਲੀਆ ਦੀਆਂ ਇਨ੍ਹਾਂ ਚੋਣਾਂ 'ਚ ਬੇਰੁਜ਼ਗਾਰੀ ਨੂੰ ਰਾਜਨੀਤਕ ਪਾਰਟੀਆਂ ਨੇ ਆਪਣੇ ਏਜੰਡੇ ਉਪਰ ਲਿਆਂਦਾ ਹੈ। ਲਿਬਰਲ ਕਹਿ ਰਹੀ ਹੈ ਕਿ ਆਸਟ੍ਰੇਲੀਅਨ ਬੜੀ ਤੇਜ਼ੀ ਨਾਲ ਬੇਕਾਰੀ ਵੱਲ ਵੱਧ ਰਹੇ ਹਨ ਤੇ ਇਹ ਲੇਬਰ ਸਰਕਾਰ ਦੀਆਂ ਗ਼ਲਤ ਨੀਤੀਆਂ ਦੀ ਦੇਣ ਹੈ। ਸਨਅਤਾਂ ਕਾਰਬਨ ਟੈਕਸ ਕਾਰਨ ਬੰਦ ਹੋ ਰਹੀਆਂ ਹਨ ਅਤੇ ਵੀਜ਼ਾ ਪ੍ਰਣਾਲੀ 457 ਵੀ ਇਸ ਦਾ ਮੁੱਖ ਕਾਰਨ ਹੈ। ਇਹ ਠੀਕ ਹੈ ਕਿ ਕਾਰਬਨ ਟੈਕਸ ਜੋ ਕਿ ਗਿਲਾਰਡ ਸਰਕਾਰ ਨੇ ਲਾਇਆ ਸੀ, ਦੀ ਸਮੀਖਿਆ ਹੋਣੀ ਚਾਹੀਦੀ ਹੈ ਪਰ ਸਨਅਤਾਂ ਕੇਵਲ ਕਾਰਬਨ ਟੈਕਸ ਕਾਰਨ ਬੰਦ ਨਹੀਂ ਹੋ ਰਹੀਆਂ। ਸੰਸਾਰ ਪੱਧਰ ਉਪਰ ਚਲ ਰਹੇ ਆਰਥਕ ਮੰਦਵਾੜੇ ਕਾਰਨ ਇਸ ਦਾ ਅਸਰ ਆਸਟ੍ਰੇਲੀਅਨ ਸਨਅਤਾਂ ਉਪਰ ਵੀ ਪਿਆ ਹੈ। ਵਿਕਾਸਸ਼ੀਲ ਦੇਸ਼, ਚੀਨ, ਬੰਗਲਾਦੇਸ਼, ਭਾਰਤ ਅਤੇ ਹੋਰ ਆਸਾਟ੍ਰੇਲੀਅਨ ਸਨਅਤਾਂ ਨਾਲੋਂ ਵੀ ਸਸਤਾ ਸਮਾਨ ਆਸਟ੍ਰੇਲੀਆ ਲਿਆ ਕੇ ਦੇ ਰਹੇ ਹਨ। ਅਜਿਹੀ ਹਾਲਤ ਵਿਚ ਆਸਟ੍ਰੇਲੀਅਨ ਸਨਅਤਾਂ ਕਿਵੇਂ ਚਲ ਸਕਦੀਆਂ ਹਨ? ਸਰਕਾਰ ਨੂੰ ਆਪਣੀ ਦਰਾਮਦ ਤੇ ਬਰਾਮਦ ਨੀਤੀ ਵਿਚ ਟੈਕਸ ਸੁਧਾਰ ਕਰਨੇ ਪੈਣਗੇ ਤਾਂ ਜੋ ਘਰੇਲੂ ਸਨਅਤ ਨੂੰ ਬਚਾਇਆ ਜਾ ਸਕੇ।

ਵੀਜ਼ਾ ਪ੍ਰਣਾਲੀ 457 ਜਿਸ ਤਹਿਤ ਆਸਟ੍ਰੇਲੀਆ ਕਾਰੋਬਾਰੀ ਕੰਪਨੀਆਂ ਵਿਦੇਸ਼ਾਂ ਤੋਂ ਵਰਕ ਪਰਮਿਟ ਉਪਰ ਵਰਕਰਜ਼ ਨੂੰ ਆਸਟ੍ਰੇਲੀਆ ਲਿਆ ਰਹੀ ਹੈ। ਉਨ੍ਹਾਂ ਨੂੰ ਇਹ ਵਰਕਰਜ਼ ਸਸਤੇ ਪੈਂਦੇ ਹਨ। ਕੰਨਟਰੈਕਟ ਸਿਸਟਮ ਤਹਿਤ ਆ ਰਹੇ ਇਹ ਹੁਨਰਮੰਦ ਵਰਕਰਜ਼ ਆਸਟ੍ਰੇਲੀਅਨ ਹੁਨਰਮੰਦਾਂ ਨਾਲੋਂ ਸਸਤੇ ਪੈਣ ਕਾਰਨ ਇਥੇ ਬੇਰੁਜ਼ਗਾਰੀ ਵੱਧ ਰਹੀ ਹੈ। ਕਾਰੋਬਾਰੀ ਕੰਪਨੀਆਂ ਆਪਣੇ ਲਾਗਤ ਖ਼ਰਚੇ ਘੱਟ ਕਰਦਿਆਂ ਆਸਟ੍ਰੇਲੀਅਨਾਂ ਨੂੰ ਵਿਹਲੇ ਕਰ ਰਹੀ ਹੈ। ਇਸ 457 ਵੀਜ਼ਾ ਪ੍ਰਣਾਲੀ ਦਾ ਸਭ ਤੋਂ ਵੱਧ ਲਾਭ ਮਾਇਨਿੰਗ ਕੰਪਨੀਆਂ ਨੇ ਲਿਆ ਹੈ ਤੇ ਹੋਰ ਕੰਪਨੀਆਂ ਲੈਣ ਜਾ ਰਹੀਆਂ ਹਨ।

***ਬਾਕੀ ਅਗਲੇ ਅੰਕ 'ਚ***

# ਸਾਹਿਤ ਤੇ ਸਭਿਆਚਾਰ ਦਾ ਪਾਸਾਰ ਕਰ ਰਹੇ ਪੰਜਾਬੀ ਕਨੇਡੀਅਨ

ਪਿਛਲੀ ਸਦੀ ਦੇ ਆਰੰਭ ਤੋਂ ਹੀ ਪੰਜਾਬੀ ਲੋਕ ਕਨੇਡਾ ਆਉਣੇ ਆਰੰਭ ਹੋ ਗਏ ਸਨ। ਸਭ ਤੋਂ ਪਹਿਲਾਂ ਉਹ ਪੰਜਾਬੀ, ਜੋ ਚੀਨ ਵਿਚ ਅੰਗਰੇਜ਼ਾਂ ਦੀਆਂ ਫੌਜਾਂ ਵਿਚ ਸਨ ਤੇ ਕਨੇਡਾ ਰਾਹੀਂ ਇੰਗਲੈਂਡ ਸ਼ਾਹੀ ਜਸ਼ਨਾਂ ਵਿਚ ਹਿੱਸਾ ਲੈਣ ਗਏ ਸਨ, ਉਨ੍ਹਾਂ ਵੈਨਕੂਵਰ ਤੋਂ ਮੌਂਟਰੀਅਲ ਤਕ ਰੇਲ ਰਾਹੀਂ ਸਫਰ ਕੀਤਾ ਸੀ। ਉਹ ਕਨੇਡਾ ਦੀ ਵਿਸ਼ਾਲ ਧਰਤੀ ਦੀ ਸੁੰਦਰਤਾ ਅਤੇ ਖ਼ੁਸ਼ਹਾਲ ਜੀਵਨ ਤੋਂ ਇੰਨਾ ਪ੍ਰਭਾਵਤ ਹੋਏ ਕਿ ਵਾਪਸ ਹਿੰਦੋਸਤਾਨ ਆਪਣੇ ਦੇਸ਼ ਜਾਣ ਦੀ ਬਜਾਏ ਕਨੇਡਾ ਆ ਗਏ ਸਨ। ਫਿਰ ਉਨ੍ਹਾਂ ਦੇ ਸਾਕ ਸਬੰਧੀ ਅਤੇ ਹੋਰ ਲੋਕ ਵੀ ਆਉਣੇ ਆਰੰਭ ਹੋ ਗਏ।

ਪਹਿਲਾਂ ਪਹਿਲ ਉਹ ਸਾਗਰੀ ਤੱਟ ਦੇ ਨਾਲ ਲੱਗਦੇ ਇਲਾਕਿਆਂ ਵਿਚ ਰਹੇ, ਫਿਰ ਹੌਲੀ ਹੌਲੀ ਕਨੇਡਾ ਦੇ ਦੂਸਰੇ ਭਾਗਾਂ ਵਿਚ ਵੀ ਪਸਰਨੇ ਆਰੰਭ ਹੋ ਗਏ। ਵਿਨੀਪੈੱਗ ਜਿਹੜਾ ਕਿ ਲਗਭਗ ਵਿਸ਼ਾਲ ਕਨੇਡਾ ਦੇ ਮੱਧ ਵਿਚ ਹੈ, ਇੱਥੇ ਵੀ 1920 ਵਿਚ ਇਕ ਪੰਜਾਬੀ ਈਸ਼ਰ ਸਿੰਘ ਬੈਂਸ ਦੇ ਨੌਕਰੀ ਦੇ ਸਬੰਧ ਵਿਚ ਆਉਣ ਦਾ ਜ਼ਿਕਰ ਮਿਲਦਾ ਹੈ, ਜੋ ਗੈਰੇਜ ਵਿਚ ਮਕੈਨਿਕ ਦਾ ਕੰਮ ਕਰਦੇ ਰਹੇ। 1922 ਵਿਚ ਵਾਪਸ ਪੈਸੇਫਿਕ ਕੋਸਟ 'ਤੇ ਚਲੇ ਗਏ।

ਹੌਲੀ ਹੌਲੀ ਅਨੇਕਾਂ ਸੱਜਣ ਆਏ, ਜਿਨ੍ਹਾਂ ਇਥੇ ਪੱਕੀ ਰਿਹਾਇਸ਼ ਅਖ਼ਤਿਆਰ ਕਰ ਲਈ। ਮਾਸਟਰ ਪ੍ਰਤਾਪ ਸਿੰਘ ਫੰਗੂੜਾ, ਘਨਈਆ ਸਿੰਘ ਤੇ ਹੋਰ ਅਨੇਕਾਂ ਸੱਜਣ ਪੰਜਾਹਿਵਿਆਂ ਵਿਚ ਆਏ। ਡਾ. ਮਹਿੰਦਰ ਸਿੰਘ ਢਿਲੋਂ 1967 ਵਿਚ, ਪ੍ਰੋਫੈਸਰ ਡਾਕਟਰ ਨਰੰਜਣ ਸਿੰਘ ਢਾਲਾ 1968 ਵਿਚ ਆਏ। ਹੌਲੀ ਹੌਲੀ ਪੰਜਾਬੀਆਂ ਦੀ ਗਿਣਤੀ ਇੰਨੀ ਹੋ ਗਈ ਕਿ ਉਨ੍ਹਾਂ ਨੇ ਨਾ ਕੇਵਲ ਆਪਣੇ ਧਾਰਮਕ ਅਸਥਾਨ ਹੀ ਉਸਾਰੇ, ਬਲਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰਕ ਕਿਰਿਆਵਾਂ ਪ੍ਰਫੁੱਲਤ ਕਰਨ ਵੱਲ ਵੀ ਧਿਆਨ ਦਿੱਤਾ। 1969 ਵਿਚ ਸਿੱਖ ਸੋਸਾਇਟੀ ਆਫ ਮੈਨੀਟੋਬਾ ਹੋਂਦ ਵਿਚ ਆਈ ਅਤੇ ਪਹਿਲਾ ਗੁਰਦੁਆਰਾ ਸਾਹਿਬ ਬਣਿਆ। 1981 ਵਿਚ ਪੰਜਾਬੀ ਕਲਚਰਲ ਸੋਸਾਇਟੀ ਹੋਂਦ ਵਿਚ ਆਈ, ਜਿਸ ਵਲੋਂ 2 ਮਈ 1981 ਨੂੰ ਸ਼ਾਨਦਾਰ ਬਹੁਰੰਗੀ ਕਲਚਰਲ ਪ੍ਰੋਗਰਾਮ ਪੇਸ਼ ਕੀਤਾ ਗਿਆ।

1982 ਵਿਚ ਵਿਨੀਪੈੱਗ ਤੋਂ ਪਹਿਲਾ ਪੰਜਾਬੀ ਅਖ਼ਬਾਰ 'ਸੰਦੇਸ਼' ਨਿਕਲਿਆ, ਜਿਸ ਦੇ ਸੰਪਾਦਕ ਨਰਿੰਦਰ ਸਿੰਘ ਸਨ। 1982 ਵਿਚ ਮਹਿੰਦਰ ਸਿੰਘ ਢਿਲੋਂ ਦੀ ਸੰਪਾਦਨਾ ਹੇਠ ਸਾਲਾਨਾ 'ਸਿੱਖ ਰੀਵੀਊ' ਅਤੇ ਇਵੇਂ ਹੀ ਸਿੱਖ ਸੋਸਾਇਟੀ ਮੈਨੀਟੋਬਾ ਦਾ ਮੈਗਜ਼ੀਨ ਵੀ ਨਿਕਲਨਾ ਆਰੰਭ ਹੋਇਆ। ਅਨੇਕਾਂ ਸਕਾਲਰਾਂ ਵਲੋਂ ਭਿੰਨ ਭਿੰਨ ਵਿਸ਼ਿਆਂ 'ਤੇ ਲੇਖ ਵੀ ਛਪਦੇ ਰਹੇ, ਪੁਸਤਕਾਂ ਵੀ ਨਿਕਲੀਆਂ, ਜਿਨ੍ਹਾਂ ਵਿਚ ਹਰਚੰਦ ਸਿੰਘ ਬਰਾੜ, ਡਾਕਟਰ ਅਮਰ ਸਿੰਘ ਧਾਲੀਵਾਲ, ਮਹਿੰਦਰ ਸਿੰਘ ਪਨੂੰ, ਗਿਆਨੀ ਕੇਵਲ ਸਿੰਘ ਅਤੇ ਜੋਗਿੰਦਰ ਸਿੰਘ ਧਾਮੀ ਦੇ ਨਾਮ ਲਏ ਜਾ ਸਕਦੇ ਹਨ। ਰਾਜ ਮਾਨ ਨੇ ਟੈਲੀਵਿਜ਼ਨ ਰਾਹੀਂ ਪੰਜਾਬੀ ਪ੍ਰੋਗਰਮ ਪੇਸ਼ ਕੀਤੇ, ਪੰਜਾਬੀ ਸਭਿਆਚਾਰ ਦੇ ਪਾਸਾਰ ਲਈ ਬੜੇ ਯਤਨ ਕੀਤੇ, ਹੁਣ ਵੀ ਕਰ ਰਹੇ ਹਨ।




ਜੋਗਿੰਦਰ ਸ਼ਮਸ਼ੇਰ ਵਲੋਂ ਲਿਖੀ ਗਈ ਕਿਤਾਬ ਨੂੰ ਰਿਲੀਜ਼ ਕੀਤੇ ਜਾਣ ਦਾ ਦ੍ਰਿਸ਼।

1984 ਵਿਚ ਪੰਜਾਬੀ ਲਿਟਰੇਰੀ ਅਤੇ ਕਲਚਰਲ ਸੋਸਾਇਟੀ ਵਜੂਦ ਵਿਚ ਆਈ, ਜਿਸ ਦਾ ਮੁੱਖ ਮੰਤਵ ਨਿਰੋਲ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨਾ ਅਤੇ ਪੁੰਗਰ ਰਹੇ ਪੰਜਾਬੀ ਲਿਖਾਰੀਆਂ ਨੂੰ ਉਤਸ਼ਾਹਤ ਕਰਨਾ, ਉਸਾਰੂ ਪੜਚੋਲ ਰਾਹੀਂ ਉਨ੍ਹਾਂ ਦੀਆਂ ਲਿਖਤਾਂ ਵਿਚ ਨਿਖਾਰ ਲਿਆਉਣਾ ਅਤੇ ਉਨ੍ਹਾਂ ਦੀਆਂ ਕਿਰਤਾਂ ਨੂੰ ਲੋਕਾਂ ਵਿਚ ਪਹੁੰਚਾਉਣ ਦਾ ਯਤਨ ਕਰਨਾ ਸੀ। ਇਨ੍ਹਾਂ ਵਲੋਂ ਲਗਾਤਾਰ ਸਾਹਿਤਕ ਮੀਟਿੰਗਾਂ ਵੀ ਹੁੰਦੀਆਂ ਰਹੀਆਂ ਅਤੇ ਸਾਹਤਿਕ ਸਮਾਗਮ ਵੀ ਹੁੰਦੇ ਰਹੇ।

ਸਾਹਿਤ ਵਿਚਾਰ ਮੰਚ ਇੱਕ ਹੋਰ ਸੰਸਥਾ ਹੈ, ਜਿਸ ਦੀ ਹਿੰਮਤ ਸਦਕੇ ਜੁਲਾਈ 1993 ਵਿਚ ਉਤਰੀ ਅਮਰੀਕਨ ਪੰਜਾਬੀ ਕਾਨਫਰੰਸ ਕੀਤੀ ਗਈ। ਵਿਧਾਇਕ ਮਹਿੰਦਰ ਸਿੰਘ ਸਰਾਂ ਨੇ ਵੀ 1993 ਦੀ ਕਾਨਫਰੰਸ ਤੋਂ ਬਾਅਦ ਪੰਜਾਬੀ ਪੱਤਰ 'ਕੈਨੇਡੀਅਨ ਪੰਜਾਬੀ ਪੰਧ' ਕੱਢਿਆ ਸੀ ਜੋ ਕਿ ਕਾਫੀ ਹਰਮਨ ਪਿਆਰਾ ਰਿਹਾ। ਇਨ੍ਹਾਂ ਤੋਂ ਬਿਨਾਂ ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਵਿਨੀਪੈੱਗ ਬਰਾਂਚ ਵਲੋਂ ਵੀ ਪੰਜਾਬ ਦੀਆਂ ਕੌਮੀ ਲਹਿਰਾਂ ਨਾਲ ਸਬੰਧਤ ਅਨੇਕਾਂ ਪ੍ਰੋਗਰਾਮ ਕੀਤੇ ਜਾ ਰਹੇ ਹਨ।

ਡਾਕਟਰ ਨਰੰਜਣ ਸਿੰਘ ਢਾਲਾ ਦੇ ਉਦਮ ਨਾਲ 1998 ਵਿਚ ਪੰਜਾਬ ਫਾਉਂਡੇਸ਼ਨ ਆਫ਼ ਮੈਨੀਟੋਬਾ ਵਜੂਦ ਵਿਚ ਆਈ। ਇਵੇਂ ਹੀ ਲਗਭਗ ਉਸੇ ਸਮੇਂ ਮਰਹੂਮ ਇੰਦਰਜੀਤ ਸਿੰਘ ਕਲੇਰ ਦੇ ਉਤਸ਼ਾਹ ਦੇਣ ਨਾਲ ਸਿੱਖ ਕਲਚਰਲ ਐਂਡ ਸੀਨੀਅਰ ਸੋਸਾਇਟੀ ਆਫ਼ ਮੈਨੀਟੋਬਾ ਵੀ ਬਣੀ। ਦੋਹਾਂ ਦੇ ਮਿਲਵਰਤਨ ਅਤੇ ਹਿੰਮਤ ਨਾਲ ਪ੍ਰੋਜੈਕਟ 'ਪੰਜਾਬ ਸੈਂਟਰ' ਦੀ ਉਸਾਰੀ ਮੁਕੰਮਲ ਹੋ ਰਹੀ ਹੈ। ਇਹ ਸਭ ਪ੍ਰਸੰਸਾ ਦੇ ਪਾਤਰ ਹਨ। ਪੰਜਾਬ ਫਾਉਂਡੇਸ਼ਨ ਆਫ ਮੈਨੀਟੋਬਾ ਦੇ ਯਤਨਾਂ ਸਦਕਾ ਪਿਛਲੇ ਤਿੰਨ ਸਾਲ ਤੋਂ ਫੋਕਲੋਰਾਮਾ ਮੌਕੇ ਪੰਜਾਬ ਪੈਵੀਲਿਅਨ ਦਾ ਸ਼ਾਨਦਾਰ ਪ੍ਰੋਗਰਾਮ ਵੀ ਹੋਂਦ ਵਿਚ ਆ ਗਿਆ ਹੈ। ਇਨ੍ਹਾਂ ਤੋਂ ਬਿਨਾਂ ਵੀ ਹੋਰ ਕਈ ਗਰੁੱਪ ਕੋਈ ਨਾ ਕੋਈ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਕਰਦੇ ਰਹਿੰਦੇ ਹਨ।

'ਮੈਨੀਟੋਬਾ ਦਾ ਪੰਜਾਬੀ ਸਾਹਿਤ' ਪੁਸਤਕ ਦੀ ਪ੍ਰਕਾਸ਼ਨਾ ਵੀ ਇਨ੍ਹਾਂ ਕਿਰਿਆਵਾਂ ਦਾ ਭਾਗ ਹੈ। ਇਸ ਪੁਸਤਕ ਵਿਚ ਵਿਨੀਪੈੱਗ ਦੇ 16 ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਹਨ। ਇਸ ਵਿਚ ਡਾ. ਮਹਿੰਦਰ ਸਿੰਘ ਢਿਲੋਂ ਤੇ ਰਾਣਾ ਚਾਨਾਂ ਦੀਆਂ ਕਵਿਤਾਵਾਂ ਤੇ ਕਹਾਣੀਆਂ ਵੀ ਹਨ। ਮਰਹੂਮ ਕੁਲਵੰਤ ਢੱਲਾ ਦੀਆਂ ਕਵਿਤਾਵਾਂ ਤੇ ਉਨ੍ਹਾਂ ਬਾਰੇ ਜਾਣਕਾਰੀ ਭਰਪੂਰ ਲੇਖ ਵੀ ਹੈ। ਹਰਦਿਆਲ ਸਿੰਘ ਹੀਰਾ, ਪੂਰਨ ਸਿੰਘ ਸੰਧੂ, ਨਿਸ਼ਾਨ ਸਿੰਘ ਵੜਾਇਚ, ਅਮਰਦੀਪ ਸਿੰਘ ਸੰਧਾਵਾਲੀਆ, ਹਰਜਿੰਦਰ ਪਾਲ ਸਿੰਘ ਪਰਵਾਨਾ, ਡਾ. ਨਿਰਮਲ ਹਰੀ, ਅੰਮ੍ਰਿਤਪਾਲ ਸਿੰਘ ਕਾਂਗ, ਦਲੇਰ ਢਾਲਾ ਅਤੇ ਡਾ. ਪ੍ਰਿਤਪਾਲ ਪਾਲ ਕੌਰ ਚਾਹਲ ਦੀਆਂ ਕਵਿਤਾਵਾਂ ਤੇ ਉਨ੍ਹਾਂ ਬਾਰੇ ਜਾਣਕਾਰੀ ਵੀ ਹੈ। ਇਹ ਕਵਿਤਾਵਾਂ ਕਵੀਆਂ ਦੇ ਖ਼ੂਬਸੂਰਤ ਜਜ਼ਬਾਤ ਦੀ ਤਰਜਮਾਨੀ ਕਰਦੀਆਂ ਹਨ। ਪਰਵਾਸੀ ਪੰਜਾਬੀ ਮਨਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ।

ਪ੍ਰਸਿੱਧ ਕਹਾਣੀ ਲੇਖਕ ਅਤੇ ਸਾਹਿਤਕਾਰ ਯੁਵਰਾਜ ਰਤਨ ਦਾ ਇੰਟਰਵੀਊ ਹੈ ਜੋ ਜੀਵਨ ਦੇ ਅਨੇਕਾਂ ਪਹਿਲੂਆਂ 'ਤੇ ਰੌਸ਼ਨੀ ਪਾਉਂਦਾ ਹੈ। ਮਰਹੂਮ ਸਟੀਵ ਅਲਮਾਸ, ਜੋ ਸ਼ਾਹਮੁਖੀ ਲਿੱਪੀ ਵਿਚ ਪੰਜਾਬੀ ਕਾਵਿ ਰਚਨਾ ਕਰਦੇ ਸਨ, ਉਨ੍ਹਾਂ ਦੀ ਕਵਿਤਾ ਦਾ ਗੁਰਮੁਖੀ ਰੁਪਾਂਤਰ ਅਤੇ ਦਿਲਜੀਤ ਧਨੋਆ ਦੀ ਵੀ ਕਵਿਤਾ ਸ਼ਾਮਲ ਹੈ। 'ਸਾਡਾ ਪਰਾਂਤ ਮੈਨੀਟੋਬਾ' ਅਤੇ 'ਵਿਨੀਪੈੱਗ' ਬਾਰੇ ਜਾਣਕਾਰੀ ਦਿੰਦੇ ਜੋਗਿੰਦਰ ਸਮਸ਼ੇਰ ਹੁਰਾਂ ਦੇ ਦੋ ਲੇਖ ਵੀ ਹਨ। 180 ਸਫ਼ੇ ਦੀ ਇਹ ਪੁਸਤਕ ਮੈਨੀਟੋਬਾ ਦੇ ਪੰਜਾਬੀ ਪਿਆਰਿਆਂ, ਲੇਖਕਾਂ, ਸੰਗੀਤਕਾਰਾਂ, ਕਲਾਕਾਰਾਂ, ਪੰਜਾਬ ਫਾਉਂਡੇਸ਼ਨ ਆਫ਼ ਮੈਨੀਟੋਬਾ ਤੇ ਪੰਜਾਬ ਸੈਂਟਰ ਵਿਨੀਪੈੱਗ ਦੇ ਮਹਾਨ ਉਸਰਾਈਆਂ ਨੂੰ ਸਮਰਪਣ ਕੀਤੀ ਗਈ ਹੈ। 'ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ' ਵਲੋਂ ਇਹ ਪੁਸਤਕ ਪ੍ਰਕਾਸ਼ਤ ਕੀਤੀ ਗਈ ਹੈ। ਇਹ ਪੁਸਤਕ ਵਿਨੀਪੈੱਗ ਫੋਕਲੋਰਾਮਾ ਦੇ ਪੰਜਾਬ ਪਵਿਲੀਅਨ 'ਚੋਂ ਵੀ ਪ੍ਰਾਪਤ ਹੋਵੇਗੀ। ਪੁਸਤਕ ਸੰਪਾਦਤ ਕਰਨ ਦਾ ਮੁੱਖ ਮੰਤਵ ਮੈਨੀਟੋਬਾ ਦੇ ਸਾਹਿਤਕਾਰਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਨਾਲ ਜਾਣ ਪਛਾਣ ਕਰਵਾਉਣਾ ਹੈ। ਇਨ੍ਹਾਂ ਵਿਚੋਂ ਕਈਆਂ ਦੀਆਂ ਸਾਹਿਤਕ ਰਚਨਾਵਾਂ ਪੁਸਤਕਾਂ ਦੇ ਰੂਪ ਵਿਚ ਵੀ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਾਂ ਹੋ ਰਹੀਆਂ ਹਨ।

Blend of flavours
Party Cakes – Cupcakes – Desserts
Gluten free menu
Thai & Asian cuisine
http://www.facebook.com/Blendofflavours
tania – 780-977-4589
(take away only)

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance

Lock Smith
If:
→ Your Car is Locked
→ Your Car Need Boost
Please Call
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop

Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BeLL

STUCCO & RENOVATION
Residential
Commertial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਅੱਖਾਂ ਬਿਆਨਦੀਆਂ ਹਨ ਤੁਹਾਡੀ ਸਿਹਤ ਦਾ ਹਾਲ



ਹਮੇਸ਼ਾ ਆਪਣੀਆਂ ਅੱਖਾਂ ਦਾ ਧਿਆਨ ਰੱਖੋ। ਤੁਹਾਡੀਆਂ ਅੱਖਾਂ ਦਸਦੀਆਂ ਹਨ ਤੁਹਾਡੀ ਸਿਹਤ ਦਾ ਹਾਲ।

**ਪੀਲੀਆਂ ਅੱਖਾਂ :** ਜ਼ਿਆਦਾਤਰ ਲੋਕਾਂ ਦੀਆਂ ਅੱਖਾਂ ਵਿਚ ਸਮੇਂ ਦੇ ਨਾਲ ਇਕ ਕਿਸਮ ਦਾ ਪੀਲਾਪਣ ਅਤੇ ਭੂਰਾਪਣ ਆ ਜਾਂਦਾ ਹੈ। ਜ਼ਿਆਦਾ ਮਾਤਰਾ ਵਿਚ ਤਲਿਆ ਭੋਜਨ ਕਰਨ ਅਤੇ ਫਲ-ਸਬਜ਼ੀਆਂ ਦੀ ਵਰਤੋਂ ਘੱਟ ਕਰਨ ਕਾਰਨ ਵੀ ਅੱਖਾਂ ਦਾ ਪੀਲਾਪਣ ਵੱਧਣ ਲੱਗਦਾ ਹੈ। ਹਾਲਾਂਕਿ ਇਸ ਨਾਲ ਅੱਖਾਂ ਦੀ ਦੇਖਣ ਦੀ ਸਮਰਥਾ ’ਤੇ ਕੋਈ ਬੁਰਾ ਅਸਰ ਨਹੀਂ ਪੈਂਦਾ। ਪਰ ਜੇਕਰ ਅੱਖਾਂ ਦਾ ਪੀਲਾਪਣ ਵਧਦਾ ਜਾ ਰਿਹਾ ਹੈ ਤਾਂ ਇਹ ਪੀਲੀਆ (ਜੋਨਡਸ) ਦਾ ਲੱਛਣ ਵੀ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ ਤੁਸੀਂ ਤੁਰੰਤ ਪੀਲੀਏ ਦੀ ਜਾਂਚ ਕਰਵਾਓ।

**ਧੁੰਦਲਾ ਦਿਸਣਾ :** ਜੇਕਰ ਤੁਹਾਨੂੰ ਚੀਜ਼ਾਂ ਧੁੰਦਲੀਆਂ ਦਿਸਦੀਆਂ ਹਨ ਤਾਂ ਇਹ ਮੋਤੀਆਬਿੰਦ ਦੀ ਵੀ ਸ਼ੁਰੂਆਤ ਹੋ ਸਕਦੀ ਹੈ। ਮੋਤੀਆਬਿੰਦ ਤੁਹਾਡੀਆਂ ਅੱਖਾਂ ਦੇ ਪਰਦੇ ’ਤੇ ਧੁੰਦਲੇ ਧੱਬੇ ਬਣਨ ਕਾਰਨ ਹੁੰਦਾ ਹੈ। ਪਰ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਨਜ਼ਰ ਦਾ ਇਹ ਧੁੰਦਲਾਪਣ ਗਲੂਕੋਮਾ ਵੀ ਹੋ ਸਕਦਾ ਹੈ। ਗਲੂਕੋਮਾ ਅੱਖਾਂ ’ਤੇ ਇਕ ਕਿਸਮ ਦਾ ਦਬਾਅ ਹੁੰਦਾ ਹੈ। ਜੇਕਰ ਸਮਾਂ ਰਹਿੰਦਿਆਂ ਇਸ ਦਾ ਇਲਾਜ ਨਾ ਕਰਵਾਇਆ ਜਾਵੇ ਤਾਂ ਇਸ ਨਾਲ ਵਿਅਕਤੀ ਅੰਨ੍ਹਾ ਵੀ ਆ ਸਕਦਾ ਹੈ।

**ਸੁੱਜੀਆਂ ਹੋਈਆਂ ਅੱਖਾਂ :** ਅੱਖਾਂ ਦੀ ਸੋਜਿਸ਼ ਦਾ ਆਮ ਤੌਰ ’ਤੇ ਇਹੀ ਅਰਥ ਨਿਕਲਦਾ ਹੈ ਕਿ ਕੋਈ ਚੀਜ਼ ਅੱਖਾਂ ਵਿਚ ਤਣਾਅ ਪੈਦਾ ਕਰ ਰਹੀ ਹੈ। ਸੰਭਵ ਹੈ ਅੱਖਾਂ ਵਿਚ ਕੋਈ ਅਲਰਜੀ ਹੋ ਗਈ ਹੈ ਜਾਂ ਪਾਣੀ ਭਰ ਗਿਆ ਹੈ। ਕਦੇ-ਕਦੇ ਇਹ ਲੱਛਣ ਥਾਈਰਾਈਡ ਕਾਰਨ ਵੀ ਹੋ ਸਕਦੇ ਹਨ।

**ਪ੍ਰਕਾਸ਼ ਦਾ ਚਮਕਣਾ :** ਜੇਕਰ ਅੱਖਾਂ ਨੂੰ ਦੇਖਣ ਵਿਚ ਤਕਲੀਫ਼ ਹੋ ਰਹੀ ਹੈ ਤਾਂ ਇਹ ਤਣਾਅ ਦਾ ਲੱਛਣ ਵੀ ਹੋ ਸਕਦਾ ਹੈ। ਪਰ ਇਹ ਇਸ ਗੱਲ ਦੀ ਚੇਤਵਾਨੀ ਵੀ ਹੋ ਸਕਦੀ ਹੈ ਕਿ ਤੁਹਾਡੀਆਂ ਅੱਖਾਂ ਦੇ ਪਰਦਿਆਂ (ਰੇਟੀਨਾ) ਵਿਚ ਕਿਸੇ ਕਿਸਮ ਦਾ ਨੁਕਸਾਨ ਹੋ ਰਿਹਾ ਹੈ। ਰੋਗਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਤੋਂ ਮੁਕਤੀ ਪਾਉਣ ਲਈ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

**ਦੂਹਰੀਆਂ ਚੀਜ਼ਾਂ ਦਿਖਣੀਆਂ :** ਜੇਕਰ ਸ਼ਰਾਬ ਦਾ ਸੇਵਨ ਕਰਨ ਕਾਰਨ ਚੀਜ਼ਾਂ ਦੋ ਦਿਖਾਈ ਦੇਂਦੀਆਂ ਹਨ ਜਾਂ ਬਚਪਨ ਤੋਂ ਹੀ ਅੱਖਾਂ ਵਿਚ ਕੁਝ ਤਿਰਛਾਪਣ ਹੈ, ਜਿਸ ਕਾਰਨ ਚੀਜ਼ਾਂ ਟੇਡੀਆਂ ਦਿਖਾਈ ਦਿੰਦੀਆਂ ਹਨ ਤਾਂ ਕੋਈ ਗੱਲ ਨਹੀਂ, ਕਿਉਂਕਿ ਇਸ ਦਾ ਇਲਾਜ ਸੰਭਵ ਨਹੀਂ ਹੈ। ਪਰ ਜੇਕਰ ਇਨ੍ਹਾਂ ਲੱਛਣਾਂ ਤੋਂ ਇਲਾਵਾ ਜ਼ਿਆਦਾ ਉਮਰ ਤਕ ਪਹੁੰਚਣ ਤੋਂ ਬਾਅਦ ਅਜਿਹੇ ਲੱਛਣ ਪ੍ਰਗਟ ਹੁੰਦੇ ਹਨ ਕਿ ਚੀਜ਼ਾਂ ਦੋ-ਦੋ ਦਿਖਾਈ ਦਿੰਦੀਆਂ ਹਨ ਤਾਂ ਇਹ ਅਪਘਾਟ, ਟਿਊਮਰ ਜਾਂ ਕਿਸੇ ਹੋਰ ਬਿਮਾਰੀ ਦਾ ਲੱਛਣ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ ਤੁਰੰਤ ਡਾਕਟਰ ਦੀ ਸਲਾਹ ਲਈ ਜਾਵੇ।

**ਅਸਪੱਸ਼ਟ ਅਤੇ ਧੁੰਦਲਾ ਨਜ਼ਰ ਆਉਣਾ :** ਜੇਕਰ ਦੂਰ ਅਤੇ ਨੇੜੇ ਦੀਆਂ ਚੀਜ਼ਾਂ ਅਸਪੱਸ਼ਟ ਅਤੇ ਧੁੰਦਲੀਆਂ ਦਿਖਾਈ ਦਿੰਦੀਆਂ ਹਨ ਤਾਂ ਤੁਹਾਡੀ ਨਜ਼ਰ ਕਮਜ਼ੋਰ ਹੋ ਗਈ ਹੈ। ਇਸ ਦਾ ਅਰਥ ਹੈ ਕਿ ਤੁਹਾਡੀਆਂ ਅੱਖਾਂ ਨੂੰ ਐਨਕ ਦੀ ਜ਼ਰੂਰਤ ਹੈ। ਜੇਕਰ ਤੁਸੀਂ ਪਹਿਲਾਂ ਤੋਂ ਹੀ ਐਨਕ ਲਾਉਂਦੇ ਹੋ ਤਾਂ ਤੁਹਾਡੀ ਐਨਕ ਦਾ ਨੰਬਰ ਵੱਧ ਗਿਆ ਹੈ। ਪਰ ਧੁੰਦਲਾ ਅਤੇ ਅਸਪੱਸ਼ਟ ਨਜ਼ਰ ਆਉਣਾ ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦਾ ਵੀ ਲੱਛਣ ਹੋ ਸਕਦਾ ਹੈ। ਜਾਂ ਫਿਰ ਉਮਰ ਦੇ ਨਾਲ ਮਾਸਪੇਸ਼ੀਆਂ ਵਿਚ ਆਉਣ ਵਾਲੀ ਗਿਰਾਵਟ ਅਤੇ ਵਿਕਾਰ ਵੀ ਇਸ ਦੇ ਕਾਰਨ ਹੋ ਸਕਦੇ ਹਨ।

**ਅੱਖਾਂ ਵਿਚ ਗਿੱਡ ਆਉਣਾ :** ਕਦੇ-ਕਦੇ ਅੱਖਾਂ ਦੇ ਕੋਨਿਆਂ ਵਿਚ ਜਾਂ ਪਲਕਾਂ ਦੇ ਹੇਠਾਂ ਗਿੱਡਾਂ ਆਉਣ ਲੱਗਦੀਆਂ ਹਨ। ਜੇਕਰ ਇਹ ਥੋੜ੍ਹੀ ਮਾਤਰਾ ਵਿਚ ਹੋਵੇ ਤਾਂ ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ ਪਰ ਸਵੇਰ ਸਮੇਂ ਇਸ ਨਾਲ ਦਰਦ ਹੁੰਦਾ ਹੈ। ਕਦੇ-ਕਦੇ ਇਹ ਆਪਣੇ ਆਪ ਖ਼ਤਮ ਹੋ ਜਾਂਦਾ ਹੈ ਪਰ ਇਸ ਤੋਂ ਛੁਟਕਾਰਾ ਪਾਉਣ ਲਈ ਮਲਹੱਮ ਦੀ ਵਰਤੋਂ ਕਰਨੀ ਚਾਹੀਦੀ ਹੈ।






## ਨਮਕ



ਨਮਕ ਤੋਂ ਬਿਨਾਂ ਜੀਵਨ ਸੰਭਵ ਨਹੀਂ। ਸਾਡੇ ਸਰੀਰ ਦੇ ਨਿਰਮਾਣ ਵਿਚ ਨਮਕ ਕਾਫ਼ੀ ਅਹਿਮੀਅਤ ਰੱਖਦਾ ਹੈ। ਨਮਕ ਦਾ ਵਿਗਿਆਨਕ ਨਾਮ ਸੋਡੀਅਮ ਕਲੋਰਾਈਡ ਹੈ। ਚੀਨੀ ਅਤੇ ਨਮਕ ਦੋਵੇਂ ਅਸਲ ਵਿਚ ਚਿੱਟਾ ਜ਼ਹਿਰ ਹਨ। ਜੇਕਰ ਤੁਸੀਂ ਜ਼ਰੂਰਤ ਤੋਂ ਜ਼ਿਆਦਾ ਨਮਕ ਦੀ ਵਰਤੋਂ ਕਰਦੇ ਕਰਦੇ ਹੋ ਤਾਂ ਤੁਹਾਡੀ ਹਾਈ ਬਲੱਡ ਪ੍ਰੈਸ਼ਰ ਹੋਣ ਦਾ ਖ਼ਤਰਾ ਵੱਧ ਸਕਦਾ ਹੈ। ਇਕ ਸਿਹਤਮੰਦ ਵਿਅਕਤੀ ਲਈ ਰੋਜ਼ ਤਕਰੀਬਨ ਸਾਢੇ ਚਾਰ ਗ੍ਰਾਮ ਪਾਣੀ, ਇਕ ਚਮਚ ਨਮਕ ਹੀ ਕਾਫ਼ੀ ਹੈ। ਥੋੜ੍ਹਾ ਨਮਕ ਸਰੀਰ ਦੀ ਕਾਰਜਪ੍ਰਣਾਲੀ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਜ਼ਰੂਰੀ ਹੁੰਦਾ ਹੈ।

# ਪੇਟ ਦੇ ਰੋਗਾਂ ਵਿਚ ਫ਼ਾਇਦੇਮੰਦ ਹੈ ਹਲਦੀ

ਮਸਾਲਿਆਂ ਦੇ ਰੂਪ ਵਿਚ ਵਰਤੀ ਜਾਣ ਵਾਲੀ ਹਲਦੀ ਦੀ ਲੋੜੀਂਦੀ ਮਾਤਰਾ ਪੇਟ ਵਿਚ ਜਲਨ ਅਤੇ ਅਲਸਰ ਦੀ ਸਮੱਸਿਆ ਨੂੰ ਦੂਰ ਕਰਨ ਵਿਚ ਕਾਰਗਰ ਹੁੰਦੀ ਹੈ। ਭਾਰਤੀ ਵਿਗਿਆਨੀਆਂ ਵਲੋਂ ਕੀਤੀ ਗਈ ਖੋਜ ਅਨੁਸਾਰ ਹਲਦੀ ਪੇਟ ਨਾਲ ਸਬੰਧਤ ਸਮੱਸਿਆਵਾਂ ਲਈ ਨਵੀਆਂ ਦਵਾਈਆਂ ਤਿਆਰ ਕਰਨ ਵਿਚ ਮਹੱਤਵਪੂਰਨ ਸਾਬਤ ਹੋ ਸਕਦੀ ਹੈ। ਦੇਸ਼ ਵਿਚ ਹਲਦੀ ਦੀ ਵਰਤੋਂ ਐਂਟੀਸੈਪਟਿਕ ਦੇ ਰੂਪ ਵਿਚ ਤਕਰੀਬਨ 3000 ਸਾਲ ਤੋਂ ਕੀਤੀ ਜਾ ਰਹੀ ਹੈ। ਹਲਦੀ ਦਾ ਪੀਲਾ ਰੰਗ ਕੁਰਕਮਿਨ ਨਾਮਕ ਐਲੀਮੈਂਟ ਕਾਰਨ ਹੁੰਦਾ ਹੈ ਅਤੇ ਇਹੀ ਇਲਾਜ ਵਿਚ ਸਭ ਤੋਂ ਫ਼ਾਇਦੇਮੰਦ ਸਾਬਤ ਹੁੰਦਾ ਹੈ। ਡਾਕਟਰੀ ਖੇਤਰ ਅਨੁਸਾਰ ਕੁਰਕਮਿਨ ਪੇਟ ਦੀਆਂ ਬਿਮਾਰੀਆਂ ਜਿਵੇਂ ਜਲਨ ਅਤੇ ਅਲਸਰ ਵਿਚ ਕਾਫ਼ੀ ਫ਼ਾਇਦੇਮੰਦ ਰਿਹਾ ਹੈ। ਜੇਕਰ ਇਸ ਦੀ ਘੱਟ ਮਾਤਰਾ ਕਾਰਗਰ ਨਹੀਂ ਹੈ ਤਾਂ ਇਸ ਦੀ ਜ਼ਿਆਦਾ ਵਰਤੋਂ ਨਾਲ ਸਥਿਤੀਆਂ ਵਿਗੜ ਸਕਦੀਆਂ ਹਨ। ਕੁਰਕਮਿਨ ਦੀ ਲੋੜੀਂਦੀ ਮਾਤਰਾ ਲੱਭ ਲਈ ਹੈ, ਜਿਸ ਦਾ ਸੇਵਨ ਇਲਾਜ ਦੇ ਲਿਹਾਜ਼ ਨਾਲ ਲਾਭਦਾਇਕ ਹੈ। ਆਈ.ਆਈ.ਸੀ.ਬੀ. ਦੇਸ਼ ਦੇ ਪ੍ਰਮੁੱਖ ਖੋਜ ਕੇਂਦਰ ਕੌਂਸਲ ਆਫ਼ ਸਾਇੰਟਫਿਕ ਐਂਡ ਇੰਡਸਟ੍ਰੀਅਲ ਰਿਸਰਚ (ਸੀ.ਐਸ.ਆਈ.ਆਰ.) ਤਹਿਤ ਆਉਂਦੀ ਹੈ।



ਪੇਟ ਵਿਚ ਜਲਣ ਅਤੇ ਅਲਸਰ ਦੀ ਸਮੱਸਿਆ ਜ਼ਿਆਦਾ ਦਰਦ ਨਿਵਾਰਕ ਦਵਾਈਆਂ ਦੀ ਵਰਤੋਂ ਅਤੇ ਤਣਾਅ ਕਾਰਨ ਆਉਂਦੀ ਹੈ। ਖੋਜਾਰਥੀਆਂ ਨੇ ਹਲਦੀ ਦੀ ਉਚਿਤ ਮਾਤਰਾ ਚੂਹਿਆਂ ਨੂੰ ਦੇ ਕੇ ਸਫ਼ਲ ਪ੍ਰਯੋਗ ਕੀਤਾ ਹੈ। ਖੋਜ ਦਲ ਦੀ ਮੈਂਬਰ ਅਤੇ ਅਮਰੀਕਾ ਦੇ ਯੂਨੀਵਰਸਿਟੀ ਆਫ਼ ਕਲੈਕਟੀਕਲ ਸਕੂਲ ਆਫ਼ ਮੈਡੀਸਨ ਦੀ ਨੀਲਾਂਜਨਾ ਮੌਲਿਕ ਨੇ ਕਿਹਾ, “ਇਹ ਪਹਿਲੀ ਖੋਜ ਹੈ ਜਿਸ ਵਿਚ ਅਲਸਰ ਤੋਂ ਪਹਿਲਾਂ ਅਤੇ ਬਾਅਦ ਵਿਚ ਕੁਰਕਮਿਨ ਦੀ ਮੌਜੂਦਗੀ ਨੂੰ ਦਿਖਾਇਆ ਗਿਆ ਹੈ। ਇਹ ਜ਼ਖ਼ਮ ਭਰਨ ਵਾਲੀ ਥਾਂ ’ਤੇ ਨਵੀਆਂ ਖ਼ੂਨ ਨਾਲੀਆਂ (ਬਲੱਡ ਵੀਸਲਜ਼) ਦੇ ਨਿਰਮਾਣ ਵਿਚ ਸਹਾਇਕ ਹੋ ਸਕਦਾ ਹੈ।”

# ਇੰਗਲੈਂਡ 'ਤੇ ਫਤਹਿ ਪਾ ਕੇ ਭਾਰਤ ਨੇ ਜਿੱਤਿਆ ਕਾਂਸੀ ਦਾ ਤਗ਼ਮਾ

ਮੋਂਸ਼ੇਨਗਲੈਡਬਾਖ (ਨਦਬ) : ਜੂਨੀਅਰ ਮਹਿਲਾ ਵਿਸ਼ਵ ਕੱਪ ਵਿਚ ਭਾਰਤ ਨੇ ਅੱਜ ਇਤਿਹਾਸ ਰਚਦਿਆਂ ਪਹਿਲੀ ਵਾਰ ਕਾਂਸੀ ਦਾ ਤਗਮਾ ਜਿੱਤ ਲਿਆ ਹੈ। ਭਾਰਤ ਦੀਆਂ ਮੁਟਿਆਰਾਂ ਨੇ ਪੈਨਲਟੀ ਸ਼ੂਟਆਊਟ ਵਿਚ ਇੰਗਲੈਂਡ ਨੂੰ 3-2 ਨਾਲ ਹਰਾਇਆ। ਅੱਜ ਖੇਡੇ ਇਸ ਯਾਦਗਾਰੀ ਮੈਚ ਵਿਚ ਭਾਰਤ ਦੀ ਰਾਣੀ ਨੇ ਅਸ਼-ਅਸ਼ ਕਰਵਾ ਦਿੱਤੀ। ਮੈਚ ਦੇ ਨਿਰਧਾਰਤ ਸਮੇਂ ਵਿਚ ਭਾਰਤ ਦੀ 'ਰਾਣੀ' ਨੇ ਇਕੋ-ਇਕ ਗੋਲ ਕੀਤਾ ਤੇ ਇਸ ਤੋਂ ਬਾਅਦ ਉਸ ਨੇ ਪੈਨਲਟੀ ਸ਼ੂਟਆਊਟ ਵਿਚ ਵੀ ਗੋਲ ਕੀਤਾ। ਭਾਰਤ ਨੇ ਮਹਿਲਾ ਜੂਨੀਅਰ ਵਿਸ਼ਵ ਕੱਪ ਵਿਚ ਦੁਨੀਆਂ ਦੀਆਂ ਸਿਖਰਲੀਆਂ ਹਾਕੀ ਟੀਮਾਂ ਨੂੰ ਸਖਤ ਟੱਕਰ ਦਿੱਤੀ ਤੇ ਆਪਣੀ ਮੁਹਿੰਮ ਦਾ ਸ਼ਾਨਦਾਰ ਢੰਗ ਨਾਲ ਅੰਤ ਕੀਤਾ।

ਇੰਗਲੈਂਡ ਟੀਮ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਅੱਜ ਵੀ ਪੈਨਲਟੀ ਸ਼ੂਟਆਊਟ ਵਿਚ 3-2 ਨਾਲ ਹਾਰ ਗਈ ਤੇ ਪਿਛਲੇ ਵਿਸ਼ਵ ਕੱਪ ਵਿਚ ਵੀ ਉਹ ਕਾਂਸੀ ਦੇ ਤਗਮੇ ਲਈ ਹੋਏ ਮੈਚ ਵਿਚ ਦੱਖਣੀ ਕੋਰੀਆ ਪਾਸੋਂ ਹਾਰ ਗਈ ਸੀ। ਨਵਨੀਤ ਕੌਰ ਨੇ ਪੈਨਲਟੀ ਸ਼ੂਟਆਊਟ 'ਚ ਭਾਰਤ ਨੂੰ 3-2 ਦੀ ਲੀਡ ਦਿਵਾਈ ਤੇ ਇੰਗਲੈਂਡ ਦੀ ਆਨਾ ਤੋਮਨ ਗੋਲ ਕਰਨ ਤੋਂ ਖੁੰਝ ਗਈ। ਪੈਨਲਟੀ ਸ਼ੂਟਆਊਟ ਵਿਚ ਭਾਰਤ ਦੀ ਤਰਫੋਂ ਸਭ ਤੋਂ ਪਹਿਲਾਂ ਰਾਣੀ ਨੇ ਸਟਰੋਕ ਲਾ ਕੇ ਗੋਲ ਕੀਤਾ। ਇੰਗਲੈਂਡ ਦੀ ਤਰਫੋਂ ਐਮਲੀ ਡੇਫਰੋਂਡ ਨੂੰ ਛੱਡ ਕੇ ਕੋਈ ਵੀ ਖਿਡਾਰਨ ਗੋਲ ਨਹੀਂ ਕਰ ਸਕੀ। ਐਮਲੀ ਨੇ ਦੋਵੇਂ ਮੌਕਿਆਂ 'ਤੇ ਭਾਰਤ ਦੀ ਲੀਡ ਨੂੰ ਖਤਮ ਕਰ ਦਿੱਤਾ। ਨਵਨੀਤ ਪਹਿਲਾਂ ਆਪਣੇ ਸਟਰੋਕ ਤੋਂ ਖੁੰਝ ਗਈ ਪਰ ਦੂਜੀ ਕੋਸ਼ਿਸ਼ ਵਿਚ ਉਸ ਨੇ ਭਾਰਤ ਦਾ ਹੱਥ ਉਪਰ ਕਰ ਦਿੱਤਾ। ਆਨਾ ਜਿਸ ਨੇ ਨਿਰਧਾਰਤ ਸਮੇਂ ਵਿਚ ਇੰਗਲੈਂਡ ਨੂੰ 1-1 ਦੀ ਬਰਾਬਰੀ ਦਿਵਾ ਦਿੱਤੀ ਸੀ ਪਰ ਇਸ ਦਬਾਅ ਦੇ ਪਲਾਂ ਵਿਚ ਗੋਲ ਨਾ ਕਰ ਸਕੀ। ਇਸ ਤੋਂ ਪਹਿਲਾਂ ਰਾਣੀ ਨੇ ਭਾਰਤ ਨੂੰ ਮੈਚ ਦੇ 13ਵੇਂ ਮਿੰਟ 'ਚ ਸ਼ਾਨਦਾਰ ਫੀਲਡ ਗੋਲ ਵਿਚ ਲੀਡ ਦਿਵਾਈ ਤੇ ਭਾਰਤੀ ਲੜਕੀਆਂ ਨੇ ਪੂਰੀ ਮੁਸਤੈਦੀ ਨਾਲ ਆਪਣੇ ਗੋਲ ਦੀ ਰੱਖਿਆ ਕੀਤੀ ਤੇ ਮੈਚ ਦੇ ਅੱਧੇ ਸਮੇਂ ਤੱਕ ਗੋਲ ਹੋਣ ਤੋਂ ਬਚਾਅ ਰੱਖਿਆ। ਇੰਗਲੈਂਡ ਨੇ ਗੋਲ ਲਾਹੁਣ ਦੀਆਂ ਸਿਰਤੋੜ ਕੋਸ਼ਿਸ਼ਾਂ ਜਾਰੀ ਰੱਖੀਆਂ ਤੇ 55ਵੇਂ ਮਿੰਟ ਵਿਚ ਗੋਲ ਕਰਕੇ ਮੈਚ 'ਚ ਵਾਪਸੀ ਕਰ ਲਈ ਤੇ ਮੈਚ ਦੇ ਆਖਰੀ ਸਮੇਂ ਤੱਕ ਖੇਡ ਫਸੀ ਰਹੀ ਤੇ ਆਖਰ ਪੈਨਲਟੀ ਸ਼ੂਟਆਊਟ ਵਿਚ ਭਾਰਤ ਨੂੰ ਫਤਹਿ ਨਸੀਬ ਹੋਈ।



ਮੈਚ ਜਿੱਤਣ 'ਤੇ ਖੁਸ਼ੀ ਸਾਂਝੀ ਕਰਦੀਆਂ ਹੋਈਆਂ ਭਾਰਤੀ ਖਿਡਾਰਨਾਂ।

## ਨਕਦ ਇਨਾਮ ਦਾ ਐਲਾਨ

ਖੇਡ ਮੰਤਰੀ ਜਿਤੇਂਦਰ ਸਿੰਘ ਨੇ ਜਰਮਨੀ ਦੇ ਮੋਂਸੋਂਗਲਾਬਾਖ 'ਚ ਜੂਨੀਅਰ ਮਹਿਲਾ ਹਾਕੀ ਵਿਸ਼ਵ ਕੱਪ 'ਚ ਕਾਂਸੀ ਤਗਮਾ ਜਿੱਤਣ ਵਾਲੀ ਜੂਨੀਅਰ ਮਹਿਲਾ ਹਾਕੀ ਟੀਮ ਦੀ ਹਰੇਕ ਮੈਂਬਰ ਲਈ 50 ਹਜ਼ਾਰ ਰੁਪਏ ਨਕਦ ਇਨਾਮ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਕਪਤਾਨ ਨੇ ਹਰੇਕ ਕੋਚ ਲਈ 25 ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਕਪਤਾਨ ਸੁਸ਼ੀਲਾ ਚਾਨੂ ਦੀ ਅਗਵਾਈ ਵਾਲੀ 18 ਮੈਂਬਰੀ ਟੀਮ ਨੂੰ ਵਧਾਈ ਦਿੰਦੇ ਹੋਏ ਖੇਡ ਮੰਤਰੀ ਨੇ ਕਿਹਾ ਕਿ ਉਨ੍ਹਾਂ ਕਾਂਸੀ ਦਾ ਤਗ਼ਮਾ ਜਿੱਤ ਕੇ ਦੇਸ਼ ਦੀ ਸ਼ਾਨ ਵਧਾਈ ਹੈ। ਟੀਮ ਦੀਆਂ ਮੈਂਬਰਾਂ ਅੱਜ ਖੇਡ ਮੰਤਰੀ ਨੂੰ ਉਨ੍ਹਾਂ ਦੇ ਦਫ਼ਤਰ 'ਚ ਮਿਲੀਆਂ ਤੇ ਉਨ੍ਹਾਂ ਟੂਰਨਾਮੈਂਟ ਦੌਰਾਨ ਆਪਣੇ ਤਜਰਬੇ ਸਾਂਝੇ ਕੀਤੇ। ਜ਼ਿਕਰਯੋਗ ਹੈ ਕਿ ਭਾਰਤ ਨੇ ਕਾਂਸੀ ਤਗ਼ਮੇ ਦੇ ਮੈਚ 'ਚ ਇੰਗਲੈਂਡ ਨੂੰ ਪੈਨਲਟੀ ਸ਼ੂਟਆਊਟ 'ਚ 3-2 ਨਾਲ ਹਰਾਇਆ ਸੀ।

# ਵਿਵੇਕ ਬਾਗੜੀਆ ਵਰਲਡ ਡਵਾਰਫ਼ ਖੇਡਾਂ ਵਿਚ ਕਰੇਗਾ ਕਨੇਡਾ ਦੀ ਪ੍ਰਤੀਨਿਧਤਾ



ਵਿਨੀਪੈਗ (ਨਦਬ) : ਮੈਨੀਟੋਬਾ ਸੂਬੇ ਵਿਚੋਂ ਵਿਨੀਪੈਗ ਸ਼ਹਿਰ ਦਾ ਵਿਵੇਕ ਬਾਗੜੀਆ ਨਾਂ ਦਾ ਇਕੱਲਾ ਅਜਿਹਾ ਅਥਲੀਟ ਹੈ ਜਿਹੜਾ ਅਗਲੇ ਮਹੀਨੇ 2013 ਵਿਚ ਹੋਣ ਵਾਲੀਆਂ ਵਰਲਡ ਡਵਾਰਫ਼ ਖੇਡਾਂ ਵਿਚ ਭਾਗ ਲਵੇਗਾ। ਉਸਦੀ ਚੋਣ ਇਨ੍ਹਾਂ ਖੇਡਾਂ ਲਈ ਕਨੇਡਾ ਦੀ 30 ਮੈਂਬਰੀ ਟੀਮ ਵਿਚ ਹੋ ਗਈ ਹੈ। ਵਿਵੇਕ ਬਾਗੜੀਆ ਦਾ ਕਹਿਣਾ ਹੈ ਕਿ ਉਹ ਇੱਥੋਂ ਤਕ ਕਾਫ਼ੀ ਚੁਣੌਤੀਆਂ ਨੂੰ ਪਾਰ ਕਰ ਕੇ ਪੁੱਜਿਆ ਹੈ। 18 ਸਾਲਾ ਬਾਗੜੀਆ ਨੇ ਦੱਸਿਆ ਕਿ ਉਸ ਦੇ ਸਰੀਰ ਦੀ ਲੰਬਾਈ ਚਾਰ ਫੁੱਟ ਹੈ, ਜਿਸ ਕਾਰਣ ਉਸ ਨੂੰ ਆਮ ਅਥਲੀਟ ਨਾਲੋਂ ਵੱਧ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਨੂੰ ਹਮੇਸ਼ਾ ਆਪਣੇ ਤੋਂ ਵੱਧ ਲੰਬਾਈ ਵਾਲੇ ਅਥਲੀਟ ਨਾਲ ਲੜਨਾ ਪੈਂਦਾ ਹੈ। ਪਰ ਫੇਰ ਵੀ ਵਿਵੇਕ ਨੂੰ ਆਪਣੇ ਤਜ਼ਰਬੇ ਤੇ ਮਿਹਨਤ 'ਤੇ ਪੂਰੀ ਆਸ ਹੈ। ਵਿਵੇਕ ਬਾਗੜੀਆ ਨੇ ਦੱਸਿਆ ਕਿ ਸਕੂਲ ਵਿਚ ਪੜ੍ਹਦਿਆਂ ਜਿਮ ਅਧਿਆਪਕ ਨੇ ਉਸ ਨੂੰ ਖੇਡਾਂ ਵੱਲ ਪ੍ਰੇਰਿਆ। ਜ਼ਿਕਰਯੋਗ ਹੈ ਕਿ ਵਿਵੇਕ ਬਾਗੜੀਆ ਡਕੋਟਾ ਕਾਲਜ ਤੋਂ ਗਰੈਜੂਏਟ ਹੈ।

# ਵਿਨੀਪੈਗ ਵਾਲੀਬਾਲ (ਸ਼ੂਟਿੰਗ) ਦੀ ਟੀਮ ਤੀਸਰੇ ਸਥਾਨ 'ਤੇ ਰਹੀ



ਵਿਨੀਪੈਗ (ਨਦਬ) : ਐਡਮਿੰਟਨ ਯੂਨਾਈਟਡ ਵਾਲੀਬਾਲ ਕਲੱਬ ਵੱਲੋਂ 13 ਅਤੇ 14 ਜੁਲਾਈ ਨੂੰ ਰਿਕ ਸੈਂਟਰ ਗਰਾਊਂਡ ਵਿੱਚ ਵਾਲੀਬਾਲ (ਸ਼ੂਟਿੰਗ) ਦਾ ਪੰਜਾਬ ਸਟਾਈਲ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਕੁਲ ਸੱਤ ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਦੋ ਟੀਮਾਂ ਐਡਮਿੰਟਨ ਦੀਆਂ, ਦੋ ਵਿਨੀਪੈਗ ਦੀਆਂ ਅਤੇ ਇੱਕ-ਇੱਕ ਟੀਮ ਕੈਲਗਰੀ, ਸਰੀ ਅਤੇ ਅਬੋਟਸਫੋਰਡ ਤੋਂ ਸ਼ਾਮਿਲ ਸੀ। ਸਰੀ, ਕੈਲਗਰੀ, ਅਬੋਟਸਫੋਰਡ ਅਤੇ ਵਿਨੀਪੈਗ ਦੀਆਂ ਟੀਮਾਂ ਸੈਮੀਫਾਈਨਲ ਵਿੱਚ ਪਹੁੰਚੀਆਂ। ਕੋਚ ਪਰਮਜੀਤ ਸਿੰਘ ਪੰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਾਈਨਲ ਮੈਚ ਕੈਲਗਰੀ ਅਤੇ ਸਰੀ ਵਿਚਕਾਰ ਖੇਡਿਆ ਗਿਆ। ਜਿਸ ਵਿੱਚੋਂ ਕੈਲਗਰੀ ਜੇਤੂ ਰਹੀ। ਵਿਨੀਪੈਗ ਦੀ ਟੀਮ ਇਸ ਟੂਰਨਾਮੈਂਟ ਵਿੱਚ ਤੀਜੇ ਸਥਾਨ 'ਤੇ ਰਹੀ। ਟੀਮ ਵਿੱਚ ਬਿੱਟੂ ਰਾਇਕੋਟੀ, ਰਾਜੂ, ਹੈਪੀ ਸਿੱਧੂ, ਸੁਖਚੈਨ ਫੌਜੀ, ਪ੍ਰਭਜੋਤ, ਸੁਮਨੂੰ ਮੁੰਡੀ, ਕਰਮ ਅਤੇ ਸਾਬੀ ਚੜਿੱਕ ਨੇ ਭਾਗ ਲਿਆ। ਇਹ ਟੀਮ ਆਉਣ ਵਾਲੇ ਦਿਨਾਂ ਵਿੱਚ ਸਰੀ ਅਤੇ ਕੈਲਗਰੀ ਵਿੱਚ ਹੋਣ ਵਾਲੇ ਟੂਰਨਾਮੈਂਟਾਂ ਵਿੱਚ ਵੀ ਭਾਗ ਲਵੇਗੀ।

# ਮੈਪਲ ਕਮਿਊਨਿਟੀ ਸੈਂਟਰ ਦੇ ਮੈਦਾਨ ਵਿੱਚ ਫੁਟਬਾਲ ਕੈਂਪ ਦਾ ਆਯੋਜਨ

ਮੈਪਲ (ਨਦਬ) : ਮੈਪਲ ਦੇ ਕਮਿਊਨਿਟੀ ਸੈਂਟਰ ਗਰਾਊਂਡ ਵਿੱਚ ਫੁਟਬਾਲ ਦੇ ਖਿਡਾਰੀਆਂ ਲਈ ਕੈਂਪ ਲਗਾਇਆ ਗਿਆ ਹੈ, ਜਿਸ ਵਿੱਚ ਮੁੰਡਿਆਂ ਦੀਆਂ ਤਿੰਨ ਸ਼੍ਰੇਣੀ ਦੀਆਂ ਟੀਮਾਂ ਅੰਡਰ 12, ਅੰਡਰ 14 ਅਤੇ ਅੰਡਰ 16 ਸ਼ਾਮਿਲ ਹਨ। ਇਸ ਕੈਂਪ ਦੀ ਸ਼ੁਰੂਆਤ ਜੂਨ ਵਿੱਚ ਕੀਤੀ ਗਈ ਸੀ ਤੇ ਇਹ ਸਤੰਬਰ ਤਕ ਚੱਲੇਗਾ। ਕੈਂਪ ਵਿੱਚ ਮੁੰਡਿਆਂ ਨੂੰ ਕੋਚਾਂ ਵੱਲੋਂ ਖੇਡ ਸਬੰਧੀ ਤਕਨੀਕੀ ਗੁਰ ਸਿਖਾਏ ਜਾਣਗੇ। ਕੈਂਪ ਦੌਰਾਨ ਖਿਡਾਰੀਆਂ ਨੇ ਦੋ ਟੂਰਨਾਮੈਂਟ ਵੀ ਖੇਡਣੇ ਹਨ, ਜਿਸ ਵਿੱਚ ਉਹ ਚੰਗੀ ਖੇਡ ਦਾ ਪ੍ਰਦਰਸ਼ਨ ਕਰਨਗੇ। ਜ਼ਿਕਰਯੋਗ ਹੈ ਕਿ ਅੰਡਰ 12 ਟੀਮ ਨੂੰ ਕੋਚਿੰਗ ਹੁਸ਼ਿਆਰ ਗਿੱਲ ਅਤੇ ਭਗਵੰਤ ਬਿੱਟੂ ਦੇ ਰਹੇ ਹਨ। ਅੰਡਰ 14 ਟੀਮ ਨੂੰ ਕੋਚਿੰਗ ਮਨਜਿੰਦਰ ਗਰੇਵਾਲ ਤੇ ਪਰਦੀਪ ਬਰਾੜ ਦੇ ਰਹੇ ਹਨ ਅਤੇ ਅੰਡਰ 16 ਟੀਮ ਨੂੰ ਜੋਧਾ ਸਿੰਘ ਧਾਲੀਵਾਲ ਅਤੇ ਬੰਟੀ ਫੁਟਬਾਲ ਦੇ ਗੁਰ ਸਿਖਾ ਰਹੇ ਹਨ। ਕੋਚਾਂ ਦਾ ਕਹਿਣਾ ਹੈ ਕਿ ਮੁੰਡੇ ਖੇਡ ਵੱਲ ਪੂਰਾ ਧਿਆਨ ਦੇ ਰਹੇ ਹਨ ਅਤੇ ਕਿਸੇ ਵੀ ਗ਼ਲਤ ਆਦਤ ਤੋਂ ਬਚੇ ਹੋਏ ਹਨ। ਉਹਨਾਂ ਕਿਹਾ ਕਿ ਅਜਿਹੇ ਕੈਂਪ ਸਚਮੁੱਚ ਸਾਡੇ ਬੱਚਿਆਂ ਦਾ ਭਵਿੱਖ ਬਦਲ ਸਕਦੇ ਹਨ। ਇਸ ਲਈ ਸਾਨੂੰ ਅਜਿਹੀਆਂ ਗਤੀਵਿਧੀਆ 'ਤੇ ਧਿਆਨ ਦੇਣਾ ਚਾਹੀਦਾ ਹੈ।



# ਹਾਕੀ ਵਿਸ਼ਵ ਕੱਪ 2014 'ਚ ਬਾਰ੍ਹਾਂ ਟੀਮਾਂ ਭਿੜਨਗੀਆਂ

ਨਵੀਂ ਦਿੱਲੀ (ਨਦਬ): ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਨੇ ਕਿਹਾ ਹੈ ਕਿ ਅਗਲੇ ਸਾਲ ਹਾਲੈਂਡ ਵਿਚ ਹੋਣ ਵਾਲੇ ਵਿਸ਼ਵ ਕੱਪ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਦੀ ਗਿਣਤੀ 12 ਹੀ ਰਹੇਗੀ ਤੇ ਇਸ ਵਿਚ ਵਾਧੇ ਦੀ ਕੋਈ ਸੰਭਾਵਨਾ ਨਹੀਂ ਹੈ।

ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ 2018 ਦੇ ਵਿਸ਼ਵ ਕੱਪ ਵਿਚ ਟੀਮਾਂ ਦੀ ਗਿਣਤੀ 12 ਤੋਂ 18 ਕਰਨ ਦਾ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ। ਹਾਕੀ ਫੈਡਰੇਸ਼ਨ ਦੇ ਪ੍ਰਧਾਨ ਲੀਐਂਡਰੋ ਨੇਗਰੇ ਨੇ ਭਾਰਤ ਦੇ ਸਾਬਕਾ ਹਾਕੀ ਕਪਤਾਨ ਦਿਲੀਪ ਟਿਰਕੀ ਦੇ ਪੱਤਰ ਦੇ ਜਵਾਬ ਵਿਚ ਇਹ ਗੱਲ ਕਹੀ ਹੈ। ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਟੀਮਾਂ ਦੀ ਗਿਣਤੀ ਵਧਾਉਣ ਲਈ ਪੂਰੀ ਤਰ੍ਹਾਂ ਸਹਿਮਤ ਹੈ ਪਰ ਇਹ ਵਿਸ਼ਵ ਕੱਪ 2014 ਵਿਚ ਸੰਭਵ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਸ ਦਾ ਪਹਿਲਾ ਕਾਰਨ ਇਹ ਹੈ ਕਿ ਫੈਡਰੇਸ਼ਨ ਨੇ 2014 ਵਿਸ਼ਵ ਕੱਪ ਦੇ ਕੁਆਲੀਫਾਈਂਗ ਨਿਯਮਾਂ ਦਾ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ ਤੇ ਹੁਣ ਵਿਸ਼ਵ ਕੱਪ ਸ਼ੁਰੂ ਹੋਣ ਵਿਚ ਇਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤੇ ਹੁਣ ਨਿਯਮਾਂ ਵਿਚ ਬਦਲਾਅ ਸੰਭਵ ਨਹੀਂ ਹੈ। ਨੇਗਰੇ ਨੇ ਕਿਹਾ ਕਿ ਦੂਜਾ ਕਾਰਨ ਇਹ ਹੈ ਕਿ ਜਦੋਂ ਫੈਡਰੇਸ਼ਨ ਨੇ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਨਿਲਾਮੀ ਕੀਤੀ ਸੀ ਤਾਂ ਕੁਝ ਨਿਯਮਾਂ ਤੇ ਸ਼ਰਤਾਂ ਸਨ ਤੇ ਹੁਣ ਉਨ੍ਹਾਂ ਨੂੰ ਤੋੜਿਆ ਨਹੀਂ ਜਾ ਸਕਦਾ, ਨਹੀਂ ਤਾਂ ਇਨ੍ਹਾਂ ਦੇ ਗੰਭੀਰ ਆਰਥਿਕ ਸਿੱਟੇ ਨਿਕਲਣਗੇ। ਵਿਸ਼ਵ ਕੱਪ 2014 ਵਿਚ ਵਿਸ਼ਵ ਹਾਕੀ ਲੀਗ ਦੇ ਸਿਖਰਲੇ ਛੇ ਸਥਾਨਾਂ 'ਤੇ ਰਹਿਣ ਵਾਲੀਆਂ ਹਾਕੀ ਟੀਮਾਂ ਤੋਂ ਇਲਾਵਾ ਪੰਜ ਮਹਾਂਦੀਪਾਂ ਦੀਆਂ ਚੈਂਪੀਅਨ ਟੀਮਾਂ ਤੇ ਇਕ ਮੇਜ਼ਬਾਨ ਟੀਮ ਸ਼ਾਮਲ ਹੈ।



ਰਿਕਾਰਡ 412 ਅੰਤਰਰਾਸ਼ਟਰੀ ਮੈਚ ਖੇਡ ਚੁੱਕੇ ਫੁਲਬੈਕ ਟਿਰਕੀ ਨੇ ਇਸ ਸਬੰਧੀ ਦੱਸਿਆ, "ਮੇਰਾ ਵਿਚਾਰ ਹੈ ਕਿ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਦੇ 130 ਦੇਸ਼ ਮੈਂਬਰ ਹਨ ਤੇ ਸਿਰਫ਼ 12 ਦੇਸ਼ ਵਿਸ਼ਵ ਕੱਪ ਖੇਡਦੇ ਹਨ ਅਤੇ ਇਹ ਓਲੰਪਿਕ ਤੋਂ ਬਾਅਦ ਸਭ ਤੋਂ ਵੱਡਾ ਹਾਕੀ ਟੂਰਨਾਮੈਂਟ ਹੈ ਤੇ ਇਹ ਗਿਣਤੀ ਬਹੁਤ ਥੋੜ੍ਹੀ ਹੈ ਤੇ ਕ੍ਰਿਕਟ ਤੇ ਫੁਟਬਾਲ ਵਿਚ ਗਿਣਤੀ ਹੌਲੀ-ਹੌਲੀ ਵਧਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਲਈ ਹਾਕੀ ਵਿਚ ਵੀ ਜ਼ਰੂਰੀ ਹੈ ਕਿ ਵੱਧ ਦੇਸ਼ ਖੇਡਣ ਤੇ ਉਨ੍ਹਾਂ ਮੰਗ ਕੀਤੀ ਸੀ ਕਿ ਅਗਲੇ ਸਾਲ ਵਿਸ਼ਵ ਕੱਪ ਵਿਚ ਟੀਮਾਂ ਦੀ ਗਿਣਤੀ 16 ਕਰ ਦਿੱਤੀ ਜਾਵੇ।

ਟਿਰਕੀ ਨੇ ਕਿਹਾ ਕਿ ਇਸ ਸਮੇਂ ਹਾਕੀ ਖੇਡਣ ਵਾਲੇ ਮੁਲਕਾਂ ਨੂੰ ਏ ਬੀ ਤੇ ਸੀ ਸ਼੍ਰੇਣੀ ਵਿਚ ਵੰਡਿਆ ਜਾ ਸਕਦਾ ਹੈ। ਇਸ ਵਿਚ ਆਸਟਰੇਲੀਆ, ਜਰਮਨੀ, ਹਾਲੈਂਡ, ਸਪੇਨ ਤੇ ਇੰਗਲੈਂਡ ਏ ਸ਼੍ਰੇਣੀ ਵਿਚ ਹਨ ਤੇ ਭਾਰਤ, ਪਾਕਿਸਤਾਨ, ਮਲੇਸ਼ੀਆ, ਨਿਊਜ਼ੀਲੈਂਡ, ਬੈਲਜੀਅਮ, ਅਰਜਨਟੀਨਾ ਤੇ ਦੱਖਣੀ ਅਫਰੀਕਾ ਆਦਿ ਬੀ ਸ਼੍ਰੇਣੀ 'ਚ ਹਨ ਅਤੇ ਬਾਕੀ ਦੇਸ਼ ਸੀ ਸ਼੍ਰੇਣੀ ਵਿਚ ਆਉਂਦੇ ਹਨ।

Edmonton Youth Field Hockey Club

# Edmonton Youth Field Hockey Club Presents

in the memory of Late. S. Jarnail Singh Dhaliwal

## 3rd Annual Edmonton Field Hockey Tournament



Late. S. Jarnail Singh Dhaliwal

## Aug 31st & Sept. 1st, 2nd 2013 at Millwood's Recreation Centre (Artificial Turf)

ABS Trucking | Stahl Peterbilt | Summit Trailer Ltd. | Durabuilt Windows & Doors The Ultimate in Quality | All Insurance Ltd. | Pash Accounting Services "We work with a professional attitude"

Seniors : 1st Prize Sponsered by ABS Trucking & Group
2nd Prize Sponsered by Kal Toor (Active Homes)
3rd Prize Sponsered by Pritpal Sekhon (M&P Trucking)

U-13 : 1st Prize Sponsered by Dr. Gurdeep Sidhu
2nd Prize Sponsered by Millwoods Meat Shop

U-16 : 1st Prize Sponsered by Alberta Punjabi Sports & Culture Club (Baldev Gill, Rana Dhaliwal, Pal Boparai, Lakhbir Aujla )
2nd Prize Sponsered by Neetu Sohi, Jag Dhaliwal (Edmonton Tire & Lube)

Asian Grocery Balkar Thind

All India SuperMarket Khaira Brothers

3 Days Food Supplied by MR. SAMOSA HUT

Active Homes Kal Toor

Joe Ranu Rainbow Day Care & Out-Of-School Care

Preet Janitorial Services Jaskaran Bhatti

Buddy Landscape Jassi Kaler

Honourable Guest : Olympian Ramandeep Singh Grewal

### PARTICIPATING TEAMS

| SENIORS | AGE GROUP 13 | AGE GROUP 16 |
|---|---|---|
| Winnipeg | Regina | Regina |
| Saskatoon | Surrey | Surrey |
| Surrey Lions | Calgary | Calgary |
| Calgary Hawks | Edmonton Eagles | Edmonton Royals |
| Edmonton Youth | Edmonton Royals | Brandon Manitoba |
| West Coast Kings | Brandon Manitoba | Eligibility Date born in year 1997 |
| United Brothers (Surrey) | Eligibility Date born in year 2000 | |
| United Brothers (Brampton) | | |

First Truck Centre Freightliner

Regency Woodworks & Doors Harry Flora

Jeet Auto Sales Ranjit Malhi

Millwoods Meat Shop Fresh Ideas, Great Taste

Alberta Punjabi Sports & Culture Club edmonton | Groove Used Auto Parts Sukh Dhaliwal | Edmonton Tire & Lube Neetu Sohi & Jag Dhaliwal | Canturn Machine | rainbow copy & printing | Bhalla Law Office

H&B Drywall Minder Deol

ZyTech building systems inc.

S&R Landscaping Raju Deol & Raj Rai

Advance Home Reno Jimco Trucking Sam & Onkar

Best Player of the Tournament Sponsered by :- Jaswant Sandhu & Ranjit Dhillon (Millwoods Meat Shop)
Best Player of the Tournament U-16 Sponsered by :- Manpreet Bhathal
Best Player of the Tournament U-13 Sponsered by :- Ranjit Malhi (Jeet Auto Sales)

Platinium Sponsers : ABS Trucking, Kal Toor, Jeet Auto Sales, Dr. Gurdeep Sidhu, Millwods Meat Shop, Jag Dhaliwal, Edmonton Tire & Lube (Neetu Sohi)

Diamond Sponsers : Stahl Peterbilt, Durabelt Windows & Doors, Jaskaran Bhatti, Baljoth Raano(Rainbow Day Care), Inder Sunny Sidhu, Harry Flora, Jassi Kular, Balkaran Sidhu Canturn Machine(Sandeep Dhindsa), Active Homes, Realty Executives, Golden Stucco, Travelers Financial(Mr. Walia), H&B Drywall(Minder Deol), ITM Trucking, Fancy Door & Mouldings, Sonu Thind (Jamco Transport), Baltej Toor(Mission Liquor), WRV Trucking (Brar Group), Kross Janitorial, S&R Landscape, Pash Accounting

Gold Sponsers : CJ Auto, Raju Dhaliwal (BMO), Gagan Sahota, Tony Thind, Triple X Transport, Gurdeep Kaler, (West Edmonton Truck Wash), Bhalla Law Office, Manminder Grewal, Bell Connections, Gurcharan Dhaliwal, Road King Liquor, Manvir Transport, (Kulwinder Sidhu) VLG Lawyers, Jaspreet Gill, Altimate Stair & Rail, Punjab Money Exchange, Econo Lodge South, Bhola Roomi, Summerside Bottle Depot Sandhu Brothers Royal Luxury Homes, Rohit Group, Sekhon Brothers (Pal & Mohna Sekhon), Road King Truck Wash, Asian Grocery(Balkar Thind), Kayakama Spa, Amit Gupta, Mr. Samosa Hut, Raj Kamal Trucking, Nav Kamal Trucking, HSG Trucking(Kuldip Grewal), Balkar Randhawa, Millwoods Auto(Raja & Tajinder) A-One Truss(Manmohan Dhaliwal), AG Diesel(Ranjit), Baljeet Dhami(Canada Post), Sukhdev Gill, SST Trucking, Groove Auto, GS Granite Ltd., Malhotra Law Office, A-One Accounting.

Global Awakening Sunny Sidhu Inlighten

Truck Pro Consulting Jas Dhaliwal

M&P Trucking

C J Auto & Transmission Repairs Nindi Rao

Guests of Honour : Tim Uppal (MP Minister), Sohial Quadri (MLA), Naresh Bhardwaj (MLA), Raj Sherman (MLA), Peter Sandhu (MLA),Stephen Mandel (Mayor), Amarjit Sohi (Councillor)

Media Partners :- Watan TV, Desh Videsh Times, Ajit (Vatan Grewal), Desh Pardes Times, Radio South Asia, Radio Sur Sangam, Desh Punjab Radio, Lok Awaz, Navi Duniya

| | | | | | |
|---|---|---|---|---|---|
| A.G. Diesel Repair Ltd. | Road King Truck Wash | VLG Lawyers | Summerside Bottle Depot | Aero Homes Pvt. Ltd. | Sunshine Liquor |
| Century 21 Tony Thind | Whiterock Ventures Inc. | Kirpal Trucking Ltd. | Sandhu Brothers Trucking | West Edmonton Truck Wash | Lowrence Cote |
| Sidhu Trucking | Pal Sekhon Trucking | Manvir Trucking | Manvir Trucking | RajKamal Trucking | SST Trucking |
| Thind Sales Corp. | BNG Janitorial Service | Flourish Homes | Master Electrical | Bell Connection | Meridian Banquet |
| HSG Trucking Ltd. | Golden Stucco | Super Tech Homes | GS Granite Ltd. | Misssion Liquor | Malhotra Law Office |

# Free Food for 3 Days

Jaz Sandhu He's Jazzed About Edmonton Real Estate

## Organized By: Edmonton Youth Field Hockey Club

www.edmontonfieldhockey.com

Contacts : Sony 780.937.9067, Kam 780.237.6363, Sonu 780.660.2525, Deepa 780.970.7192, Jaz 780.970.0810, Pawan 780.399.1399

Best Western Cedar Park Inn | Sands Hotel | Travelers | Fancy doors & mouldings ltd. | Banners Canada | Kross Janitorial Services Call : 780.463.8756

DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.
Enough Parking Space

WILDROSE MASONARY & STONE WORKS

Commertial & Residential
Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ
Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4

STP ELECTRIC LTD.

stpelectric@hotmail.com
Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

HARRY`S EXCAVATING

PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

ਸਾਡੀ ਪੱਗ ਨਾਲ ਵੱਖਰੀ ਪਹਿਚਾਨ ਜੱਗ ਤੇ ਕੀਤਾ ਪੱਗ ਨੇ ਹੈ ਉਚਾ ਸਾਡਾ ਮਾਣ ਜੱਗ ਤੇ
ਜਾਣ ਸਰਦਾਰੀਆਂ ਨਾ ਰੁਲ ਉਏ ਪੰਜਾਬੀਓ ਪੱਗ ਬੰਨਣੀ ਨਾ ਜਾਇਓ ਭੁੱਲ ਉਏ ਪੰਜਾਬੀਓ

Awaz-E-Kaum
&
SPORTS & CULTURAL ASSOCIATION OF ALBERTA

ਦਸਤਾਰ

ਦਸਤਾਰ ਤੇ ਦੁਮਾਲੇ ਮੁਕਾਬਲੇ

25 ਅਗਸਤ, 2013 ਦਿਨ ਐਤਵਾਰ ਨੂੰ

ਆਵਾਜ਼-ਏ-ਕੌਮ ਅਤੇ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਰਿਕ ਸੈਂਟਰ ਦੀਆਂ ਗਰਾਊਂਡਾਂ ਵਿਚ ਸੱਭਿਆਚਾਰਕ ਮੇਲੇ 'ਤੇ ਸਵੇਰੇ 11.00 ਵਜੇ ਤੋਂ ਦੁਪਹਿਰ 1 ਵਜੇ ਤੱਕ ਦਸਤਾਰ ਮੁਕਾਬਲੇ ਕਰਵਾਏ ਜਾਣਗੇ। ਇਸ ਮੁਕਾਬਲੇ ਵਿਚ 1 ਸਾਲ ਤੋਂ 15 ਸਾਲ, 16 ਸਾਲ ਤੋਂ 21 ਸਾਲ, 21 ਸਾਲ ਤੋਂ ਉਪਰ ਕੋਈ ਵੀ ਵਿਆਕਤੀ ਭਾਗ ਲੈ ਸਕਦਾ ਹੈ। ਦਸਤਾਰ ਸਜਾਉਣ ਲਈ 15 ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਇਸ ਮੁਕਾਬਲੇ ਵਿਚ ਭਾਗ ਲੈਣ ਲਈ ਕੋਈ ਵੀ ਬੱਚਾ ਜਾਂ ਵਿਆਕਤੀ ਆਪਣਾ ਨਾਮ 24 ਅਗਸਤ ਦਿਨ ਸ਼ਨੀਵਾਰ ਤੱਕ ਲਿਖਵਾ ਸਕਦਾ ਹੈ।

ਵੱਖ-ਵੱਖ ਉਮਰ ਦੇ ਮੁਕਾਬਲਿਆਂ 'ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਸੋਨੇ ਦੀਆਂ ਚੈਨੀਆਂ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਚਾਂਦੀ ਦੀਆਂ ਚੈਨੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਸ: ਮਲਕੀਅਤ ਸਿੰਘ ਢੇਸੀ 780-236-5437
ਹਰਪ੍ਰੀਤ ਸਿੰਘ ਔਲਖ 780-263-6167
Rainbow copy & printing 780.461.6000

Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MULTIPLE LISTING SERVICE
REALTOR
50 SunnyVale Gate, Unit # 7,
Brampton, ON L6S OC4

ਮੁਲਾਕਾਤ
Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# Physical activity in children

**Harjot**

Sports are an indispensable part of education system all over the world at each level of studies. Whereas education kindles the light of knowledge in the mind, the sports help to maintain the physique. It is always true that a healthy mind can only be the best in education. At the same time, sports are also important means of entertainment after long hours of studies and a source of renewed energy. Not only outdoor games, indoor also games like chess, table - tennis and billiards also require player's full attention and concentration accompanied by specific skills and techniques. All this is helpful from the point of view of health of Kids.

Kids are always full of energy, all of which cannot be spent in studies only. It is sports only which are an outlet of surplus energy. Otherwise the extra energy can lead Kids to do wrong or unwanted activities which are harmful not only for the health but studies of Kids as well. The Kids enjoy their leisure time more while playing sports. They run and jump a lot which improve their digestive system. Their lungs breathe fresh air which makes the Kids more active and healthy. Sports loosen the limbs and relax the entire body system of Kids so that they are again well - prepared to study with more concentration and dedication. Sports provide food for mind in the same way as learning provides knowledge.

Sports are essential to develop a healthy and constructive attitude towards life. In fact, sports lend a rhythm to life of Kids and provide the best co - curricular activity for them. Though a well-balanced diet can provide all the nourishing constituents in right proportions to body of Kids, but sports are essential to develop a well-balanced personality. A combination of sports and studies for Kids will, therefore, result in their intellectual, moral and physical development.

Parents should encourage Kids to take keen interest in sports and should not insist on their being lost in their books, TVs, video games etc. And it is truly said "All work and no play makes Jack a dully boy". There is no dearth of talent in Kids. It is a matter to bring it out by providing the required incentives. The participation in sports will make our future citizens disciplined, obedient, co - operative and having high team - spirits in all spheres of life. A Kid learns that while playing, he has to play not for his own good but for the good and success of whole team. Sports make him lead a corporate life. Sports teach our Kids that tears and smiles, sobs and sniffles, joys and laughter all are the inevitable accomplishments of life and should be taken in the stride in right earnest. Sports teach them that it is courage and fortitude to face the trials, hardships and various rigours of daily life. The very breath of sportsmanship is fairplay. Kids learn to do no hanky panky, no underhand dealings and not shufflings. Sports are another name of honesty, integrity and loyalty for Kids. Thus only a good sportsman can be the ideal citizen of the country. Team sports teach kids more than fitness—they improve motor skills, increase self-esteem, and foster cooperation and teamwork. Even non-athletic children can meet physical activity recommendations with non-competitive activities such as biking, swimming and jogging and by dancing or playing games like tag.A recent study conducted by the American College of Sports Medicine (ACSM) investigated the link between physical activity in children and academic performance in school. Initially, researchers predicted that kids who took physical education (PE) during the school day would do better academically, since it helps reduce boredom and helps kids stay focused.If you see the study, reported in ACSM's official journal, Medicine & Science in Sports & Exercise, examined 214 children of middle school age. All students were randomly assigned to a PE class in either the first or second semester of the school year. Researchers collected information on each student's activity level in and outside of the PE class, and compared their level of activity to their grades in the subjects of math, science, world studies and English.

Surprisingly, researchers found that being enrolled in PE (moderate activity for 30 minutes, 5 days per week) did not influence the children's grades. The government's Healthy People 2010 guidelines recommend vigorous activity for 20 minutes, at least 3 days per week. This study showed that the more active children were, such as participating in a sport or other vigorous activity, the better they did in school. Most of the children who did exercise "vigorously" did so outside of school, by playing sports like soccer, basketball, football, baseball and softball.

# Brain Drain

**Jagbir Singh**

What is brain drain? More of the people are not familiar with this term. The migration of talented, skilled and experienced people from a country to other developed country in search of jobs, opportunities and other facilities. So what are the causes for this drain and how can we overcome this problem as this is a major cause of concern for any country especially the under developed ones.

The main cause for this drain is the lack of job opportunities and educational facilities. People migrate to countries like Canada, United States of America, England or Australia because these countries have a strong economic structure and world-class-education. Moreover, in the poor countries like Bhutan, Bangladesh and other, people there are talented but if they can't get an opportunity to proceed and show their talent, their talent is of no use but just wasted. These are just the two major causes for the people of any country for migrating to big countries.

Heading to the effect of this drain. Brain drain has a great effect on a country' economy. International students pay a huge amount of money in order to pay their fees to the renowned college and universities. They pay almost 3 times tuition fee as compared to the native students. The money that is supposed to be inside the country is flowing in the hands of developed countries like Canada and USA. One example, in fact a great issue of concern for the countries like India, is that the dollars and pounds are getting far stronger than the rupee as a result of this brain drain. There was a time when rupee was stronger than the dollar and now, we can even compare those two.

Taiwan also experienced brain drain. To reverse Taiwan's brain drain, the government of the Republic of China (ROC) has already applied a determined program to recruit Taiwan's highly trained talents from overseas. Taiwan's success could be matched by other developing countries by trying the same thing. Brain drain is a serious problem for undeveloped countries because those countries are losing their talented and experienced people to other developed countries.

# Improving Transportation

**Harpreet**

*20% of Winnipeg's population uses Winnipeg transit for their everyday lives. 20% may not sound like a big number, However every year 16 million liters of fuel is used for Winnipeg transit. Citizens depend on this transportation to get to work in cold winter days. To change the amount of impact we have on our environment we need to stop using fuel and switch to alternative energy like hybrid electric bus , If we switch to alternative energy we will reduce greenhouse emissions and gas consumption. Not only this would be cheaper for us but it will also will be easier to make the switch considering we don't have shortage of electricity due to using hydro electricity. We can also use solar energy for our buses because not only we have cold days , its get s really hot in summer days. To make this change we as citizens would need to come together to make the ministry realize how important this could be and how it can lessen the impact on our environment. Winnipeg transit did test a electric hybrid bus in 2007 and was supposed to place a order but it never happened. Not only can we improve Winnipeg transit but we could also do things like make more bike lanes to increase the population of commuters that use bikes to get to work , this would not only decrease pollution but also would be a great way to get fit unfortunately this can only be done in the summer due to extreme weather.*


JASON
MILLAR WARD 2
FOR CITY COUNCIL
Building our future together......



WWW.JASONMILLAR.NET
PHONE: 780-245-3687
EMAIL: JMILLAR2013@HOTMAIL.COM

# ਐਡਮਿੰਟਨ ਦੇ ਕਲਾਕਾਰਾਂ ਵਲੋਂ ਕਰਵਾਇਆ 'ਪੰਜਾਬੀ ਡੇਅ' ਸੱਭਿਆਚਾਰਕ ਮੇਲਾ ਯਾਦਗਾਰੀ ਹੋ ਨਿਬੜਿਆ

ਐਡਮਿੰਟਨ (ਨਦਬ) : ਮਹਾਰਾਜਾ ਬੈਕੁੰਟ ਹਾਲ ਵਿਚ ਪਹਿਲੀ ਵਾਰ 'ਪੰਜਾਬੀ ਡੇਅ' ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਠੀਕ 2 ਵਜੇ ਮਨਜੀਤ ਸਿੰਘ ਭੰਗੜਾ ਕੋਚ ਅਤੇ ਗੁਰਸੇਵਕ ਸਿੰਘ ਸਿੱਧੂ ਭੰਗੜਾ ਕੋਲ ਵਲੋਂ ਤਿਆਰ ਕੀਤੀਆਂ ਟੀਮਾਂ ਨੇ ਆਪਣੇ ਭੰਗੜੇ ਅਤੇ ਗਿੱਧੇ ਨਾਲ ਕੀਤੀ। ਫਿਰ ਐਡਮਿੰਟਨ ਦੇ ਕਲਾਕਾਰ ਉਪਿੰਦਰ ਮਠਾੜੂ ਜੋ ਸੰਸਥਾ ਦੇ ਚੇਅਰਮੈਨ ਵੀ ਹਨ, ਨੇ ਧਾਰਮਕ ਗੀਤ 'ਬਾਬਾ ਨਾਨਕ' ਨਾਲ ਗਾਇਕੀ ਦੀ ਸ਼ੁਰੂਆਤ ਕੀਤੀ। ਮਠਾੜੂ ਵਲੋਂ ਗਾਏ ਧਾਰਮਕ ਗੀਤ ਦੀ ਹਰ ਪਾਸੇ ਸ਼ਲਾਘਾ ਕੀਤੀ ਗਈ। ਉਨ੍ਹਾਂ ਤੋਂ ਇਲਾਵਾ ਫਿਰ ਗੁਰਦੀਪ ਸਿੰਘ ਜੌਹਲ ਜੋ ਸੰਸਥਾ ਦੇ ਵਾਈਸ ਪ੍ਰਧਾਨ ਹਨ, ਨੇ 'ਤੇਰਾ ਅੰਮ੍ਰਿਤ ਬਾਟੇ ਦਾ' ਗੀਤ ਗਾ ਕੇ ਸਰੋਤਿਆਂ ਕੋਲ ਆਪਣੀ ਹਾਜ਼ਰੀ ਲਵਾਈ। ਉਨ੍ਹਾਂ ਤੋਂ ਬਾਅਦ ਸੰਸਥਾ ਦੇ ਖ਼ਜ਼ਾਨਚੀ ਮਨਵਿੰਦਰ ਬਾਸੀ ਨੇ "ਊਧਮ ਸਿੰਘ ਨੇ ਬਦਲਾ ਲੈ ਲਿਆ" ਗੀਤ ਗਾ ਕੇ ਵਾਹ-ਵਾਹ ਖੱਟੀ, ਉਨ੍ਹਾਂ ਤੋਂ ਬਾਅਦ



ਦੇਵ ਮਾਨ ਨੇ "ਸੁਲਤਾਨ ਬਾਹੂ" ਗਾ ਕੇ ਬੱਲੇ ਬੱਲੇ ਕਰਵਾਈ। ਫਿਰ ਵਾਰੀ ਆਈ ਸੰਸਥਾ ਦੇ ਪ੍ਰਧਾਨ ਲਾਡੀ ਪੱਠਾ ਦੀ ਜਿਨ੍ਹਾਂ ਨੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਯਾਦ ਕਰਦੇ ਹੋਏ 'ਮਾਂ ਹੁੰਦੀ ਏ ਮਾਂ ਓਏ ਦੁਨੀਆ ਵਾਲਿਓ' ਗਾ ਕੇ ਮੇਲੇ ਦਾ ਰੁਖ ਬਦਲ ਦਿੱਤਾ। ਗੀਤਾਂ ਦੇ ਅਗਲੇ ਦੌਰ ਵਿਚ ਮਨਮਿੰਦਰ ਬਾਸੀ, ਉਪਿੰਦਰ ਮਠਾੜੂ, ਦੇਵ ਮਾਨ, ਗੁਰਦੀਪ ਜੌਹਲ, ਲਾਡੀ ਪੱਡਾ, ਮਨਜੀਤ ਸਿੰਘ, ਅੰਮ੍ਰਿਤ ਪਵਾਰ, ਪਵਨ ਪ੍ਰੀਤ, ਮਲਕ ਡੱਡਵਾਲ, ਜੋਬਨ ਢਿੱਲੋਂ, ਲਾਜਪਤ ਰਾਏ, ਜਸਵੀਰ ਖੰਗੂੜਾ, ਸਤਵੀਰ ਬਿਨਿੰਗ, ਸਭ ਨੇ ਆਪਣੇ ਆਪਣੇ ਗੀਤਾਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਇਸ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਐਮ.ਐਲ.ਏ. ਪੀਟਰ ਸੰਧੂ, ਨਰੇਸ਼ ਭਾਰਦਵਾਜ, ਸੁਹੇਲ ਕਾਦਰੀ ਅਤੇ ਕੌਂਸਲਰ, ਅਮਰਜੀਤ ਸਿੰਘ ਸੋਹੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੰਜਾਬ ਦੇ ਉਚੇਚੇ ਤੌਰ 'ਤੇ ਪਹੁੰਚੀ ਸਟੇਜ ਦੀ ਮਲਿਕਾ ਸਤਿੰਦਰ ਸੱਤੀ ਨੇ ਆਪਣੇ ਅੰਦਾਜ਼ ਨਾਲ ਮੇਲੇ ਵਿਚ ਬੱਲੇ ਬੱਲੇ ਕਰਵਾ ਦਿੱਤੀ। ਆਖਰ ਵਿਚ ਮੇਲੇ ਦੀ ਸਫ਼ਲਤਾ ਅਤੇ ਮੇਲੇ ਦੇ ਕੀਤੇ ਪ੍ਰਬੰਧਾਂ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ।

## ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ ਵਲੋਂ 22ਵਾਂ ਸਾਲਾਨਾ ਮੇਲਾ



ਐਡਮਿੰਟਨ (ਨਦਬ) : ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ ਵਲੋਂ 22ਵਾਂ ਸਾਲਾਨਾ ਸਿੱਖ ਹੈਰੀਟੇਜ ਮੇਲਾ ਤੇ ਸਪੋਰਟਸ ਟੂਰਨਾਮੈਂਟ ਮਿਲਵੁਡ ਰਿਕਰੇਸ਼ਨ ਸੈਂਟਰ ਦੇ ਮੈਦਾਨਾਂ ਵਿਚ 3 ਅਤੇ 4 ਅਗਸਤ ਨੂੰ ਮਨਾਇਆ ਗਿਆ। ਪਹਿਲੇ ਦਿਨ ਬਜ਼ੁਰਗਾਂ ਦੇ ਤੁਰਨ ਦੇ ਮੁਕਾਬਲੇ, ਨੌਜਵਾਨਾਂ ਵਲੋਂ 1500 ਦੀ ਦੌੜ, ਕਮਲ ਸੰਧੂ, ਨੀਤੂ ਛੋਕਰ ਤੇ ਗੁਰਿੰਦਰ ਧਾਲੀਵਾਲ ਵਲੋਂ ਪੰਜਾਬੀ ਸਭਿਆਚਾਰ ਦੀ ਤਸਵੀਰ ਗਿੱਧੇ ਤੇ ਬੋਲੀਆਂ ਰਾਹੀਂ ਪੇਸ਼ ਕੀਤੀ ਗਈ। ਫਿਰ ਸ਼ਹਿਰ ਦੇ ਲੋਕਲ ਕਲਾਕਾਰਾਂ ਨੇ ਸਟੇਜ 'ਤੇ ਰੰਗ ਬੰਨ੍ਹੇ। ਉਪਿੰਦਰ ਮਠਾਰੂ, ਮਲਿਕ ਢਢਵਾਲ, ਗੁਰਦੀਪ ਜੌਹਲ, ਲਾਡੀ ਸੂਸ, ਮਨਮਿੰਦਰ ਬਾਸੀ, ਤਾਇਆ ਬੰਤਾ, ਬੈਨੀ ਤੇ ਜੋਬਨ ਹਰਾਂ ਕਲਾਂ ਦੇ ਜੌਹਰ ਦਿਖਾਏ। ਬਲਜੀਤ ਕਲਸੀ ਹੋਰਾਂ ਨੇ ਕੀਬੋਰਡ 'ਤੇ ਆਪਣੀ ਮਾਸਟਰੀ ਦਿਖਾਈ। ਇਕ ਘਟਨਾ ਜੋ ਦੌੜਾਂ ਦੌਰਾਨ ਵਾਪਰੀ ਉਸ ਨੇ ਲੋਕਾਂ ਨੂੰ ਉਦਾਸ ਕੀਤਾ, ਉਹ ਇਹ ਕਿ ਪੰਜਾਬੀ ਭਾਈਚਾਰੇ 'ਚ ਜਾਣੀ ਪਛਾਣੀ ਸਖ਼ਸ਼ੀਅਤ ਸ. ਜਸਬੀਰ ਸਿੰਘ ਖੰਗੂੜਾ ਜੋ ਹਰ ਟੂਰਨਾਮੈਂਟ ਵਿਚ ਭਾਗ ਲਿਆ ਕਰਦੇ ਸਨ, ਉਹ ਦੌੜ ਪੂਰੀ ਕਰਨ ਤੋਂ ਬਾਅਦ ਕੋਈ 20 ਮਿੰਟਾਂ ਦੇ ਕਰੀਬ ਕੋਲੈਪਸ ਕਰ ਗਏ। ਕਰਮਜੀਤ ਸਿੰਘ ਗਰਚਾ ਨੇ ਉਨ੍ਹਾਂ ਨੂੰ ਸਾਹ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਜਸਬੀਰ ਸਿੰਘ ਖੰਗੂੜਾ ਇਕ ਬਹੁਤ ਵਧੀਆ ਇਨਸਾਨ ਸਨ, ਜੋ ਹਮੇਸ਼ਾ ਆਪਣੀਆਂ ਸੇਵਾਵਾਂ ਰਾਹੀਂ ਮਨੁੱਖਤਾ ਦੀ ਸੇਵਾ ਵਿਚ ਜੁਟੇ ਰਹੇ। ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ, ਖੰਗੂੜਾ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਅਰਦਾਸ ਕਰਦਾ ਹੈ ਕਿ ਪ੍ਰਮਾਤਮਾ ਜਸਬੀਰ ਸਿੰਘ ਖੰਗੂੜਾ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ ਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

1500 ਮੀਟਰ ਦੀ ਦੌੜ ਟੋਨੀ ਬਰਾੜ ਜੋ ਬਾਲ ਹਾਕੀ ਦਾ ਨੈਸ਼ਨਲ ਖਿਡਾਰੀ ਹੈ, ਵਲੋਂ ਜਿੱਤੀ ਗਈ ਤੇ ਰੋਬਿਨਪ੍ਰੀਤ ਦੂਜੇ ਨੰਬਰ 'ਤੇ ਰਿਹਾ। 4 ਅਗਸਤ ਨੂੰ ਬੱਚਿਆਂ ਦੀਆਂ ਦੌੜਾਂ ਤੇ ਮੁਕਾਬਲੇ ਹੋਏ ਜਿਨ੍ਹਾਂ ਵਿਚ 5 ਸਾਲ ਤੋਂ ਲੈ ਕੇ 20 ਸਾਲ ਤਕ ਦੇ ਗਰੁੱਪ ਦੌੜੇ। ਬੱਚਿਆਂ ਦੀ ਗਿਣਤੀ ਐਤਕੀਂ ਜ਼ਿਆਦਾ ਸੀ। ਸੰਗੀਤਕ ਕੁਰਸੀ ਦੌੜਾਂ ਵੀ ਹੋਈਆਂ ਜਿਨ੍ਹਾਂ ਵਿਚ ਬੀਬੀਆਂ ਨੇ ਵੱਧ ਚੜ੍ਹ ਕੇ ਸ਼ਿਰਕਤ ਕੀਤੀ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਗਰਮੀਆਂ 'ਚ ਲੱਗੇ ਕੈਂਪ ਵਿਚ ਬੱਚਿਆਂ ਨੇ ਪੰਜਾਬੀ ਕਵਿਤਾ, ਗੀਤ ਅਤੇ ਇਕ ਛੋਟੇ ਬੱਚੇ ਨੇ ਸ਼ਬਦ ਉਚਾਰਨ ਕੀਤਾ, ਦਰਸ਼ਕਾਂ ਨੇ ਬਹੁਤ ਸ਼ਲਾਘਾ ਕੀਤੀ। ਸ. ਸੰਧੂ ਤੇ ਬੀਬੀ ਖਹਿਰਾ ਨੇ ਬੜੀ ਮਿਹਨਤ ਨਾਲ ਬੱਚਿਆਂ ਨੂੰ ਪੰਜਾਬੀ ਦਾ ਸ਼ੁੱਧ ਉਚਾਰਨ ਸਿਖਾਇਆ। ਕਬੱਡੀ ਦੇ ਮੈਚ ਛੋਟੇ ਬੱਚਿਆਂ ਅਤੇ ਨੌਜਵਾਨਾਂ 'ਚ ਹੋਏ। ਲੋਕਲ ਖਿਡਾਰੀ ਹੋਣ ਕਰ ਕੇ ਲੋਕਾਂ ਨੇ ਦਿਲਚਸਪੀ ਦਿਖਾਈ। ਦਸਮੇਸ਼ ਕਬੱਡੀ ਕਲੱਬ ਤੇ ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਦਾ ਬਹੁਤ ਵਧੀਆ ਮੁਕਾਬਲਾ ਹੋਇਆ। ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਨੇ ਮੈਚ ਜਿੱਤਿਆ। ਪਹਿਲੇ ਦਿਨ ਮਨਿਸਟਰ ਆਫ਼ ਕਲਚਰ ਟਿਮ ਉਪਲ ਨੇ ਹਾਜ਼ਰੀ ਭਰੀ। ਵਿਧਾਇਕ ਪੀਟਰ ਸੰਧੂ, ਸੋਹੇਲ ਕਾਦਰੀ, ਡੇਵਿਡ ਈਗਨ ਹੋਰਾਂ ਨੇ ਭਾਈਚਾਰੇ ਨੂੰ ਆਪਣੀਆਂ ਸ਼ੁੱਭ ਇਛਾਵਾਂ ਦਿੱਤੀਆਂ। ਸਟੇਜ ਦੀ ਰੌਣਕ ਅਮਰਜੀਤ ਸਿੰਘ ਤੂਰ ਦੇਸ਼ ਪੰਜਾਬ ਰੇਡੀਓ ਦਾ ਹੋਸਟ ਬਣਿਆ। ਗਿੱਲ ਹਰਦੀਪ, ਨਿਸ਼ਾ ਬਰਾੜ ਅਤੇ ਰਣਜੋਧ ਹੇਅਰ ਨੇ ਚੰਗਾ ਅਖਾੜਾ ਬੰਨ੍ਹਿਆ। ਦਰਸ਼ਕਾਂ ਨੇ ਦਿਲ ਖੋਲ੍ਹ ਕੇ ਉਨ੍ਹਾਂ ਦੀ ਪ੍ਰਸ਼ੰਸ਼ਾ ਕੀਤੀ। ਦੋਵੇਂ ਦਿਨ ਚਾਹ ਪਾਰਟੀ ਤੇ ਪਕੌੜਿਆਂ ਦੀ ਸੇਵਾ ਨਿਊ ਏਸ਼ੀਅਨ ਸਪਾਈਸ ਮਾਰਕੀਟ ਦੇ ਮਾਲਕ ਮੱਖਣ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਗਈ ਤੇ ਲੰਗਰ ਦੀ ਸੇਵਾ ਆਲ ਇੰਡੀਆ ਸਵੀਟਸ ਰੈਸਟੋਰੈਂਟ ਦੇ ਮਾਲਕ ਇਬਾਲ ਸਿੰਘ ਧੰਜੂ ਹੋਰਾਂ ਵਲੋਂ ਕੀਤੀ ਗਈ। ਦੁੱਧ ਸੋਢੇ ਦੀ ਸੇਵਾ ਐਡਮਿੰਟਨ ਟੋਇਗ ਨੇ ਕੀਤੀ।






# ਆਜ਼ਾਦੀ ਦੀ ਜਵਾਲਾ ਪ੍ਰਚੰਡ ਕਰਨ ਵਾਲਾ ਬਾਬਾ ਜਵਾਲਾ ਸਿੰਘ




ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com


**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ਼ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

ਪਹਿਲੋਂ ਪਹਿਲ ਰੁਜ਼ਗਾਰ ਦੀ ਭਾਲ ਲਈ ਕਨੇਡਾ, ਅਮਰੀਕਾ ਜਾਣ ਵਾਲਿਆਂ ਵਿਚ ਠੱਠੀਆਂ ਪਿੰਡ ਦਾ ਮਧਰੇ ਕੱਦ, ਗੱਠਵੇਂ ਸਰੀਰ ਤੇ ਗੋਰੇ ਰੰਗ ਦਾ ਉਤਸ਼ਾਹੀ ਨੌਜਵਾਨ ਜਵਾਲਾ ਸਿੰਘ ਇਕ ਸੀ ਜਿਹੜਾ ਵੀਂਹਵੀ ਸਦੀ ਦੇ ਮੁੱਢਲੇ ਸਾਲਾਂ ਵਿਚ ਜ਼ਿੰਦਗੀ ਨੂੰ ਬੇਹਤਰ ਬਣਾਉਣ ਲਈ ਘਰੋਂ ਨਿਕਲ ਤੁਰਿਆ ਸੀ। ਜਦੋਂ ਸੱਤ ਸਮੁੰਦਰਾਂ ਤੋਂ ਪਾਰ ਨਾ ਕੋਈ ਉਸ ਨੂੰ ਜਾਣਦਾ ਸੀ ਨਾ ਉਹ ਹੀ ਕਿਸੇ ਨੂੰ ਪਹਿਚਾਣਦਾ ਸੀ। ਬਸ ਕੋਲ ਸੀ ਇਕ ਉਤਸ਼ਾਹ ਜਿਹੜਾ ਇਸ ਨੂੰ ਇਕ ਦੇਸ਼ ਤੋਂ ਦੂਜੇ ਵੱਲ ਲਈ ਗਿਆ। 1905 ਵਿਚ ਉਹ ਘਰੋਂ ਚੀਨ ਲਈ ਤੁਰਿਆ ਸੀ ਪਰ ਛੇਤੀ ਹੀ ਪਨਾਮਾ ਤੇ ਮੈਕਸੀਕੋ ਆਦਿ ਦੇਸ਼ਾਂ ਤੋਂ ਹੁੰਦਾ ਹੋਇਆ ਸੰਨ 1908 ਵਿਚ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆਂ ਪੁੱਜ ਗਿਆ। ਇਹ ਸਾਰੇ ਆਜ਼ਾਦ ਦੇਸ਼ ਗੁਲਾਮ ਦੇਸ਼ਾਂ ਦੇ ਮਜ਼ਦੂਰਾਂ ਵਾਸਤੇ ਸਵਰਗ ਦਾ ਨਮੂਨਾ ਸਨ। ਬੇਜ਼ਮੀਨੇ ਬਾਪ ਸਰਦਾਰ ਘਣਈਆ ਸਿੰਘ ਦੇ ਘਰ ਪੈਦਾ ਹੋਏ ਇਸ ਨੌਜਵਾਨ ਲਈ ਸਰੀਰਕ ਮਜ਼ਦੂਰੀ ਹੀ ਸਭ ਕੁਝ ਸੀ। ਜਿਸ ਮਜ਼ਦੂਰੀ ਦੀ ਅਮਰੀਕਾ ਵਿਚ ਕਦਰ ਸੀ। ਅਮਰੀਕਾ ਜਾਂਦਿਆਂ ਹੀ ਜਵਾਲਾ ਸਿੰਘ ਦਾ ਮੇਲ ਵਿਸਾਖਾ ਸਿੰਘ ਦਦੇਹਰ ਨਾਲ ਹੋਇਆ। ਦੋਹਾਂ ਨੇ ਮਿਲ ਕੇ ਖੇਤੀ ਦਾ ਕਾਰੋਬਾਰ ਆਰੰਭ ਕੀਤਾ। ਦੋਹਾਂ ਵਿਚ ਅਜਿਹਾ ਸਨੇਹ ਪਿਆਰ ਪੈਦਾ ਹੋਇਆ ਜੋ ਆਖਰੀ ਸਾਹਾਂ ਤਕ ਨਿਭਿਆ। ਪੇਂਡੂ ਪਿਛੋਕੜ ਵਾਲੇ ਦੋਹਾਂ ਉਦਮੀਆਂ ਨੇ ਕਸਬਾ ਹੋਲਟ ਦੇ ਕਰੀਬ ਪੰਜ ਸੌ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਦਾ ਕੰਮ ਸ਼ੁਰੂ ਕੀਤਾ। ਮਿਹਨਤ ਤੇ ਲਗਨ ਨਾਲ ਕੰਮ ਕਰਨ ਦੀ ਬਦੌਲਤ ਕੁਝ ਕੁ ਸਾਲਾਂ ਵਿਚ ਹੀ ਜਵਾਲਾ ਸਿੰਘ ਇਲਾਕੇ ਵਿਚ ਆਲੂਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਹੋ ਗਏ। ਆਲੂਆਂ ਦੇ ਖੇਤਾਂ ਵਿਚ ਹੀ ਕਿਤੇ ਆਜ਼ਾਦੀ ਦੇ ਬੀਜ ਵੀ ਪੁੰਗਰ ਆਏ ਸਨ। ਜਿਨ੍ਹਾਂ ਨੂੰ ਸਾਂਭਣ ਦਾ ਕਾਰਜ ਸਭ ਤੋਂ ਪਹਿਲਾਂ ਜਵਾਲਾ ਸਿੰਘ ਨੇ ਹੀ ਆਰੰਭ ਕੀਤਾ ਸੀ। ਇਸ ਕਾਰਜ ਲਈ ਜਵਾਲਾ ਸਿੰਘ ਨੇ ਅਮਰੀਕਾ ਵਿਚ ਲਾਇਕ ਤੇ ਲੋੜਵੰਦ ਵਿਦਿਆਰਥੀਆਂ ਨੂੰ 'ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ' ਦੇਣਾ ਸ਼ੁਰੂ ਕੀਤਾ। ਵਿਦਿਆਰਥੀਆਂ ਦੀ ਚੋਣ ਲਾਲਾ ਹਰਦਿਆਲ ਕਰਦੇ ਸਨ ਕਿ ਕਿਸ ਕਿਸ ਵਿਦਿਆਰਥੀ ਨੂੰ ਇਸ ਦਾ ਲਾਭ ਮਿਲਣਾ ਚਾਹੀਦਾ ਹੈ? ਇਹ ਉਸ ਸਮੇਂ ਦੀ ਗੱਲ ਹੈ ਜਦੋਂ ਅਮਰੀਕਾ ਵਿਚ ਭਾਰਤੀਆਂ ਦੀ ਕਿਸੇ ਕਿਸਮ ਦੀ ਵੀ ਕੋਈ ਰਾਜਸੀ ਜਾਂ ਧਾਰਮਕ ਜਥੇਬੰਦੀ ਹੋਂਦ ਵਿਚ ਨਹੀਂ ਸੀ ਆਈ। ਜਿਸ ਸਾਲ ਚਾਰ ਵੱਖ ਵੱਖ ਸੂਬਿਆਂ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਜਵਾਲਾ ਸਿੰਘ ਨੇ ਖਰਚਾ ਦਿੱਤਾ ਤਾਂ ਕਿਸੇ ਪੰਜਾਬੀ ਨੇ ਕਿਹਾ ਕਿ ਸਾਨੂੰ ਪੰਜਾਬ ਤੋਂ ਆਏ ਸਿੱਖ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਹੀ ਖਰਚਾ ਦੇਣਾ ਚਾਹੀਦਾ ਹੈ ਨਾ ਕੇ ਹੋਰ ਧਰਮਾਂ ਤੇ ਜਾਤਾ ਦੇ ਵਿਦਿਆਰਥੀਆਂ ਨੂੰ, ਤਾਂ ਜਵਾਲਾ ਸਿੰਘ ਨੇ ਜਵਾਬ ਦਿੱਤਾ ਸੀ, "ਸਭ ਹਿੰਦੂਸਤਾਨੀ ਇਨਸਾਨ ਹਨ ਤੇ ਸਾਰਿਆਂ ਨੂੰ ਮਿਲਕੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ।" ਇਹ ਸੁਭਾਵਕ ਕਹੇ ਗਏ ਉਹ ਕਥਨ ਹਨ ਜਿਹੜੇ ਬਾਅਦ ਵਿਚ ਗ਼ਦਰ ਸਿਧਾਂਤ ਦੀ ਬੁਨਿਆਦ ਬਣੇ। ਜਵਾਲਾ ਸਿੰਘ ਦਾ ਇਹ ਪਿਆਰ ਹੀ ਸੀ ਕਿ ਛੁੱਟੀਆਂ ਦੇ ਦਿਨਾਂ ਵਿਚ ਕੈਲੇਫੋਰਨੀਆਂ ਵਿਚ ਪੜ੍ਹਦੇ ਹਿੰਦੁਸਤਾਨੀ ਵਿਦਿਆਰਥੀ ਉਨ੍ਹਾਂ ਦੇ ਫਾਰਮ 'ਤੇ ਕੰਮ ਕਰਨ ਲਈ ਆਉਂਦੇ। ਉਹ ਸਾਰੇ ਹਿੰਦੁਸਤਾਨੀਆਂ ਨੂੰ ਇਕੋ ਜਿਹੇ ਸਨੇਹ ਦੇ ਨਾਲ ਮਿਲਦੇ। ਉਨ੍ਹਾਂ ਦੇ ਫਾਰਮ ਉੱਤੇ ਕੰਮ ਕਰਨ ਵਾਲੇ ਵਿਦਿਆਰਥੀਆਂ ਨੂੰ ਸਰੀਰਕ ਤੌਰ 'ਤੇ ਘੱਟ ਕੰਮ ਕਰਨ 'ਤੇ ਵੀ ਪੂਰਾ ਮਿਹਨਤਾਨਾ ਦੇਣਾ ਜਵਾਲਾ ਸਿੰਘ ਦਾ ਹੀ ਕਮਾਲ ਸੀ। ਜਵਾਲਾ ਸਿੰਘ ਜਦੋਂ ਆਜ਼ਾਦੀ ਦੀਆਂ ਗੱਲਾਂ ਸੁਣਦੇ ਜਾਂ ਕਰਦੇ ਸਨ ਉਨ੍ਹਾਂ ਦੀਆਂ ਅੱਖਾਂ ਚਮਕ ਉੱਠਦੀਆਂ ਸਨ ਤੇ ਫਿਰ ਦੇਖਦਿਆਂ ਹੀ ਦੇਖਦਿਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰਦੇ ਸਨ। ਦਿਲ ਦਾ ਦਰਦ ਅੱਖਾਂ ਰਾਹੀਂ ਬਾਹਰ ਆਉਣ ਲੱਗਦਾ। ਉਹ ਦਿਨ ਰਾਤ ਦੇਸ਼ ਦੀ ਆਜ਼ਾਦੀ ਦੀਆਂ ਗੱਲਾਂ ਕਰਦੇ ਰਹਿੰਦੇ। ਇੱਥੋਂ ਹੀ ਸ਼ੁਰੂ ਹੋਇਆ ਜਵਾਲਾ ਸਿੰਘ ਦਾ ਅਮੁਕ ਸਫ਼ਰ ਜੋ ਅੱਜ ਇਕ ਸ਼ਤਾਬਦੀ ਬਾਅਦ ਵੀ ਜਾਰੀ ਹੈ।

ਦੋਹਾਂ ਦੇਸ਼ਾਂ ਦੀਆਂ ਸਥਿਤੀਆਂ ਦਾ ਜ਼ਮੀਨ ਅਸਮਾਨ ਦਾ ਫ਼ਰਕ ਸੀ। ਅਮਰੀਕਾ ਵਰਗੇ ਆਜ਼ਾਦ ਦੇਸ਼ ਨੂੰ ਦੇਖ ਕੇ ਆਪਣੇ ਦੇਸ਼ ਦੀ ਗੁਲਾਮੀ ਦਾ ਅਹਿਸਾਸ ਹੋਰਾਂ ਵਾਂਗ ਜਵਾਲਾ ਸਿੰਘ ਨੂੰ ਵੀ ਹੋਇਆ। ਆਪਣੀ ਗੁਲਾਮੀ ਨੂੰ ਯਾਦ ਕਰਕੇ ਮਨ ਵਿਚ ਕਈ ਤਰ੍ਹਾਂ ਦੇ ਖਿਆਲ ਆਉਂਦੇ, ਦਿਨ ਰਾਤ ਦੀ ਬੇਚੈਨੀ ਤੰਗ ਕਰਨ ਲੱਗੀ। ਕਿ ਸਾਡਾ ਦੇਸ਼ ਆਜ਼ਾਦ ਕਿਉਂ ਨਹੀ ਹੈ? ਆਜ਼ਾਦੀ ਵਿਚ ਕਿੰਨਾਂ ਆਨੰਦ ਸੀ। ਕਿੰਨਾਂ ਮਾਣ ਸਨਮਾਨ ਸੀ। ਗੁਲਾਮੀ ਦਾ ਖਿਆਲ ਆਉਂਦਿਆਂ ਹੀ ਸਿਰ ਸ਼ਰਮ ਨਾਲ ਝੁਕ ਜਾਂਦਾ। ਅਣਖੀਲੇ ਜਵਾਲਾ ਸਿੰਘ ਲਈ ਮਿਹਨਤ ਨਾਲ ਕਮਾਇਆ ਪੈਸਾ ਵੀ ਉਹ ਸਕੂਨ ਨਾ ਦਿੰਦਾ, ਜਿਨ੍ਹਾਂ ਗੁਲਾਮੀ ਦਾ ਅਹਿਸਾਸ ਉਨ੍ਹਾਂ ਨੂੰ ਬੇਚੈਨ ਕਰਦਾ ਸੀ। ਅਜਿਹੀ ਸਥਿਤੀ ਅਮਰੀਕਾ ਵਿਚ ਰਹਿ ਰਹੇ ਹੋਰਾਂ ਭਾਰਤੀਆਂ ਦੀ ਵੀ ਸੀ। ਜਿਨ੍ਹਾਂ ਵਿਚੋ ਕੁਝ ਤਾਂ ਆਪਣਾ ਦੇਸ਼ ਹੀ ਭਾਰਤ ਨਹੀਂ ਸਨ ਦੱਸਦੇ। ਕਿਸੇ ਦੇ ਪੁੱਛਣ 'ਤੇ ਸ਼ਰਮ ਦੇ ਮਾਰੇ ਉਹ ਇਰਾਨ, ਇਰਾਕ ਆਦਿ ਦੇਸ਼ਾਂ ਦਾ ਨਾਮ ਲੈ ਦਿੰਦੇ ਸਨ।



ਸਭ ਤੋਂ ਪਹਿਲਾ ਕੰਮ ਜਵਾਲਾ ਸਿੰਘ ਨੇ ਕੀਤਾ ਉਹ ਸੀ ਲਾਇਕ ਤੇ ਲੋੜਵੰਦ ਵਿਦਿਆਰਥੀਆਂ ਨੂੰ ਭਾਰਤ ਤੋਂ ਅਮਰੀਕਾ ਪੜ੍ਹਨ ਵਾਸਤੇ ਬੁਲਾਉਣਾ ਤਾਂ ਕੇ ਉੱਚ ਸਿੱਖਿਆ ਪ੍ਰਾਪਤ ਕਰ ਕੇ ਉਹ ਦੇਸ਼ ਦੇ ਮਸਲਿਆਂ ਨੂੰ ਸਮਝ ਸਕਣ ਤੇ ਦੇਸ਼ ਦੀ ਸੇਵਾ ਕਰ ਸਕਣ। ਸ਼ਹੀਦ ਕਰਤਾਰ ਸਰਾਭਾ ਵੀ ਉਨ੍ਹਾਂ ਵਿੱਚੋਂ ਇਕ ਵਿਦਿਆਰਥੀ ਸੀ ਜਿਨ੍ਹਾਂ ਦਾ ਖਰਚਾ ਜਵਾਲਾ ਸਿੰਘ ਜੀ ਨੇ ਕੀਤਾ ਸੀ। ਉਸ ਸਮੇਂ ਦੇਸ਼ ਦੀ ਸੇਵਾ ਦਾ ਮਤਲਬ ਸੀ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨਾ। ਇਸੇ ਸੰਘਰਸ਼ ਨੇ ਉਨ੍ਹਾਂ ਨੂੰ ਚੜ੍ਹਦੀ ਜਵਾਨੀ ਤੋਂ ਬੁੱਢੇਪੇ ਤੱਕ ਇਕ ਪਲ ਵੀ ਚੈਨ ਨਾਲ ਨਾ ਬਹਿਣ ਦਿੱਤਾ ਤੇ ਉਹ ਨੌਜਵਾਨ ਜਵਾਲਾ ਸਿੰਘ ਅੱਜ ਸਭ ਲਈ ਬਾਬਾ ਜਵਾਲਾ ਸਿੰਘ ਜੀ ਬਣ ਚੁੱਕੇ ਹਨ। ਇਹ ਸਫਰ ਇਕ ਦਿਨ ਜਾ ਇਕ ਸਾਲ ਦਾ ਨਹੀਂ ਇਹ ਸਫਰ ਸੱਤ ਦਹਾਕਿਆਂ ਦਾ ਸੀ। ਚੜ੍ਹਦੀ ਉਮਰੇ ਬਣੇ ਆਲੂਆਂ ਦੇ ਬਾਦਸ਼ਾਹ ਦਾ ਹੁਣ ਇਕੋ ਇਕ ਮਨੋਰਥ ਬਣ ਚੁੱਕਾ ਸੀ ਆਜ਼ਾਦੀ। ਉਨ੍ਹਾਂ ਦੀ ਹਰ ਗੱਲ ਦੇਸ਼ ਦੀ ਆਜ਼ਾਦੀ ਦੇ ਮਜਮੂਨ ਨਾਲ ਸ਼ੁਰੂ ਹੁੰਦੀ ਤੇ ਇਸੇ ਨਾਲ ਹੀ ਖਤਮ ਹੁੰਦੀ। ਬਾਬਾ ਜਵਾਲਾ ਸਿੰਘ ਦੀ ਇਸ ਦੇਸ਼ ਭਗਤੀ ਦੀ ਲਗਨ ਨੇ ਛੇਤੀ ਹੀ ਵਿਸਾਖਾ ਸਿੰਘ ਦਦੇਹਰ ਨੂੰ ਵੀ ਆਪਣੇ ਵਰਗਾ ਦੇਸ਼ ਭਗਤ ਬਣਾ ਲਿਆ ਸੀ। ਇਨ੍ਹਾਂ ਹੀ ਦਿਨਾਂ ਵਿਚ ਬਾਬਾ ਜਵਾਲਾ ਸਿੰਘ ਦਾ ਸੰਪਰਕ ਸੰਤੋਖ ਸਿੰਘ ਧਰਦਿਓ ਨਾਲ ਹੋਇਆ, ਜਿਹੜਾ ਇਕ ਪੜ੍ਹਿਆ ਲਿਖਿਆ ਨੌਜਵਾਨ ਸੀ। ਜਿਸ ਦੀ ਅੰਗਰੇਜ਼ੀ ਉਪਰ ਕਮਾਲ ਦੀ ਪਕੜ ਸੀ। ਜਿਹੜਾ ਛੋਟੀ ਉਮਰ ਵਿਚ ਹੀ ਆਜ਼ਾਦੀ ਵਰਗੇ ਵੱਡੇ ਸੁਪਨੇ ਦੇਖਣ ਲੱਗ ਪਿਆ ਸੀ। ਜਵਾਲਾ ਸਿੰਘ ਨੇ ਖਤ ਲਿਖ ਕੇ ਨੌਜਵਾਨ ਸੰਤੋਖ ਨੂੰ ਕਨੇਡਾ ਤੋਂ ਆਪਣੇ ਕੋਲ ਅਮਰੀਕਾ ਬੁਲਾ ਲਿਆ ਸੀ। ਇਤਿਹਾਸ ਵਿਚ ਇਨ੍ਹਾਂ ਤਿੰਨਾਂ ਸਖਸ਼ੀਅਤਾਂ ਦੇ ਮੇਲ ਨੂੰ ਤਿੰਨ ਦਰਵੇਸ਼ਾਂ ਦੇ ਮੇਲ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਜਨਮ ਦਿਹਾੜੇ 'ਤੇ ਇਨ੍ਹਾਂ ਤਿੰਨਾਂ ਯੋਧਿਆਂ ਨੇ ਦੇਸ਼ ਦੀ ਖਾਤਰ ਲੜਨ ਮਰਨ ਦੀਆਂ ਕਸਮਾਂ ਖਾਧੀਆਂ।" ਅਰਦਾਸਾ ਸੋਧਿਆ ਕਿ ਬਸ ਅੱਜ ਤੋਂ ਸਾਡਾ ਤਨ, ਮਨ ਤੇ ਧਨ ਮੁਲਕ ਦਾ ਹੋ ਚੁੱਕਾ, ਅਸੀਂ ਜਿਨ੍ਹਾਂ ਚਿਰ ਜੀਵਾਂਗੇ ਦੇਸ਼ ਦੀ ਸੇਵਾ ਤੋਂ ਕਦੇ ਮੂੰਹ ਨਾ ਮੋੜਣਗੇ"।ਅਮਰੀਕਾ ਵਿਚ ਜਿਹੜਾ ਆਜ਼ਾਦੀ ਦਾ ਅੰਦੋਲਨ ਸਭ ਤੋਂ ਪਹਿਲਾਂ ਸ਼ੁਰੂ ਹੋਇਆ ਸੀ ਉਸ ਵਿਚ ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਹੀ ਸੀ। ਇਹ ਤਿੰਨੇ ਸੂਰਮੇਂ ਪੰਜਾਬ ਦੀ ਧਰਤੀ ਦੇ ਜਾਏ ਮਾਝੇ ਦੇ ਵਸਨੀਕ ਸਨ। ਇਨ੍ਹਾਂ ਦੇ ਪਿੰਡ ਵੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਸਨ। ਇਨ੍ਹਾਂ ਲਈ ਪ੍ਰੇਰਨਾ ਦਾ ਸਰੋਤ ਸਨ ਗੁਰੂ ਗੋਬਿੰਦ ਸਿੰਘ ਜੀ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ ਦੂਰੋਂ ਨੇੜਿਉਂ ਕਈ ਹਿੰਦੁਸਤਾਨੀ ਬਾਬਾ ਜਵਾਲਾ ਸਿੰਘ ਜੀ ਪਾਸ ਇਕੱਠੇ ਹੋਏ। ਇਸ ਇਕੱਠ ਵਿਚ ਸਭ ਧਰਮਾਂ ਦੇ ਲੋਕ ਸ਼ਾਮਲ ਹੋਏ। ਵਿਦੇਸ਼ਾਂ ਵਿਚ ਭਾਰਤੀਆਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਹ ਇਕ ਤਰ੍ਹਾਂ ਨਾਲ ਭਾਰਤੀਆਂ ਦੇ ਸਾਂਝੇ ਮਸਲਿਆਂ ਦੀ ਪਹਿਲੀ ਪ੍ਰਤੀਨਿਧ ਮੀਟਿੰਗ ਸੀ। ਇਸੇ ਮੀਟਿੰਗ ਨੇ ਹੀ ਇਹ ਤਹਿ ਕੀਤਾ ਕਿ ਭਾਰਤੀ ਕੇਵਲ ਆਪਣੀ ਰੋਟੀ ਰੋਜ਼ੀ ਲਈ ਹੀ ਨਹੀਂ ਲੜ੍ਹ ਰਹੇ ਸਗੋਂ ਆਪਣੀ ਆਨ—ਸ਼ਾਨ ਤੇ ਇੱਜ਼ਤ ਲਈ ਵੀ ਲੜ੍ਹ ਰਹੇ ਹਨ। ਇਸ ਮੀਟਿੰਗ ਨੇ ਇਹ ਵੀ ਤਹਿ ਕਰ ਲਿਆ ਸੀ ਕਿ ਭਾਰਤੀਆਂ ਦੀ ਇਸ ਦੁਰਦਸ਼ਾ ਦਾ ਇਕ ਕਾਰਨ ਇਨ੍ਹਾਂ ਦੀ ਗੁਲਾਮੀ ਹੈ ਤੇ ਗੁਲਾਮ ਕੌਮਾਂ ਨਾਲ ਹਰ ਥਾਂ 'ਤੇ ਇਸ ਤਰ੍ਹਾਂ ਦਾ ਦੁਰ ਵਿਹਾਰ ਹੁੰਦਾ ਹੀ ਹੈ।

ਕਿਰਤੀ ਅਖ਼ਬਾਰ ਦੇ ਮੁਤਾਬਕ 1911 ਦੇ ਗੁਰ ਪੁਰਬ ਵਿਚ ਵੱਡੀ ਗਿਣਤੀ ਵਿਚ ਹਿੰਦੂ ਤੇ ਮੁਸਲਮਾਨ ਸ਼ਾਮਲ ਸਨ। ਇਨ੍ਹਾਂ ਵਿਚ ਪ੍ਰਮੁੱਖ ਸਨ ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਮਾ. ਉਧਮ ਸਿੰਘ ਕਸੇਲ, ਸ਼ਹੀਦ ਭਗਤ ਸਿੰਘ ਉਰਫ ਗਾਂਧਾ ਸਿੰਘ, ਸ਼ਹੀਦ ਕਾਂਸੀ ਰਾਮ, ਸ਼ਹੀਦ ਬਾਬੂ ਹਰਨਾਮ ਸਿੰਘ, ਕਰਤਾਰ ਸਿੰਘ ਲਤਾਲਾ ਤੇ ਪੰਡਿਤ ਸੋਹਣ ਲਾਲ ਪੱਟੀ ਆਦਿ ਸਨ। ਅਮਰੀਕਾ ਵਿਚ ਭਾਰਤੀਆਂ ਦਾ ਇਹ ਪਹਿਲਾ ਜਲਸਾ ਸੀ। ਕੈਲੇਫੋਰਨੀਆਂ ਵਿਚ ਹਿੰਦੁਸਤਾਨੀਆਂ ਦੇ ਇਸ ਰਾਜਸੀ ਤੇ ਧਾਰਮਕ ਇਕੱਠ ਦੀ ਭਿਣਕ ਭਾਰਤ ਦੇ ਹਾਕਮ ਬਣ ਬੈਠੇ ਅੰਗਰੇਜ਼ਾਂ ਨੂੰ ਵੀ ਪੈ ਗਈ ਸੀ। ਕਿਉਂਕਿ ਇਸ ਇਕੱਠ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋ ਗਈਆਂ ਸਨ। ਬਾਬਾ ਜਵਾਲਾ ਸਿੰਘ, ਬਾਬਾ ਵਿਸ਼ਾਖਾ ਸਿੰਘ ਤੇ ਸੰਤੋਖ ਸਿੰਘ ਦੀ ਤਲਾਸ਼ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਹੋਣ ਲੱਗ ਪਈ ਸੀ। ਗ਼ਦਰ ਪਾਰਟੀ ਭਾਵੇਂ ਅਜੇ ਹੋਂਦ ਵਿਚ ਨਹੀਂ ਸੀ ਆਈ, ਪਰ ਇਸ ਦਾ ਆਰੰਭ ਇਸੇ ਇਕੱਠ ਤੋਂ ਹੀ ਹੋ ਗਿਆ ਸੀ। ਇਥੇ ਹੀ ਸਟਾਕਟਨ ਵਿਚ ਜਗ੍ਹਾ ਖਰੀਦ ਕੇ ਸ਼ਾਨਦਾਰ ਗੁਰਦਵਾਰਾ ਬਣਾਇਆ ਗਿਆ, ਜਿਸ ਨੂੰ ਅੱਜ ਵੀ ਗ਼ਦਰੀਆਂ ਦਾ ਗੁਰਦਵਾਰਾ ਕਿਹਾ ਜਾਂਦਾ ਹੈ ਜਿਸ ਉਪਰ ਅੱਜ ਕਬਜ਼ਾ ਭਾਵੇਂ ਗ਼ਦਰੀਆਂ ਦੇ ਵਾਰਸਾਂ ਦਾ ਨਹੀਂ ਹੈ। ਇਸ ਕਮੇਟੀ ਦੇ ਪਹਿਲੇ ਪ੍ਰਧਾਨ ਬਾਬਾ ਜਵਾਲਾ ਸਿੰਘ ਸਨ ਤੇ ਸਕੱਤਰ ਸੰਤੋਖ ਸਿੰਘ। ਇਸ ਤੋਂ ਪਹਿਲਾਂ ਹਿੰਦੁਸਤਾਨੀਆਂ ਕੋਲ ਕੋਈ ਐਸੀ ਜਗ੍ਹਾ ਨਹੀਂ ਸੀ ਜਿਥੇ ਚਾਰ ਪੰਜਾਬੀ ਘਰ ਵਾਂਗ ਬੈਠ ਸਕਣ।ਸਟਾਕਟਨ ਦਾ ਇਹ ਗੁਰਦਵਾਰਾ ਬਦੇਸ਼ਾਂ ਵਿਚ ਭਟਕਦੇ ਭਾਰਤੀਆਂ ਦੀ ਪਹਿਲੀ ਠਾਹਰ ਬਣਿਆਂ ਤੇ ਛੇਤੀ ਹੀ ਇਹ ਗੁਰਦਵਾਰਾ ਦੇਸ਼ ਦੀ ਆਜ਼ਾਦੀ ਲਈ ਰਾਜਸੀ ਸਰਗਮੀਆਂ ਦਾ ਕੇਂਦਰ ਬਣ ਗਿਆ। ਇਥੇ ਦੇਸ਼ ਦੇ ਰਾਜਸੀ ਮਸਲਿਆਂ ਬਾਰੇ ਵੀ ਇਕ ਕਮੇਟੀ ਬਣਾਈ ਗਈ ਜਿਸ ਦੇ ਪ੍ਰਧਾਨ ਵੀ ਬਾਬਾ ਜਵਾਲਾ ਸਿੰਘ, ਸਕੱਤਰ ਭਾਈ ਸੰਤੋਖ ਸਿੰਘ ਬਣਾਏ ਗਏ।

ਅਮਰੀਕਾ ਵਿਚ ਭਾਰਤੀਆਂ ਦਾ ਹਰ ਥਾਂ ਅਪਮਾਨ ਹੁੰਦਾ ਸੀ। ਹੋਟਲਾਂ ਦੇ ਬਾਹਰ ਲਿਖਿਆ ਹੁੰਦਾ ਸੀ ਕਿ "ਕੁੱਤੇ ਤੇ ਭਾਰਤੀ ਅੰਦਰ ਨਹੀਂ ਜਾ ਸਕਦੇ।" ਕੁਝ ਸਿਆਣੇ ਅਮਰੀਕਨ ਇਹ ਵੀ ਆਖਦੇ ਸਨ ਕਿ ਜੇ ਹਿੰਦੁਸਤਾਨੀ ਫੈਸਲਾ ਕਰ ਲੈਣ ਕਿ ਉਨ੍ਹਾਂ ਨੇ ਆਜ਼ਾਦੀ ਲੈਣੀ ਹੈ ਤਾਂ ਮੁੱਠੀ ਭਰ ਅੰਗਰੇਜ਼ ਉਨ੍ਹਾਂ ਨੂੰ ਗੁਲਾਮ ਨਹੀਂ ਰੱਖ ਸਕਦੇ। "ਆਜ਼ਾਦੀ ਦੀਆਂ ਚਾਹਵਾਨ ਕੌਮਾਂ ਕਦੇ ਵੀ ਗੁਲਾਮ ਨਹੀਂ ਰਹਿੰਦੀਆਂ।" ਅੰਗਰੇਜ਼ਾਂ ਦੁਆਰਾ ਬੋਲੇ ਅਜਿਹੇ ਫਿਕਰੇ ਭਾਰਤੀਆਂ ਲਈ ਪ੍ਰੇਰਨਾ ਦਾ ਸਰੋਤ ਵੀ ਬਣਦੇ ਸਨ। ਕਈ ਵਾਰ ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਯੂਨੀਅਨ ਜੈਕ ਨੂੰ ਆਪਣਾ ਝੰਡਾ ਆਖਣ ਤੇ ਸ਼ਰਮਸਾਰ ਹੋਣਾ ਪੈਂਦਾ ਸੀ। ਅਜਿਹੀਆਂ ਹਜ਼ਾਰਾਂ ਹੀ ਉਦਾਹਰਣਾ ਹਨ ਜਦੋਂ ਹਿਸਤਾਨੀਆਂ ਨੂੰ ਆਜ਼ਾਦੀ ਲਈ ਮਰ ਮਿਟਣ ਦਾ ਅਹਿਦ ਆਪਣੇ ਆਪ ਨਾਲ ਕਰਨਾ ਪੈਂਦਾ ਸੀ। ਇਹ ਸਾਰਾ ਕੁਝ ਕਿਸੇ ਅਮਰੀਕਾ ਵਰਗੇ ਆਜ਼ਾਦ ਮੁਲਕ ਵਿਚ ਹੀ ਸੰਭਵ ਹੋ ਸਕਦਾ ਸੀ। ਬਾਬਾ ਜਵਾਲਾ ਸਿੰਘ ਜੀ ਦਸਦੇ ਸਨ ਕਿ ਲੱਗ ਭਗ ਹਰ ਭਾਰਤੀ ਦੇ ਨਾਲ ਅਜਿਹਾ ਕਦੀ ਨਾ ਕਦੀ ਕੁਝ ਨਾ ਕੁਝ ਜ਼ਰੂਰ ਵਾਪਰਿਆ ਸੀ ਕਿ ਉਨ੍ਹਾਂ ਦੀ ਆਤਮਾ ਆਜ਼ਾਦੀ ਲਈ ਤਾਂਘ ਰਹੀ ਸੀ।

**ਬਾਕੀ ਅਗਲੇ ਅੰਕ 'ਚ**




ਸਫ਼ਾ ਇਕ ਦੀ ਬਾਕੀ

## ਕਰਜ਼ੇ ਨੂੰ ਲੈ ਕੇ....

ਜਿਹੜਾ ਉਨ੍ਹਾਂ ਲੋਕਾਂ ਨੂੰ ਰਹਿਣ ਲਈ ਥਾਂ ਦਿੰਦਾ ਹੈ ਜਿਹੜੇ ਬਹੁਤੀ ਦੇਰ ਤੱਕ ਰਾਜਧਾਨੀ ਵਿੱਚ ਰਹਿਣਾ ਚਾਹੁੰਦੇ ਹਨ। ਜਨਤਕ ਰਿਕਾਰਡ ਅਨੁਸਾਰ 2009 ਤੋਂ ਹੀ ਇਹ ਬਿਜ਼ਨਸ ਇਨ ਹੋਟਲ ਫੈਡਰਲ ਸਰਕਾਰ ਦੇ ਸੰਪਰਕਾਂ ਸਦਕਾ 9.37 ਮਿਲੀਅਨ ਡਾਲਰ ਕਮਾ ਚੁੱਕਿਆ ਹੈ। ਇੱਕ ਤਾਜ਼ਾ ਕਾਂਟਰੈਕਟ ਦਸੰਬਰ 2012 ਵਿੱਚ ਹਾਸਲ ਹੋਇਆ ਸੀ ਜਿਹੜਾ 1.84 ਮਿਲੀਅਨ ਡਾਲਰ ਦਾ ਸੀ। ਇਸ ਨਾਲ ਹਾਰਬ, ਜੋ ਕਿ ਲਿਬਰਲਾਂ ਵੱਲੋਂ ਨਿਯੁਕਤ ਕੀਤਾ ਗਿਆ ਸੀ ਤੇ ਜਿਹੜਾ ਪਹਿਲਾਂ ਹੀ ਆਰਸੀਐਮਪੀ ਦੀ ਜਾਂਚ ਦੇ ਘੇਰੇ ਵਿੱਚ ਹੈ, ਦੀਆਂ ਮੁਸ਼ਕਲਾਂ ਕਥਿਤ ਤੌਰ ਉੱਤੇ ਹਾਊਸਿੰਗ ਤੇ ਸਫਰ ਸਬੰਧੀ ਖਰਚਿਆਂ ਦੇ ਕੀਤੇ ਕਲੇਮਾਂ ਸਦਕਾ, ਭਰੋਸਾ ਤੋੜਨ ਦੇ ਦੋਸ਼ ਕਾਰਨ ਵਧ ਸਕਦੀਆਂ ਹਨ। ਕ੍ਰਿਮੀਨਲ ਕੋਡ ਤਹਿਤ ਜਨਤਕ ਆਫਿਸ ਧਾਰਕਾਂ ਨੂੰ ਕਿਸੇ ਤਰ੍ਹਾਂ ਦਾ ਲਾਹਾ ਲੈਣ, ਜਿਨ੍ਹਾਂ ਵਿੱਚ ਕਰਜ਼ਾ ਵੀ ਸ਼ਾਮਲ ਹੈ, ਉਹ ਵੀ ਕਿਸੇ ਅਜਿਹੇ ਵਿਅਕਤੀ ਤੋਂ ਜਿਹੜਾ ਸਿੱਧਾ ਸਰਕਾਰ ਨਾਲ ਡੀਲ ਕਰਦਾ ਹੋਵੇ, ਦੀ ਇਜਾਜ਼ਤ ਨਹੀਂ ਹੁੰਦੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੋਈ ਵੀ ਅਜਿਹਾ ਆਪਣੀ ਸਰਕਾਰੀ ਬ੍ਰਾਂਚ ਦੇ ਮੁਖੀ ਦੀ ਮਰਜ਼ੀ ਤੋਂ ਬਿਨਾਂ ਨਹੀਂ ਕਰ ਸਕਦਾ।



# Daughters Day 2013

## Edmontonians invited to celebrate daughters at family event

"There will be something for everyone when the community comes together to show commitment to supporting every daughter to be able to follow her dreams and ambitions," promises Charan Khehra, chair of the Daughters Day project.

The event takes place August 24 at City Hall and features keynote speaker Christine Sokaymoh Frederick, chair of Edmonton Arts Council and a founder of Alberta Aboriginal Arts. Expanding on the popular Daughters of the Year initiative, this year nine women will be honoured for their achievements in various areas of activity, being selected from nominations from the public submitted over recent weeks.

New this year will be a self-guided walk beginning at 1 PM, prior to the main program at 2 PM. "We have created a route that begins at City Hall and moves to ten sites in the area around at each of which there will be information about some area of women's accomplishments. Families or friends get a route guide and then enjoy the walk while they learn from the stops and share ideas with each other, before arriving back at City Hall," explains Daughters Day coordinator Jim Gurnett.

The program will also feature exciting young entertainers such as Metis fiddler Darla Daniels and singer Sierra Jamerson. Many organizations will have information available at an information fair prior to and following the program. Lewis Cardinal will host the program. The first Daughters Day event was held in 2012 with nearly 400 people, including Premier Alison Redford and her daughter, and organizers are expecting even more this year.

The August 24 event is one part of the overall Daughters Day work, that will also include round table consultations with groups of women happening in communities around Alberta during the autumn with the results used to write a manual for groups wanting to work on ending discrimination to use.

**Information about Daughters Day is at www.daughters-day.com**

For more information or comment please contact

**Jim Gurnett**

at 780-218-6989 or jimgurnett@yahoo.ca

ਸਫ਼ਾ 1 ਦੀਆਂ ਬਾਕੀ

## ਹੜਤਾਲੀ ਵਿਦੇਸ਼ੀ ਸੇਵਾਵਾਂ ਅਧਿਕਾਰੀਆਂ ਦਾ ਬਦਲ ਲੱਭ ਰਹੀ ਹੈ ਸਰਕਾਰ?

ਵਿਵਾਦ ਸ਼ੁਰੂ ਹੋਣ ਤੋਂ ਬਾਅਦ ਯੂਨੀਅਨ ਵਲੋਂ ਲਿਆ ਗਿਆ ਇਹ ਸਭ ਤੋਂ ਵੱਡਾ ਫ਼ੈਸਲਾ ਹੈ। ਕੁੱਝ ਮਾਹਰਾਂ ਦਾ ਕਹਿਣਾ ਹੈ ਕਿ ਹੜਤਾਲ ਕਾਰਨ ਕਨੇਡਾ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ, ਅਸਥਾਈ ਵਿਦੇਸ਼ੀ ਕਾਮਿਆਂ ਤੇ ਇੰਮੀਗ੍ਰੈਂਟਸ ਉਸ ਸਮੇਂ ਇੱਥੇ ਨਹੀਂ ਪਹੁੰਚ ਸਕਣਗੇ ਜਦੋਂ ਸੱਭ ਤੋਂ ਵੱਧ ਉਨ੍ਹਾਂ ਦੀ ਲੋੜ ਹੈ ਜਾਂ ਉਨ੍ਹਾਂ ਨੂੰ ਲੋੜ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਟ੍ਰੈਵਲ ਸੀਜ਼ਨ ਹੈ, ਦੂਜਾ ਇਹ ਅਜਿਹਾ ਸਮਾਂ ਹੈ ਜਦੋਂ ਕੌਮਾਂਤਰੀ ਵਿਦਿਆਰਥੀ ਅਗਲੇ ਸਕੂਲ ਵਰ੍ਹੇ ਲਈ ਇੱਥੇ ਆ ਕੇ ਸੈੱਟ ਹੁੰਦੇ ਹਨ। ਇਸ ਤੋਂ ਇਲਾਵਾ ਅਜਿਹੇ ਮੌਕੇ ਵੀਜ਼ਾ ਪ੍ਰਕਿਰਿਆ ਨੂੰ ਮੁੜ ਤਿਆਰ ਕਰਨਾ ਤੇ ਇਸ ਦੇ ਕੇਂਦਰੀਕਰਣ ਦੀ ਯੋਜਨਾ ਨਾਲ ਜੁੜੀਆਂ ਕਈ ਹੋਰ ਸਮੱਸਿਆਵਾਂ ਵੀ ਖੜ੍ਹੀਆਂ ਹੋ ਗਈਆਂ ਹਨ। 2012 ਦੇ ਬਜਟ ਦੇ ਹਿੱਸੇ ਵਜੋਂ, ਫ਼ੈਡਰਲ ਸਰਕਾਰ ਨੇ ਕੈਨੇਡਾ ਭਰ ਵਿਚ 19 ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਆਫਿਸਾਂ ਤੋਂ ਇਲਾਵਾ 10 ਕੌਮਾਂਤਰੀ ਆਫਿਸਾਂ ਨੂੰ ਜਾਂ ਤਾਂ ਬੰਦ ਕਰ ਦਿੱਤਾ ਸੀ ਤੇ ਜਾਂ ਫਿਰ ਪੱਕਾ ਕਰ ਦਿੱਤਾ ਸੀ। ਆਪਣੇ ਵਿਦੇਸ਼ੀ ਨੈੱਟਵਰਕ ਨੂੰ ਘਟਾਉਣ ਲਈ ਡਿਪਾਰਟਮੈਂਟ ਨੇ 285 ਕਰਮਚਾਰੀਆਂ ਦੀ ਛੁੱਟੀ ਵੀ ਕਰ ਦਿੱਤੀ ਤੇ ਇਸ ਦੇ ਨਾਲ ਹੀ ਆਨਲਾਈਨ ਐਪਲੀਕੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਜਿਸ ਨੂੰ ਦੁਨੀਆ ਦੇ ਕਿਸੇ ਵੀ ਕੋਨੇ ਤੋਂ ਸੰਚਾਲਿਤ ਕੀਤਾ ਜਾ ਸਕਦਾ ਹੈ। ਪ੍ਰਸ਼ਾਸਕੀ ਸੇਵਾਵਾਂ 58 ਮੁਲਕਾਂ ਦੇ 38 ਵੀਜ਼ਾ ਐਪਲੀਕੇਸ਼ਨ ਸੈਂਟਰਾਂ ਹਵਾਲੇ ਕਰ ਦਿੱਤੀਆਂ ਗਈਆਂ ਤੇ ਅਗਲੇ ਸਾਲ ਤੱਕ ਇਨ੍ਹਾਂ ਦਾ ਪਸਾਰ 96 ਮੁਲਕਾਂ ਦੇ 130 ਕੇਂਦਰਾਂ ਤੱਕ ਹੋ ਜਾਵੇਗਾ। ਜਿਹੜੀਆਂ ਥਾਵਾਂ ਬੰਦ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਉੱਤੇ ਮੌਜੂਦਾ ਫਾਈਲਾਂ ਨੂੰ ਕੈਨੇਡਾ ਦੇ ਸੈਂਟਰਲ ਆਫਿਸ ਤੇ ਨਿਊ ਯਾਰਕ ਅਤੇ ਲਾਸ ਏਂਜਲਸ ਦੇ ਆਫਿਸਾਂ ਵਿੱਚ ਬਦਲੀ ਕਰ ਦਿੱਤਾ ਜਾਵੇਗਾ।

ਸਫ਼ਾ 7 ਦੀਆਂ ਬਾਕੀ

## ਇਮਾਨਦਾਰੀ ਅਤੇ ਨੈਤਿਕਤਾ ਮੇਰੀ ਤਾਕਤ ਹੈ: ਨੀਟਾ ਜਲਕੇਨਨ

ਉਸਦੇ ਆਪਣੇ ਸ਼ਬਦਾਂ ਅਨੁਸਾਰ ਨਾ ਮੇਰੇ ਕੋਲ ਐਮ.ਬੀ.ਏ. ਦੀ ਡਿਗਰੀ ਹੈ, ਨਾ ਮੈਂ ਵਕੀਲੀ ਕੀਤੀ ਹੈ ਤੇ ਨਾ ਹੀ ਮੈਂ ਕੋਈ ਰਾਜਨੀਤੀਵਾਨ ਹਾਂ। ਮੈਂ ਮਿਹਨਤ ਨਾਲ ਕਮਾਈ ਕਰਕੇ ਟੈਕਸ ਭਰਨ ਵਾਲੀ ਔਰਤ ਹਾਂ। ਮੈਂ ਸਾਰੀ ਉਮਰ ਸਖ਼ਤ ਮਿਹਨਤ ਕੀਤੀ ਹੈ ਤੇ ਇਸ ਸਫ਼ਰ ਨੂੰ ਮੈਂ ਜਾਰੀ ਰੱਖਣਾ ਚਾਹੁੰਦੀ ਹਾਂ। ਇਸ ਲਈ ਮੇਰਾ ਜੋ ਵੀ ਵਿਸ਼ਵਾਸ ਹੁੰਦਾ ਹੈ ਮੈਂ ਉਸ 'ਤੇ ਡਟ ਕੇ ਪਹਿਰਾ ਦਿੰਦੀ ਹਾਂ। ਉਤਸ਼ਾਹ, ਇਮਾਨਦਾਰੀ ਅਤੇ ਨੈਤਿਕਤਾ ਮੇਰੀ ਤਾਕਤ ਹੈ। ਮੇਰਾ ਪੱਕਾ ਵਿਸ਼ਵਾਸ ਹੈ ਕਿ ਮੇਰੀ ਪਹਿਚਾਣ ਲਈ ਲੋਕਤੰਤਰ ਦਾ ਹੋਣਾ ਲਾਜ਼ਮੀ ਹੈ।

## .... ਸਿੱਧਾ ਸਬੰਧ ਕਾਇਮ ਹੋਵੇ : ਹਾਰਵੇ ਪਨੇਸਰ

ਰੈਡ ਕਰੋਸ, ਫੂਡ ਬੈਂਕ ਅਤੇ ਐਡਮਿੰਟਨ ਪਬਲਿਕ ਸਕੂਲ ਬੋਰਡ ਨਾਲ ਕੰਮ ਕਰਦਿਆਂ ਉਸਦੀ ਬਦੌਲਤ ਕਈ ਮਹੱਤਵਪੂਰਨ ਪਹਿਲਕਦਮੀਆਂ ਸਾਹਮਣੇ ਆਈਆਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਹਾਰਵੇ ਇੱਕ ਸੂਝਵਾਨ ਆਗੂ ਹੈ। ਇਸ ਤੋਂ ਇਲਾਵਾ ਹਾਰਵੇ ਪੰਜਾਬੀ ਸਪੋਰਟਸ ਐਸੋਸੀਏਸ਼ਨ ਨਾਲ ਵੀ ਜੁੜਿਆ ਹੋਇਆ ਹੈ।

ਇਸ ਸੰਸਥਾ ਦਾ ਮਕਸਦ ਪੰਜਾਬੀ ਸੱਭਿਆਚਾਰ ਅਤੇ ਸੱਭਿਆਚਾਰ ਵਿੱਚ ਖੇਡਾਂ ਦੇ ਮਹੱਤਵ ਪ੍ਰਤੀ ਨੌਜਵਾਨਾਂ ਨੂੰ ਚੇਤੰਨ ਕਰਨਾ ਹੈ। ਹਾਰਵੇ ਦਾ ਵਿਅਕਤੀਤਵ ਅਜਿਹਾ ਹੈ ਕਿ ਉਹ ਆਧੁਨਿਕਤਾ ਅਤੇ ਪੁਰਾਤਨਤਾ ਦਾ ਸੁਮੇਲ ਨਜ਼ਰ ਆਉਂਦਾ ਹੈ। ਉਹ ਜਿੰਨਾ ਭਵਿੱਖ ਪ੍ਰਤੀ ਚੇਤੰਨ ਹੈ ਓਨਾ ਹੀ ਪਰਿਵਾਰਕ ਅਤੇ ਪਰੰਪਰਿਕ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਤਰਜੀਹ ਦਿੰਦਾ ਹੈ। ਇਹੀ ਗੱਲਾਂ ਉਸਨੂੰ ਵਾਰਡ ਨੰ: 11 ਦਾ ਅੱਵਲ ਉਮੀਦਵਾਰ ਦਰਸਾਉਂਦੀਆਂ ਹਨ।

## ... ਡਰਨ ਵਾਲਾ ਵਿਅਕਤੀ ਨਹੀਂ: ਰਿਚਰਡ ਫੀਹਾਨ

ਇੱਥੋਂ ਦਾ ਜੁਬਲੀ ਆਡੀਟੋਰੀਅਮ ਕਲਾ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਪ੍ਰਸਿੱਧ ਹੈ। ਸਿਟਾਈਡਲ ਥੀਏਟਰ 'ਤੇ ਐਡਮਿੰਟਨ ਵਾਸੀਆਂ ਨੂੰ ਮਾਣ ਹੈ। ਐਡਮਿੰਟਨ ਦਾ ਵਿੰਸਪੀਅਰ ਕਨਸਰਟ ਹਾਲ ਅਤੇ ਆਰਟ ਗੈਲਰੀ ਆਫ਼ ਅਲਬਰਟਾ ਮਸ਼ਹੂਰ ਹੈ। ਸਿਟੀ ਸੈਂਟਰ ਸਾਰਿਆਂ ਲਈ ਇੱਕ ਸਾਂਝਾ ਮੰਚ ਬਣ ਕੇ ਉਭਰਿਆ ਹੈ। ਰਿਚਰਡ ਦੇ ਆਪਣੇ ਸ਼ਬਦਾਂ ਅਨੁਸਾਰ ਐਡਮਿੰਟਨ ਨੇ ਇੱਕ ਸ਼ਹਿਰ ਵਜੋਂ ਜਿੰਨਾ ਵਿਕਾਸ ਕੀਤਾ ਹੈ ਮੈਨੂੰ ਉਸ 'ਤੇ ਮਾਣ ਹੈ ਪਰ ਮੈਂ ਇਸ ਗੱਲ ਨੂੰ ਲੈ ਕੇ ਵੀ ਉਤਸ਼ਾਹਿਤ ਹਾਂ ਕਿ ਭਵਿੱਖ ਵਿੱਚ ਇਸ ਸ਼ਹਿਰ ਨੂੰ ਹੋਰ ਆਧੁਨਿਕ ਕਿੰਝ ਬਣਾਇਆ ਜਾ ਸਕਦਾ ਹੈ। ਮੈਂ ਚੁਣੌਤੀਆਂ ਤੋਂ ਡਰਨ ਵਾਲਾ ਵਿਅਕਤੀ ਨਹੀਂ ਹਾਂ। ਮੇਰੇ ਕੋਲ ਔਖੇ ਸਮਿਆਂ ਸਾਹਮਣੇ ਡਟ ਕੇ ਖੜਨ ਦੀ ਕਾਬਲੀਅਤ ਹੈ। ਔਖੇ ਸਮਿਆਂ ਵਿੱਚ ਯੋਜਨਾ ਅਤੇ ਪ੍ਰਬੰਧ ਦੀ ਕੀ ਮਹੱਤਤਾ ਹੁੰਦੀ ਹੈ ਮੈਂ ਇਹ ਬਾਖ਼ੂਬੀ ਜਾਣਦਾ ਹਾਂ। ਮੈਂ ਚੰਗੀਆਂ ਕਦਰਾਂ ਕੀਮਤਾਂ ਦੀ ਮਹੱਤਤਾ ਸਮਝਦਾ ਹਾਂ ਤੇ ਮਾੜੇ ਰੁਝਾਨਾਂ ਤੋਂ ਕਿੰਝ ਬਚਣਾ ਹੈ ਇਸ ਗੱਲ ਦਾ ਵੀ ਗਿਆਨ ਰੱਖਦਾ ਹਾਂ। ਵੱਡੀ ਗੱਲ ਇਹ ਹੈ ਕਿ ਦੂਜਿਆਂ ਨਾਲ ਮਿਲ-ਜੁਲ ਕੇ ਕੰਮ ਕਰਨ ਦੀ ਮਹੱਤਤਾ ਬਾਰੇ ਮੈਨੂੰ ਪਤਾ ਹੈ, ਫਿਰ ਕੰਮ ਕਰਨ ਵਾਲਾ ਭਾਵੇਂ ਕਿਸੇ ਵੀ ਵਿਚਾਰਧਾਰਾ ਦਾ ਵਿਅਕਤੀ ਹੋਵੇ।

## ... ਭਾਵਨਾਤਮਕ ਰਿਸ਼ਤਾ ਹੈ : ਹਾਫਿਸ ਦੇਵਜੀ

ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਹੋਰ ਖੁਸ਼ਹਾਲ ਹੋ ਸਕੇ। ਹਾਫਿਸ ਦੇਵਜੀ ਦੀ ਮੁਹਿੰਮ ਦਾ ਮੁੱਖ ਆਧਾਰ ਲੋਕਾਂ ਨਾਲ ਉਸ ਦੁਆਰਾ ਬੇਝਿਜਕ ਗੱਲਬਾਤ ਕਰਨਾ ਹੈ ਤੇ ਅਜਿਹਾ ਕਰਦਿਆਂ ਉਹ ਲੋਕਾਂ ਦੇ ਨਜ਼ਦੀਕ ਚਲਿਆ ਜਾਂਦਾ ਹੈ। ਉਸਦੀ ਇਹ ਸੰਵੇਦਨਸ਼ੀਲਤਾ ਹੀ ਉਸਦੇ ਵਿਅਕਤੀਤਵ ਦਾ ਵੱਡਾ ਗੁਣ ਬਣ ਜਾਂਦੀ ਹੈ। ਇਸ ਤੋਂ ਇਲਾਵਾ ਵਿਸ਼ਵਾਸ, ਏਕਤਾ, ਜ਼ਿੰਮੇਵਾਰੀ ਅਤੇ ਪਾਰਦਰਸ਼ਤਾ ਉਸ ਦੇ ਸੁਭਾਅ 'ਚ ਕੁੱਟ-ਕੁੱਟ ਕੇ ਭਰੀ ਹੋਈ ਹੈ। ਦੇਵਜੀ ਦਾ ਨਾਹਰਾ ਹੈ ਕਿ ਸਾਨੂੰ ਮਿਲ ਕੇ ਇਸ ਮਹਾਨ ਸ਼ਹਿਰ ਨੂੰ ਹੋਰ ਮਹਾਨ ਬਣਾਉਣਾ ਚਾਹੀਦਾ ਹੈ ਕਿਉਂਕਿ ਇਹੀ ਸਾਡਾ ਭਵਿੱਖ ਹੈ।

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

harjsandhu@gmail.com
(780) 233-3100
Friendly Service & Free Market Evaluation
To view Thousands of properties online visit:
www.harjeetsandhu.com

Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕੁਲ ਸੰਸਾਰ ਇਕ ਪਰਿਵਾਰ... ਨਵੀਂ ਦੁਨੀਆ

ਆਖ਼ਰੀ ਕਿਸ਼ਤ

# ਕੁੱਤੀ ਵਿਹੜਾ

ਮਨਿੰਦਰ ਸਿੰਘ ਕਾਂਗ



(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਪੰਜਾਬੀ ਦੇ ਸਮਰੱਥ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਮਨਿੰਦਰ ਕਾਂਗ ਨੇ ਪੰਜਾਬੀ ਦੀ ਲੰਮੀ ਕਹਾਣੀ ਵਿਚ ਬਿਲਕੁਲ ਨਵੇਂ ਤਜਰਬੇ ਕੀਤੇ। ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ 'ਦੋ ਤਲਵਾਰਾਂ ਬੱਧੀਆਂ', 'ਭਾਰ' ਅਤੇ 'ਕੁੱਤੀ ਵਿਹੜਾ' ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾਵਾਂ ਵਜੋਂ ਦਰਜ ਹੋਈਆਂ। 'ਨਵੀਂ ਦੁਨੀਆ' ਵਿਚ ਉਨ੍ਹਾਂ ਦੀ ਬੇਹੱਦ ਚਰਚਿਤ ਕਹਾਣੀ 'ਕੁੱਤੀ ਵਿਹੜਾ' ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਲੜੀਵਾਰ ਛਾਪਣ ਦੀ ਖ਼ੁਸ਼ੀ ਲਈ ਗਈ ਹੈ। ਇਹ ਕਹਾਣੀ ਤਿੰਨ ਕਾਲ ਖੰਡਾਂ ਵਿਚ ਫੈਲੀ ਹੋਈ ਹੈ, ਵਰਤਮਾਨ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੇ ਕਾਲ ਤਕ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੇ (ਮੱਧਕਾਲ) ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ। ਇਸ ਕਹਾਣੀ ਦੀ ਇਹ ਆਖ਼ਰੀ ਕਿਸ਼ਤ ਹੈ।

–ਸੰਪਾਦਕ

ਡਾਇਰ ਨੂੰ ਸਿਰੋਪਾ ਦੇਣ ਮਗਰੋਂ ਅਰੂੜ ਸਿੰਘ ਨੂੰ ਸਿੱਖਾਂ ਦੀ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ। ਉਹਨੂੰ ਇਹ ਡਰ ਵੀ ਪੈ ਗਿਆ ਕਿ ਕਿਤੇ ਕੋਈ ਸਿੱਖ ਅਚਾਨਕ ਹਮਲਾ ਕਰਕੇ ਉਹਨੂੰ ਧੁਰ ਦਰਗਾਹ ਨਾ ਪੁਚਾ ਦਵੇ। ਭਾਵੇਂ ਕਿ ਉਹਦੀ ਬੱਘੀ ਜਦੋਂ ਠੰਢੀ ਖੂਹੀ ਦੇ ਖੁੱਲ੍ਹੇ ਇਲਾਕੇ ਵਿਚੋਂ ਟੁਰਦੀ, ਧੁਰ ਹਰਮੰਦਰ ਸਾਹਿਬ ਤੱਕ ਉਹਦੇ ਨਾਲ ਗਸ਼ਤ-ਪਾਰਟੀ ਟੁਰੀ ਜਾਂਦੀ। ਇਹਦੇ ਬਾਵਜੂਦ ਅਰੂੜ ਸਿੰਘ ਨੇ ਪੁਲਸ ਕਪਤਾਨ ਨਾਲ ਆਪਣਾ ਡਰ ਸਾਂਝਾ ਕੀਤਾ। ਪੁਲੀਸ ਕਪਤਾਨ ਸਟਾਕਮੈਨ ਤੇ ਅਰੂੜ ਸਿੰਘ ਦੇ ਭੇਤ ਸਾਂਝੇ ਸਨ। 'ਸਟਾਕਮੈਨ' ਨੇ ਅਗੋਂ ਆਪਣੇ ਡਿਪਟੀ ਰਿਚਰਡ ਕਲੈਚੀ ਨੂੰ ਬੁਲਾ ਲਿਆ। ਅਸਲ ਵਿਚ ਤੇ ਸਾਰਾ ਸ਼ਹਿਰ ਰਿਚਰਡ ਕਲੈਚੀ ਨਾਂ ਦਾ ਇਹ ਡਿਪਟੀ ਸਾਂਭਦਾ ਸੀ। ਵੱਡੇ ਪੁਲਸ ਕਪਤਾਨ 'ਸਟਾਕਮੈਨ' ਦਾ ਤੇ ਐਂਵੇ ਨਾਂ ਹੀ ਸੀ। ਰਿਚਰਡ ਨੂੰ ਅੰਬਰਸਰ ਦੇ ਸਾਰੇ ਥਾਣੇਦਾਰਾਂ ਦੇ ਨਾਂ ਤੇ ਸੁਭਾ, ਅੰਬਰਸਰ ਦੇ ਸਾਰੇ ਬਦਮਾਸ਼ਾਂ ਦੇ ਨਾਂ ਤੇ ਇਲਾਕੇ, ਸਭ ਮੂੰਹ ਜ਼ਬਾਨੀ ਯਾਦ ਸਨ।

ਉਹਨੇ ਆਉਂਦਿਆਂ ਹੀ ਅਰੂੜ ਸਿੰਘ ਦੀ ਚਿੰਤਾ ਦੂਰ ਕਰ ਦਿੱਤੀ। ਸੁਲਤਾਨਵਿੰਡ ਦੇ ਮਸ਼ਹੂਰ ਸਫੈਦਪੋਸ਼ 'ਸਵਰਨੇ ਡਾਕੂ' ਨੂੰ ਬੁਲਾ ਲਿਆ। ਸਵਰਨੇ ਦੇ ਘਰ ਤੇ ਪੱਤੀ ਬਲੋਲ ਵਿਚ ਸਨ, ਪਰ ਉਹਨੇ ਬਾਹਰਲੀ ਹਵੇਲੀ ਡੇਰੇ ਲਾਈ ਹੋਏ ਸਨ। ਬਾਹਰਲੀ ਹਵੇਲੀ ਉਹਦੀ ਅੰਗਰੇਜ਼ਾਂ ਵਲੋਂ ਨਵੀਂ ਕੱਢੀ ਕਸੂਰ ਨਹਿਰ ਕੋਲ ਆ ਗਈ ਸੀ, ਤੇ ਉਹਦੀ ਲਾਟਰੀ ਲਗ ਗਈ ਸੀ। ਉਹ ਹਰ ਤਰ੍ਹਾਂ ਦੇ ਕੁਕਰਮ ਉਥੇ ਕਰਦਾ ਤੇ ਅੰਗਰੇਜ਼ਾਂ ਦੀ ਝੋਲੀ ਚੁੱਕਦਾ ਸੀ। ਹਰ ਥਾਣੇਦਾਰ ਉਸ ਤੋਂ ਡਰਦਾ, ਕਿਉਂਕਿ ਸਭ ਨੂੰ ਪਤਾ ਸੀ ਕਿ ਸਵਰਨੇ 'ਸਫੈਦਪੋਸ਼' ਦੇ ਅੰਗਰੇਜ਼ ਹਾਕਮਾਂ ਨਾਲ ਸਿੱਧੇ ਸਬੰਧ ਹਨ। ਲੋਕ ਪਿੱਠ ਪਿੱਛੇ ਉਹਨੂੰ ਸਵਰਨਾ 'ਡਾਕੂ' ਕਹਿੰਦੇ ਸਨ, ਕਿਉਂਕਿ ਉਹ ਮਾਝੇ ਦੇ ਕਈ ਨਾਮੀ ਡਾਕੂਆਂ ਦਾ ਮਾਲ ਬਿਲੇ ਲਾਉਂਦਾ ਸੀ।

ਸਵਰਨੇ ਨੇ ਆਉਂਦਿਆਂ ਹੀ ਅਰੂੜ ਸਿੰਘ ਦਾ ਡਰ ਚੁੱਕ ਦਿੱਤਾ। ਡਿਪਟੀ ਰਿਚਰਡ ਦੀ ਕੋਠੀ ਵਿਚ ਸਭ ਦੀ ਮੀਟਿੰਗ ਹੋਈ। ਸਵਰਨਾ ਆਪਣੇ ਬਦਮਾਸ਼ ਨਾਲ ਲੈ ਕੇ ਆਇਆ। ਬਦਮਾਸ਼ਾਂ ਦਾ ਟੋਲਾ ਬਾਹਰ ਬਾਗ ਵਿਚ ਬੈਠਾ ਰਿਹਾ ਤੇ ਸਵਰਨੇ ਨਾਲ ਅੰਦਰ ਉਹਦਾ ਸਭ ਤੋਂ ਭਰੋਸੇ ਵਾਲਾ ਤੇ ਮਾਰਖੋਰਾ ਫੀਲਾ 'ਘੁੱਕ ਬਦਮਾਸ਼' ਨਾਲ ਅੰਦਰ ਗਿਆ ਸੀ। ਘੁੱਕ ਬਾਲਮੀਕੀਆ ਸੀ ਤੇ ਤੇ ਕੁੱਤੀ ਵਿਹੜੇ ਦਾ ਕਹਿੰਦਾ-ਕੁਹਾਂਦਾ ਲੜਾਕਾ ਸੀ। ਜਦ ਉਹਦਾ ਨਾਂ ਅੰਗਰੇਜ਼ਾਂ ਨੇ 'ਬਸਤਾ ਬੇ' ਵਿਚ ਪਾਇਆ ਤਾਂ ਉਹ ਹੋਰ ਅਲੱਥ ਹੋ ਗਿਆ। ਪੁਲਸ ਦੀ ਮਾਰ ਖਾ-ਖਾ ਕੇ ਤੇ ਬਦਮਾਸ਼ਾਂ ਦੇ ਆਪਸੀ ਝਗੜਿਆਂ ਵਿਚ ਹੱਡ ਤੁੜਵਾ-ਤੁੜਵਾ ਉਹ ਲੋਹਾ ਹੋ ਗਿਆ ਸੀ। ਉਹਦੀ ਤਾਰੀਫ ਸੁਣਕੇ ਸਵਰਨੇ ਜੱਟ ਨੇ ਉਹਨੂੰ ਆਪਣੇ ਬਦਮਾਸ਼ੀ ਟੋਲੇ ਵਿਚ ਸ਼ਾਮਲ ਕਰ ਲਿਆ ਸੀ। ਹੁਣ ਤੇ ਉਹਦਾ ਡਰ ਉੱਕਾ ਹੀ ਮੁੱਕ ਗਿਆ ਸੀ। ਉਹਨੇ ਵਿਹੜਾ ਤਿਆਗ ਦਿੱਤਾ, ਜਾਂ ਕਹੋ ਕਿ ਉਹਦੀਆਂ ਹਰਕਤਾਂ ਕਾਰਨ ਵਿਹੜੇ ਨੇ ਉਹਨੂੰ ਛੱਡ ਦਿੱਤਾ, ਤੇ ਉਹ ਪੱਕਾ ਹੀ ਸਵਰਨੇ ਦਾ ਹੋ ਗਿਆ। ਰਿਹਾਇਸ਼ ਉਹ ਸਵਰਨੇ ਵਲੋਂ ਗੁਪਤ ਤੌਰ ਤੇ ਚਲਾਈ ਜਾਂਦੀ ਜੂਏ ਦੀ ਬੈਠਕ ਵਾਲੇ ਘਰ ਵਿਚ ਰੱਖਦਾ ਸੀ। ਸਵਰਨੇ ਦੇ ਘਰ ਉਹ ਕਦੀ ਨਹੀਂ ਸੀ ਜਾਂਦਾ, ਕਿਉਂਕਿ ਸਵਰਨਾ ਚੁੱਪ ਕੀਤਾ ਉਹਨਾਂ ਦੀ ਭਿੱਟ ਮੰਨਦਾ ਸੀ, ਪਰ ਲੋੜ ਨੂੰ ਨਾਲ ਰੱਖਦਾ ਸੀ।ਹਸਬੇ ਮਾਮੂਲ ਅੱਜ ਵੀ ਉਹ ਨਾਲ ਹੀ ਸੀ। ਸਵਰਨੇ ਨੇ ਦੋਹਾਂ ਕਪਤਾਨਾਂ ਸਟਾਕਮੈਨ ਤੇ ਰਿਚਰਡ ਕਲੈਚੀ ਦੀ ਹਾਜ਼ਰੀ ਵਿਚ ਘੁੱਕ ਨੂੰ ਥਾਪੀ ਦਿੱਤੀ ਤੇ ਕਿਹਾ ਕਿ ਜਦੋਂ ਹੀ ਠੰਡੇ ਖੂਹਾਂ ਵਲੋਂ ਭਾਈ ਅਰੂੜ ਸਿੰਘ ਜੀ ਦੀ ਬੱਘੀ ਸ਼ਹਿਰ ਵਿਚ ਵੜੇ, ਤੇਰੀ ਜ਼ਿੰਮੇਵਾਰੀ ਹਾਲ ਦਰਵਾਜ਼ੇ ਤੋਂ ਲੈ ਕੇ ਹਰਮੰਦਰ ਸਾਹਿਬ ਤੱਕ ਹੋਵੇਗੀ, ਕਿ ਕੋਈ ਸਿੱਖ ਭਾਈ ਅਰੂੜ ਸਿਘ ਤੇ ਹਮਲਾ ਨਾ ਕਰ ਦਵੇ! ਚੌਧਰੀਆਂ ਤੇ ਗੋਰੇ ਹਾਕਮ ਦਾ ਫ਼ਲਾਇਆ ਘੁੱਕ ਕਹਿਣ ਲਗਾ- ''ਮਾਰਾ! ਮੈਨੂੰ ਤੁਹਾਡੀ ਛੱਤਰ-ਛਾਇਆ ਚਾਹੀਦੀ ਹੈ। ਮੈਂ ਤੇ ਹੁਣ ਏਸ ਸੜਕ 'ਤੇ ਕੁੱਤੀ ਵੀ ਬੁੜਕਣ ਨਹੀਂ ਦੇਣੀ। ਮੈਂ ਤੇ ਕਹਿੰਦੇ-ਕੁਹਾਂਦੇ ਦੀ -- ਥਾਣੀਂ ਪਾਣੀ ਕੱਢ ਦਊ।''

''ਚੰਗਾ ਜੀ ਫੇਰ।'' ਉਹਨਾਂ ਤਿੰਨਾਂ ਨੂੰ ਖੁਸ਼ ਹੁੰਦਾ ਵੇਖ ਸਵਰਨੇ ਨੇ ਜਾਣ ਦੀ ਇਜਾਜ਼ਤ ਮੰਗੀ। ਆਪਣੇ ਤਜਰਬੇ ਤੋਂ ਖਚਰਾ ਜੱਟ ਇਹ ਜਾਣ ਗਿਆ ਸੀ ਕਿ ਗੋਰਾ ਹਾਕਮ ਲੋੜ ਦੀ ਗੱਲ ਕਰ ਕੇ ਖੁਸ਼ ਹੁੰਦਾ ਸੀ ਤੇ ਗੁਲਾਮਾਂ ਦੀ ਲੰਮੇ ਸਮੇਂ ਦੀ ਹਾਜ਼ਰੀ ਪਸੰਦ ਨਹੀਂ ਸੀ ਕਰਦਾ! ਜਦੋਂ ਸਵਰਨਾ ਤੇ ਘੁੱਕ ਉੱਠ ਕੇ ਜਾਣ ਲਗੇ ਤਾਂ ਰਿਚਰਡ ਕਲੈਚੀ ਨੇ ਅਚਾਨਕ ਅਵਾਜ਼ ਮਾਰੀ। ਸਵਰਨਾ ਤੇ ਘੁੱਕ ਦੋਹੇਂ ਰੁਕ ਗਏ।ਰਿਚਰਡ ਦੀ ਬੈਠਕ ਵਿਚ, ਜਿਥੇ ਇਹ ਸਾਰੇ ਖੜੇ ਸਨ, ਇਕ ਆਦਮਕੱਦ ਤਾਂਬੇ ਦਾ ਬੁੱਤ ਸੀ। ਉਹ ਬੁੱਤ ਡੈਕੋਰੇਸ਼ਨ-ਪੀਸ ਸੀ। ਉਹਦੇ ਇਕ ਹੱਥ ਵਿਚ ਬਰਛਾ, ਦੂਸਰੇ ਵਿਚ ਢਾਲ ਸੀ। ਉਹਦੇ ਸਿਰ ਤੇ ਪਿਛੇ ਜਿਹੜੀ ਪਲੇਟ ਲਗੀ ਹੋਈ ਸੀ, ਉਹਦੇ ਆਸਰੇ ਬੁੱਤ ਖੜ੍ਹਾ ਸੀ। ਬੁੱਤ ਦੇ ਪਿਛਲੀ ਪਲੇਟ ਵਿਚ ਤਿੰਨ੍ਹ-ਚਾਰ ਖੰਜਰ ਬੜੇ ਸਲੀਕੇ ਨਾਲ ਲਗੇ ਹੋਏ ਸਨ। ਬੁੱਤ ਸਾਰਾ ਹੀ ਤਾਂਬੇ ਤੇ ਲੋਹੇ ਦਾ ਸੀ ਤੇ ਫਰਾਂਸ ਦਾ ਬਣਿਆ ਹੋਇਆ ਸੀ। ਰਿਚਰਡ ਨੇ ਉਹਨਾਂ ਵਿਚੋਂ ਇਕ ਖੰਜਰ ਕੱਢਿਆ, ਉਹਦੀ ਤਿੱਖੀ ਧਾਰ ਪਰਖੀ, ਤੇ ਸਿੱਧੇ ਖੜੇ ਘੁੱਕ ਦੇ ਹੱਥ ਵਿਚ ਦੇ ਦਿੱਤਾ। ਨਾਲ ਹੀ ਕਿਹਾ-

"Use it any where, any time, without any fear"

ਜਦੋਂ ਅਰੂੜ ਸਿੰਘ ਨੇ ਸਵਰਨੇ ਜੱਟ ਤੇ ਡਰੇ ਖੜੇ ਘੁੱਕ ਨੂੰ ਰਿਚਰਡ ਦੀ ਅੰਗਰੇਜ਼ੀ ਦੀ ਪੰਜਾਬੀ ਕਰ ਕੇ ਦੱਸੀ ਤਾਂ ਸਵਰਨੇ ਤੇ ਘੁੱਕ ਦੇ ਚਿਹਰੇ ਖਿੜ ਗਏ। ਉਹਨਾਂ ਠੋਕ ਕੇ ਸਲਾਮ ਕੀਤੀ ਤੇ ਚਲੇ ਗਏ। ਇਹੀ ਘੁੱਕ ਸੀ, ਜੀਹਨੂੰ ਮਗਰੋਂ 'ਰਾਧਾ ਰੰਡੀ' ਦੀ ਨਿੱਕੀ ਭੈਣ ਦਾ ਸਾਕ ਜੁੜਿਆ ਸੀ। ਇਹੀ ਭੈਣ, ਜੀਹਨੇ ਮਗਰੋਂ ਰਾਧਾ ਦੀ ਸੇਵਾ ਵਿਚ ਆਪਣੀ ਦਿਨ ਕੱਟੀ ਕੀਤੀ, ਕਿਉਂਕਿ ਘੁੱਕ ਤੇ ਮਗਰੋਂ ਜਲਦੀ ਹੀ ਤਪਦਿਕ ਨਾਲ ਘੁਲਦਾ, ਦੂਰ ਕਿਤੇ ਫਰੰਟੀਅਰ ਵਲ ਮਰ-ਖੱਪ ਗਿਆ ਸੀ।

– – – –

ਸੰਨ 1997 ਜਾ ਰਿਹਾ ਸੀ। ਪੰਜਾਬ ਨੇ ਇਹਨਾਂ ਸਾਲਾਂ ਵਿਚ ਤਿੰਨ੍ਹ ਮੁੱਖ-ਮੰਤਰੀਆਂ ਦਾ ਸਵਾਦ ਲੈ ਲਿਆ ਸੀ। ਬੀਬੀ ਦੀ ਅਗਵਾਈ ਵਿਚ ਕਾਂਗਰਸ ਮੁੜ ਕੇ ਇਲੈਕਸ਼ਨ ਲਈ ਤਿਆਰ ਸੀ। ਪਰ ਹੁਣ ਇਹ ਗੱਲ ਸਭ ਨੂੰ ਜੱਗ ਜ਼ਾਹਰ ਸੀ ਕਿ ਅਗਲੀ ਵਾਰੀ ਹੁਣ ਅਕਾਲੀ ਆਗੂ ਤੇ ਸਾਬਕਾ ਮੁੱਖ ਮੰਤਰੀ ਰੌਸ਼ਨ ਸਿੰਘ ਦੀ ਹੈ। ਉਹਦੀ ਅਗਵਾਈ ਹੇਠ ਅਕਾਲੀ ਪੱਟਾਂ 'ਤੇ ਤੇਲ ਲਾਈ ਫਿਰਦੇ ਸਨ। ਉਧਰ ਆਪਣੇ ਸਿਆਸੀ ਗੁਰੂ ਦਾ ਹੁਕਮ ਪਾ ਕੇ ਮਸ਼ਹੂਰ ਬਦਮਾਸ਼ ਤੇ ਹੁਣ ਬਦਮਾਸ਼ ਤੋਂ ਸਿਆਸਤਦਾਨ ਬਣੇ 'ਸਲਾਰੀਏ' ਸੰਧੂ ਨੇ ਅਕਾਲੀ ਪਾਰਟੀ ਜੁਆਇਨ ਕਰ ਲਈ ਸੀ। ਸਲਾਰੀਏ ਦੇ ਮੁਕਾਬਲੇ ਇਲੈਕਸ਼ਨ ਲੜ ਰਹੇ ਉਹਦੇ ਪੁਰਾਣੇ ਭੇਤੀ 'ਫਤਹਿਪੁਰੀਆ' ਨੇ ਵੀ ਕਮਰਕਸੇ ਕੱਸ ਲਏ ਸਨ। ਉਹਨੇ ਪਹਿਲ ਕਰਦਿਆਂ ਆਪਣੇ ਬਦਮਾਸ਼ਾਂ ਦੀ ਇਕ ਟੋਲੀ ਸਿੱਖੀ ਰੂਪ ਵਿਚ ਸ਼ਹਿਰ ਦੇ ਉਹਨਾਂ ਅੰਦਰੂਨੀ ਹਲਕਿਆਂ ਵਿਚ ਭੇਜੀ, ਜਿਹੜੇ ਹਿੰਦੂ ਬਹੁਗਿਣਤੀ ਵਿਚ ਸਨ। ਉਹ ਇਲਾਕੇ ਉਹਦੇ ਹਲਕੇ ਵਿਚ ਆਉਂਦੇ ਸਨ। ਸਿੱਖੀ ਰੂਪ ਵਿਚ, ਦਾਹੜੇ ਖੋਲ੍ਹਕੇ ਦੋ ਜੀਪਾਂ ਵਿਚ ਸਵਾਰ ਬਦਮਾਸ਼ ਉਥੋਂ ਤੇਜ਼ੀ ਨਾਲ 'ਖਾਲਿਸਤਾਨ ਜ਼ਿੰਦਾਬਾਦ' ਤੇ 'ਸਲਾਹੀਆ ਸੰਧੂ' ਜ਼ਿੰਦਾਬਾਦ ਦੇ ਨਾਅਰੇ ਮਾਰਦੇ ਲੰਘ ਗਏ।

ਜਦੋਂ ਸਲਾਰੀਏ ਨੂੰ ਪਤਾ ਲਗਾ ਕਿ ਉਹਦੇ ਹਲਕੇ ਵਿਚ, ਉਹਦੇ ਹੀ ਵਿਰੋਧੀ ਕਾਂਗਰਸੀ ਉਮੀਦਵਾਰ 'ਫਤਹਿਪੁਰੀਆ' ਨੇ ਨਾਅਰੇ ਮਰਵਾ ਦਿੱਤੇ ਹਨ ਤਾਂ ਉਹਦਾ ਦਿਲ ਡੋਲ ਗਿਆ। ਹੁਣ ਭਾਵੇਂ ਬੀ.ਜੇ.ਪੀ. ਲੱਖ ਕਹਿੰਦੀ, ਹਿੰਦੂ ਵੋਟ ਉਹਨੂੰ ਨਹੀਂ ਸੀ ਮਿਲਣੀ। ਉਹਨੇ ਡਰੇ ਹੋਏ ਨੇ ਅਕਾਲੀ ਹਾਈਕਮਾਂਡ ਨੂੰ ਰਿਪੋਰਟ ਦਿੱਤੀ। ਹਾਈ ਕਮਾਂਡ ਨੇ ਸਪਸ਼ਟ ਆਦੇਸ਼ ਦਿੱਤਾ, ''ਕਿ ਜੋ ਹੋ ਗਿਆ, ਛੱਡ ਦਿਉ! ਹੁਣ ਭਵਿੱਖ ਵਿਚ 'ਫਤਹਿਪੁਰੀਆ' ਦੇ ਹਰ ਜਲਸੇ ਨੂੰ ਤਾਰਪੀਡੋ ਕਰ ਦਿਉ। ਬਦਮਾਸ਼ ਭੇਜੀ ਜਾਓ ਤੇ ਜਲਸੇ ਵਿਚ ਲੜਾਈ ਕਰਵਾ ਕੇ ਇੱਟਾਂ, ਛੁਰੀਆਂ ਚਲਵਾ ਦਿਉ। ਆਪੇ ਕੋਈ ਹੱਲ ਨਿਕਲ ਆਏਗਾ, ਜਾਂ ਏਜੰਸੀਆਂ ਆਪੇ ਕੁਝ ਕਰਨਗੀਆਂ...!''ਹੁਕਮ ਪਾਕੇ ਸਲਾਰੀਏ ਨੇ ਫੱਟ ਆਪਣੇ ਫੀਲੇ ਸੱਦ ਲਏ। ਉਹਦਾ ਵੱਡਾ ਫੀਲਾ ਸਮੈਕ ਦਾ ਮਸ਼ਹੂਰ ਸਮਗਰਲਰ, ਜੋ ਸੱਤੀ ਪੰਡਤ ਕਹਾਂਦਾ ਸੀ, ਉਹ ਵੀ ਸੱਦ ਲਿਆ। ਪੰਡਤ ਨੇ ਆਪਣੇ ਸਭ ਬਦਮਾਸ਼ਾਂ ਦੀਆਂ ਡਿਊਟੀਆਂ ਲਾ ਦਿੱਤੀਆਂ।

ਅਜੀਤ ਨਗਰ ਦੇ ਇਲਾਕੇ ਵਿਚ ਖਰੂਦ ਪਾਉਣ ਦੀ ਡਿਊਟੀ ਬੰਟੀ ਮਸੀਹ ਦੀ ਲਗੀ। ਇਸ਼ਾਰਾ ਮਿਲਦੇ ਹੀ ਬੰਟੀ ਮਸੀਹ ਪੰਡਤ ਦੇ ਸੱਦੇ 'ਤੇ ਈਸਟ-ਮੋਹਨ ਨਗਰ, ਇਲੈਕਸ਼ਨ ਕੰਮਾਂ ਲਈ ਕਿਰਾਏ 'ਤੇ ਲਈ ਕੋਠੀ ਵਿਚ ਪੁੱਜ ਗਿਆ। ਰਾਤ ਦਾ ਵੇਲਾ ਸੀ, ਜਦੋਂ ਸਲਾਰੀਏ ਨਾਲ ਉਹਦੀ ਪੰਡਤ ਨੇ ਮੁਲਾਕਾਤ ਕਰਾਈ ...।

''ਕਿਉਂ ਬਈ ਜੁਆਨਾ, ਲੜ ਲਏਂਗਾ?'' ਸਿੱਧਾ ਸਪਾਟ ਪੁੱਛਿਆ ਸਲਾਰੀਏ ਨੇ, ਤੇ ਸਿੱਧਾ ਹੀ ਉਹਦੀਆਂ ਅੱਖਾਂ ਵਿਚ ਝਾਕਿਆ। ਪੰਡਤ ਵੀ ਉਹਦੇ ਨਾਲ ਹੀ ਬੈਠਾ ਸੀ। ਸਿੱਧਾ ਖੜਾ ਬੰਟੀ ਮਸੀਹ ਹਲਕਾ ਜਿਹਾ ਕੰਬਿਆ, ਕਿਉਂਕਿ ਉਹਦੀ ਸਮੈਕ ਮੁੱਕੀ ਹੋਈ ਸੀ, ਤੇ ਨਸ਼ਾ ਟੁੱਟ ਰਿਹਾ ਸੀ ...! ''ਜੀ ਜਨਾਬ। ਮੈਂ ਤੇ ਲਿਆ ਦਊਂ ਹਨੇਰੀਆਂ! ਪਰ ਕਦੀ-ਕਦੀ ਥਾਣੇਦਾਰ ''ਮੰਗੇੜਾ' ਤੇ ਥਾਣੇਦਾਰ 'ਮੱਲੀ' ਬੜਾ ਮਾਰਦੇ ਨੇ !'' ਬੰਟੀ ਨੇ ਕਿਹਾ। 'ਉਹ ਤੇ ਅੱਖ 'ਚ ਪਾਇਆਂ ਨਾ ਰੜਕਣਗੇ। ਉਹਨਾਂ ਦੀ ਚਿੰਤਾ ਹੀ ਛੱਡ। ਉਹ ਤੇ ਵਿਚਾਰੇ ... ਨੇ ਸਾਡੇ ਲਈ!'' ਸਲਾਰੀਏ ਨੇ ਸਪਸ਼ਟ ਕਿਹਾ।

''ਹੁਣ ਅਗਲਾ ਜਲਸਾ ਕਿਥੇ ਐ ਜਨਾਬ?'' ਪੰਡਤ ਨੇ ਕਿਹਾ।

''ਅਗਲਾ ਜਲਸਾ ਫਤਹਿਪੁਰੀਏ ਨੇ ਅਜੀਤ ਨਗਰ ਦੀ ਆਖਰੀ ਨੁੱਕਰ 'ਕਾਲੜੇ ਦੇ ਹਸਪਤਾਲ' ਦੇ ਨਾਲ ਕਰ ਕੇ ਰੱਖਿਆ ਹੈ। ਤੁਸੀਂ ਉਹਨੂੰ ਹੁਣ ਤਾਰਪੀਡੋ ਕਰਨੈ।'' ਸਲਾਰੀਏ ਨੇ ਪੰਡਤ ਨੂੰ ਕਿਹਾ, ਪਰ ਅੱਖਾਂ ਬੰਟੀ 'ਤੇ ਰੱਖੀਆਂ।

''ਤੂੰ ਉਏ ਬੰਟੀ। ਸੁਣ ਲਿਐ? ਹੁਣ ਉਹ ਜਲਸਾ ਸੁਖੀਂ-ਸਾਂਦੀ ਨਹੀਂ ਹੋਣਾ ਚਾਹੀਦਾ।'' ਪੰਡਤ ਨੇ ਕਿਹਾ।

''ਜਨਾਬ। ਮੈਂ ਆਪਣੇ ਨਾਲ ਦੇ ਸਾਰੇ ਲਫੰਡਰ ਨਾਲ ਲੈ ਜਾਊ। ਸੱਟ-ਪੇਟ ਤੋਂ ਨਹੀਂ ਡਰਦੇ ਅਸੀਂ, ਤੇ ਨਾ ਹੀ ਛੁਰੀਆਂ ਮਾਰਨ ਤੋਂ! ਬਸ ਤੁਹਾਡਾ ਹੱਥ ਸਿਰ 'ਤੇ ਚਾਹੀਦੈ।'' ਬੰਟੀ ਨੇ ਕਿਹਾ।

''ਬਸ ਇਕ ਵਾਰ ਐਮ.ਐਲ.ਏ. ਬਣ ਲੈਣ ਦੇਹ। ਫੇਰ ਵੇਖੀ...।'' ਸਲਾਰੀਏ ਨੇ ਲੋਰ ਵਿਚ ਆ ਕੇ ਕਿਹਾ।

ਉਹਦੀ ਗੱਲ ਮੁੱਕਦਿਆਂ ਹੀ ਪੰਡਤ ਨੇ ਪੰਜ-ਪੰਜ ਸੌ ਦੇ ਚਾਰ ਨੋਟ ਸਲਾਰੀਏ ਸਾਹਬ ਨੂੰ ਵਿਖਾਕੇ ਬੰਟੀ ਦੀ ਮੁੱਠ ਵਿਚ ਦੇ ਦਿੱਤੇ। ਨਾਲ ਹੀ ਉਂਗਲ ਨਾਲ ਇਸ਼ਾਰਾ ਕਰ ਕੇ ਕਿਹਾ-

''ਅਹੁ ਪੇਟੀ ਲੈ ਜਾਈਂ। ਦੇਸੀ ਦੀਆਂ ਬਾਰਾਂ ਬੋਤਲਾਂ ਈ ਵਿਚ।''

''ਜੀ ਜਨਾਬ।'' ਬੰਟੀ ਨੇ ਕਿਹਾ, ਪਰ ਖੜ੍ਹਾ ਉਹ ਫੇਰ ਵੀ ਰਿਹਾ...

''ਜਾਹ ਹੁਣ। ਹੋਰ ... ਲੈਣਾ ਈ!'' ਪੰਡਤ ਨੇ ਉਹਨੂੰ ਖੜ੍ਹਾ ਵੇਖ ਕੇ ਕਿਹਾ।

''ਜਨਾਬ।'' ਬੰਟੀ ਨੇ ਕਿਸੇ ਭੇਤ ਭਰੇ ਢੰਗ ਨਾਲ ਸਲਾਰੀਏ ਦੇ, ਤੇ ਫੇਰ ਪੰਡਤ ਦੇ ਗੋਡੇ ਘੁੱਟੇ।

''ਦੇਹ ਪੰਡਤਾ। ਦੋ ਪੁੜੀਆਂ ਵੀ ਦੇਹ ਇਹਨੂੰ।'' ਸਲਾਰੀਏ ਤੇ ਪੰਡਤ ਉਹਦੀ ਰਮਜ਼ ਸਮਝ ਗਏ ਸਨ।

''ਲੈ ਮਾਂ--! ਲੈ ਲੈ!'' ਪੰਡਤ ਨੇ ਵੀ ਹੱਸ ਕੇ ਦੋ ਸਮੈਕ ਦੀਆਂ ਪੁੜੀਆਂ ਬੰਟੀ ਮਸੀਹ ਦੇ ਹੱਥ ਦੇ ਦਿੱਤੀਆਂ।

ਬੰਟੀ ਦੀਆਂ ਅੱਖਾਂ ਲਿਸ਼ਕ ਪਈਆਂ। ਉਹਨੇ ਸਲਾਮ ਵੱਜਾਈ ਤੇ ਟੁਰ ਪਿਆ।

''ਉਏ। ਕਿਰਪਾਨਾਂ ਲੈ ਕੇ ਜਾਇਓ ਪੰਡਤ ਕੋਲੋਂ। ਤੇ ਨਾਲੇ ਯਾਦ ਰੱਖਿਓ, ਕਿਰਪਾਨ ਪੁੱਠੀ ਮਾਰਨੀ ਐ, ਜੀਹਦੇ ਵੀ ਮਾਰੀ! ਸਿੱਧੀ ਨਹੀਂ।'' ਸਲਾਰੀਏ ਨੇ ਤੁਰੇ ਜਾਂਦੇ ਬੰਟੀ ਨੂੰ ਕਿਹਾ।

''ਜੀ ਜਨਾਬ! ਕਿਰਪਾਨਾਂ ਲੈ ਕੇ ਜਾਵਾਂਗੇ। ਤੁਸੀਂ ਹੁਣ ਚਿੰਤਾ ਨਾ ਕਰੋ, ਮੈਂ ਤੇ ਰੋਡ ਤੇ ਕੁੱਤੀ ਨਹੀਂ ਬੁੜਕਨ ਦੇਣੀ। ਤੁਸੀਂ ਅਵਾਜ਼ ਕਰਾਓ, ਚਿਹਰਾ ਕਰਾਉ, ਮੈਂ 'ਤੇ ਸਾਲਿਆਂ ਦੇ --'ਚੋਂ ਪਾਣੀ ਕੱਢ ਦਿਆਂਗਾ!'' ਬੰਟੀ ਨੇ ਸਦੀਆਂ ਤੋਂ ਬੋਲੇ ਜਾਂਦੇ ਆਪਣੇ ਉਹੀ ਅਸ਼ਲੀਲ ਬੋਲ ਬੋਲੇ, ਜਿਹੜੇ ਵਿਹੜੇ ਦੀ ਵਿਰਾਸਤ ਸਨ...

ਬੰਟੀ ਦੇ ਜਾਣ ਤੋਂ ਬਾਦ ਸਲਾਰੀਏ ਤੇ ਪੰਡਤ ਦੀਆਂ ਨਜ਼ਰਾਂ ਮਿਲੀਆਂ। ਕਿਸੇ ਗੁੱਝੀ ਰਮਜ਼ ਤੇ ਕਿਸੇ ਅਕਹਿ ਆਨੰਦ ਵਿਚ ਦੋਹੇਂ ਹੱਸ ਪਏ, ਤੇ ਪੰਡਤ ਨੇ ਕਿਹਾ-

''ਇਹ ਜੀ ਸੰਧੂ ਸਾਹਿਬ, ਸਾਡੇ ਤੁਰੱਪ ਦੇ ਪੱਤੇ ਜੇ! ਜਿਥੇ ਮਰਜ਼ੀ ਵਰਤ ਲਵੋ! ਅੰਗਰੇਜ਼ੀ ਵਿਚ ਤੁਸੀਂ ਭਲਾ ਕੀ ਆਂਹਦੇ ਹੁੰਦੇ ਜੇ ਇਹਨਾਂ ਨੂੰ?''

"Trump Card" ਹੱਸ ਕੇ ਸਲਾਰੀਏ ਸੰਧੂ ਨੇ ਕਿਹਾ।

ਇਹੋ ਬੰਟੀ ਮਸੀਹ ਸੀ, ਜਿਹਨੇ ਮੈਨੂੰ, ਯਾਨੀ ਤੁਹਾਡੇ ਇਸ ਬਿਆਨਕਰਤਾ, ਮਨਿੰਦਰ ਸਿੰਘ ਕਾਂਗ ਨੂੰ ਸਿਆਪਾ ਪਾ ਦਿੱਤਾ ਸੀ। ਮੇਰੀ ਹੀ ਮਾੜੀ ਕਿਸਮਤ ਸੀ, ਜਦੋਂ ਮੈਂ ਆਪਣੇ ਮਿੱਤਰਾਂ ਨਾਲ ਸ਼ਾਮ ਪਏ ਹਰਮੰਦਰ ਸਾਹਿਬ ਦੇ ਰਸਤਿਓਂ-ਰਸਤੇ ਲੰਘਦਾ ਅਜੀਤ ਨਗਰ ਵਲ ਜਾ ਰਿਹਾ ਸਾਂ। ਉਥੇ ਹੀ ਬੰਟੀ ਮਸੀਹ ਤੇ ਉਹਦੇ ਸਾਥੀ ਹੋ ਰਹੇ ਕਾਂਗਰਸੀ ਜਲਸੇ ਨੂੰ ਤਾਰਪੀਡੋ ਕਰ ਕੇ ਹੱਟੇ ਸਨ ਤੇ ਲੜਾਈ ਹੋ ਕੇ ਹਟੀ ਸੀ।

... ਉਥੇ ਹੀ ਬੰਟੀ ਨੇ ਖੰਜਰ ਹਵਾ ਵਿਚ ਲਹਿਰਾ ਕੇ ਕਿਹਾ ਸੀ...

''ਰੋਡ 'ਤੇ ਕੁੱਤੀ ਨਹੀਂ ਬੁੜਕਨ ਦਿਆਂਗੇ।''

...ਉਥੇ ਹੀ ਮੇਰੇ ਸਾਥੀਆਂ ਵਿਚੋਂ ਇਕ ਨੇ ਕਿਹਾ ਸੀ-

''ਮੂਰਖ ਜਾਂ ਖਾ ਮੋਏ, ਜਾਂ ਰੱਜ ਮੋਏ।''

... .ਉਥੇ ਹੀ ਮੇਰੇ ਦੂਸਰੇ ਸਾਥੀ ਨੇ ਕਿਹਾ ਸੀ-

...''ਚਿੱਟੇ ਚਾਂਭਲੇ ਹੋਏ ਨੇ।''

ਆਪਣੇ ਦੋਸਤਾਂ ਦੇ ਕਹੇ ਦਾ ਫਲ ਮੈਨੂੰ ਭੁਗਤਣਾ ਪਿਆ ਸੀ। ਆਦਿ-ਮਾਤਾ ਮੇਰੇ ਦੁਆਲੇ ਹੋ ਗਈ ਸੀ ਤੇ ਮੇਰੀ ਜਾਨ ਤਾਂ ਛੱਡਣਾ ਮੰਨੀ ਸੀ, ਜਦੋਂ ਮੈਂ ਇਹਨਾਂ ਦੇ ਜੀਵਨ ਦੀ ਬਾਤ ਪਾਉਣੀ ਮੰਨ ਲਈ ਸੀ।

ਉਂਜ ਇਹ ਗੱਲ ਵੀ ਦੱਸਣੀ ਜ਼ਰੂਰੀ ਹੈ ਕਿ ਜਿਸ ਦਿਨ ਬੰਟੀ ਨੇ ਆਪਣੀ ਲਫੰਡਰ ਪਾਰਟੀ ਨੂੰ ਲੈ ਕੇ ਕਾਂਗਰਸ ਦਾ ਜਲਸਾ ਤਾਰਪੀਡੋ ਕਰਨ ਜਾਣਾ ਸੀ, ਉਹ ਨਿਰਾ ਸਲਾਰੀਏ ਦੀਆਂ ਦਿੱਤੀਆਂ ਜੀਪਾਂ ਤੇ ਕਿਰਪਾਨਾਂ ਦਾ ਆਸਰਾ ਤੱਕ ਕੇ ਨਹੀਂ ਸੀ ਗਿਆ, ਸਗੋਂ ਉਹ ਤਕਰੀਬਨ ਸੌ ਸਾਲ ਪੁਰਾਣੇ ਉਸ ਖੰਜਰ ਨੂੰ ਵੀ ਡੱਬ ਵਿਚ ਲਾ ਕੇ ਗਿਆ ਸੀ, ਜਿਹੜਾ ਉਹਦੇ ਦਾਦਿਆਂ-ਪੜਦਾਦਿਆਂ ਨੂੰ ਗੋਰੇ ਹਾਕਮਾਂ ਕੋਲੋਂ ਮਿਲਿਆ ਸੀ। ਉਹ ਖੰਜਰ ਉਹਨੂੰ ਆਪਣੇ ਇਕੋ ਕਮਰੇ ਵਾਲੇ ਘਰਦੇ ਅੰਦਰ ਬਣੀ ਕੋਠੜੀ ਵਿਚੋਂ ਮਿਲਿਆ ਸੀ, ਜੀਹਨੂੰ ਉਹਦੀ ਦਾਦੀ ਖੋਹਲਣ ਨਹੀਂ ਸੀ ਦੇਂਦੀ। ਤੇ ਜਦੋਂ ਉਹਦੀ ਦਾਦੀ ਮਰੀ, ਉਹਨੇ ਉਹ ਕੋਠੜੀ ਮਾਂ ਦੇ ਵਿਰੋਧ ਕਰਨ 'ਤੇ ਵੀ ਖੋਹਲ ਲਈ ਸੀ......

...ਤੇ ਵਿਚੋਂ ਨਿਕਲਿਆ ਕੀ ਸੀ?

''...ਸਵਾਹ ਤੇ ਖੇਹ।''

ਕੋਠੜੀ ਵਿਚੋਂ ਇਕ ਤੇ ਗੰਦ ਚੁੱਕਣ ਵਾਲੀ ਲੋਹੇ ਦੀ ਤਸਲੀ ਤੇ ਕਾਪਾ ਮਿਲੇ ਸਨ, ਜਿਹੜੇ ਉਹਨੇ ਨਫ਼ਰਤ ਨਾਲ ਉਥੇ ਹੀ ਸੁੱਟ ਦਿੱਤੇ ਸਨ। ਤੇ ਇਕ ਉਹਨੂੰ ਖੰਜਰ ਮਿਲਿਆ ਸੀ, ਜੀਹਨੂੰ ਅੱਜ ਤਕ ਵੀ ਜੰਗ ਨਹੀਂ ਸੀ ਲੱਗਾ। ਤੇ ਜੀਹਦੇ ਤੇ ਪਤਾ ਨਹੀਂ, ਕਿਹੜੀ ਭਾਸ਼ਾ ਵਿਚ ਕੀ ਖੁਦਿਆ ਹੋਇਆ ਸੀ?

ਬੰਟੀ ਨੂੰ ਇਹ ਖੰਜਰ, ਜਿਹੜਾ ਲੋਹਾ, ਤਾਂਬਾ, ਜਿਸਤ ਤੇ ਹੋਰ ਪਤਾ ਨਹੀਂ ਕਿਹੜੀਆਂ ਧਾਤਾਂ ਮਿਕਸ ਕਰ ਕੇ ਬਣਿਆ ਸੀ, ਬੜੇ ਕੰਮ ਦਾ ਲਗਾ। ਤੇ ਉਹਨੇ ਇਹਨੂੰ ਸਦਾ ਲਈ ਡੱਬ ਵਿਚ ਲਾ ਲਿਆ ਸੀ...

– – – –

...ਤੇ ਲਉ ਬਈ ਪੜ੍ਹਦਿਓ-ਸੁਣਦਿਓ! ਤੇ ਲਓ ਬਈ ਇਰਦ-ਗਿਰਦ ਬੈਠਿਓ! ਮੈਂ ਜੇ ਤੁਹਾਡਾ ਸੇਵਕ ਕਾਂਗ, ਜੀਹਨੇ ਇਹ ਲੰਮੀ ਬਾਤ ਪਾਈ, ਤੇ ਇਹਨੂੰ ਲਿਖਤ ਦਾ ਰੂਪ ਵੀ ਦਿੱਤਾ! ਮੈਂ ਤੇ ਇਹ ਬਾਤ ਕੋਈ ਨਹੀਂ ਸੀ ਜੇ ਪਾਣੀ, ਉਹ ਤੇ ਆਦਿ ਮਾਤਾ ਨੇ ਮੇਰੇ ਗਲ ਗੂਠਾ ਦਿੱਤਾ। ਮੇਰੀ ਜਾਨ ਜਦੋਂ ਲਬਾਂ 'ਤੇ ਆਈ ਤੇ ਮੈਂ ਬਾਤ ਪੌਣੀ ਮੰਨ ਲਈ...

ਹੁਣ ਮੇਰੀ ਬੇਨਤੀ ਜੇ, ਜੋ ਮੈਂ ਉਪਰ ਬੋਲਿਆ-ਸੁਣਿਆ, ਲਿਖਿਆ-ਪੜ੍ਹਿਆ ਏ, ਉਹ ਭਾਵੇਂ ਸਾਰਾ ਭੁੱਲ ਜਾਇਓ, ਪਰ ਜਿਹੜਾ ਸਾਰ-ਤੱਤ ਮੈਂ ਹੁਣ ਦੱਸਣ ਲਗਾਂ, ਉਹ ਨਾ ਕਦੀ ਵੀ ਭੁੱਲਿਓ! ਕਿਉਂਕਿ ਇਹ ਸਾਰ-ਤੱਤ ਹੀ ਤੇ ਅਸਲ ਜੇ, ਬਾਕੀ ਸਭ ਤੇ ਮੈਂ ਆਦਿ-ਮਾਤਾ ਤੋਂ ਡਰਦਿਆਂ ਹੀ ਖਲੇਰਾ ਪਾਇਆ ਜੇ! ਲਉ, ਹੁਣ ਜ਼ਰਾ ਇਹ ਸਾਰ-ਤੱਤ ਵੀ ਪੜ੍ਹ-ਸੁਣ ਲਵੋ-

1. ਪਹਿਲਾ ਸਾਰ-ਤੱਤ ਤੇ ਇਹ ਜੇ ਪਈ ਜਦੋਂ ਆਦਿ-ਮਾਤਾ ਨੇ ਮੈਨੂੰ ਡਰਾਇਆ, ਉਦੋਂ ਇਹ ਚੂਹੜੇ (ਦਰਾਵੜ) ਆਪਣੇ ਦੋਵੇਂ ਦੇਵਤੇ ਵੀ ਗਵਾ ਚੁੱਕੇ ਸਨ। ਹੜਪਾ ਕਾਲ ਦੀ ਏਸ ਸ਼ਾਨਾਮੱਤੀ ਕੌਮ, ਜੀਹਦਾ ਨਾਂ ਚੂਹੜਾ ਸੀ, ਗੁਲਾਮ ਬਣਾ ਕੇ ਆਰੀਆਂ ਨੇ ''ਚੂਹੜੇ'' ਸ਼ਬਦ ਨੂੰ ਜਿਵੇਂ ਘਿਰਣਾ ਦਾ ਨਾਂ ਦੇ ਦਿੱਤਾ ਸੀ। ਸ਼ਿਵ ਨੂੰ ਹਿੰਦੂਆਂ ਇਹਨਾਂ ਕੋਲੋਂ ਖੋਹਕੇ ਤੇ ਮੌਤ ਦਾ ਦੇਵਤਾ, ਯਾਨੀ ਮੜ੍ਹੀਆਂ ਦਾ ਦੇਵਤਾ ਬਣਾ ਘੱਤਿਆ। ਤੇ ਆਦਿ-ਮਾਤਾ ਨੂੰ ਕਾਲੀ, ਯਾਨੀ ਖੱਪਰ ਭਰ-ਭਰ ਲਹੂ ਪੀਣ ਵਾਲੀ ਬਣਾ ਘੱਤਿਆ ਸੀ।

2. ਜਦ ਚੌਥੇ ਗੁਰੂ ਰਾਮਦਾਸ ਜੀ ਨੇ ਇਹਨਾਂ ਨੂੰ ਪਨਾਹ ਦਿੱਤੀ, ਇਹਨਾਂ ਦੇ ਨਰਕ ਵਾਲੇ ਜੀਵਨ ਦੇ ਲਗਭਗ ਤਿੰਨ੍ਹ ਕੁ ਹਜ਼ਾਰ ਸਾਲ ਹੋ ਗਏ ਸਨ। ਗੁਰੂ ਰਾਮਦਾਸ ਜੀ ਨੂੰ ਵੀ ਜਦੋਂ ਪਤਾ ਲਗਾ ਕਿ ਇਹਨਾਂ ਦੇ ਲੰਗਰ ਵਿਚ ਵੜਨ ਨਾਲ ਬਹੁਤੀ ਸੰਗਤ ਲੰਗਰ ਛੱਡ ਗਈ ਹੈ, ਉਦੋਂ ਉਹਨਾਂ ਵੀ ਹੌਕਾ ਭਰਿਆ ਸੀ।

-ਤੇ ਇਹੀ ਹੌਕਾ ਬਾਬੇ ਬੁੱਢੇ ਜੀ ਨੇ ਵੀ ਭਰਿਆ ਸੀ, ਜਦ ਉਹਨਾਂ ਨੂੰ ਪਤਾ ਲਗਾ ਕਿ ਹੁਣ ਇਹ ਗੰਦ ਚੁੱਕਣ ਦਾ ਕੰਮ ਕਰਦੇ ਨੇ।

3. ਮੁਸਲਮਾਨਾਂ ਵੀ ਜਦੋਂ ਇਹਨਾਂ ਨੂੰ ਕਲਮਾ ਪੜ੍ਹਾਇਆ, ਹੱਥ ਛੁਰੀ ਦੇ ਕੇ ਕਸਾਈ ਬਣਾਇਆ। ਬਾਕੀ ਬਚਦਿਆਂ ਨੂੰ ਮੁਸੱਲੀ ਬਣਾ ਧਰਿਆ। ਹਿੰਦੂਆਂ ਇਸ ਤੋਂ ਵੀ ਕਮਾਲ ਕੀਤੀ। ਕਦੀ ਇਹਨਾਂ ਦੇ ਚਮਾਰ ਭਰਾਵਾਂ ਨੂੰ ''ਮਹਾਸ਼ੇ'' ਨਾਂ ਦੇ ਦਿੱਤਾ, ਤੇ ਕਦੀ ਸਾਂਝਾ ਨਾਂ ''ਹਰੀਜਨ'' ਰੱਖ ਛੱਡਿਆ।

4. ਸਿੱਖਾਂ ਦੇ ਰਾਜ ਵਿਚ ਤਾਂ ਇਹਨਾਂ ਨੂੰ ਮਹਾਰਾਜੇ ਦੇ ਦਰਸ਼ਨ ਵੀ ਨਸੀਬ ਨਹੀਂ ਸਨ ਹੋਏ, ਜਿਸ ਕਾਰਨ ਭਾਈ ਮਨਸਾ ਸਿੰਘ ਜੀ ਨੇ ਮਹਾਰਾਜੇ ਲਈ ਬੂਹੇ ਢੋਅ ਲਏ ਸਨ।

5. ਅੰਗਰੇਜ਼ਾਂ ਨੇ ਇਹਨਾਂ ਦੇ ਇਕ ਹੱਥ ਬਾਈਬਾਲ ਦਿੱਤੀ, ਦੂਜੇ ਹੱਥ ਖੰਜਰ ਦਿੱਤਾ, ਜਿਹੜਾ ਕਿ ਸਦੀਆਂ ਤੋਂ ਇਹਨਾਂ ਦੇ ਹੱਥ ਵਿਚ ਹੈ। ਘੁੱਕ ਹੋਰ ਕੋਈ ਨਹੀਂ, ਇਸੇ ਬੰਟੀ ਮਸੀਹ ਦਾ ਹੀ ਪੜਦਾਦਾ ਸੀ, ਜੀਹਨੂੰ ਰਿਚਰਡ ਕਲੈਚੀ ਨੇ 1919 ਵਿਚ ਖੰਜਰ ਸੌਂਪਿਆ ਸੀ।

6. ਅੱਜ ਬੰਟੀ ਮਸੀਹ, ਸੰਨ 1997 ਵਿਚ ਉਹੀ ਖੰਜਰ ਲੈ ਕੇ ਬੜ੍ਹਕਾਂ ਮਾਰ ਰਿਹਾ ਹੈ, ਨਸ਼ੇ ਵਿਚ ਟੱਲੀ ਹੈ, ਜਿਵੇਂ ਕਦੀ ਅੱਸੀ ਸਾਲ ਪਹਿਲਾਂ ਉਹਦਾ ਪੜਦਾਦਾ ਘੁੱਕ ਹੋਇਆ ਸੀ-

7. ਤੇ ਆਖਰੀ ਗੱਲ, ਜਿਹੜੀ ਦੱਸਣੀ ਸਭ ਤੋਂ ਜ਼ਰੂਰੀ ਹੈ, ਕਿ ਇਹ ਸਲਾਹੀਆ ਸੰਧੂ, ਜਿਹੜਾ ਅੱਜ ਇਲੈਕਸ਼ਨ ਲੜਕੇ ਅਕਾਲੀ ਪਾਰਟੀ ਦਾ ਐਮ.ਐਲ.ਏ. ਬਣਨ ਵਲ ਵਧ ਰਿਹਾ ਹੈ, ਭਾਵ ਕਿ ਸਰਕਾਰ ਦਾ ਹੀ ਹਿੱਸਾ ਬਣੇਗਾ! ਇਹ ਸਲਾਹੀਆ ਉਸੇ ਸਵਰਨੇ ਜੱਟ ਦਾ ਪੜਪੋਤਾ ਹੈ, ਜੀਹਨੇ ਕਦੀ ਬੰਟੀ ਦੇ ਪੜਦਾਦੇ ਘੁੱਕ ਨੂੰ ਅਣਜਾਣ ਰਾਹਾਂ ਵੱਲ ਤੋਰਿਆ ਸੀ।

*(ਸਮਾਪਤ)*

# ਗੁਆਚੀ ਹੋਈ ਖ਼ੁਸ਼ਬੂ

ਅਫ਼ਜ਼ਲ ਅਹਿਸਨ ਰੰਧਾਵਾ



ਮੈਂ ਕਿਹੜੀ ਕਹਾਣੀ ਲਿਖਾਂ। ਜਦੋਂ ਮੈਂ ਕਹਾਣੀ ਲਿਖਣ ਦੀ ਸੋਚਦਾ ਹਾਂ, ਕਿੰਨੀਆਂ ਹੀ ਕਹਾਣੀਆਂ ਮੇਰੇ ਚਾਰ-ਚੁਫ਼ੇਰੇ ਆ ਕੇ ਖਲੋ ਜਾਂਦੀਆਂ ਨੇ। ਕਿਸੇ ਕਹਾਣੀ ਦੇ ਹੱਥ ਮਿਹਨਤ ਮੁਸ਼ੱਕਤ ਕਰ ਕੇ ਖੁਰਦਰੇ ਹੋ ਗਏ ਨੇ, ਕਿਸੇ ਕਹਾਣੀ ਦੇ ਵਾਲ ਮਿੱਟੀ ਵਿਚ ਮਿੱਟੀ ਹੋ ਗਏ ਨੇ। ਕਿਸੇ ਕਹਾਣੀ ਦੇ ਸਿਰ 'ਤੇ ਚੁੰਨੀ ਨਹੀਂ- ਕਿਸੇ ਕਹਾਣੀ ਦੇ ਸੁਹਣੇ ਚਿਹਰੇ 'ਤੇ ਬਾਰੂਦ ਦੀ ਸੜਾਂਦ ਤੇ ਲਹੂ ਦੇ ਦਾਗ਼ ਨੇ - ਕਿਸੇ ਕਹਾਣੀ ਦਾ ਮੱਖਣ ਵਰਗਾ ਜੁੱਸਾ ਜਹਾਜ਼ ਦੀ ਸਟਰੈਫ਼ਿੰਗ ਨਾਲ ਛਾਨਣੀ ਏ- ਕਿਸੇ ਕਹਾਣੀ ਦੀ ਬਾਂਹ ਵੱਢੀ ਏ - ਕਿਸੇ ਦੀ ਲੱਤ ਹੈ ਨਹੀਂ - ਕਿਸੇ ਦੀਆਂ ਅੱਖੀਆਂ ਟੁਰ ਗਈਆਂ - ਕਿਸੇ ਦਾ ਗੋਸ਼ਤ ਨੇਪਾਮ ਬੰਬ ਦੀ ਅੱਗ ਨਾਲ ਛਾਨਣੀ ਏ।

ਚਾਰ-ਚੁਫ਼ੇਰੇ ਵੇਖਣਾ ਆਂ ਤੇ ਮੇਰੀ ਕੋਈ ਵੀ ਕਹਾਣੀ ਸਾਲਮ ਨਹੀਂ। ਕਿਸੇ ਦੇ ਲੀੜੇ ਵੀ ਪੂਰੇ ਤੇ ਪਿੰਡਾ ਢੱਕਣ ਵਾਲੇ ਨਹੀਂ - ਕਿਸੇ ਦਾ ਹੁਸਨ ਵੀ ਕਾਇਮ ਨਹੀਂ ਰਿਹਾ - ਸਭ ਬਦਸੂਰਤੀ ਦੇ ਗਹਿਰੇ ਸਾਏ ਥੱਲੇ ਨੇ ਪਰ ਬਦਸੂਰਤੀ ਵੀ ਤੇ ਇਕ ਹੁਸਨ ਏ ਤੇ ਸ਼ਾਇਰ-ਅਦੀਬ ਤੇ ਅਜ਼ਲ ਤੋਂ ਹੁਸਨ ਵੰਡਦਾ ਤੇ ਹੁਸਨ ਨੂੰ ਸਰਾਹੁੰਦਾ ਆਇਆ ਏ ਤੇ ਮੈਂ ਕਿਉਂ ਬਦਸੂਰਤੀ ਨੂੰ ਹੁਸਨ ਦੀ ਝੂਠੀ ਚਾਦਰ ਵਿਚ ਲਵੇਟ ਕੇ ਲੋਕਾਂ ਨੂੰ ਵਿਖਾਂਦਾ ਆਂ। ਚਾਦਰ ਲਾਹ ਕੇ ਕਿਉਂ ਨਹੀਂ ਦਸਦਾ? ਪਰ ਇਹਦੀ ਵੀ ਕੀ ਲੋੜ ਏ। ਮੇਰੀਆਂ ਸਾਰੀਆਂ ਕਹਾਣੀਆਂ ਦਾ ਜਨਮ ਵੀ ਮਿੱਟੀ 'ਚੋਂ ਹੋਇਆ ਏ ਤੇ ਇਨ੍ਹਾਂ ਦੇ ਪੈਰ ਵੀ ਮਿੱਟੀ ਉਤੇ ਨੇ। ਇਨ੍ਹਾਂ ਦੀ ਬਦਸੂਰਤੀ ਵਿਚ ਵੀ ਮਿੱਟੀ ਦੀ ਪੀੜ ਏ ਤੇ ਇਹੋ ਈ ਪੀੜ ਇਨ੍ਹਾਂ ਨੂੰ ਬਦਸੂਰਤ ਕਰਦੀ ਏ ਪਰ ਹੁਣ ਮੈਂ ਬਦਸੂਰਤ ਦਾ ਲਫ਼ਜ਼ ਨਹੀਂ ਲਿਖਾਂਗਾ ਕਿਉਂ ਜੋ ਮਿੱਟੀ ਦਾ ਜ਼ਖ਼ਮ - ਮਿੱਟੀ ਦਾ ਦੁੱਖ - ਮਿੱਟੀ ਦੀ ਸਾਂਝ - ਕਦੀ ਵੀ ਬਦਸੂਰਤੀ ਨਹੀਂ ਸਗੋਂ ਖ਼ੂਬਸੂਰਤੀ ਦਿੰਦੇ ਨੇ ਪਰ ਮਿੱਟੀ ਇਨਸਾਨ ਦੇ ਪੈਦਾ ਹੋਣ ਤੋਂ ਪਹਿਲਾਂ ਵੀ ਇਹੋ ਜਿਹੀ ਸੀ। ਸਗੋਂ ਇਨਸਾਨ ਨੇ ਮਿੱਟੀ ਨੂੰ ਜ਼ਖ਼ਮ - ਦੁੱਖ - ਦਰਦ ਤੇ ਬਦਸੂਰਤੀਆਂ ਦਿੱਤੀਆਂ - ਮਿੱਟੀ ਨੇ ਤਾਂ ਸਦਾ ਇਨਸਾਨ ਦੀ ਸੂਰਤ ਵੇਖਣ ਤੋਂ ਬਗ਼ੈਰ ਆਸਰਾ ਦਿੱਤਾ ਤੇ ਕਹਿੰਦੀ ਰਵ੍ਹੇਗੀ : ਇਨਸਾਨ ਮਿੱਟੀ ਤੇ ਆਸਰਾ!

ਪਰ ਇਨਸਾਨ ਕੋਲੋਂ ਮਿੱਟੀ ਦਾ ਆਸਰਾ ਖੋਹਣ ਵਾਲਾ ਕੌਣ ਏ? ਮੇਰੇ ਕੋਲੋਂ ਮੇਰੀ ਪੱਗ ਤੇ ਮੇਰੀ ਜੁੱਤੀ ਕੀਹਨੇ ਖੋਹੀ ਜਿਹੜੀ ਮੈਂ ਆਪਣੇ ਦਾਣੇ ਵੇਚ ਕੇ ਲਿਆਂਦੀ ਸੀ? ਦਾਣੇ, ਜਿਹੜੇ ਮੈਂ ਆਪਣਾ ਮੁੜ੍ਹਕਾ ਮਿੱਟੀ ਦੇ ਮੁੜ੍ਹਕੇ ਵਿਚ ਰਲਾ ਕੇ ਮਿੱਟੀ 'ਚੋਂ ਕੱਢੇ ਸਨ। ਮੇਰੇ ਅੰਦਰੋਂ ਮੇਰਾ ਸਾਰਾ ਲਹੂ ਕਿਸ ਮਸ਼ੀਨ ਨੇ ਨਿਚੋੜ ਲਿਆ ਏ, ਜਿਹੜਾ ਮੈਂ ਆਪਣਾ ਤੇ ਆਪਣੇ ਬਾਲ-ਬੱਚੇ ਦੇ ਢਿੱਡ ਭਰਨ ਦਾ ਠੇਕਾ ਕਰਨ ਦੇ ਭੁਲੇਖੇ ਖੁਆ ਬੈਠਾ ਤੇ ਮੇਰਾ ਢਿੱਡ ਕਿਉਂ ਖ਼ਾਲੀ ਏ?

ਮੇਰਾ ਸਾਰਾ ਲਹੂ ਮਸ਼ੀਨ ਨੂੰ ਦੇਣ ਬਾਦੋਂ ਵੀ ਮੇਰੇ ਬਾਲ ਭੁੱਖੇ ਕਿਉਂ ਨੇ। ਮੇਰੀ ਮਿੱਟੀ ਉਤੇ ਲੀਕਾਂ ਕਿਹਨੇ ਖਿੱਚ ਦਿੱਤੀਆਂ ਤੇ ਕਿਉਂ? ਜਮੀਲਾ ਦੇ ਹੁਸਨ ਨੂੰ ਅਲਜੇਰੀਆ ਦੀ ਕਿਹੜੀ ਸ਼ੈਅ ਵਿਗਾੜ ਦਿੱਤਾ? ਵੀਅਤਨਾਮ ਦੇ ਹਰੇ-ਭਰੇ ਜੰਗਲਾਂ ਤੇ ਨਿੱਕੇ ਨਿੱਕੇ ਘਰਾਂ ਨੂੰ ਕਿਸ ਸਵਾਹ ਦਾ ਢੇਰ ਬਣਾ ਦਿੱਤਾ? ਸਹਿਰਾਏ -ਸੀਨੇ ਵਿਚ ਲਹੂ ਕਿਉਂ ਤੇ ਕਿਸ ਰੇਤ 'ਤੇ ਰੋੜ੍ਹ ਕੇ ਰੇਤ ਦਾ ਰੰਗ ਬਦਲਾ ਦਿੱਤਾ? ਕਾਲੇ ਗੋਰੇ ਨਫ਼ਰਤ ਨਾਲ ਗਟਰ ਦਾ ਭਰਾ ਸਮਝ ਕੇ ਗਟਰ ਵਿਚ ਕਿਉਂ ਸੁੱਟ ਦਿੱਤਾ?

ਇਨਸਾਨ ਜੇ ਜਮਾਂਦਰੂ ਆਜ਼ਾਦ ਏ ਤਾਂ ਫੇਰ ਉਹਨੂੰ ਗ਼ੁਲਾਮ ਬਣਾਉਣ ਲਈ ਸਾਇੰਸ ਨੇ ਏਡੀਆਂ ਇਜਾਦਾਂ ਕਿਉਂ ਕੀਤੀਆਂ ਨੇ। ਮਿੱਟੀ ਜੇ ਮੁਕੱਦਸ ਏ ਤੇ ਫੇਰ ਉਹਦੇ ਸੀਨੇ ਉਤੇ ਰੋਜ਼ ਜ਼ਖ਼ਮ ਲਾ ਕੇ ਉਹਦਾ ਪਿੰਡਾ ਕਿਉਂ ਛਲਣੀ ਕੀਤਾ ਜਾਂਦਾ ਏ? ਰੱਬ ਜੇ ਆਸਰਾ ਏ ਤੇ ਫੇਰ ਇਨਸਾਨ ਕੋਲੋਂ ਉਹਦਾ ਆਸਰਾ ਕਿਉਂ ਖੋਹ ਲਿਆ ਜਾਂਦਾ ਏ? ਰੱਬ, ਮਿੱਟੀ ਇਨਸਾਨ ਤੇ ਆਸਰਾ ਜੇ ਇਕ ਚਕੋਰ ਏ ਤੇ ਫੇਰ ਕਿਹੜਾ ਹੱਥ ਇਨ੍ਹਾਂ ਲੀਕਾਂ ਤੇ ਪੂੰਝੇ ਮਾਰ ਕੇ ਇਨ੍ਹਾਂ ਨੂੰ ਮਿਟਾਉਣ ਦਾ ਚਾਰਾ ਕਰਦਾ ਏ? ਤੇ ਜਦੋਂ ਨਾਜ਼ੀ ਆਕਸਫੋਰਡ ਦੇ ਲਹਿਜੇ ਵਿਚ ਅੰਗਰੇਜ਼ੀ ਬੋਲਦੀ ਬੋਲਦੀ ਉਹ ਪੰਜਾਬੀ ਬੋਲੀ ਸੁਣ ਕ ਮੇਰੇ ਵੱਲ ਮੋਹਣੀਆਂ ਸ਼ਰਬਤੀ ਅੱਖਾਂ ਨਾਲ ਸਵਾਲੀਆ ਅੰਦਾਜ਼ ਵਿਚ ਵੇਖਦੀ ਏ।

ਰੱਬ ਵਰਗਾ ਆਸਰਾ ਤੇਰਾ.... ਵਸਦਾ ਰਹੁ ਮਿੱਤਰਾ ਤੇ ਉਹਨੂੰ ਕੀ ਜਵਾਬ ਦਿਆਂ? ਆਖਾਂ! ਰੱਬ ਕੋਲ ਹੋਰ ਬੜੇ ਕੰਮ ਨੇ। ਦੁਨੀਆ ਵੱਧ ਗਈ ਏ। ਮਸਾਇਲ ਵੱਧ ਗਏ। ਉਹ ਵਿਹਲਾ ਨਹੀਂ ਤੇ ਆਸਰਾ! ਆਸਰਾ ਕਿਹਦਾ ਤੇ ਕਾਹਦਾ? ਜਦੋਂ ਆਸਰਿਆਂ ਦੀ ਤਾਦਾਦ ਤੋਂ ਕਈ ਹਜ਼ਾਰ ਗੁਣਾ ਵੱਧ ਉਹਨਾਂ ਲੋਕਾਂ ਦੀ ਤਾਦਾਦ ਏ ਜਿਹੜੇ ਆਸਰੇ ਖੋਂਹਦੇ ਨੇ।

ਚਾਚਾ ਟਹਿਲ ਸਿੰਘ ਠੀਕ ਆਖਦਾ ਹੁੰਦਾ ਸੀ 'ਪੁੱਤਰਾ! ਅਸੀਂ ਸਾਰੇ ਈ ਕਹਾਣੀਆਂ ਆਂ ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।'

ਆਹੋ, ਚਾਚਾ ਟਹਿਲ ਸਿੰਘ! ਤੂੰ ਠੀਕ ਆਖਦਾ ਸੈਂ। ਅਜੇ ਕਲ੍ਹ ਦੀ ਗੱਲ ਏ ਜਦੋਂ ਤੂੰ ਇਥੇ ਇਸ ਮਿੱਟੀ ਦਾ ਪੁੱਤਰ, ਇਸ ਮਿੱਟੀ ਵਿਚੋਂ ਕੱਢੇ ਸੋਨੇ ਦੀਆਂ ਮੌਜਾਂ ਮਾਣਦਾ ਸੈਂ। ਇਹ ਮਿੱਟੀ ਤੈਨੂੰ ਲਾਡਲੇ ਪੁੱਤਰਾਂ ਵਾਂਗਰ ਲਾਡ ਲਡਾਉਂਦੀ ਸੀ। ਹਵਾ ਨਾਲੋਂ ਤੇਜ਼ ਦੌੜਨ ਵਾਲਿਆਂ ਘੋੜਿਆਂ ਦੀ ਸਾਰੇ ਬਾਹਰੇ ਵਿਚ ਧੁੰਮ ਸੀ। ਤੇਰੇ ਧਨੀ ਦੇ ਢੱਗੇ, ਲੋਕ ਦੂਰੋਂ ਦੂਰੋਂ ਵੇਖਣ ਆਉਂਦੇ ਸਨ। ਤੇਰੀਆਂ ਨੀਲੀ ਦੀਆਂ ਮੱਝਾਂ ਦੇ ਨਾਲ ਦੀਆਂ ਸਾਰੇ ਪੰਜਾਬ ਵਿਚ ਕਿਸੇ ਕੋਲ ਨਹੀਂ ਸਨ। ਤੇਰੇ ਦਲਾਨ, ਰੰਗੀਨ ਮੰਜੀਆਂ ਤੇ ਪੱਟੀਆਂ, ਰੰਗ ਬਿਰੰਗੀਆਂ ਫੁਲਕਾਰੀਆਂ, ਰਜਾਈਆਂ ਤੇ ਸੁਹਣੀਆਂ ਖੇਸੀਆਂ ਨਾਲ ਭਰੀਆਂ ਰਹਿੰਦੀਆਂ ਸਨ। ਤੇਰੇ ਬੂਹੇ ਤੋਂ ਕਦੇ ਕਈ ਲੋੜਵੰਦ ਖਾਲੀ ਹੱਥ ਨਹੀਂ ਸੀ ਗਿਆ। ਤੂੰ ਵੱਡਾ ਸਰਦਾਰ ਹੋ ਕੇ ਵੀ ਆਪਣੇ ਨੌਕਰ ਨੂੰ ਪੁੱਤਰਾਂ ਵਾਂਗੂੰ ਰੱਖਦਾ ਸੈਂ। ਪਿੰਡ ਦੀ ਧੀ-ਭੈਣ ਸਮਝਦਾ ਸੈਂ। ਹਰ ਇਕ ਦੀ ਪੀੜ ਵਿਚ ਤੇਰੀ ਸਾਂਝ ਸੀ।

ਭੈਣੀ ਸਾਹਿਬ ਵਾਲੇ ਗੁਰੂ ਦਾਇਰੇ ਵਾਲੇ ਬੋਹੜ ਥੱਲੇ ਸੰਗਤਾਂ ਲਾਈ ਬੈਠੇ ਸਨ। ਤੇਰੀ ਹਵੇਲੀ, ਵਿਚ ਸੈਂਕੜਿਆਂ ਪ੍ਰਾਹੁਣਿਆਂ ਲਈ ਪ੍ਰਸ਼ਾਦੇ ਪੱਕ ਰਹੇ ਸਨ। ਬੇਸਮਝ ਮੁੰਡੇ ਲੁਕ-ਲੁਕ ਕੇ ਬੋਲੀਆਂ ਪਾਉਂਦੇ ਫਿਰਦੇ ਸਨ।

ਕਣਕਾਂ ਖਾਣ ਦੇ ਮਾਰੇ.... ਆ ਗਏ ਨਾਮਧਾਰੀਏ

ਸਾਰੇ ਪਿੰਡ ਵਿਚ ਮੇਲਾ ਲੱਗਾ ਹੋਇਆ ਸੀ। ਅਸੀਂ ਵੀ ਨਿੱਕੇ ਨਿੱਕੇ ਗੁਰੂ ਹੋਰਾਂ ਦੇ ਦਰਸ਼ਨ ਕਰਨ ਗਏ। ਹੋਰ ਵੀ ਲੋਕ ਦੂਰੋਂ-ਦੂਰੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਹੋਏ ਸਨ। ਤੂੰ, ਪਾ ਸਿੰਘ ਤੇ ਮੈਨੂੰ ਫੜ ਕੇ ਗੁਰੂ ਹੋਰਾਂ ਸਾਹਮਣੇ ਖਲ੍ਹਾਰ ਦਿੱਤਾ।

"ਇਹ ਮੇਰੇ ਪੁੱਤਰ ਨੇ।" ਤੂੰ ਆਖਿਆ। ਪਾਲੇ ਦਾ ਸਿਰ ਨੰਗਾ ਸੀ ਤੇ ਉਸ ਨਿੱਕਾ ਜਿਹਾ ਜੂੜਾ ਘੁੱਟ ਕੇ ਬੰਨ੍ਹਿਆ ਹੋਇਆ ਸੀ। ਗੁਰੂ ਹੋਰਾਂ ਪਹਿਲੇ ਉਹਦੇ ਸਿਰ 'ਤੇ ਪਿਆਰ ਦਿੱਤਾ ਤੇ ਤੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ, ਜਿਵੇਂ ਪੁੱਛਦੇ ਹੋਣ ਇਹ ਦੂਜਾ ਮੁਸਲਮਾਨ ਮੁੰਡਾ ਕੌਣ ਏ ਤੇ ਤੂੰ ਆਖਿਆ, "ਮੇਰੇ ਭਰਾ ਦਾ ਪੁੱਤਰ ਏ।"

ਤੇ ਗੁਰੂ ਹੋਰਾਂ ਹੱਸ ਕੇ ਦੋਵਾਂ ਹੱਥਾਂ ਨਾਲ ਮੇਰੇ ਸਿਰ 'ਤੇ ਪਿਆਰ ਦਿੱਤਾ ਤੇ ਦੁਆ ਵੀ ਦਿੱਤੀ।

ਫੇਰ ਚਾਚਾ! ਤੇਰੀ ਸਾਵੀ ਘੋੜੀ ਨੇ, ਜਿਹੜੀ ਤੂੰ ਮਹਾਰਾਜਾ ਕਪੂਰਥਲੇ ਕੋਲੋਂ ਉਸ ਜ਼ਮਾਨੇ ਵਿਚ ਦਸ ਹਜ਼ਾਰ ਦੀ ਲਈ ਸੀ, ਬੜੀਆਂ ਆਸਾਂ ਤੇ ਸੱਧਰਾਂ ਦੀ ਵਛੇਰੀ ਦਿੱਤੀ। ਤੇਰੀ ਉਸ ਵਛੇਰੀ ਵਿਚ ਜਾਨ ਸੀ ਤੇ ਬੜਾ ਚਿਰ ਮਗਰੋਂ ਮੈਨੂੰ ਪਤਾ ਲੱਗਾ ਜੇ ਉਹ ਵਛੇਰੀ ਬੇਬਹਾ ਮੁੱਲ ਦੀ ਸੀ। ਉਦੋਂ ਵਛੇਰੀ ਮਸਾਂ ਈ ਛੇਆਂ ਮਹੀਨਿਆਂ ਦੀ ਹੋਵੇਗੀ। ਮੈਂ ਇਕ ਦਿਨ ਖੇਡਦਾ ਖੇਡਦਾ ਤੇਰੇ ਘਰ ਚਲਾ ਗਿਆ। ਸੋਨੇ ਦੇ ਦਿਲ ਵਾਲੀ ਚਾਚੀ ਨੇ ਸਦਕੇ ਵਾਰੀ ਹੋ ਕੇ ਘੁੱਟ ਕੇ ਦੋਹਾਂ ਹੱਥਾਂ ਦਾ ਪਿਆਰ ਮੇਰੇ ਸਿਰ 'ਤੇ ਦਿੱਤਾ, ਮੱਥਾ ਚੁੰਮਿਆ ਤੇ ਮੈਨੂੰ ਗੋਦੀ ਬਿਠਾ ਲਿਆ। ਇਕ ਰੋਟੀ ਦੀ ਚੂਰੀ ਕੁੱਟ ਕੇ ਉਤੇ ਸ਼ੱਕਰ ਪਾ ਕੇ ਮੈਨੂੰ ਧੱਕੇ ਨਾਲ ਖਵਾਉਣ ਲਗ ਪਈ। ਏਨੇ ਚਿਰ ਵਿਚ ਪਾਲਾ ਆ ਗਿਆ ਤੇ ਅਸੀਂ ਦੋਵੇਂ ਖੇਡਦੇ ਮਲ੍ਹਦੇ ਹਵੇਲੀ ਆ ਗਏ। ਭਾਊ ਰਤਨ ਸਿੰਘ ਹਵੇਲੀ ਵਿਚ ਸੀ। ਉਹਦੀ ਬਾਂਦਰੀ ਬੰਦਿਆਂ ਵਾਂਗ ਵੇਲਣੇ ਵਿਚ ਗੰਨੇ ਲਾ ਰਹੀ ਸੀ। ਭਾਊ ਧੂੜ ਵਿਚ ਸੋਡਾ ਪਾ ਕੇ ਉਤੋਂ ਮੈਲ ਲਾਹ ਰਿਹਾ ਸੀ। (ਮੈਨੂੰ ਅਜੇ ਤੀਕਰ ਯਾਦ ਏ ਭਾਊ ਦਾ ਗੁੜ ਸਾਰੇ ਪਿੰਡ ਦੇ ਗੁੜ 'ਚੋਂ ਚਿੱਟਾ ਤੇ ਸਾਫ ਹੁੰਦਾ ਸੀ) ਨਿੱਕੂ ਈਸਾਈ ਚੁੰਬਾ ਝੋਕਣ ਡਿਹਾ ਸੀ। ਭਾਊ ਚੁੰਬੇ ਦੇ ਧੂੰਏਂ ਤੇ ਗੁੜ ਦੇ ਧੂੜ 'ਚੋਂ ਉਠਣ ਵਾਲੇ ਭਾਫ਼ ਵਿਚ ਲੁਕਿਆ ਲਗਦਾ ਸੀ ਪਰ ਉਸ ਪਾਲੇ ਤੇ ਮੈਨੂੰ ਵੇਖ ਲਿਆ -

"ਰੌਹ ਪੀ!"

"ਗੁੜ ਖਾ!"

"ਗੰਨਾ ਚੂਪ ਲੈ!"

"ਬਹਿ ਜਾ- ਉਏ ਮੁੰਡਿਆ! ਮੰਜੀ ਪਰ੍ਹਾਂ ਧੁੱਪੇ ਕਰ ਦੇ ਵੀਰ ਨੂੰ।"

ਖੌਰੇ ਭਾਊ ਰਤਨ ਸਿੰਘ ਮੇਰੇ 'ਤੇ ਕਿੰਨੇ ਕੁ ਹੁਕਮ ਲਾ ਦਿੱਤੇ ਪਰ ਮੇਰਾ ਧਿਆਨ ਉਸ ਵਛੇਰੀ ਵਲ ਚਲਾ ਗਿਆ ਤਾਂ ਮੈਂ ਤੇ ਪਾਲ ਸਿੰਘ, ਕੋਲ ਜਾ ਕੇ ਵਛੇਰੀ ਵੇਖਣ ਲਗ ਪਏ। ਰੱਜ ਕੇ ਸੁਹਣੀ ਵਛੇਰੀ ਤਸਵੀਰ ਲਗਦੀ ਸੀ। ਖੌਰੇ ਕਿਧਰੋਂ ਚਾਚਾ ਟਹਿਲ ਸਿੰਘ ਆ ਗਿਆ ਤੇ ਖੌਰੇ ਕਿਸ ਮੂਰਖਪੁਣੇ ਵਿਚ ਮੈਂ ਉਹਦੀ ਗੋਦੀ ਚੜ੍ਹਿਆ, ਉਸ ਵਛੇਰੀ 'ਤੇ ਚੜ੍ਹਣ ਦੀ ਜ਼ਿਦ ਕੀਤੀ। ਸੱਤਾਂ ਵਰ੍ਹਿਆਂ ਦੇ ਬਾਲ ਵਿਚ ਸਮਝ ਕਿੰਨੀ ਕੁ ਹੁੰਦੀ ਏ ਪਰ ਚਾਚਾ! ਤੂੰ ਇਕ ਵਾਰੀ ਮੈਨੂੰ ਨਾ ਮੋੜਿਆ, ਨਾ ਸਮਝਾਇਆ ਤੇ ਉਸ ਮਾਸੂਮ ਤੇ ਬੇਬਹਾ ਮੁੱਲ ਦੀ ਵਛੇਰੀ ਨੂੰ ਫੜ ਕੇ ਲਗਾਮ ਨੂੰ ਗੰਢਾਂ ਦੇ ਦੇ ਕੇ ਛੋਟੀ ਕਰ ਕੇ ਉਹਦੀ ਲਗਾਮ ਦੇ ਦਿੱਤੀ। ਜਿਹੜਾ ਬੰਦਾ ਜਿਥੇ ਸੀ ਹੈਰਾਨੀ ਨਾਲ ਬੁੱਤ ਬਣ ਗਿਆ। ਭਾਊ ਪੱਕੇ ਹੋਏ ਧੂੜ ਨੂੰ ਛੱਡ ਕੇ ਖਲੋ ਗਿਆ। ਹਰ ਬੰਦਾ ਚਾਚਾ! ਤੇਰੇ ਵੱਲ ਵੇਖਣ ਡਿਹਾ ਸੀ, ਜਿਹੜਾ ਤੂੰ ਇਕ ਬਾਲ ਦੇ ਮੂਰਖਪੁਣੇ ਨਾਲ ਆਪ ਵੀ ਬਾਲ ਬਣ ਗਿਆ ਸੈਂ ਪਰ ਤੇਰੇ ਕੰਮਾਂ ਵਿਚ ਦਖ਼ਲ ਦੇਣ ਦੀ ਜੁਰੱਅਤ ਕਿਹਨੂੰ ਸੀ? ਫੇਰ ਤੂੰ ਮੋਢੇ ਵਾਲੀ ਖੱਦਰ ਦੀ ਚਾਦਰ ਨਾਲ ਟੱਪਦੀ-ਨੱਚਦੀ ਘਬਰਾਈ ਹੋਈ ਤੇ ਪਰੇਸ਼ਾਨੀ ਨਾਲ ਨਿਢਾਲ ਹੋਈ ਵਛੇਰੀ 'ਤੇ ਕਾਠੀ ਪਾਈ ਤੇ ਫੇਰ ਉਹਦੇ ਮਾਸੂਮ ਨਿੱਕੇ ਨਰਮ ਤੇ ਨਰੋਏ ਲੱਕ 'ਤੇ ਪਾ ਕੇ ਤੰਗ ਨੂੰ ਗੰਢਾਂ ਦੇ ਕੇ ਕੱਸ ਦਿੱਤਾ।

ਅੱਜ ਸੋਚਨਾ ਆਂ ਕਿ ਛੇਆਂ ਮਹੀਨਿਆਂ ਦੀ ਦੁੱਧ ਪੀਂਦੀ ਕੋਮਲ ਬਾਲੜੀ ਵਛੇਰੀ ਦੀ ਜਾਨ ਲੈਣ ਲਈ ਤਾਂ ਏਨਾ ਦੁੱਖ ਤੇ ਸਦਮਾ ਈ ਬੜਾ ਸੀ। ਪਰ ਚਾਚਾ! ਫੇਰ ਤੂੰ ਮੈਨੂੰ ਉਹਦੇ ਉਤੇ ਚਾੜ੍ਹ ਕੇ ਉਹਨੂੰ ਅੱਗੋਂ ਫੜ ਕੇ ਹਵੇਲੀ ਦੇ ਦੋ ਫੇਰੇ ਲਾਏ ਤੇ ਵਛੇਰੀ ਦੁੱਖ ਸਦਮੇ ਨਾਲ ਨਿਢਾਲ ਹੋ ਕੇ ਡਿੱਗ ਕੇ ਮਰ ਗਈ। ਮਹਾਰਾਜਾ ਪਟਿਆਲੇ ਦੀ ਲਾਡਲੀ ਸਾਵੀ ਘੋੜੀ ਦੀ ਸੁਹਣੀ ਵਛੇਰੀ, ਜਿਹੜੀ ਤੂੰ ਕਿੰਨੀਆਂ ਸੱਧਰਾਂ ਤੇ ਆਸਾਂ ਨਾਲ ਲਈ ਸੀ ਪਰ ਤੇਰੇ ਮੱਥੇ ਤੇ ਵੱਟ ਤੇ ਕੀ ਕਿਸੇ ਵੀ ਉਫ਼ ਨਾ ਕੀਤੀ। ਸਿਵਾਏ ਅੱਬਾ ਜੀ ਦੇ, ਜਦੋਂ ਉਨ੍ਹਾਂ ਸੁਣਿਆ ਮੈਨੂੰ ਵੀ ਗੁੱਸਾ ਹੋਏ ਤੇ ਤੈਨੂੰ ਵੀ ਪਰ ਤੂੰ ਹੱਸ ਛੱਡਿਆ।

ਚਾਚਾ! ਅੱਜ ਮੈਂ ਬਾਲਗ ਆਂ। ਸਿਆਣਾ ਆਂ। ਪੱਥਰ ਵਾਂਗੂੰ ਠੇਡੇ ਖਾ ਖਾ ਕੇ ਗੋਲ਼ ਹੋ ਗਿਆ ਆਂ। ਦੁਨੀਆ ਦਾ ਸਰਦ ਗਰਮ ਵੀ ਵੇਖਿਆ ਤੇ ਉਨ੍ਹਾਂ ਦੇ ਵਸਨੀਕਾਂ ਨੂੰ ਵੇਖਣ ਪਰਖਣ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ ਤੇਅੱਜ ਉਹ ਗੱਲਾਂ ਖਵਾਬਾਂ ਦੀਆਂ ਗੱਲਾਂ ਲਗਦੀਆਂ ਨੇ। ਗਵਾਚੇ ਹੋਏ ਖ਼ਵਾਬ। ਕਿੱਡਾ ਬਦਕਿਸਮਤ ਹੁੰਦਾ ਏ, ਉਹ ਬੰਦਾ, ਜਿਹੜੇ ਖਵਾਬ ਗੁਆਚ ਜਾਵਣ। ਅੱਜ ਸੋਚਨਾ ਆਂ ਚਾਚਾ! ਜੇ ਤੂੰ ਤੇ ਮੇਰੇ ਪਿਉ ਦਾ ਮੂੰਹ ਬੋਲਿਆ ਭਰਾ ਸੈਂ। ਤੂੰ ਤੇ ਉਹਦੇ ਨਾਲ ਪੱਗ ਵਟਾਈ ਸੀ। ਤੂੰ ਉਹਦਾ ਸੱਕਾ ਭਰਾ ਤੇ ਨਹੀਂ ਸੈਂ ਪਰ ਜਿੰਨਾ ਪਿਆਰ ਤੂੰ ਮੈਨੂੰ ਦਿੱਤਾ, ਓਨਾ ਤੇ ਮੇਰੇ ਸੱਕੇ ਚਾਚੇ ਵੀ ਨਾ ਦਿੱਤਾ। ਲਹੂ ਦੀ ਤਾਂ ਆਖਦੇ ਨੇ ਸਾਂਝ ਈ ਬੜੀ ਹੁੰਦੀ ਏ ਜਿਵੇਂ ਭੁੱਖ ਦੀ ਤੇ ਦੁੱਖ ਦੀ ਬੜੀ ਸਾਂਝ ਹੁੰਦੀ ਏ ਪਰ ਫੇਰ ਵੀ ਤੂੰ ਮੈਨੂੰ ਸੱਕਿਆਂ ਨਾਲ ਪਿਆਰਾ ਕਿਉਂ ਸੈਂ। ਮੈਂ ਤੈਨੂੰ, ਤੇਰੇ ਪਾਲੇ ਨੂੰ ਬਹੁਤਾ ਪਿਆਰਾ ਤੇ ਲਾਡਲਾ ਤੇ ਬਹੁਤਾ ਨੇੜੇ ਕਿਉਂ ਸਾਂ।

ਫੇਰ ਉਹ ਹਨੇਰੀ ਚੜ੍ਹੀ ਤੇ ਹੋਣੀ ਜ਼ਮੀਨ 'ਤੇ ਆ ਕੇ ਇਨਸਾਨ ਦੇ ਰੂਪ ਵਿਚ ਬਹਿ ਗਈ। ਰਾਵੀ ਤੇ ਬਸੰਤ ਹੜ੍ਹ ਨਾਲ ਗਜ਼ਬਨਾਕ ਹੋਏ ਤੇ ਛੱਲਾਂ ਗੁੱਸੇ ਵਿਚ ਝੱਗ ਨਾਲ ਭਰੇ ਮੂੰਹ ਲੈ ਕੇ ਅੰਦਰੋਂ ਬਾਹਰ ਨਿਕਲ ਆਈਆਂ। ਚਾਰ-ਚੁਫ਼ੇਰੇ ਲੱਕ-ਲੱਕ ਪਾਣੀ ਏ। ਤੂੰ ਭਰੀ ਹਵੇਲੀ ਤੇ ਭਰੇ ਘਰ ਵਿਚੋਂ ਬਸ ਦੋ ਚਾਰ ਸ਼ੈਵਾਂ ਲਈਆਂ ਤੇ ਮੇਰੇ ਚਾਚੇ-ਤਾਏ ਤੇ ਪਿਉ ਉਸ ਗੱਡੇ ਨੂੰ ਬਰਛੀਆਂ, ਛਵ੍ਹੀਆਂ ਤੇ ਬੰਦੂਕਾਂ ਦੇ ਪਹਿਰੇ ਵਿਚ ਲੈ ਕੇ ਟੁਰ ਪਏ। ਗੱਡੇ ਤੇ ਚਾਚੀ ਪਾਲਾ, ਭੈਣ, ਤੂੰ ਤੇ ਰੱਤੋ ਤੁਹਾਡੇ ਆਲ-ਦੁਆਲੇ ਤੁਹਾਡੀ ਹਿਫ਼ਾਜ਼ਤ ਲਈ ਅਸੀਂ ਡੇਰੇ ਦੇ ਪੁਲ ਤੀਕਰ ਗਏ। ਤੁਸੀਂ ਵੀ ਰੋ-ਰੋ ਕੇ ਨਿਢਾਲ ਹੋ ਗਏ ਤੇ ਤੁਹਾਨੂੰ ਛੱਡਣ ਜਾਣ ਵਾਲੇ ਵੀ। ਰਾਹ ਵਿਚ ਲੁੱਟ-ਮਾਰ, ਕਤਲੋ-ਗਾਰਤ, ਹਮਲੇ ਤੇ ਹੋਰ ਕੀ-ਕੀ ਬਲਾਵਾਂ ਤੇ ਪੁਲ ਉਤੇ ਜਾ ਕੇ ਜਦੋਂ ਮੇਰ ਪਿਉ ਤੇ ਤੂੰ ਜੱਫ਼ੀ ਮਾਰੀ ਤੇ ਤੁਸਾਂ ਦੋਵਾਂ ਈ ਧਾਈਆਂ ਮਾਰੀਆਂ। ਤੁਹਾਨੂੰ ਡੇਰੇ ਵਾਲੇ ਪੁਲ ਤੋਂ ਲੰਘਦਿਆਂ ਜਾਂਦਿਆਂ ਤੇ ਪਰਤ-ਪਰਤ ਕੇ ਵੇਖਦਿਆਂ ਨੂੰ ਵੇਖ-ਵੇਖ ਮੇਰਾ ਪਿਓ ਕਿਉਂ ਬਾਲਾਂ ਵਾਂਗੂੰ ਢਾਹਾਂ ਮਾਰਦਾ ਰਿਹਾ। ਤੁਸੀਂ ਅਗਾਂਹ ਲੰਘ ਕੇ ਖ਼ਲਕਤ ਦੇ ਹੜ੍ਹ ਵਿਚ ਗਵਾਚ ਗਏ। ਪਰ ਅਸੀਂ ਸ਼ਾਮ ਤੀਕਰ ਕਿਉਂ ਪੁਲ ਤੇ ਖਲੋਤੇ ਤੇ ਰੋਂਦੇ ਰਹੇ ਤੇ ਅਖ਼ੀਰ ਤੁਹਾਨੂੰ ਗਵਾ ਕ ਆਪਣੇ ਤੇ ਤੁਹਾਡੇ ਉਜੜਿਆਂ ਘਰਾਂ ਵਿਚ ਪਰਤ ਕੇ ਆ ਗਏ। ਉਦੋਂ ਮੈਂ ਅੱਠਾਂ ਵਰ੍ਹਿਆਂ ਦਾ ਸਾਂ ਤੇ ਹੁਣ ਅਠਾਈਆਂ ਵਰ੍ਹਿਆਂ ਦਾ ਪਰ ਮੈਂ ਉਥੇ ਤੋਂ ਔਖੇ ਵੇਲੇ ਵੀ ਆਪਣੇ ਪਿਓ ਨੂੰ ਰੋਂਦਿਆਂ ਨਹੀਂ ਵੇਖਿਆ। ਸਿਵਾਏ ਉਸ ਦਿਨ ਦੇ। ਹੁਣ ਤਾਂ ਬਸ ਤੇਰੇ ਨਾਂ ਤੇ ਉਹਦੀਆਂ ਅੱਖਾਂ ਭਿੱਜ ਜਾਂਦੀਆਂ ਨੇ ਤੇ ਅੱਜ ਕਿਸੇ ਪਿੰਡ ਵਿਚ ਸ਼ਰਨਾਰਥੀ ਟਹਿਲ ਸਿੰਘ ਖੌਰੇ ਕਿੰਨਾ ਕੁ ਖ਼ੁਸ਼ ਏ ਤੇ ਖੌਰੇ ਹੁਣ ਪਾਲਾ ਸਿੰਘ ਮੇਰੇ ਵਾਂਗੂੰ ਧੌਲੇ ਵਾਲੇ ਸਿਰ ਤੇ ਆਪਣੀਆਂ ਰੌਸ਼ਨ ਬਦਾਮੀ ਅੱਖਾਂ ਵਿਚ ਕੋਈ ਖ਼ਵਾਬ ਰੱਖਦਾ ਕਿ ਨਹੀਂ?

ਚਾਚਾ ਟਹਿਲ ਸਿੰਘ ਆਖਦਾ ਹੁੰਦਾ ਸੀ "ਅਸੀਂ ਸਾਰੇ ਈ ਕਹਾਣੀਆਂ ਆਂ ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।"

ਤੇ ਚਾਚਾ! ਵੇਖ ਲੈ ਮੈਨੂੰ ਤੇਰੀ ਕਹਾਣੀ ਯਾਦ ਏ ਤੇ ਮੈਂ ਇਹਨੂੰ ਕਿਸੇ ਦਿਨ ਲਿਖਾਂਗਾ ਵੀ। ਅੱਜ ਤੇ ਮੇਰੇ ਚਾਰ-ਚੁਫ਼ੇਰੇ ਕਹਾਣੀਆਂ ਕੱਠੀਆਂ ਹੋ ਕੇ ਘੇਰਾ ਪਾ ਕੇ ਖਲੋਤੀਆਂ ਨੇ। ਚਾਰ-ਚੁਫ਼ੇਰੇ ਕਿਆਮਤ ਵਾਲਾ ਸ਼ੋਰ ਏ- ਮੇਰੀਆਂ ਕਹਾਣੀਆਂ ਲਹੂ-ਲੁਹਾਨ ਨੇ। ਉਨ੍ਹਾਂ ਦੇ ਸਿਰ ਨੰਗੇ, ਵਾਲ ਖਿਲਰੇ ਹੋਏ ਤੇ ਪਿੰਡੇ ਜ਼ਖ਼ਮੀ ਨੇ। ਮੇਰਿਆਂ ਹੱਥਾਂ ਵਿਚ ਟੁੱਟਾ ਹੋਇਆ ਕਲਮ ਤੇ ਟੁੱਟਾ ਹੋਇਆ ਠੂਠਾ ਏ, ਜਿਹਦੇ ਵਿਚ ਮੈਂ ਆਪਣੀਆਂ ਕਹਾਣੀਆਂ ਲਈ ਖ਼ੁਸ਼ੀਆਂ ਲੈਣ ਘਰੋਂ ਨਿਕਲਿਆ ਸਾਂ। ਮੇਰੀਆਂ ਅੱਖਾਂ ਵਿਚ ਏਨੇ ਅੱਥਰੂ ਨੇ, ਕਿ ਮੈਂ ਆਪਣਾ ਰਾਹ ਵੀ ਨਹੀਂ ਵੇਖ ਸਕਦਾ। ਮੇਰਾ ਆਪਣਾ ਹਾਲ ਵੀ ਮੇਰੀਆਂ ਆਪਣੀਆਂ ਕਹਾਣੀਆਂ ਵਾਲਾ ਏ ਤੇ ਮੈਂ ਸੋਚਨਾ ਆਂ!

ਮੈਂ ਕਿਵੇਂ ਕਹਾਣੀ ਲਿਖਾਂ?

ਅਨੁਵਾਦਕ : ਡਾ. ਸਤਪਾਲ ਕੌਰ

ਇਨਸਾਨ ਜੇ ਜਮਾਂਦਰੂ ਆਜ਼ਾਦ ਏ ਤਾਂ ਫੇਰ ਉਹਨੂੰ ਗ਼ੁਲਾਮ ਬਣਾਉਣ ਲਈ ਸਾਇੰਸ ਨੇ ਏਡੀਆਂ ਇਜਾਦਾਂ ਕਿਉਂ ਕੀਤੀਆਂ ਨੇ। ਮਿੱਟੀ ਜੇ ਮੁਕੱਦਸ ਏ ਤੇ ਫੇਰ ਉਹਦੇ ਸੀਨੇ ਉਤੇ ਰੋਜ਼ ਜ਼ਖ਼ਮ ਲਾ ਕੇ ਉਹਦਾ ਪਿੰਡਾ ਕਿਉਂ ਛਲਣੀ ਕੀਤਾ ਜਾਂਦਾ ਏ? ਰੱਬ ਜੇ ਆਸਰਾ ਏ ਤੇ ਫੇਰ ਇਨਸਾਨ ਕੋਲੋਂ ਉਹਦਾ ਆਸਰਾ ਕਿਉਂ ਖੋਹ ਲਿਆ ਜਾਂਦਾ ਏ? ਰੱਬ, ਮਿੱਟੀ ਇਨਸਾਨ ਤੇ ਆਸਰਾ ਜੇ ਇਕ ਚਕੋਰ ਏ ਤੇ ਫੇਰ ਕਿਹੜਾ ਹੱਥ ਇਨ੍ਹਾਂ ਲੀਕਾਂ ਤੇ ਪੂੰਝੇ ਮਾਰ ਕੇ ਇਨ੍ਹਾਂ ਨੂੰ ਮਿਟਾਉਣ ਦਾ ਚਾਰਾ ਕਰਦਾ ਏ? ਤੇ ਜਦੋਂ ਨਾਜ਼ੀ ਆਕਸਫੋਰਡ ਦੇ ਲਹਿਜ਼ੇ ਵਿਚ ਅੰਗਰੇਜ਼ੀ ਬੋਲਦੀ ਬੋਲਦੀ ਉਹ ਪੰਜਾਬੀ ਬੋਲੀ ਸੁਣ ਕ ਮੇਰੇ ਵੱਲ ਮੋਹਣੀਆਂ ਸ਼ਰਬਤੀ ਅੱਖਾਂ ਨਾਲ ਸਵਾਲੀਆ ਅੰਦਾਜ਼ ਵਿਚ ਵੇਖਦੀ ਏ।

## Matrimonial

### ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

---

Suitable match for Handsome khatri boy, Assistant professor in maths. 6', 18-11-1982, 4:12 AM, Ludhiana, manglik, status family. Contact : 98785-31166. raman.mlp@gmail.com

### ਕੰਨਿਆ ਦੀ ਲੋੜ

ਕਨੇਡੀਅਨ ਯੂਨੀਵਰਸਿਟੀ ਤੋਂ ਐਮ.ਐਸ (ਇੰਜਨੀਅਰਿੰਗ) 29 ਸਾਲ 6'2" ਜੱਟ ਸਿੱਖ ਕਨੇਡੀਅਨ ਸਿਟੀਜ਼ਨ ਕਲੀਨ ਸੇਵਨ, ਪ੍ਰੋਫ਼ੈਸ਼ਨਲ ਇੰਜਨੀਅਰਿੰਗ ਕੰਪਨੀ ਵਿੱਚ ਨੌਕਰੀ ਕਰਦੇ ਲੜਕੇ ਲਈ ਕਨੇਡੀਅਨ ਸਿਟੀਜ਼ਨ ਜਾਂ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਜ਼ਰੂਰਤ ਹੈ, ਜਿਸਦਾ ਕੱਦ ਘੱਟੋ-ਘੱਟ 5'6" ਹੋਣਾ ਚਾਹੀਦਾ ਹੈ। ਲੜਕੀ ਦੀ ਕਨੇਡੀਅਨ ਵਿਦਿਅਕ ਯੋਗਤਾ, ਗੁਣਾਂ ਨੂੰ ਪਹਿਲ, ਕੋਈ ਮੰਗ ਨਹੀਂ। ਹੋਰ ਜਾਣਕਾਰੀ ਲਈ 780-298-8693 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

Smart match for Beautiful girl of vaishno gursikh family, B.Sc Nurring, 14 month experience of DMC Ludhiana, Parents Govt. Employees, DOB 22-06-1988. Contact: +91-84275-00644.

### ਕੰਨਿਆ ਦੀ ਲੋੜ

Professionally qualified match for Jatt Sikh Clean Shaven Canadian Citizen 29/6'2" M.S (Engineering) from Canadian University, professionally employed with an Engineering firm in Canada. Girl should be preferably 5'5" or above & presently residing in Canada/ US. Her personal values & qualification main consideration, Simple marriage, No demands. Email recent pictures & complete Bio-data at jagjitbk@gmail.com or phone 780 298 8693

### ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

### ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

## Classified Plus

*Looking IMMEDIATELY for a mature and responsible person to take care of our twin 1 year old boys at our home in Winnipeg. Must have experience providing care for young children. CPR and First aid certification preferred. Will pay minimum wage minus room & board and adhere to all regulations. Please send resume and details by email to rooms2go@gmail.com.*

### ਨੈਨੀ ਦੀ ਲੋੜ

ਬਜੁਰਗਾਂ ਦੀ ਸਾਂਭ-ਸੰਭਾਲ ਲਈ ਪੰਜਾਬੀ ਬੋਲਣ ਵਾਲੀ ਨੈਨੀ ਦੀ ਜਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780 863 0238 (ਮੋਬ.) ਜਾਂ 780-462-0238 (ਘਰ)




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**


### ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**


**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

780-478-1811

**Laddi Padda Realtor**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।





Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257

# ਮਿਡ ਡੇ ਮੀਲ ਤੇ ਸਕੂਲੀ ਬੱਚੇ

ਮੱਖਣ ਕੁਹਾੜ
+91-9501365522



ਬਿਹਾਰ ਦੇ ਜ਼ਿਲ੍ਹੇ ਸਾਰਨ ਦੇ ਬਲਾਕ ਮਸ਼ਰਖ਼ (ਤਹਿਸੀਲ ਛਪਰਾ) ਦੇ ਸਰਕਾਰੀ ਪ੍ਰਾਇਮਰੀ ਸਕੂਲ ਦਹਿਰ ਮਸਤੀ ਗੀਡਵਾ ਜੋ ਪਟਨਾ ਤੋਂ 60 ਕਿਲੋਮੀਟਰ ਅਤੇ ਛਪਰਾ ਤੋਂ 25 ਕਿਲੋਮੀਟਰ ਦੂਰ ਹੈ, ਵਿਖੇ 16 ਜੁਲਾਈ ਨੂੰ ਮਿਡ ਡੇ ਮੀਲ ਦਾ ਖਾਣਾ ਖਾਣ ਨਾਲ 23 ਬੱਚਿਆਂ ਦੀ ਮੌਤ ਹੋ ਗਈ ਹੈ। 24 ਬੱਚੇ ਗੰਭੀਰ ਬਿਮਾਰ ਹਨ। ਏਸੇ ਹੀ ਤਰ੍ਹਾਂ ਇਕ ਹੋਰ ਘਟਨਾ ਵਿਚ ਬਿਹਾਰ ਦੇ ਮਧੂਬਨੀ ਜ਼ਿਲ੍ਹੇ ਦੇ ਸਰਕਾਰੀ ਮਿਡਲ ਸਕੂਲ ਨਵਤੋਲੀਆ ਵਿਚ 50 ਬੱਚੇ ਗੰਭੀਰ ਬਿਮਾਰ ਹੋ ਗਏ ਹਨ। 23 ਬੱਚਿਆਂ ਦੀ ਮੌਤ ਨੇ ਦੇਸ਼ ਵਾਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ ਜਿਨ੍ਹਾਂ ਮਾਪਿਆਂ ਦੇ ਬੱਚੇ ਦੀ ਅਕਾਰਨ ਹੀ ਇੰਜ ਮੌਤ ਹੋ ਜਾਂਦੀ ਹੈ, ਉਨ੍ਹਾਂ ਦਾ ਹਾਲ ਪੁੱਛਿਆਂ ਹੀ ਜਾਣੀਏਂ! ਐਨਾ ਵੱਡਾ ਦੁੱਖ! ਐਡਾ ਵੱਡਾ ਹਾਦਸਾ। ਐਸੀਆਂ ਘਟਨਾਵਾਂ ਅਕਸਰ ਹੀ ਸੁਣਨ ਵਿਚ ਆਉਂਦੀਆਂ ਰਹਿੰਦੀਆਂ ਹਨ। ਕਦੇ ਖਾਣੇ ਵਿਚੋਂ ਕੋਹੜ ਕਿਰਲੀ ਮਰੀ ਹੋਈ ਨਿਕਲਦੀ ਹੈ, ਕਦੇ ਸੂੰਡੀਆਂ। ਕਦੇ ਖਾਣਾ ਬੋਅ ਮਾਰ ਰਿਹਾ ਹੁੰਦਾ ਹੈ। ਅਜਿਹਾ ਕਿਉਂ ਹੋ ਰਿਹਾ ਹੈ। ਮਸੂਮ ਬੱਚਿਆਂ ਦੀ ਜ਼ਿੰਦਗੀ ਨਾਲ ਕੌਣ ਖੇਡ ਰਿਹਾ ਹੈ? ਕੀ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਹੈ? ਮਿਡ ਡੇ ਮੀਲ ਭਾਵ ਦੁਪਹਿਰ ਦਾ ਖਾਣਾ ਦੇਣ ਦੀ ਯੋਜਨਾ ਸੁਪਰੀਮ ਕੋਰਟ ਦੇ 28 ਨਵੰਬਰ 2001 ਦੇ ਫ਼ੈਸਲੇ ਮੁਤਾਬਕ 300 ਕਲੋਰੀਆ ਐਨਰਜੀ ਅਤੇ 8-10 ਗ੍ਰਾਮ ਪ੍ਰੋਟੀਨ ਹਰ ਰੋਜ਼ ਦੇਣ ਦੇ ਆਦੇਸ਼ਾਂ ਤਹਿਤ 2002 ਦੇ ਲਗਭਗ ਸ਼ੁਰੂ ਹੋਈ ਸੀ। ਪਹਿਲਾਂ ਇਹ ਦੇਸ਼ ਦੇ ਕੁਝ ਜ਼ਿਲ੍ਹਿਆਂ ਵਿਚ ਸ਼ੁਰੂ ਕੀਤੀ ਗਈ ਤੇ ਫੇਰ ਸਹਿਜੇ-ਸਹਿਜੇ ਸਾਰੇ ਦੇਸ਼ ਵਿਚ ਚੱਲਣ ਲਗੀ। ਸੁਪਰੀਮ ਕੋਰਟ ਦੇ ਆਦੇਸ਼ਾਂ ਨੇ ਚੰਗੀ ਭੂਮਿਕਾ ਨਿਭਾਈ। 2004 ਤੋਂ ਇਹ ਸਕੀਮ ਸਾਰੇ ਦੇਸ਼ ਵਿਚ ਚਾਲੂ ਕਰ ਦਿੱਤੀ ਗਈ।

ਇਸ ਵਕਤ ਇਸ ਯੋਜਨਾ ਤਹਿਤ ਦੇਸ਼ ਦੇ ਲਗਭਗ 42 ਫ਼ੀਸਦੀ ਬੱਚੇ ਇਹ ਭੋਜਨ ਲੈ ਰਹੇ ਹਨ। ਲਗਭਗ 12 ਕਰੋੜ ਬੱਚਿਆਂ ਵਾਸਤੇ ਤਕਰੀਬਨ 11 ਹਜ਼ਾਰ ਕਰੋੜ ਖਰਚਿਆ ਜਾ ਰਿਹਾ ਹੈ। 24 ਲੱਖ ਦੇ ਕਰੀਬ ਕੁੱਕ ਇਸ ਕੰਮ ਨੂੰ ਸਿਰੇ ਚਾੜ੍ਹ ਰਹੇ ਹਨ। ਇਸ ਯੋਜਨਾ ਤਹਿਤ 6 ਤੋਂ 14 ਸਾਲ ਦੇ ਸਰਕਾਰੀ ਸਕੂਲਾਂ ਤੋਂ ਮਾਨਤਾ ਪ੍ਰਾਪਤ ਏਡਡ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਵੰਡਿਆ ਜਾਂਦਾ ਹੈ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿਚ 12,84,134 ਬੱਚੇ, ਅੱਪਰ ਪ੍ਰਾਇਮਰੀ ਦੇ 8 ਲੱਖ 14 ਹਜ਼ਾਰ 781 ਬੱਚੇ, ਐਨ.ਸੀ.ਪੀ.ਐਲ. ਵਿਚ 4350 ਬੱਚੇ, ਕੁਲ 21,03,265 ਬੱਚੇ ਮਿਡ ਡੇ ਮੀਲ ਦੇ ਅਧੀਨ ਆਉਂਦੇ ਹਨ। ਪੰਜਾਬ ਸਰਕਾਰ ਦੀ ਪੀ.ਏ.ਬੀ. 2012-13 ਦੀ ਰਿਪੋਰਟ ਮੁਤਾਬਕ ਕੇਂਦਰ ਨੇ ਪੰਜਾਬ ਨੂੰ ਪ੍ਰਾਇਮਰੀ ਲਈ 6592.97 ਲੱਖ ਰੁਪਏ ਅਤੇ ਸਟੇਟ ਨੇ 2207.09 ਲੱਖ ਰੁਪਏ ਪਾਏ। ਕੁਲ 8800 ਲੱਖ ਰੁਪਏ (66:22) ਵੰਡ ਦਿੱਤੇ ਗਏ। ਅੱਪਰ ਪ੍ਰਾਇਮਰੀ ਲਈ 6034.38 ਲੱਖ ਕੇਂਦਰ ਨੇ ਅਤੇ 1989.04 ਲੱਖ ਪੰਜਾਬ ਸਰਕਾਰ ਨੇ ਖ਼ਰਚਣੇ ਸਨ। ਪਰ ਪੰਜਾਬ ਨੇ ਇਸ ਵਿਚੋਂ 74 ਫ਼ੀਸਦੀ ਖ਼ਰਚੇ ਸਨ। 26 ਫੀਸਦੀ ਖ਼ਰਚੇ ਹੀ ਨਹੀਂ ਗਏ। ਕੁਕਿੰਗ ਸੈਲਰੀ ’ਚੋਂ 5933.93 ਲੱਖ ’ਚੋਂ ਕੇਵਲ 3378.72 ਲੱਖ ਰੁਪਏ ਕੁਲ 57 ਫੀਸਦੀ ਹੀ ਖ਼ਰਚੇ ਅਤੇ 43 ਫ਼ੀਸਦੀ ਖ਼ਰਚਣੋਂ ਰਹਿ ਗਏ। ਇਹ ਜਾਹਰ ਕਰਦਾ ਹੈ ਕਿ ਸੂਬਾਈ ਸਰਕਾਰਾਂ ਆਪਣਾ 25 ਫ਼ੀਸਦੀ ਹਿੱਸਾ ਵੀ ਮਿਡ-ਡੇ ਮੀਲ ਵਿਚ ਨਹੀਂ ਪਾ ਰਹੀਆਂ ਅਤੇ ਇਸ ਪ੍ਰਤੀ ਗੰਭੀਰ ਨਹੀਂ ਹਨ। ਇਹ ਯੋਜਨਾ ਸ਼ੁਰੂ ਕਰਨ ਦਾ ਮਕਸਦ ਗ਼ਰੀਬ ਬੱਚਿਆਂ ਨੂੰ ਪੌਸ਼ਟਿਕ ਤੇ ਤਾਜ਼ਾ ਖਾਣਾ ਮੁਹੱਈਆ ਕਰਵਾਉਣਾ ਅਤੇ ਸਕੂਲਾਂ ਵਿਚ ਬੱਚਿਆਂ ਦੀ ਆਮਦ ਨੂੰ ਵਧਾਉਣਾ ਸੀ। ਇਸ ਦਾ ਲਾਭ ਵੀ ਬਹੁਤ ਹੋਇਆ। ਸਰਕਾਰੀ ਸਕੂਲਾਂ ਵਿਚ ਇਸ ਵੇਲੇ ਗ਼ਰੀਬਾਂ ਦੇ ਹੀ ਬੱਚੇ ਪੜ੍ਹ ਰਹੇ ਹਨ। ਇਹ ਵਿਸ਼ਾ ਤਾਂ ਵੱਖਰਾ ਹੈ ਪਰ ਐਨੀ ਗੱਲ ਕਰਨੀ ਜ਼ਰੂਰੀ ਬਣਦੀ ਹੈ ਕਿ ਵਿਦਿਆ ਹੁਣ ਵਪਾਰ ਬਣ ਗਈ ਹੈ। ਅਨੇਕਾਂ-ਅਨੇਕਾਂ ਤਰ੍ਹਾਂ ਦੇ ਲੇਬਲਾਂ ਵਾਲੇ ਵਪਾਰੀ ਵਿਦਿਆ ਦੀਆਂ ਦੁਕਾਨਾਂ ਸਜਾਈ ਬੈਠੇ ਹਨ। ਜਿਸ ਕੋਲ ਵੀ ਜਿੰਨੇ ਪੈਸੇ ਹੁੰਦੇ ਹਨ ਉਹ ਉਸੇ ਹਿਸਾਬ ਨਾਲ ਬਾਜ਼ਾਰ ’ਚੋਂ ਜਿਵੇਂ ਚੰਗੀ ਵਸਤੂ ਕਪੜਾ, ਟੀ.ਵੀ. ਫ਼ਰਿਜ਼, ਵਗੈਰਾ ਖ਼ਰੀਦਦਾ ਹੈ, ਉਵੇਂ ਹੀ ਵਿਦਿਆ ਦੀ ਖ਼ਰੀਦੋ ਫ਼ਰੋਖ਼ਤ ਹੁੰਦੀ ਹੈ। ਪਰ ਜਿਨ੍ਹਾਂ ਕੋਲ ਢਿੱਡ ਭਰਨ ਲਈ ਰੋਟੀ ਦਾ ਜੁਗਾੜ ਕਰਨਾ ਵੀ ਕਠਨ ਹੈ ਗ਼ਰੀਬੀ ਦੀ ਰੇਖਾ ਤੋਂ ਵੀ ਹੇਠਾਂ ਜਾਂ ਨੇੜੇ-ਤੇੜੇ ਜੀਅ ਰਹੇ ਹਨ ਉਹ ਬੱਚਿਆਂ ਲਈ ਵਿਦਿਆ ਨਹੀਂ ਖ਼ਰੀਦ ਸਕਦੇ। ਸਿੱਟੇ ਵਜੋਂ ਉਹ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਲ ਵੀ ਨਹੀਂ ਕਰਾਉਂਦੇ। ਪਰ ਜਦ ਦੁਪਹਿਰ ਦੇ ਤਾਜ਼ਾ ਤੇ ਪੌਸਟਿਕ ਖਾਣੇ ਦੀ ਗੱਲ ਸੁਣਦੇ ਹਨ ਤਾਂ ਉਹ ਗ਼ਰੀਬ ਲੋਕ ਵੀ ਰੂੜੀਆਂ ’ਤੇ ਖੇਡਦੇ ਅਤੇ ਕੁਲੀ-ਗੁੱਲੀ-ਜੁੱਲੀ ਦੇ ਜੁਗਾੜ ’ਚ ਦਿਨ ਰਾਤ ਇਕ ਕਰ ਰਹੇ ਮਾਪਿਆਂ ਨਾਲ ਹੱਥ ਵਟਾਉਂਦੇ ਬੱਚਿਆਂ ਨੂੰ ਸਰਕਾਰੀ ਸਕੂਲੀਂ ਭੇਜ ਦਿੰਦੇ ਹਨ। ਹੇਠਲੇ ਮੱਧ ਵਰਗੀ ਲੋਕ ਵੀ ਸਰਕਾਰੀ ਸਕੂਲਾਂ ’ਚ ਬੱਚੇ ਨਹੀਂ ਭੇਜਦੇ ਕਿਉਂਕਿ ਉਥੇ ਅਧਿਆਪਕਾਂ ਦੀ ਹਮੇਸ਼ਾ ਘਾਟ ਰਹਿੰਦੀ ਹੈ। ਹੋਰ ਵੀ ਅਨੇਕਾਂ ਕਾਰਨ ਹਨ। ਪਰ ਬਿਨਾਂ ਸ਼ੱਕ ਚੰਗਾ ਖਾਣਾ ਖਾਣ ਲਈ ਵੀ ਬੱਚੇ ਸਕੂਲ ਆਉਂਦੇ ਹਨ।



ਪਰ ਅਫ਼ਸੋਸ ਤਾਂ ਉਦੋਂ ਹੁੰਦਾ ਹੈ ਜਦੋਂ ਸਰਕਾਰੀ ਤੰਤਰ ਹੀ ਭ੍ਰਿਸ਼ਟ ਹੋ ਜਾਂਦਾ ਹੈ। ਉਹ ਕੰਮ ਜੋ ਵਧੀਆ ਢੰਗ ਨਾਲ ਚੱਲ ਕੇ ਆਪਣੇ ਉਦੇਸ਼ ਦੀ ਪੂਰਤੀ ਵੱਲ ਵਧ ਰਿਹਾ ਹੁੰਦਾ ਹੈ। ਉਹ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਜਾਂਦਾ ਹੈ। ਸਕੂਲਾਂ ਵਿਚ ਮਿਡ ਡੇ ਮੀਲ ਵਰਕਰ (ਕੁੱਕ) ਰੱਖ ਕੇ ਅਧਿਆਪਕਾਂ ਦੀ ਨਿਗਰਾਨੀ ਵਿਚ ਜੋ ਵਧੀਆ, ਪੌਸ਼ਟਿਕ, ਨਰੋਆ ਤੇ ਤਾਜ਼ਾ ਖਾਣਾ ਮਿਲ ਰਿਹਾ ਹੁੰਦਾ ਹੈ, ਉਸ ਨੂੰ ਠੇਕੇ ’ਤੇ ਦੇ ਦਿਤਾ ਜਾਂਦਾ ਹੈ। ਸਿਆਸਤ ਅਤੇ ਅਫ਼ਸਰਸ਼ਾਹੀ ਦੀ ਠੇਕੇਦਾਰਾਂ ਨਾਲ ਗੰਡਤੁਪ ਕਰਨਾ ਕੋਈ ਔਖਾ ਕਾਰਜ ਨਹੀਂ ਹੈ। ਇਸ ਹਾਦਸੇ ਦਾ ਕਾਰਨ ਭ੍ਰਿਸ਼ਟਾਚਾਰ ਹੀ ਵਧੇਰੇ ਲਗਦਾ ਹੈ। ਭਾਵੇਂ ਇਸ ਸਕੂਲ ਦਾ ਕੰਮ ਠੇਕੇ ’ਤੇ ਨਹੀਂ ਸੀ। ਪ੍ਰੰਤੂ ਭ੍ਰਿਸ਼ਟਤੰਤਰ ਦੇ ਸਿਆਸੀ ਹੱਥ ਲੰਮੇ ਹੁੰਦੇ ਹਨ। ਸਕੂਲ ਦੇ ਪ੍ਰਿੰਸੀਪਲ ਦਾ ਪਤੀ ਇਕ ਸਿਆਸੀ ਆਗੂ ਦੱਸਿਆ ਜਾ ਰਿਹਾ ਹੈ। ਸਕੂਲ ਦੇ ਖਾਣੇ ਲਈ ਸਾਰਾ ਸਮਾਨ ਉਹੀ ਖ਼ਰੀਦ ਕੇ ਸਕੂਲ ਭੇਜਦਾ ਸੀ। ਉਹ ਉਸ ਵਿਚੋਂ ਮੁਨਾਫ਼ਾ ਵਿਚੋਂ ਮੁਨਾਫ਼ਾ ਭਾਲਦਾ ਸੀ, ਉਸ ਦਿਨ ਵਧੇਰੇ ਘਟੀਆ ਗਲਿਆ ਸੜਿਆ ਸਮਾਨ ਭੇਜ ਦਿੱਤਾ। ਇਕ ਸਿਆਸੀ ਆਗੂ ਤੇ ਉਹੀ ਬਿਹਾਰ ਦਾ, ਤੀਸਰਾ ਪ੍ਰਿੰਸੀਪਲ ਦਾ ਪਤੀ, ਉਸ ਅੱਗੇ ਕੌਣ ਬੋਲੇਗਾ। ਨਾ ਸਕੂਲ ਸਟਾਫ਼ ਨਾ ਬੱਚਿਆਂ ਦੇ ਮਾਪੇ। ਮਾੜੇ ਖਾਣੇ ਦੀ ਸ਼ਿਕਾਇਤ ਕਰ ਸਕਦੇ ਹਨ। ਉਸ ਦਿਨ ਲਗਦਾ ਹੈ ਕਿ ਬਹੁਤ ਪੁਰਾਣਾ ਖ਼ਰਾਬ ਤੇਲ-ਘਿਓ ਜਾਂ ਹੋਰ ਘਟੀਆ ਸਮਗਰੀ ਭੇਜੀ ਗਈ ਤੇ ਸਿੱਟੇ ਵਜੋਂ ਖਾਣਾ ਪਕਾਉਣ ਵਾਲੀ ਕੁੱਕ ਸਮੇਤ 47 ਬੱਚੇ ਬਿਮਾਰ ਹੋ ਗਏ ਜਿਨ੍ਹਾਂ ਵਿਚੋਂ 23 ਬੱਚੇ ਮਾਪਿਆਂ ਹੱਥੋਂ ਸਦਾ ਲਈ ਖੁਸ ਗਏ। ਐਡਾ ਵੱਡਾ ਕਹਿਰ ਵਾਪਰਿਆ। ਜੇ ਇਹ ਕਿਸੇ ਕੁਦਰਤੀ ਜਾਂ ਤਕਨੀਕੀ ਗ਼ਲਤੀ ਨਾਲ ਵਾਪਰਿਆ ਹਾਦਸਾ ਵੀ ਹੈ ਤਾਂ ਵੀ ਵਧੇਰੇ ਚੌਕਸੀ ਰੱਖਣ ਬਾਰੇ ਮਿਡ ਡੇ ਮੀਲ ਪ੍ਰਬੰਧਕਾਂ ਅਤੇ ਦੇਸ਼ ਵਾਸੀਆਂ ਨੂੰ ਸਖ਼ਤ ਸਬਕ ਸਿੱਖਣ ਦੀ ਲੋੜ ਹੈ। ਇਸ ਤੋਂ ਵੀ ਵਧੇਰੇ ਦੁਖਾਂਤ ਤਾਂ ਉਥੇ ਵਾਪਰਣ ਦੀ ਸੰਭਾਵਨਾ ਹੋਰ ਵੱਧ ਜਾਂਦੀ ਹੈ ਜਦ ਭ੍ਰਿਸ਼ਟ ਸਿਆਸੀ ਤੰਤਰ ਵਲੋਂ ਹੋਰ-ਹੋਰ ਮੁਨਾਫ਼ੇ ਲਈ ਮਿਡ ਡੇ ਮੀਲ ਦਾ ਕੰਮ ਸਕੂਲ ਪੱਧਰ ਤੋਂ ਖੋਹ ਕੇ ਠੇਕੇ ’ਤੇ ਦੇ ਦਿੱਤਾ ਜਾਂਦਾ ਹੈ।

ਇਸੇ ਠੇਕੇ ਦਾ ਕੰਮ ਹੀ ਗ਼ੈਰ ਪੌਸ਼ਟਿਕ ਅਤੇ ਘਟੀਆ ਖਾਣੇ ਦਾ ਕਾਰਨ ਬਣਦਾ ਹੈ। ਚਾਹੀਦਾ ਤਾਂ ਇਹ ਹੈ ਕਿ ਸਕੂਲਾਂ ਵਿਚ ਵਧੀਆ ਅਨਾਜ (ਚੌਲ-ਕਣਕ) ਭੇਜਿਆ ਜਾਵੇ। ਰੱਖਣ/ਢੱਕਣ ਲਈ ਵਧੀਆ ਸਾਧਨ ਹੋਣ। ਰਸੋਈ ਸਾਫ਼ ਸੁਥਰੀ ਹੋਵੇ। ਹਰ ਸਕੂਲ ਵਿਚ ਬਕਾਇਦਾ ਗੈਸ ਹੋਵੇ। ਕੁੱਕ (ਮਿਡ ਡੇ ਮੀਲ ਵਰਕਰ) ਜੋ ਵਧੇਰੇ ਕਰ ਕੇ ਔਰਤਾਂ ਹੀ ਹੁੰਦੀਆਂ ਹਨ ਤੇ ਉਹ ਸਵੇਰ ਤੋਂ ਸ਼ਾਮ ਤਕ ਸਕੂਲ ਵਿਚ ਰਹਿ ਕੇ ਕੰਮ ਕਰਦੀਆਂ ਹਨ, ਨੂੰ ਨਿਯਮਾਂ ਅਨੁਸਾਰ ਸਕਿਲਡ ਵਰਕਰ ਵਾਲੀ ਦਿਹਾੜੀ ਦਿੱਤੀ ਜਾਵੇ। ਹਰ 9-10 ਸਕੂਲਾਂ ਵਾਲੇ ਇਕ ਸੈਂਟਰ ਸਕੂਲ ’ਤੇ ਇਕ ਬਕਾਇਦਾ ਪ੍ਰਬੰਧਕ ਹੋਵੇ। ਅਧਿਆਪਕਾਂ ਨੂੰ ਮੈਨੇਜਮੈਂਟ ਦੇ ਕਾਰਜ ਨਾ ਦਿੱਤੇ ਜਾਣ। ਖਾਣਾ ਬਣਾਉਣ ਲਈ ਵਧੀਆ ਸਮੱਗਰੀ (ਜਿਵੇਂ ਤੇਲ, ਘਿਓ, ਖੰਡ, ਦਾਲਾਂ, ਪਿਆਜ਼, ਆਲੂ, ਟਮਾਟਰ ਤੇ ਹੋਰ ਤਾਜ਼ੀਆਂ ਸਬਜ਼ੀਆਂ) ਲਿਆਂਦੀ ਜਾਵੇ। ਪਰ ਇਥੇ ਹਾਲਤ ਤਾਂ ਇਹ ਹੈ ਕਿ ਜੋ ਔਰਤ (ਜਾਂ ਮਰਦ) ਕੁੱਕ ਸਵੇਰੇ ਸਕੂਲ ਲੱਗਣ ਸਾਰ ਹੀ ਸਕੂਲ ਪੁੱਜ ਕੇ ਪਹਿਲਾਂ ਸਫ਼ਾਈ ਕਰਦੀ, ਚੌਲ ਚੁਗਦੀ, ਕਣਕ ਦਾ ਆਟਾ ਚੈਕ ਕਰ ਕੇ ਗੁੰਨਦੀ, ਪਕਾਉਂਦੀ, ਬੱਚਿਆਂ ਦੇ ਜੂਠੇ ਬਰਤਨ ਤੇ ਹੋਰ ਵੱਡੇ ਬਰਤਨ ਸਾਫ਼ ਕਰ ਕੇ ਸਕੂਲ ਖ਼ਤਮ ਹੋਣ ’ਤੇ ਘਰ ਜਾਂਦੀ। ਉਸ ਨੂੰ ਕੇਵਲ ਤੇ ਕੇਵਲ 33 ਰੁਪਏ ਦਿਹਾੜੀ ਮਿਲ ਰਹੀ ਹੈ। 1000 ਰੁਪਏ ਮਹੀਨੇ ਦੇ ਪੰਜਾਬ ਵਿਚ (1200 ਹਨ) ਉਹ ਵੀ ਕੇਵਲ 10 ਮਹੀਨੇ ਲਈ। ਪਰ ਇਸ ਵੱਲ ਧਿਆਨ ਦੇਣ ਦੀ ਬਜਾਏ ਸਰਕਾਰਾਂ ਮਿਡ ਡੇ ਮੀਲ ਦਾ ਕੰਮ ਠੇਕੇ ’ਤੇ ਦੇ ਦਿੰਦੀਆਂ ਹਨ। ਭਾਵੇਂ ਇਨ੍ਹਾਂ 23 ਮੌਤਾਂ ਦਾ ਕਾਰਨ ਠੇਕੇਦਾਰੀ ਪ੍ਰਬੰਧ ਨਹੀਂ ਪਰ ਭ੍ਰਿਸ਼ਟਾਚਾਰੀ ਪ੍ਰਬੰਧ ਦੀ ਇਹ ਪਹਿਲੀ ਪੌੜੀ ਜ਼ਰੂਰ ਸਾਬਤ ਹੁੰਦੀ ਹੈ। ਏਹੋ ਬੁਰਾਈ ਦੀ ਜੜ੍ਹ ਹੈ।

ਠੇਕੇਦਾਰ ਨੂੰ 5 ਰੁਪਏ ਜੇ ਇਕ ਬੱਚੇ ਲਈ ਖ਼ਰਚਣ ਵਾਸਤੇ ਮਿਲਦੇ ਹਨ ਤਾਂ ਉਹ ਵਿਚੋਂ ਲਗਭਗ ਇਕ ਤੋਂ ਡੇਢ ਰੁਪਏ ਪ੍ਰਤੀ ਬੱਚਾ ਹੀ ਖ਼ਰਚਦਾ ਹੈ। ਉਹ ਵੱਧ ਤੋਂ ਵੱਧ ਮੁਨਾਫ਼ਾ ਚਾਹੁੰਦਾ ਹੈ, ਜਿਥੇ ਸਕੂਲ ਵਿਚ ਖਾਣਾ ਬਣਨ ’ਤੇ ਪੂਰੇ ਦੇ ਪੂਰੇ 5 ਰੁਪਏ ਪ੍ਰਤੀ ਬੱਚਾ ਖ਼ਰਚੇ ਜਾਂਦੇ ਹਨ ਉਥੇ ਠੇਕੇਦਾਰ ਘੱਟ ਤੋਂ ਘੱਟ ਹੀ ਖ਼ਰਚਦਾ ਹੈ। ਬਾਕੀ ਉਪਰ ਤਕ ਅਧੋ-ਅੱਧ ਸਵਾਹ ਹੋ ਜਾਂਦੇ ਹਨ। ਵੰਡੇ-ਚੰਡੇ ਜਾਂਦੇ ਹਨ। ਇਹੀ ਕੌੜਾ ਸੱਚ ਹੈ। ਠੇਕੇਦਾਰਾ ਮਿਡ ਡੇ ਮੀਲ ਭ੍ਰਿਸ਼ਟਾਚਾਰ ਦੀ ਭੇਟ ਹੈ। ਠੇਕੇਦਾਰ ਰਾਤ ਦਾ ਵਧਿਆ ਹੋਇਆ ਖਾਣਾ ਚਾਹੇ ਉਹ ਵਿਆਹ ਸ਼ਾਦੀਆਂ ਤੇ ਪੈਲਸਾਂ ਦਾ ਹੋਵੇ ਜਾਂ ਕਿਸੇ ਹੋਰ ਪਾਸੇ ਦਾ ਉਹੀ ਪਰੋਸਣ ਤੋਂ ਗੁਰੇਜ਼ ਨਹੀਂ ਕਰਦਾ। ਸੜੇ ਹੋਏ ਸਸਤੇ ਤੋਂ ਸਸਤੇ ਆਲੂ, ਗੰਡੇ ਤੇ ਸਬਜ਼ੀਆਂ ਲਿਆਉਂਦਾ ਹੈ, ਚਾਹੇ ਉਹ ਕਿੰਨੇ ਵੀ ਸੜੇ ਹੋਏ ਕਿਉਂ ਨਾ ਹੋਣ। ਮਾੜੇ ਤੋਂ ਮਾੜਾ ਪਕੌੜਿਆਂ ਤੋਂ ਵਧਿਆ ਤੇਲ ਵੀ ਭਾਵੇਂ ਹੋਵੇ, ਜੋ ਵੀ ਸਸਤਾ ਹੋਵੇ ਠੇਕੇਦਾਰ ਬੱਚਿਆਂ ਨੂੰ ਪਰੋਸਣ ਤੋਂ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਨੂੰ ਬੱਚਿਆਂ ਦੀ ਸਿਹਤ ਦਾ ਨਹੀਂ ਮੁਨਾਫ਼ੇ ਦਾ ਧਿਆਨ ਰੱਖਣਾ ਹੁੰਦਾ ਹੈ। ਉਹ ਵਪਾਰ ਕਰ ਰਿਹਾ ਹੈ- ਵਪਾਰ ਦਾ ਧਰਮ ਕੇਵਲ ਮੁਨਾਫ਼ਾ ਹੀ ਹੈ। ਜੇਹਾ ਰਾਜਾ ਤੇਹੀ ਪਰਜਾ। ਇਸ ਤਰ੍ਹਾਂ ਸੁਪਰੀਮ ਕੋਰਟ ਦੇ 300 ਕਲੋਰੀਆ ਤੇ 8-12 ਗ੍ਰਾਮ ਪ੍ਰੋਟੀਨ ਦੇਣ ਦੀ ਸਕੀਮ ਠੁੱਸ ਹੋ ਰਹੀ ਹੈ।

ਦੂਰ ਕੀ ਜਾਣਾ ਜ਼ਰਾ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਵੱਲ ਹੀ ਦੇਖੋ। ਇਥੇ ਖਾਣਾ ਠੇਕੇ ’ਤੇ ਦਿੱਤਾ ਹੋਇਆ ਹੈ। ਕੀ ਉਹ ਖਾਣਾ ਬੱਚਿਆਂ ਦੇ ਖਾਣਯੋਗ ਹੁੰਦਾ ਹੈ। ਬੱਚੇ ਬਾਹਰ ਸੁੱਟ ਦਿੰਦੇ ਹਨ। ਅਨੇਕਾਂ ਵਾਰ ਚੈਕਿੰਗ ਦੌਰਾਨ ਉਸ ਖਾਣੇ ਦੇ ਸੈਂਪਲ ਫ਼ੇਲ੍ਹ ਹੋਏ ਹਨ। ਪਰ ਕੌਣ ਪਰਵਾਹ ਕਰਦਾ ਹੈ ਇਥੇ। ‘ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ’ ਕਿਉਂ ਡਰਨਗੇ ਠੇਕੇਦਾਰ ਜਦ ਉਪਰਲੇ ਨਾਲ ਹੋਣ। ਸਿੱਟੇ ਵਜੋਂ ਦੇਸ਼ ਵਿਚ ਜਿਥੇ ਜਿਥੇ ਵੀ ਮਿਡ ਡੇ ਮੀਲ ਦਾ ਖਾਣਾ ਠੇਕੇਦਾਰੀ ਸਿਸਟਮ ਅਧੀਨ ਹੈ ਉਥੇ-ਉਥੇ ਹੀ ਮਿਡ ਡੇ ਮੀਲ ਦਾ ਉਦੇਸ਼ ਖ਼ਤਮ ਹੋ ਚੁੱਕਾ ਹੈ। ਜਿਥੇ ਕੋਈ ਪੁੱਛਗਿਣਛ ਵਾਲਾ ਨਹੀਂ ਉਥੇ ਕੰਮ ਭਾਵੇਂ ਠੇਕੇ ’ਤੇ ਨਾ ਹੀ ਹੋਵੇ, ਉਥੇ ਬਿਹਾਰ ਵਰਗੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਤਾਜ਼ਾ ਤੇ ਪੌਸ਼ਟਿਕ ਖਾਣਾ ਦੇਣ ਦੀ ਥਾਂ ਬੇਹਾ-ਤੇਹਾ, ਪੌਸ਼ਟਿਕਤਾ ਵਿਹੂਣਾ ਤੇ ਕੰਮ ਚਲਾਊ ਸਸਤਾ ਜਿਹਾ ਖਾਣਾ ਬੱਚਿਆਂ ਲਈ ਭੇਜ ਦਿੱਤਾ ਜਾਂਦਾ ਹੈ, ਜਿਸ ਨੂੰ ‘ਖਾਣਾ’ ਕਹਿਣਾ ਵੀ ‘ਖਾਣੇ’ ਦੀ ਤੌਹੀਨ ਕਰਨ ਬਰਾਬਰ ਹੈ। ਕਲੋਰੀ ਨਹੀਂ, ਕੋਈ ਪ੍ਰੋਟੀਨ ਨਹੀਂ। ਜੇ ਬਿਹਾਰ ਵਿਚ ਹੋਈਆਂ 22 ਮੌਤਾਂ ਤੋਂ ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਕੋਈ ਸਬਕ ਨਾ ਸਿੱਖਿਆ ਤਾਂ ਇਸ ਦੇ ਗੰਭੀਰ ਸਿੱਟੇ ਕਿਸੇ ਵੇਲੇ ਵੀ ਨਿਕਲ ਸਕਦੇ ਹਨ। ਮੋਟੇ ਤੌਰ ’ਤੇ ਲੋੜ ਹੈ ਕਿ ਮਿਡ ਡੇ ਮੀਲ ਦਾ ਕੰਮ ਹਰ ਹਾਲ ਚਲਦਾ ਰੱਖਿਆ ਜਾਵੇ ਪਰ ਮਿਡ ਡੇ ਮੀਲ ਨੂੰ ਹਰਗਿਜ਼ ਠੇਕੇ ’ਤੇ ਨਾ ਦਿੱਤਾ ਜਾਵੇ। ਸਕੂਲਾਂ ਵਿਚ ਹੀ ਖਾਣਾ ਬਣਾਉਣ ਨਾਲ ਹੀ ਪੌਸਟਿਕ ਤੇ ਤਾਜ਼ਾ ਖਾਣਾ ਮਿਲਦਾ ਹੈ। ਇਸ ਲਈ 8-10 ਸਕੂਲਾਂ ਪਿਛੇ ਇਕ ਸੈਂਟਰ ਬਣਾ ਕੇ ਨਿਗਰਾਨੀ ਤੇ ਸੁਚਾਰੂ ਪ੍ਰਬੰਧ ਲਈ ਵਿਸ਼ੇਸ਼ ਮਾਹਰ ਭਰਤੀ ਕੀਤੇ ਜਾਣ। ਅਧਿਆਪਕਾਂ ਨੂੰ ਇਸ ਦੀ ਵਧੇਰੇ ਜ਼ੁੰਮੇਵਾਰੀ ਨਾ ਦਿੱਤੀ ਜਾਵੇ ਤਾਂ ਕਿ ਪੜ੍ਹਾਈ ਵਿਚ ਵਿਘਣ ਨਾ ਪਵੇ। ਉਹ ਪ੍ਰਬੰਧਕ ਹੀ ਸਾਰਾ ਸਾਰਾ ਸੌਦਾ ਸਾਮਾਨ ਖ਼ਰੀਦਣ ਅਤੇ ਹਿਸਾਬ ਕਿਤਾਬ ਦਾ ਜ਼ਿੰਮੇਵਾਰ ਹੋਵੇ। ਮਿਡ ਡੇ ਮੀਲ ਵਰਕਰਾਂ ਨੂੰ ਚੰਗੀ ਉਜਰਤ ਦੇ ਨਾਲ ਨਾਲ ਸਾਫ਼ ਸਫਾਈ ਰੱਖ-ਰੱਖਾਅ ਆਦਿ ਲਈ ਟ੍ਰੇਨਿੰਗ ਦਿੱਤੀ ਜਾਵੇ। ਉਨ੍ਹਾਂ ਨੂੰ ਸਥਾਨਕ ਪੰਚਾਇਤੀ ਪ੍ਰਬੰਧ ਦੇ ਰਹਿਮੋ ਕਰਮ ’ਤੇ ਨਾ ਛੱਡਿਆ ਜਾਵੇ। ਖਾਣੇ ਦੀ ਗੁਣਵੱਤਾ ਚੈਕ ਕਰਨ ਲਈ ਬਕਾਇਦਾ ਪ੍ਰਬੰਧ ਕੀਤਾ ਜਾਵੇ। ਕੁੱਕਾਂ ਦੀ ਤਨਖ਼ਾਹ ਘੱਟੋ ਘੱਟ ਸਕਿਲਡ ਵਰਕਰਾਂ ਦੇ ਘੇਰੇ ਵਿਚ ਲਿਆਂਦੀ ਜਾਵੇ ਤੇ ਉਨ੍ਹਾਂ ਨੂੰ ਸਰਪੰਚਾਂ ਦੇ ਦਬਕੇ ਤੇ ਰਹਿਮੋ ਕਰਮ ਤੋਂ ਬਚਾਇਆ ਜਾਵੇ। ਹਰ ਸਕੂਲ ਵਿਚ ਲਕੜਾਂ ਬਾਲਣ ਦੀ ਥਾਂ ਗੈਸ ਮੁਹੱਈਆ ਕਰਾਈ ਜਾਵੇ। ਇਹ ਲਾਜ਼ਮੀ ਹੋਵੇ। ਕੁੱਕਾਂ ਦਾ ਬੀਮਾਂ ਕੀਤਾ ਜਾਵੇ। ਜਿਨ੍ਹਾਂ ਸੂਬਿਆਂ ਵਲੋਂ ਆਪਣਾ 25 ਫੀਸਦੀ ਹਿੱਸਾ ਹੀ ਨਹੀਂ ਪਾਇਆ ਜਾਂਦਾ ਅਤੇ ਕੇਂਦਰ ਵਲੋਂ ਆਏ ਪੈਸੇ ਦੀ ਵਰਤੋਂ ਹੀ ਨਹੀਂ ਹੁੰਦੀ ਜਾਂ ਦੁਰਵਰਤੋਂ ਹੋਈ ਹੈ। ਉਨ੍ਹਾਂ ਵਿਰੁੱਧ ਕਾਰਵਾਈ ਹੋਵੇ। ਜੇ ਗ਼ਰੀਬੀ ਦੂਰ ਕਰਨੀ ਹੈ ਤਾਂ ਬੱਚਿਆਂ ਨੂੰ ਸਿਖਿਅਤ ਤੇ ਨਰੋਏ ਕਰਨਾ ਲਾਜ਼ਮੀ ਹੈ। ਸੁੰਦਰ ਭਾਰਤ ਸੁੰਦਰ ਬੱਚਿਆਂ ’ਤੇਹੀ ਨਿਰਭਰ ਹੈ ਜੇ 80 ਫ਼ੀਸਦੀ ਬੱਚੇ ਹੀ ਪੌਸਟਿਕ ਰਹਿਤ ਤੇ ਬੇਹਾ ਤੇਹਾ ਸੜਿਆ ਗਲਿਆ ਭੋਜਨ ਖਾ ਕੇ ਬਿਮਾਰ ਹੁੰਦੇ ਰਹਿਣਗੇ ਤਾਂ ਦੇਸ਼ ਦਾ ਭਲਾ ਨਹੀਂ ਹੋ ਸਕਦਾ।




## ਮਿਲਖਾ ਸਿੰਘ ਸੰਖੇਪ ਜਾਣਕਾਰੀ

- ਮਿਲਖਾ ਸਿੰਘ ਦਾ ਜਨਮ 17 ਅਕਤੂਬਰ 1935 ਨੂੰ ਹੋਇਆ।
- ਮਿਲਖਾ ਸਿੰਘ 2010 ਤਕ ਕਾਮਨਵੈਲਥ ਖੇਡਾਂ ਵਿਚ ਵਿਅਕਤੀਗਤ ਸੋਨ ਤਮਗ਼ਾ ਜਿੱਤਣ ਵਾਲੇ ਇਕੋ ਇਕ ਭਾਰਤੀ ਐਥਲੀਟ ਹਨ।
- 1958 ਕਾਰਿਡਫ਼ ਕਾਮਨਵੈਲਥ ਖੇਡਾਂ ਦੀ 400 ਮੀਟਰ ਦੌੜ ਵਿਚ ਸੋਨ ਤਮਗ਼ਾ ਜਿੱਤ ਕੇ ਮਿਲਖਾ ਸਿੰਘ ਆਜ਼ਾਦ ਭਾਰਤ ਵਲੋਂ ਪਹਿਲਾ ਸੋਨ ਤਮਗ਼ਾ ਜਿੱਤਣ ਵਾਲੇ ਐਥਲੀਟ ਬਣੇ।
- ਮਿਲਖਾ ਸਿੰਘ ਨੇ 1956 ਵਿਚ ਮੈਲਬਰਨ ਓਲੰਪਿਕ, 1960 ਦੇ ਰੋਮ ਓਲੰਪਿਕ ਅਤੇ 1964 ਨੂੰ ਟੋਕੀਓ ਓਲੰਪਿਕ ਵਿਚ ਭਾਰਤ ਵਲੋਂ ਹਿੱਸਾ ਲਿਆ।
- 1958 ਦੀਆਂ ਏਸ਼ੀਅਨ ਖੇਡਾਂ ਵਿਚ ਮਿਲਖਾ ਸਿੰਘ ਨੇ 200 ਮੀਟਰ ਅਤੇ 400 ਮੀਟਰ ਦੌੜ ਵਿਚ ਗੋਲਡ ਮੈਡਲ ਜਿੱਤਿਆ।
- ਲਾਹੌਰ ਵਿਚ ਜ਼ਬਰਦਸਤ ਪ੍ਰਦਰਸ਼ਨ ਤੋਂ ਬਾਅਦ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਅਯੂਬ ਖ਼ਾਨ ਨੇ ਮਿਲਖਾ ਸਿੰਘ ਨੂੰ ਫ਼ਲਾਇੰਗ ਸਿੱਖ ਕਹਿ ਕੇ ਬੁਲਾਇਆ ਸੀ।
- ਮਿਲਖਾ ਸਿੰਘ ਨੂੰ ਪਦਮ ਸ੍ਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

# ਰੀਅਲ ਹੀਰੋ ਦੀ ਕਹਾਣੀ 'ਭਾਗ ਮਿਲਖਾ ਭਾਗ'

**ਕੌਮਲ ਨਾਹਟਾ**

ਮਿਲਖਾ ਸਿੰਘ (ਫ਼ਰਹਾਨ ਅਖ਼ਤਰ) ਦਾ ਬਚਪਨ ਦਰਦ ਅਤੇ ਵੇਦਨਾ ਨਾਲ ਭਰਿਆ ਰਿਹਾ। ਸਾਲ 1947 ਵਿਚ ਭਾਰਤ-ਪਾਕਿਸਤਾਨ ਵੰਡ ਦੌਰਾਨ ਮਿਲਖਾ ਸਿੰਘ ਦੇ ਮਾਤਾ-ਪਿਤਾ ਦੀ ਹੱਤਿਆ ਹੋ ਜਾਂਦੀ ਹੈ। ਮਿਲਖਾ ਆਪਣੀ ਸ਼ਾਦੀ-ਸ਼ੁਦਾ ਭੈਣ (ਦਿਵਿਆ ਦੱਤਾ) ਨਾਲ ਰਹਿਣ ਲੱਗਦਾ ਹੈ। ਪਰ ਛੋਟੇ ਜਿਹੇ ਮਿਲਖਾ ਸਿੰਘ ਤੋਂ ਇਹ ਨਹੀਂ ਦੇਖਿਆ ਜਾਂਦਾ ਕਿ ਕਿਸ ਤਰ੍ਹਾਂ ਉਸ ਦੀ ਭੈਣ ਦਾ ਪਤੀ ਉਸ ਦਾ ਸ਼ੋਸ਼ਣ ਕਰਦਾ ਹੈ। ਇਕ ਦਿਨ ਅਜਿਹਾ ਆਉਂਦਾ ਹੈ ਜਦੋਂ ਮਿਲਖੇ ਨੂੰ ਉਸ ਦਾ ਜੀਜਾ ਘਰ 'ਚੋਂ ਬਾਹਰ ਕੱਢ ਦਿੰਦਾ ਹੈ। ਮਿਲਖਾ ਵੱਡਾ ਹੋਣ ਤੋਂ ਬਾਅਦ ਭਾਰਤੀ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ। ਛੇਤੀ ਹੀ ਉਹ ਫ਼ੌਜ ਵਿਚ ਇਕ ਦੌੜਾਕ ਦੇ ਰੂਪ ਵਿਚ ਮਸ਼ਹੂਰ ਹੋ ਜਾਂਦਾ ਹੈ। ਫ਼ਿਲਮ ਵਿਚ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਆਪਣੇ ਟੀਚੇ ਦੀ ਪ੍ਰਾਪਤੀ ਲਈ ਮਿਲਖਾ ਦਿਨ ਰਾਤ ਇਕ ਕਰ ਦਿੰਦਾ ਹੈ। ਫ਼ਿਲਮ ਦੀ ਕਹਾਣੀ ਮਿਲਖਾ ਸਿੰਘ ਦੇ ਭੂਤ ਅਤੇ ਵਰਤਮਾਨ ਦੇ ਵਿਚਕਾਰ ਝੂਲਦੀ ਰਹਿੰਦੀ ਹੈ। 'ਭਾਗ ਮਿਲਖਾ ਭਾਗ' ਮਿਲਖਾ ਸਿੰਘ ਦੇ ਫ਼ਲਾਇੰਗ ਸਿੱਖ ਬਣਨ ਤਕ ਦੀ ਕਹਾਣੀ ਹੈ। ਕਹਾਣੀ ਵਿਚ ਮਿਲਖਾ ਸਿੰਘ ਜੇਕਰ ਇਕ ਪਾਸੇ ਛੋਟੇ ਜਿਹਾ ਬੱਚਾ ਹੈ ਤਾਂ ਉਥੇ ਹੀ ਦੂਜੇ ਪਾਸੇ ਇਸ਼ਕ ਫ਼ਰਮਾਉਂਦੇ ਹੋਏ ਇਕ ਨੌਜਵਾਨ ਹੈ, ਇਸ ਦੇ ਨਾਲ ਹੀ ਉਹ ਕੀਰਤੀਮਾਨ ਬਣਾਉਂਦੇ ਹੋਏ ਫ਼ਲਾਇੰਗ ਸਿੱਖ ਵੀ ਹੈ।

ਫ਼ਿਲਮ ਦੀ ਕਹਾਣੀ ਲਈ ਲੇਖਕ ਪ੍ਰਸੂਨ ਜੋਸ਼ਲ ਨੇ ਬਹੁਤ ਚੰਗੀ ਖੋਜ ਕੀਤੀ ਹੈ। ਫ਼ਿਲਮ ਤਿੰਨ ਘੰਟੇ ਵਿਚ ਮਿਲਖਾ ਸਿੰਘ ਦੇ ਪੂਰੇ ਜੀਵਨ ਨੂੰ ਬਾਖ਼ੂਬੀ ਪਰਦੇ 'ਤੇ ਉਤਾਰਦੀ ਹੈ। ਫ਼ਿਲਮ ਦੀ ਕਹਾਣੀ ਲਿਖਣ ਦੇ ਨਾਲ-ਨਾਲ ਪਟਕਥਾ ਵੀ ਪ੍ਰਸੂਨ ਨੇ ਹੀ ਲਿਖੀ ਹੈ। ਫ਼ਿਲਮ ਵਿਚ ਦਰਦ, ਡਰਾਮਾ, ਖ਼ੁਸ਼ੀ, ਗਮ, ਹਾਰ, ਜਿੱਤ ਅਤੇ ਪਿਆਰ ਸਾਰੀ ਤਰ੍ਹਾਂ ਦੇ ਭਾਵ ਹਨ ਪਰ ਫ਼ਿਲਮ ਵਿਚ ਕਈ ਵਾਰ ਦਰਸ਼ਕਾਂ ਨੂੰ ਇਹ ਮਹਿਸੂਸ ਹੋ ਸਕਦਾ ਹੈ ਕਿ ਮਿਲਖਾ ਦਾ ਦਰਦ ਜ਼ਰੂਰਤ ਤੋਂ ਜ਼ਿਆਦਾ ਦਿਖਾਇਆ ਜਾ ਰਿਹਾ ਹੈ। ਨਿਰਦੇਸ਼ਕ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਚਾਹੁੰਦੇ ਤਾਂ ਇਸ ਡਰਾਮੇ ਨੂੰ ਥੋੜਾ ਘੱਟ ਕਰ ਸਕਦੇ ਸਨ। ਇਕ ਸਮੇਂ ਤੋਂ ਬਾਅਦ ਫ਼ਿਲਮ ਦੀ ਕਹਾਣੀ ਖਿਚਦੀ ਹੋਈ ਲਗਦੀ ਹੈ ਪਰ ਫਿਰ ਵੀ ਮੈਨੂੰ ਪੂਰਾ ਯਕੀਨ ਹੈ ਕਿ ਇਕ ਖਾਸ ਤਰ੍ਹਾਂ ਦੇ ਦਰਸ਼ਕਾਂ ਨੂੰ ਇਹ ਫ਼ਿਲਮ ਬਹੁਤ ਪਸੰਦ ਆਵੇਗੀ।

ਫ਼ਿਲਮ ਵਿਚ ਚੰਗੀਆਂ ਗੱਲਾਂ ਹਨ। ਭਾਵੇਂ ਮਿਲਖਾ ਸਿੰਘ ਦੇ ਬਚਪਨ ਦੇ ਦ੍ਰਿਸ਼ ਜਾਂ ਫ਼ਿਰ ਆਰਮੀ ਸੈਂਟਰ ਦੇ ਦ੍ਰਿਸ਼, ਇਨ੍ਹਾਂ ਦ੍ਰਿਸ਼ਾਂ ਵਿਚ ਕਾਫ਼ੀ ਹਾਸਾ ਹੈ। ਫ਼ਿਲਮ ਵਿਚ ਕੁਝ ਬੇਹੱਦ ਸੰਵੇਦਨਸ਼ੀਲ ਦ੍ਰਿਸ਼ ਵੀ ਹਨ, ਜੋ ਦਰਸ਼ਕਾਂ ਦੀਆਂ ਅੱਖਾਂ ਨੂੰ ਨਮ ਕਰ ਦਿੰਦੇ ਹਨ। ਮੇਰੇ ਹਿਸਾਬ ਨਾਲ ਫ਼ਿਲਮ ਦਾ ਅੰਤ ਵੀ ਜ਼ਬਰਦਸਤ ਹੈ। ਇਹ ਕਹਿਣਾ ਪਵੇਗਾ ਕਿ ਫ਼ਿਲਮ ਦੇ ਪਹਿਲੇ ਹਿੱਸੇ ਵਿਚ ਕਈ ਮਨੋਰੰਜਕ ਤੱਥ ਹਨ। ਖ਼ਾਸ ਤੌਰ 'ਤੇ ਮਿਲਖਾ ਸਿੰਘ ਦੇ ਬਚਪਨ ਦੇ ਹਿੱਸੇ ਬਹੁਤ ਚੰਗੇ ਹਨ ਪਰ ਇਹ ਵੀ ਸੱਚ ਹੈ ਕਿ ਪਹਿਲੇ ਹਿੱਸੇ ਵਿਚ ਕਈ ਥਾਈਂ ਫ਼ਿਲਮ ਖਿੱਚੀ ਗਈ ਹੈ। ਹਾਲਾਂਕਿ ਇੰਟਰਵਲ ਤੋਂ ਬਾਅਦ ਫ਼ਿਲਮ ਤੇਜ਼ੀ ਫੜਦੀ ਹੈ। ਪ੍ਰਸੂਨ ਜੋਸ਼ੀ ਨੇ ਫ਼ਿਲਮ ਦੇ ਸੰਵਾਦ ਬਾਖ਼ੂਬੀ ਲਿਖੇ ਹਨ। ਜਿਥੋਂ ਤਕ ਗੱਲ ਹੈ ਅਦਾਕਾਰ ਫ਼ਰਹਾਨ ਅਖ਼ਤਰ ਦੀ ਤਾਂ ਉਨ੍ਹਾਂ ਨੇ ਮਿਲਖਾ ਸਿੰਘ ਦੇ ਕਿਰਦਾਰ ਨੂੰ ਬਹੁਤ ਹੀ ਚੰਗੀ ਤਰ੍ਹਾਂ ਨਿਭਾਇਆ ਹੈ। ਫ਼ਰਹਾਨ ਨੇ ਇਸ ਕਿਰਦਾਰ ਲਈ ਜਿੰਨੀ ਮਿਹਨਤ ਕੀਤੀ ਹੈ ਉਹ ਸਾਫ਼ ਨਜ਼ਰ ਆ ਰਹੀ ਹੈ। ਸੋਨਮ ਕਪੂਰ ਦਾ ਫ਼ਿਲਮ ਵਿਚ ਛੋਟਾ ਜਿਹਾ ਰੋਲ ਹੈ ਪਰ ਉਨ੍ਹਾਂ ਨੇ ਚੰਗਾ ਕੰਮ ਕੀਤਾ ਹੈ। ਇਸ ਫ਼ਿਲਮ ਲਈ ਸੋਨਮ ਕਪੂਰ ਨੇ ਸਿਰਫ਼ 11 ਰੁਪਏ ਮਿਹਨਤਾਨਾ ਲਿਆ ਹੈ। ਸੋਨਮ ਕਪੂਰ ਦਾ ਕਹਿਣਾ ਹੈ ਕਿ ਇਹ ਇਕ ਮਹਾਨ ਸਖ਼ਸ਼ੀਅਤ 'ਤੇ ਅਧਾਰਤ ਫ਼ਿਲਮ ਹੈ। ਮੈਨੂੰ ਪੂਰੀ ਉਮੀਦ ਹੈ ਕਿ ਫ਼ਿਲਮ ਇਤਿਹਾਸ ਦਾ ਹਿੱਸਾ ਬਣਨ ਵਾਲੀ ਹੈ। ਅਜਿਹੀ ਫ਼ਿਲਮ ਲਈ ਪੈਸੇ ਮਾਇਨੇ ਨਹੀਂ ਰਖਦੇ। ਮਿਲਖਾ ਸਿੰਘ ਦੇ ਗੁਰੂ ਦੇ ਰੋਲ ਵਿਚ ਪਵਨ ਮਲਹੋਤਰਾ ਹੋਣ ਜਾਂ ਫਿਰ ਨੈਸ਼ਨਲ ਕੋਚ ਵਿਚ ਯੋਗਰਾਜ ਸਿੰਘ, ਸਾਰਿਆਂ ਨੇ ਆਪਣੇ-ਆਪਣੇ ਕਿਰਦਾਰਾਂ ਵਿਚ ਜਾਨ ਪਾ ਦਿੱਤੀ ਹੈ। ਜਿਥੋਂ ਤਕ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਦੇ ਨਿਰਦੇਸ਼ਨ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਕੰਮ ਵਧੀਆ ਹੈ। ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਰਾਕੇਸ਼ ਨੇ ਫ਼ਿਲਮ ਵਿਚ ਕੁਝ ਦ੍ਰਿਸ਼ ਬਹੁਤ ਹੀ ਲੰਮੇ ਸ਼ੂਟ ਕੀਤੇ ਹਨ ਪਰ ਇਸ ਦੇ ਬਾਵਜੂਦ ਉਹ ਮਨੋਰੰਜਕ ਹਨ। ਫ਼ਿਲਮ ਦਾ ਸੰਗੀਤ (ਸ਼ੰਕਰ-ਅਹਿਸਾਨ-ਲਾਏ) ਵੀ ਬਹੁਤ ਚੰਗਾ ਹੈ। ਫ਼ਿਲਮ ਦੇ ਗੀਤਾਂ ਵਿਚ ਪ੍ਰਸੂਨ ਜੋਸ਼ੀ ਦੇ ਸ਼ਬਦਾਂ ਨੇ ਜਾਨ ਪਾ ਦਿੱਤੀ ਹੈ। ਬਿਨੋਦ ਪ੍ਰਧਾਨ ਦੀ ਸਿਨੇਮੇਟੋਗ੍ਰਾਫ਼ੀ ਚੰਗੀ ਹੈ। ਫ਼ਿਲਮ ਵਿਚ ਐਲਨ ਅਮੀਨ ਨੇ ਐਕਸ਼ਨ ਦ੍ਰਿਸ਼ਾਂ ਨੂੰ ਵਧੀਆ ਤਰੀਕੇ ਨਾਲ ਫ਼ਿਲਮਾਇਆ ਹੈ। ਪੀ.ਐਸ. ਭਾਰਤੀ ਦੀ ਐਕਟਿੰਗ ਵੀ ਚੰਗੀ ਹੈ।



ਫ਼ਰਹਾਨ ਅਖ਼ਤਰ



ਮਿਲਖਾ ਸਿੰਘ

# Royal

Royal Executive Homes

Executive Homes

## TOWN HOUSES IN WILDWOOD

HURRY ONLY 3 LEFT



Available from 1232 sq ft. to 1589 sq ft. with attached Single and Double Garage. Starting price: $ ~~309,900~~

PRICE REDUCED

Now only $289,900

- Excellent Location
- Close to all Amenities
- Transit Access
- Affordable Prices
- Future Rec Center
- Close to white Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen




SHOW HOME OPEN NOW

For Show Home Hours:
Contact 780-965-7390

Wild Wood
TOWN HOUSES
1820, 34th Ave
Edmonton.

780-965-7390
780-906-4497
royalexecutivehomes@hotmail.com





Jessy Parihar    Ranjit Deol

Call **Sales Contact :**
Roohi@ 780-905-6970 OR
Kul Bhatia @ 780-266-5500

## SOHAIL QUADRI, MLA

### EDMONTON – MILL WOODS

**Today at the Premier's K-Day breakfast the Muslim Community of Edmonton donated $52, 000 to the Red Cross to help the Southern Alberta floods. The stage was shared by Premier Alison Redford, the Government Caucus members and the leaders from the Muslim Community of Edmonton**





**Committees and Councils the MLA is a member of:**

- -Deputy Chair for Select Special Chief Electoral Officer Search Committee
- -Standing Committee on Alberta's Economic Future
- -Standing Committee on Legislative Offices
- -Standing Committee on Public Accounts
- -Private Members Business Committee
- -Montana – Alberta Bilateral Advisory Council
- -Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101 9807–34 Ave Edmonton AB, T6E 5X9 – 780-414-1000
Edmonton.millwoods@assembly.ab.ca



**BRIDGEPORT HOMES LTD.**

**BEST PRICES IN TOWN**
**WE ASSURE BEATING MARKET PRICE**

**Now New Homes in wildwood crs (South Edmonton)**
**loaded with Upgrades & Ready to Move**

Spical Offer $350000.00 only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718